**Golden State Realty** JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

**Law Office of M Vivek Malik**
Toll free no 866-424-4000
www.usa.immigrationlaw.com
ACCOMPLISHED
IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
M Vivek Malik
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Third Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 35, August 27, 2022 20451 N. Plum Grove Rd., Palatine, IL 60074 Ph:847-359-0746, Fax:847-705-9388


## ਪੰਜਾਬ 'ਚ ਕਾਂਗਰਸ ਨੂੰ ਝਟਕਾ

### ਸਾਬਕਾ ਮੰਤਰੀ ਆਸ਼ੂ ਗ੍ਰਿਫਤਾਰ; ਹੋਰਾਂ ਬਾਰੇ ਕਿਆਸਆਰਾਈਆਂ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੱਤਾ ਵਿਚ ਆਉਂਦੇ ਹੀ ਭ੍ਰਿਸ਼ਟਾਚਾਰ ਖਿਲਾਫ ਛੇੜੀ ਮੁਹਿੰਮ ਦੇ ਲਪੇਟੇ ਵਿਚ ਪਿਛਲੀ ਕਾਂਗਰਸ ਸਰਕਾਰ ਦੀ ਅੱਧੀ ਤੋਂ ਵੱਧ ਕੈਬਨਿਟ ਆਉਂਦੀ ਜਾਪ ਰਹੀ ਹੈ। ਦਾਣਾ ਮੰਡੀ ਟੈਂਡਰ ਘੁਟਾਲੇ 'ਚ ਵਿਜੀਲੈਂਸ ਨੇ ਹੁਣ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕਾਂਗਰਸ ਆਗੂ ਨੂੰ ਉਸ ਸਮੇਂ ਫੜਿਆ ਜਦੋਂ ਉਹ ਮਾਲ ਰੋਡ 'ਤੇ ਇਕ ਸੈਲੂਨ 'ਚ ਹਜਾਮਤ ਕਰਵਾ ਰਿਹਾ ਸੀ।



ਪਤਾ ਲੱਗਾ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਰਾਜ ਵੇਲੇ ਖੁਰਾਕ ਤੇ ਸਪਲਾਈ ਵਿਭਾਗ ਵਿਚ ਹੋਏ ਘੁਟਾਲੇ ਦੀ ਜਾਂਚ ਦਾ ਸੇਕ ਕਾਂਗਰਸ ਦੇ ਸਾਬਕਾ ਮੰਤਰੀ ਸਮੇਤ ਦਰਜਨ ਦੇ ਕਰੀਬ ਵਿਧਾਇਕਾਂ ਤੱਕ ਪਹੁੰਚੇਗਾ। ਵਿਜੀਲੈਂਸ ਨੇ ਖੁਰਾਕ ਤੇ ਸਪਲਾਈ ਵਿਭਾਗ ਵਿਚ 5 ਸਾਲਾਂ ਦੌਰਾਨ ਹੋਏ ਕੰਮਾਂ ਦੀ ਪੜਤਾਲ ਦਾ ਦਾਇਰਾ ਵਧਾ ਦਿੱਤਾ ਗਿਆ ਹੈ। ਕਾਂਗਰਸ ਸਰਕਾਰ ਦੇ ਨੇੜੇ ਰਹੇ ਠੇਕੇਦਾਰਾਂ ਵੱਲੋਂ ਵੀ ਆਪਣੀ ਖੱਲ ਬਚਾਉਣ ਲਈ ਭੱਜ ਨੱਠ ਕੀਤੀ ਜਾ ਰਹੀ ਹੈ। ਵਿਜੀਲੈਂਸ ਬਿਊਰੋ ਵੱਲੋਂ ਕੀਤੀ ਪੜਤਾਲ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਪੰਜਾਬ ਦੀਆਂ ਦਾਣਾ ਮੰਡੀਆਂ ਵਿਚ ਲੇਬਰ, ਕਾਰਟੇਜ ਅਤੇ ਟਰਾਂਸਪੋਰਟੇਸ਼ਨ ਦੇ ਕੰਮਾਂ ਸਬੰਧੀ ਟੈਂਡਰ ਜਮ੍ਹਾਂ ਕਰਵਾਉਣ ਸਮੇਂ ਠੇਕੇਦਾਰਾਂ ਵੱਲੋਂ ਜਿਨ੍ਹਾਂ ਵਾਹਨਾਂ ਦੀਆਂ ਸੂਚੀਆਂ ਵਿਭਾਗ ਨੂੰ ਪੇਸ਼ ਕੀਤੀਆਂ ਗਈਆਂ ਸਨ, ਉਨ੍ਹਾਂ ਦੇ ਰਜਿਸਟ੍ਰੇਸ਼ਨ ਨੰਬਰ ਸਕੂਟਰਾਂ, ਮੋਟਰਸਾਈਕਲਾਂ, ਕਾਰਾਂ ਆਦਿ ਵਾਲੇ ਸਨ।

ਆਸ਼ੂ ਦੀ ਗ੍ਰਿਫਤਾਰੀ ਤੋਂ ਬਾਅਦ ਕਾਂਗਰਸ ਦੇ ਹੋਰਨਾਂ ਆਗੂਆਂ ਦੇ ਦਿਲਾਂ ਦੀ ਧੜਕਣ ਵੀ ਤੇਜ਼ ਹੋ ਗਈ ਹਨ। ਵਿਜੀਲੈਂਸ ਬਿਊਰੋ ਵੱਲੋਂ ਸਿਹਤ, ਖੇਤੀਬਾੜੀ, ਜੇਲ੍ਹ, ਪੰਚਾਇਤ ਵਿਭਾਗਾਂ ਸਮੇਤ ਵਜ਼ੀਫਾ ਘੁਟਾਲੇ ਦੀ ਜਾਂਚ ਕੀਤੀ ਜਾ ਰਹੀ ਹੈ। ਵਿਜੀਲੈਂਸ ਵੱਲੋਂ ਹੁਣ ਤੱਕ ਕਾਂਗਰਸ ਦੇ ਦੋ ਸਾਬਕਾ ਮੰਤਰੀਆਂ ਸਮੇਤ ਦਰਜਨ ਦੇ ਕਰੀਬੀ ਕਾਂਗਰਸੀ ਆਗੂਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸਾਬਕਾ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਹਾਈ ਕੋਰਟ ਤੋਂ ਰਾਹਤ ਮਿਲਣ ਕਾਰਨ ਗ੍ਰਿਫਤਾਰੀ ਤੋਂ ਬਚੇ ਹੋਏ ਹਨ। ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਜੰਗਲਾਤ ਵਿਭਾਗ ਵਿਚ ਹੋਈਆਂ ਵਿੱਤੀ ਬੇਨੇਮੀਆਂ ਦੇ ਦੋਸ਼ ਵਿਚ ਜੇਲ੍ਹ ਵਿਚ ਹਨ।

ਵਿਜੀਲੈਂਸ ਦੇ ਸੂਤਰਾਂ ਦਾ ਦੱਸਣਾ ਹੈ ਕਿ ਦੋ ਦਰਜਨ ਤੋਂ ਵੱਧ ਕਾਂਗਰਸੀ ਆਗੂਆਂ ਜਿਨ੍ਹਾਂ ਵਿਚ ਸਾਬਕਾ ਮੰਤਰੀ, ਸਾਬਕਾ ਤੇ ਮੌਜੂਦਾ ਵਿਧਾਇਕ ਅਤੇ ਹਲਕਾ ਇੰਚਾਰਜ ਸ਼ਾਮਲ ਹਨ, ਉਤੇ ਵਿਜੀਲੈਂਸ ਦੀ ਕਾਰਵਾਈ ਦੀ ਤਲਵਾਰ ਲਟਕ ਰਹੀ ਹੈ। ਵਿਜੀਲੈਂਸ ਅਧਿਕਾਰੀਆਂ ਮੁਤਾਬਕ ਕਾਂਗਰਸੀ ਆਗੂਆਂ ਤੇ ਅਫਸਰਾਂ ਵੱਲੋਂ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ। ਸੂਬੇ ਵਿਚ 'ਆਪ' ਸਰਕਾਰ ਦੇ ਗਠਨ ਤੋਂ ਬਾਅਦ ਸਰਕਾਰ ਦੇ ਪੱਧਰ 'ਤੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੂੰ ਕਾਂਗਰਸ ਸਰਕਾਰ ਸਮੇਂ ਹੋਈਆਂ ਵਿੱਤੀ ਬੇਨੇਮੀਆਂ ਨੂੰ ਘੋਖਣ ਅਤੇ ਕਾਰਵਾਈ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਸੂਤਰਾਂ ਦਾ ਦੱਸਣਾ ਹੈ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ 'ਚ ਟਰਾਂਸਪੋਰਟ, ਲੇਬਰ ਅਤੇ ਹੋਰਨਾਂ ਕੰਮਾਂ ਨਾਲ ਜੁੜੇ ਵਿੱਤੀ ਲੈਣ-ਦੇਣ ਦੇ ਮਾਮਲੇ ਵਿਚ ਕਾਂਗਰਸ ਦੇ 30 ਦੇ ਕਰੀਬ ਆਗੂਆਂ ਦੀ ਭੂਮਿਕਾ ਬਾਰੇ ਪੜਤਾਲ ਕੀਤੀ ਜਾ ਰਹੀ ਹੈ।

ਯਾਦ ਰਹੇ ਕਿ ਕਾਂਗਰਸ ਸਰਕਾਰ ਵੇਲੇ ਮੰਤਰੀਆਂ ਤੇ ਵਿਧਾਇਕਾਂ ਉਤੇ ਵੱਡੇ ਪੱਧਰ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਰਹੇ ਹਨ। ਮੁੱਖ ਮੰਤਰੀ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਖੁਦ ਇਹ ਗੱਲ ਮੰਨਦੇ ਰਹੇ ਹਨ ਕਿ ਉਹ ਹਾਈ ਕਮਾਨ ਨੂੰ ਭ੍ਰਿਸ਼ਟ ਮੰਤਰੀਆਂ ਤੇ ਵਿਧਾਇਕਾਂ ਦੀ ਲਿਸਟ ਸੌਂਪ ਕੇ ਆਏ ਸਨ ਪਰ ਇਸ ਪਾਸੇ ਕੋਈ ਕਾਰਵਾਈ ਨਹੀਂ ਹੋਈ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਇਨ੍ਹਾਂ ਭ੍ਰਿਸ਼ਟ ਮੰਤਰੀਆਂ ਦੀ ਸੂਚੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੌਂਪਣ ਦਾ ਐਲਾਨ ਵੀ ਕੀਤਾ ਸੀ ਪਰ ਉਸ ਤੋਂ ਬਾਅਦ ਇਕਦਮ ਖਾਮੋਸ਼ ਹੋ ਗਏ। ਸੂਤਰ ਦੱਸਦੇ ਹਨ ਕਿ ਇਸ ਦਾਬੇ ਪਿੱਛੋਂ ਕੁਝ ਸਾਬਕਾ ਕਾਂਗਰਸੀ ਮੰਤਰੀ ਤੇ ਵਿਧਾਇਕਾਂ ਦੇ ਇਕਦਮ ਭਾਜਪਾ ਵਿਚ ਸ਼ਾਮਲ

*(ਬਾਕੀ ਸਫਾ 6 'ਤੇ)*

## ਕਿਸਾਨਾਂ ਵੱਲੋਂ ਦਿੱਲੀ ਉਤੇ ਮੁੜ ਚੜ੍ਹਾਈ ਦੀ ਤਿਆਰੀ

ਨਵੀਂ ਦਿੱਲੀ: ਕੇਂਦਰ ਸਰਕਾਰ ਦੀ ਵਾਅਦਾਖਿਲਾਫੀ ਨੇ ਕਿਸਾਨ ਜਥੇਬੰਦੀਆਂ ਵਿਚ ਇਕ ਵਾਰ ਫਿਰ ਰੋਹ ਭਰ ਦਿੱਤਾ ਹੈ। ਕਿਸਾਨ ਜਥੇਬੰਦੀਆਂ ਨੇ ਦਿੱਲੀ ਦੇ ਜੰਤਰ-ਮੰਤਰ ਵਿਖੇ ਮਹਾਪੰਚਾਇਤ ਕਰਕੇ ਸਪਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਉਹ ਇਕ ਵਾਰ ਫਿਰ ਦਿੱਲੀ ਘੇਰਨ ਲਈ ਤਿਆਰ-ਬਰ-ਤਿਆਰ ਹਨ। ਭਾਵੇਂ ਇਸ ਮਹਾਪੰਚਾਇਤ ਦਾ ਸੱਦਾ ਸੰਯੁਕਤ ਮੋਰਚੇ ਵੱਲੋਂ ਨਹੀਂ ਦਿੱਤਾ ਗਿਆ ਸੀ ਪਰ ਇਸ ਦੇ ਬਾਵਜੂਦ ਇਸ ਵਿਚ ਤਕਰੀਬਨ 60 ਕਿਸਾਨ ਜਥੇਬੰਦੀਆਂ ਦੇ ਸ਼ਾਮਲ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿਚ ਵਧੇਰੇ ਯੂਨੀਅਨਾਂ ਪੰਜਾਬ ਤੇ ਹਰਿਆਣਾ ਤੋਂ ਸਨ।

ਜਥੇਬੰਦੀਆਂ ਨੇ ਆਖਿਆ ਹੈ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਕਈ ਮੰਗਾਂ ਨਹੀਂ ਮੰਨੀਆਂ ਤੇ ਵਾਅਦਾਖ਼ਿਲਾਫ਼ੀ ਕੀਤੀ ਹੈ। ਉਨ੍ਹਾਂ ਕਿਹਾ ਕਿ ਲਖੀਮਪੁਰ ਖੀਰੀ ਕਤਲੇਆਮ ਦੇ ਪੀੜਤ ਕਿਸਾਨਾਂ ਨੂੰ ਇਨਸਾਫ਼ ਦਿੱਤਾ ਜਾਵੇ ਤੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਬਰਖ਼ਾਸਤ ਕਰ ਕੇ ਤੁਰਤ ਗ੍ਰਿਫ਼ਤਾਰ ਕੀਤਾ ਜਾਵੇ। ਇਸ ਤੋਂ ਇਲਾਵਾ ਜੇਲ੍ਹਾਂ ਵਿਚ ਬੰਦ ਅੰਦੋਲਨਕਾਰੀ ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ ਤੇ ਕਿਸਾਨਾਂ ਖ਼ਿਲਾਫ਼ ਸਾਰੇ ਦਰਜ ਕੇਸ ਵਾਪਸ ਲਏ ਜਾਣ। ਕਿਸਾਨ ਮੰਗ ਕਰਦੇ ਹਨ ਕਿ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਅਨੁਸਾਰ ਐਮ.ਐਸ.ਪੀ. ਦੀ ਗਾਰੰਟੀ ਸਬੰਧੀ ਕਾਨੂੰਨ ਲਾਗੂ ਕੀਤਾ ਜਾਵੇ। ਮਹਾਪੰਚਾਇਤ ਨੇ ਬਿਜਲੀ ਬਿੱਲ ਰੱਦ ਕਰਨ ਅਤੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਦੀ ਮੰਗ ਵੀ ਉਠਾਈ ਅਤੇ ਐਲਾਨ ਕੀਤਾ ਕਿ ਮੰਗਾਂ ਨਾ ਮੰਨੇ ਜਾਣ 'ਤੇ ਕੌਮੀ ਪੱਧਰੀ ਮੀਟਿੰਗ ਸੱਦੀ ਜਾਵੇਗੀ। ਮਹਾਪੰਚਾਇਤ ਵੱਲੋਂ ਰਾਸ਼ਟਰਪਤੀ ਦੇ ਨਾਂ ਉਕਤ ਨੌਂ ਮੰਗਾਂ ਵਾਲਾ ਪੱਤਰ ਨਵੀਂ ਦਿੱਲੀ ਦੇ ਜ਼ਿਲ੍ਹਾ ਮਜਿਸਟਰੇਟ ਨੂੰ ਸੌਂਪਿਆ ਗਿਆ।



ਹੁਣ ਜਥੇਬੰਦੀਆਂ ਨੇ 6 ਸਤੰਬਰ ਨੂੰ ਮੋਰਚੇ ਦੀ ਮੀਟਿੰਗ ਸੱਦ ਲਈ ਹੈ। ਦੱਸਿਆ ਜਾ ਰਿਹਾ ਹੈ ਕਿ ਜਥੇਬੰਦੀਆਂ ਹੁਣ ਸਰਕਾਰ ਨੂੰ ਘੇਰਨ ਲਈ ਸਖਤ ਫੈਸਲੇ ਲੈਣ ਦੇ ਰੌਂਅ ਵਿਚ ਹਨ। ਇਸ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਲਖੀਮਪੁਰ ਖੀਰੀ ਵਿਖੇ 75 ਘੰਟੇ ਦੇ ਧਰਨਾ ਦਿੱਤਾ ਜਿਸ ਵਿਚ ਪੰਜਾਬ ਸਣੇ ਪੂਰੇ ਮੁਲਕ ਤੋਂ ਕਿਸਾਨ ਪੁੱਜੇ। ਇਸ ਧਰਨੇ ਦੌਰਾਨ ਲਖੀਮਪੁਰ ਖੀਰੀ ਦੇ ਪੀੜਤਾਂ ਨੂੰ ਇਨਸਾਫ ਦੇਣ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੀ ਬਰਖ਼ਾਸਤਗੀ, ਸਵਾਮੀਨਾਥਨ ਰਿਪੋਰਟ ਸਹੀ ਰੂਪ ਵਿਚ ਲਾਗੂ ਕਰਨ, ਬਿਜਲੀ ਬਿਲ 2022 ਵਾਪਸ ਲੈਣ ਸਮੇਤ ਅਨੇਕਾਂ ਮੰਗਾਂ ਨੂੰ ਉਠਾਇਆ ਗਿਆ।

ਯਾਦ ਰਹੇ ਕਿ ਕੇਂਦਰ ਸਰਕਾਰ ਨੇ ਅੰਦੋਲਨ ਖਤਮ ਕਰਨ ਸਮੇਂ ਕਿਸਾਨਾਂ ਨਾਲ ਕਈ ਲਿਖਤੀ ਵਾਅਦੇ ਕੀਤੇ ਸਨ। ਇਨ੍ਹਾਂ ਵਿਚ ਐਮ.ਐਸ.ਪੀ. ਨੂੰ ਕਾਨੂੰਨੀ ਦਰਜ ਦੇਣ ਲਈ ਕਮੇਟੀ, ਬਿਜਲੀ ਸੋਧ ਬਿੱਲ, ਕਿਸਾਨਾਂ ਉਤੇ ਦਰਜ ਪਰਚੇ ਰੱਦ ਕਰਨ ਸਮੇਤ ਅਨੇਕਾਂ ਵਾਅਦੇ ਸ਼ਾਮਲ ਸਨ। ਹਾਲਾਂਕਿ ਹੁਣ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਉੱਤੇ ਫਸਲ ਖਰੀਦ ਦੀ ਕਾਨੂੰਨੀ

*(ਬਾਕੀ ਸਫਾ 6 'ਤੇ)*


**Harmit Toor**
*Your Realtor® For Life!*
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
*2015-19 Awarded Grand Master Achievement Club Certificate*
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਹੁਣ ਸ਼ਹੀਦ ਭਗਤ ਸਿੰਘ ਦੇ ਨਾਂ ’ਤੇ ਹੋਵੇਗਾ ਚੰਡੀਗੜ੍ਹ ਹਵਾਈ ਅੱਡੇ ਦਾ ਨਾਮ

**ਚੰਡੀਗੜ੍ਹ:** ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਵਾਂ ਨਾਮ ਹੁਣ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਹੋਵੇਗਾ। ਇਸ ਸਬੰਧੀ ਪੰਜਾਬ ਅਤੇ ਹਰਿਆਣਾ ਵਿਚਾਲੇ ਸਹਿਮਤੀ ਬਣ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ 'ਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨਾਲ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਚਰਚਾ ਹੋਈ।

ਦੋਵਾਂ ਵਿਚਕਾਰ ਲੰਬਾ ਸਮਾਂ ਮੀਟਿੰਗ ਚੱਲਣ ਉਪਰੰਤ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਸਹਿਮਤੀ ਦਿੱਤੀ ਗਈ। ਹੁਣ, ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਬਦਲਣ ਲਈ ਕੇਂਦਰੀ ਹਵਾਬਾਜ਼ੀ ਮੰਤਰਾਲੇ




ਨੂੰ ਪੱਤਰ ਭੇਜਣਗੀਆਂ। ਇਸ ਤੋਂ ਬਾਅਦ ਹੀ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਬਦਲਿਆ ਜਾ ਸਕਦਾ ਹੈ। ਗੌਰਤਲਬ ਹੈ ਕਿ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਕਾਫੀ ਸਮੇਂ ਤੋਂ ਮੰਗ ਉਠ ਰਹੀ ਹੈ। ਇਸ ਮਾਮਲੇ 'ਤੇ ਕੇਂਦਰ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਤੋਂ ਸਹਿਮਤੀ ਮੰਗੀ ਸੀ।

ਸਰਕਾਰ ਨੇ ਪਹਿਲਾਂ ਹੀ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦਾ ਐਲਾਨ ਕਰ ਦਿੱਤਾ ਸੀ ਜਦਕਿ ਹਰਿਆਣਾ ਸਰਕਾਰ ਵੱਲੋਂ ਪਹਿਲਾਂ ਹਵਾਈ ਅੱਡੇ ਦਾ ਨਾਮ ਸਾਬਕਾ ਉਪ ਮੁੱਖ ਮੰਤਰੀ ਮੰਗਲ ਸੈਨ ਦੇ ਨਾਂ 'ਤੇ ਰੱਖਣ ਦੀ ਮੰਗ ਕੀਤੀ ਗਈ ਸੀ। ਇਸ ਤੋਂ ਬਾਅਦ ਹਰਿਆਣਾ ਵਿਧਾਨ ਸਭਾ ਨੇ ਵੀ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਮਤਾ ਪਾਸ ਕਰ ਦਿੱਤਾ ਸੀ, ਪਰ ਇਸ ਦੇ ਬਾਵਜੂਦ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਬਦਲਿਆ ਨਹੀਂ ਜਾ ਸਕਿਆ। ਦੱਸਣਯੋਗ ਹੈ ਕਿ ਮੁਹਾਲੀ 'ਚ 307 ਏਕੜ ਜ਼ਮੀਨ 'ਤੇ ਤਿਆਰ ਹਵਾਈ ਅੱਡੇ 'ਤੇ ਕੇਂਦਰ, ਪੰਜਾਬ ਤੇ ਹਰਿਆਣਾ ਦਾ ਅਧਿਕਾਰ ਹੈ।

ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੇ ਕਿਹਾ ਕਿ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਬਾਰੇ ਪੰਜਾਬ ਅਤੇ ਹਰਿਆਣਾ ਵਿਚਕਾਰ ਸਹਿਮਤੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਏਅਰਪੋਰਟ ਦੀ ਉਸਾਰੀ ਵਿਚ ਪੰਜਾਬ ਅਤੇ ਹਰਿਆਣਾ ਬਰਾਬਰ ਦੇ ਹਿੱਸੇਦਾਰ ਹਨ, ਇਸ ਲਈ ਕੌਮਾਂਤਰੀ ਹਵਾਈ ਅੱਡੇ ਦੇ ਨਾਮ ਦੇ ਨਾਲ ਪੰਚਕੂਲਾ ਸ਼ਹਿਰ ਦਾ ਨਾਮ ਜੋੜਿਆ ਜਾਣਾ ਚਾਹੀਦਾ ਹੈ। ਸ੍ਰੀ ਚੌਟਾਲਾ ਨੇ ਕਿਹਾ ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਕੋਲ ਮੰਗ ਰੱਖੀ ਗਈ ਹੈ ਤੇ ਹੁਣ ਕੇਂਦਰ ਸਰਕਾਰ ਕੋਲ ਵੀ ਮੰਗ ਰੱਖੀ ਜਾਵੇਗੀ।

## ਭਾਰਤ ਨੂੰ ਕਲਾਕ੍ਰਿਤਾਂ ਮੋੜੇਗਾ ਸਕਾਟਲੈਂਡ ਦਾ ਮਿਊਜ਼ੀਅਮ

**ਲੰਡਨ:** ਯੂਪੀ ਦੇ ਮੰਦਰ ਤੋਂ ਚੋਰੀ ਕੀਤੇ ਪੱਥਰ ਦੇ ਦਰਵਾਜ਼ੇ ਦੀ ਚੌਖਟ ਸਮੇਤ ਸੱਤ ਪ੍ਰਾਚੀਨ ਕਲਾ ਕ੍ਰਿਤਾਂ ਗਲਾਸਗੋ (ਸਕਾਟਲੈਂਡ) ਮਿਊਜ਼ੀਅਮ ਵੱਲੋਂ ਭਾਰਤ ਨੂੰ ਵਾਪਸ ਕੀਤੀਆਂ ਜਾਣਗੀਆਂ। ਮਿਊਜ਼ੀਅਮਾਂ ਦਾ ਪ੍ਰਬੰਧ ਦੇਖਣ ਵਾਲੀ 'ਗਲਾਸਗੋ ਲਾਈਫ' ਨੇ ਇਸ ਸਾਲ ਦੇ ਸ਼ੁਰੂ 'ਚ ਕ੍ਰਿਤਾਂ ਵਾਪਸ ਕੀਤੇ ਜਾਣ ਦੀ ਪੁਸ਼ਟੀ ਕੀਤੀ ਸੀ। ਯੂਕੇ 'ਚ ਭਾਰਤ ਦੇ ਕਾਰਜਕਾਰੀ ਹਾਈ ਕਮਿਸ਼ਨਰ ਸੁਜੀਤ ਘੋਸ਼ ਦੀ ਮੌਜੂਦਗੀ ਵਿਚ ਕੇਲਵਿਨਗਰੋਵ ਆਰਟ ਗੈਲਰੀ ਤੇ ਮਿਊਜ਼ੀਅਮ ਵਿਚ ਇਨ੍ਹਾਂ ਕ੍ਰਿਤਾਂ ਨੂੰ ਭਾਰਤ ਨੂੰ ਸੌਂਪਣ ਲਈ ਸਮਾਗਮ ਕਰਵਾਇਆ ਗਿਆ। ਹੁਣ ਸੱਤ ਪ੍ਰਾਚੀਨ ਕਲਾਕ੍ਰਿਤਾਂ ਨੂੰ ਵਾਪਸ ਭਾਰਤ ਭੇਜਣ ਦਾ ਰਸਤਾ ਸਾਫ ਹੋ ਗਿਆ ਹੈ। ਇਨ੍ਹਾਂ ਵਿਚ ਇਕ ਹਿੰਦ-ਫਾਰਸੀ ਤਲਵਾਰ ਵੀ ਸ਼ਾਮਲ ਹੈ, ਜਿਸ ਨੂੰ 14ਵੀਂ ਸ਼ਤਾਬਦੀ ਦਾ ਮੰਨਿਆ ਜਾਂਦਾ ਹੈ ਜਦਕਿ 11ਵੀਂ ਸ਼ਤਾਬਦੀ ਵਿੱਚ ਕਾਨਪੁਰ ਦੇ ਇਕ ਮੰਦਰ ਦੇ ਪੱਥਰ ਦੇ ਨੱਕਾਸ਼ੀਦਾਰ ਦਰਵਾਜ਼ੇ ਦੀ ਚੌਖਟ ਵੀ ਸ਼ਾਮਲ ਹੈ।

# ਕਾਂਗਰਸੀ ਹਕੂਮਤ ਦੌਰਾਨ ਖੇਤੀ ਮਸ਼ੀਨਰੀ ਦੀ ਵੰਡ ਵਿਚ ਘਪਲਾ ਉਜਾਗਰ

**ਚੰਡੀਗੜ੍ਹ:** 'ਆਪ' ਸਰਕਾਰ ਵੱਲੋਂ ਕਾਂਗਰਸੀ ਹਕੂਮਤ ਦੌਰਾਨ ਪਰਾਲੀ ਦੀ ਸਾਂਭ-ਸੰਭਾਲ ਲਈ ਵੰਡੀ ਖੇਤੀ ਮਸ਼ੀਨਰੀ ਵਿਚ ਹੋਏ ਘਪਲੇ ਦੀ ਜਾਂਚ ਵਿਜੀਲੈਂਸ ਤੋਂ ਕਰਾਉਣ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ। ਖੇਤੀ ਮਹਿਕਮੇ ਨੇ ਇਸ ਮਾਮਲੇ ਦੀ ਫਾਈਲ ਮੁੱਖ ਮੰਤਰੀ ਨੂੰ ਭੇਜ ਦਿੱਤੀ ਹੈ। ਨਵੀਂ ਸਰਕਾਰ ਨੇ ਫਸਲੀ ਰਹਿੰਦ-ਖੂੰਹਦ ਦੀ ਸੰਭਾਲ ਲਈ ਦਿੱਤੀ ਖੇਤੀ ਮਸ਼ੀਨਰੀ ਦੀ ਮੁੜ ਫਿਜ਼ੀਕਲ ਵੈਰੀਫਿਕੇਸ਼ਨ ਕਰਾਈ ਹੈ, ਜਿਸ ਵਿਚ ਕੇਂਦਰੀ ਪੈਸਾ ਖੁਰਦ-ਬੁਰਦ ਹੋਣ ਦੀ ਗੱਲ ਸਾਹਮਣੇ ਆਈ ਹੈ। ਖੇਤੀ ਮਹਿਕਮੇ ਨੇ ਕਿਸਾਨਾਂ ਨੂੰ ਦਿੱਤੀਆਂ ਮਸ਼ੀਨਾਂ ਦੀ ਵੰਡ ਵਿਚ ਮੁਢਲੇ ਪੜਾਅ 'ਤੇ 150 ਕਰੋੜ ਦਾ ਘਪਲਾ ਹੋਣ ਦਾ ਅਨੁਮਾਨ ਲਾਇਆ ਹੈ।

ਪੰਜਾਬ ਸਰਕਾਰ ਵੱਲੋਂ 2018-19 ਤੋਂ 2021-22 ਤੱਕ ਸੈਂਟਰਲ ਸੈਕਟਰ ਸਕੀਮ ਪ੍ਰਮੋਸ਼ਨ ਆਫ ਐਗਰੀਕਲਚਰਲ ਮੈਕੇਨਾਈਜੇਸ਼ਨ ਫਾਰ ਇਨ-ਸਿਟੂ ਮੈਨੇਜਮੈਂਟ ਆਫ ਕਰਾਪ ਰੈਜ਼ੀਡਿਊ (ਸੀ.ਆਰ.ਐਮ.) ਲਾਗੂ ਕੀਤੀ ਗਈ ਸੀ, ਜਿਸ ਤਹਿਤ 2018-19 ਤੋਂ 2021-22 ਦੌਰਾਨ ਲਾਭਪਾਤਰੀ ਕਿਸਾਨਾਂ/ਰਜਿਸਟਰਡ ਕਿਸਾਨ ਸਮੂਹਾਂ/ਸਹਿਕਾਰੀ ਸਭਾਵਾਂ/ਐਫ.ਪੀ.ਓ. ਤੇ ਪੰਚਾਇਤਾਂ ਨੂੰ ਕੁੱਲ 90,422 ਵੱਖ-ਵੱਖ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦੀ ਹੁਣ ਫਿਜ਼ੀਕਲ ਵੈਰੀਫਿਕੇਸ਼ਨ ਕਰਵਾਈ ਗਈ ਹੈ। ਵੇਰਵਿਆਂ ਅਨੁਸਾਰ ਇਨ੍ਹਾਂ ਮਸ਼ੀਨਾਂ ਵਿਚੋਂ 83,986 ਮਸ਼ੀਨਾਂ ਖੇਤੀਬਾੜੀ ਵਿਭਾਗ ਵੱਲੋਂ ਤੇ ਬਾਕੀ ਮਸ਼ੀਨਾਂ ਰਜਿਸਟਰਾਰ ਸਹਿਕਾਰੀ ਸਭਾਵਾਂ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਸਨ।

ਮਹਿਕਮੇ ਨੂੰ ਫੀਲਡ ਵਿਚੋਂ ਮਸ਼ੀਨਰੀ ਦੀ ਵੰਡ ਵਿਚ ਗੜਬੜ ਦੀ ਭਿਣਕ ਪਈ ਸੀ ਕਿ ਸਬਸਿਡੀ ਦੀ ਰਕਮ ਮਿਲੀਭੁਗਤ ਨਾਲ ਖੁਰਦ-ਬੁਰਦ ਕੀਤੀ ਗਈ ਹੈ। ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਦੀ ਵਿਜੀਲੈਂਸ ਜਾਂਚ ਲਈ ਫਾਈਲ ਮੁੱਖ ਮੰਤਰੀ ਨੂੰ ਭੇਜੀ ਹੈ। ਮਹਿਕਮੇ



ਨੇ ਦੱਸਿਆ ਕਿ 16 ਅਗਸਤ 2022 ਤੱਕ ਵਿਭਾਗ ਵੱਲੋਂ ਮੁਹੱਈਆ ਕਰਵਾਈਆਂ ਗਈਆਂ 83,986 ਮਸ਼ੀਨਾਂ 'ਚੋਂ 79,295 ਮਸ਼ੀਨਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਹੋ ਚੁੱਕੀ ਹੈ, ਜੋ ਕੁੱਲ ਦਾ 94.4 ਫ਼ੀਸਦ ਬਣਦੀ ਹੈ ਅਤੇ ਵੈਰੀਫਾਈ ਕੀਤੀਆਂ ਗਈਆਂ ਮਸ਼ੀਨਾਂ ਵਿਚੋਂ ਕੁੱਲ 11,275 ਮਸ਼ੀਨਾਂ (13ਫ਼) ਲਾਭਪਾਤਰੀਆਂ ਕੋਲ ਉਪਲਬਧ ਨਹੀਂ ਹਨ। ਜ਼ਿਲ੍ਹਾ ਫ਼ਰੀਦਕੋਟ ਵਿਚ ਤਾਂ 23 ਫ਼ੀਸਦ ਲਾਭਪਾਤਰੀਆਂ ਕੋਲ ਮਸ਼ੀਨਾਂ ਨਹੀਂ ਹਨ, ਜਦਕਿ ਪਟਿਆਲਾ ਤੇ ਫ਼ਾਜ਼ਿਲਕਾ ਵਿਚ 16-16 ਫ਼ੀਸਦ ਤੇ ਤਰਨ ਤਾਰਨ ਜ਼ਿਲ੍ਹੇ ਵਿਚ 13 ਫੀਸਦ ਕਿਸਾਨ ਇਨ੍ਹਾਂ ਮਸ਼ੀਨਾਂ ਤੋਂ ਸੱਖਣੇ ਹਨ। ਪਤਾ ਲੱਗਿਆ ਹੈ ਕਿ ਫ਼ਰੀਦਕੋਟ 'ਚ ਕੁਝ ਲੋਕਾਂ ਨੇ ਕਾਰਵਾਈ ਦੇ ਡਰੋਂ ਰਾਸ਼ੀ ਮੁੜ ਜਮ੍ਹਾਂ ਕਰਾ ਦਿੱਤੀ ਹੈ, ਜਦਕਿ ਬਠਿੰਡਾ ਜ਼ਿਲ੍ਹੇ ਦੇ ਇਕ ਵਿਅਕਤੀ ਵੱਲੋਂ ਸਬਸਿਡੀ ਖੁਰਦ-ਬੁਰਦ ਕਰਾਉਣ ਲਈ ਆਪਣੀ ਮਸ਼ੀਨਰੀ ਹਰ ਜਗ੍ਹਾ ਵੈਰੀਫਿਕੇਸ਼ਨ ਲਈ ਪੇਸ਼ ਕੀਤੀ ਜਾਂਦੀ ਰਹੀ ਹੈ।

ਮਹਿਕਮੇ ਨੂੰ ਲੱਗਦਾ ਹੈ ਕਿ ਇਹ ਘਪਲਾ 125 ਤੋਂ 150 ਕਰੋੜ ਦਾ ਹੋ ਸਕਦਾ ਹੈ, ਜਿਸ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਵਿਜੀਲੈਂਸ ਨੂੰ ਲਿਖਿਆ ਗਿਆ ਹੈ।

# ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 18 ਭਾਰਤ ਵਿਚ

**ਨਵੀਂ ਦਿੱਲੀ:** ਭਾਰਤ ਦੇ 18 ਸ਼ਹਿਰ ਦੁਨੀਆਂ ਦੇ ਉਨ੍ਹਾਂ 20 ਸ਼ਹਿਰਾਂ ਵਿਚ ਸ਼ਾਮਲ ਹਨ ਜਿਥੇ 2010 ਤੋਂ ਲੈ ਕੇ 2019 ਤੱਕ ਹਵਾ ਪ੍ਰਦੂਸ਼ਣ (ਪੀ.ਐਮ2.5) ਦਾ ਪੱਧਰ ਸਭ ਤੋਂ ਵੱਧ ਰਿਹਾ ਹੈ। ਜ਼ਿਕਰਯੋਗ ਹੈ ਕਿ 'ਪੀ.ਐਮ2.5' ਹਵਾ 'ਚ ਪ੍ਰਦੂਸ਼ਣ ਫੈਲਾਉਣ ਵਾਲੇ ਕਣ ਹੁੰਦੇ ਹਨ।

ਅਮਰੀਕਾ ਦੇ ਖੋਜ ਸੰਗਠਨ 'ਹੈਲਥ ਇਫੈਕਟਸ ਇੰਸਟੀਚਿਊਟ' ਵੱਲੋਂ ਪ੍ਰਕਾਸ਼ਿਤ ਰਿਪੋਰਟ ਮੁਤਾਬਕ ਦਿੱਲੀ ਵਿਚ ਹਵਾ ਪ੍ਰਦੂਸ਼ਣ ਫੈਲਾਉਣ ਵਾਲੇ ਕਣਾਂ ਦਾ ਪੱਧਰ ਭਾਰਤ ਵਿਚ ਸਭ ਤੋਂ ਵੱਧ ਹੈ। ਇਸ ਅਧਿਐਨ ਵਿਚ 2010-19 ਤੱਕ ਦੇ ਅੰਕੜੇ ਸ਼ਾਮਲ ਕੀਤੇ ਗਏ ਹਨ। ਇਸ ਅਧਿਐਨ ਵਿਚ ਦੋ ਪ੍ਰਦੂਸ਼ਕਾਂ- ਪੀ.ਐਮ2.5 ਤੇ ਨਾਈਟ੍ਰੋਜਨ ਡਾਇਆਕਸਾਈਡ ਨੂੰ ਸ਼ਾਮਲ ਕੀਤਾ ਗਿਆ ਹੈ। ਰਿਪੋਰਟ ਹਵਾ ਦੀ ਗੁਣਵੱਤਾ ਦੇ ਜ਼ਮੀਨੀ ਅੰਕੜਿਆਂ ਤੇ ਸੈਟੇਲਾਈਟ ਤੇ ਮਾਡਲਾਂ ਦੀ ਮਦਦ ਨਾਲ ਤਿਆਰ ਕੀਤੀ ਗਈ ਹੈ।

ਰਿਪੋਰਟ ਲਿਖਣ ਵਾਲਿਆਂ ਮੁਤਾਬਕ 2019 ਵਿਚ 17 ਲੱਖ ਮੌਤਾਂ ਪੀ.ਐਮ2.5 ਹਵਾ ਪ੍ਰਦੂਸ਼ਣ ਕਾਰਨ ਹੋਈਆਂ ਹਨ। ਇਸ ਅਧਿਐਨ ਵਿਚ 7,239 ਸ਼ਹਿਰਾਂ ਨੂੰ ਸ਼ਾਮਲ ਕੀਤਾ ਗਿਆ ਸੀ। ਏਸ਼ੀਆ, ਅਫਰੀਕਾ ਤੇ ਯੂਰਪੀ ਮੁਲਕਾਂ ਵਿਚ ਪ੍ਰਦੂਸ਼ਣ ਦੇ ਸਿਹਤ ਉਤੇ ਪੈਣ ਵਾਲੇ ਮਾੜੇ ਅਸਰ ਦੇਖੇ ਗਏ ਹਨ। ਖੇਤਰ ਦੇ ਸਭ ਤੋਂ ਵੱਧ ਪ੍ਰਦੂਸ਼ਣ ਵਾਲੇ ਸ਼ਹਿਰਾਂ ਵਿਚ ਦਿੱਲੀ ਤੇ ਕੋਲਕਾਤਾ ਸ਼ਾਮਲ ਹਨ। ਹਵਾ ਪ੍ਰਦੂਸ਼ਣ ਦੇ ਮਾਮਲੇ ਵਿਚ ਇਹ ਸਿਖਰਲੇ ਦਸ ਸ਼ਹਿਰਾਂ ਵਿਚ ਸ਼ਾਮਲ ਹਨ। ਭਾਰਤ ਤੇ ਇੰਡੋਨੇਸ਼ੀਆ ਵਿਚ ਪੀ.ਐਮ2.5 ਪ੍ਰਦੂਸ਼ਣ ਵਿਚ ਸਭ ਤੋਂ ਵੱਧ ਮਿਲਿਆ ਹੈ ਜਦਕਿ ਚੀਨ ਨੇ ਕਾਫੀ ਸੁਧਾਰ ਦਰਜ ਕੀਤਾ ਹੈ।

# ਖੇਡਾਂ ’ਚ ਮੋਹਰੀ ਸੂਬਾ ਬਣਾਉਣ ਲਈ ਹੰਭਲਾ ਮਾਰੇਗੀ ਮਾਨ ਸਰਕਾਰ

**ਮੁਹਾਲੀ:** ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਨੂੰ ਖੇਡਾਂ ਵਿਚ ਮੋਹਰੀ ਸੂਬਾ ਬਣਾਉਣ ਲਈ ਖੇਡ ਵਿਭਾਗ ਤੇ ਖੇਡ ਐਸੋਸੀਏਸ਼ਨਾਂ ਨੂੰ ਮਿਲ ਕੇ ਚੱਲਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਪੰਜਾਬ ਓਲੰਪਿਕ ਭਵਨ ਵਿਚ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਓਲੰਪਿਕ ਐਸੋਸੀਏਸ਼ਨ ਨੂੰ ਕੌਮੀ ਖੇਡਾਂ ਲਈ 50 ਲੱਖ ਰੁਪਏ ਦਾ ਚੈੱਕ ਵੀ ਸੌਂਪਿਆ।

ਖੇਡ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨਵੀਂ ਖੇਡ ਨੀਤੀ ਤਿਆਰ ਕਰ ਰਹੀ ਹੈ, ਜਿਸ ਵਿਚ ਖਿਡਾਰੀਆਂ ਲਈ ਨਕਦ ਇਨਾਮ, ਨੌਕਰੀ ਦੇਣੀ, ਛੋਟੀ ਉਮਰ ਦੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦੂਜੇ ਸੂਬਿਆਂ ਦੀਆਂ ਖੇਡ ਨੀਤੀਆਂ ਦਾ ਅਧਿਐਨ ਕਰਨ ਲਈ ਖੇਡ ਮਾਹਿਰਾਂ ਦੀ ਕਮੇਟੀ ਬਣਾਈ ਜਾ ਰਹੀ ਹੈ ਅਤੇ 220 ਕੋਚਾਂ ਦੀ ਭਰਤੀ ਵੀ ਕੀਤੀ ਜਾਵੇਗੀ।

ਪੰਜਾਬ 'ਚ ਖੇਡ ਸੱਭਿਆਚਾਰ ਮੁੜ ਪੈਦਾ ਕਰਨ ਲਈ ਖੇਡ ਵਿਭਾਗ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਖੇਡ



ਮੁਕਾਬਲਿਆਂ ਵਿਚ ਪੰਜ ਲੱਖ ਦੇ ਕਰੀਬ ਖਿਡਾਰੀ ਹਿੱਸਾ ਲੈਣਗੇ।

ਖੇਡ ਮੰਤਰੀ ਮੀਤ ਹੇਅਰ ਨੇ ਕਿਹਾ ਕਿ ਕੋਚਾਂ ਦੀ ਪਿੰਡ, ਬਲਾਕ ਤੇ ਤਹਿਸੀਲ ਪੱਧਰ ਉਤੇ ਲੋੜ ਅਨੁਸਾਰ ਤਾਇਨਾਤੀ ਕੀਤੀ ਜਾਵੇਗੀ ਜਿਸ ਲਈ ਖੇਡ ਬਜਟ ਵਧਾਇਆ ਜਾ ਰਿਹਾ ਹੈ ਤੇ ਖਿਡਾਰੀਆਂ ਦਾ ਸਾਮਾਨ ਮੁਹੱਈਆ ਕਰਵਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਕੌਮੀ ਤੇ ਕੌਮਾਂਤਰੀ ਪੱਧਰ ਉਤੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਪੱਕਾ ਰੁਜ਼ਗਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋੜ ਪੈਣ ਉਤੇ ਖੇਡ ਵਿਭਾਗ ਵਿਦੇਸ਼ੀ ਕੋਚਾਂ ਦੀਆਂ ਸੇਵਾਵਾਂ ਵੀ ਲਵੇਗਾ।

# ਸਨਅਤੀ ਵਿਕਾਸ ਲਈ ਮਾਹੌਲ ਸਿਰਜਿਆ ਜਾਵੇਗਾ: ਅਰੋੜਾ

**ਚੰਡੀਗੜ੍ਹ:** ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਡੇਰਾਬੱਸੀ ਦੇ ਸਨਅਤਕਾਰਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਧਿਆਨ ਨਾਲ ਸੁਣਦਿਆਂ ਕਿਹਾ ਕਿ ਸਰਕਾਰ ਸੂਬੇ ਵਿਚ ਉਦਯੋਗਿਕ ਵਿਕਾਸ ਲਈ ਸਾਜ਼ਗਾਰ ਮਾਹੌਲ ਸਿਰਜਣ ਵਾਸਤੇ ਉਦਯੋਗਪਤੀਆਂ ਦੀਆਂ ਜਾਇਜ਼ ਮੰਗਾਂ 'ਤੇ ਗੌਰ ਕਰੇਗੀ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਇੰਡਸਟਰੀਜ਼ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਪੁੱਡਾ ਭਵਨ ਮੁਹਾਲੀ ਵਿਖੇ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਆਰਥਿਕ ਵਿਕਾਸ ਵਿਚ ਉਦਯੋਗਾਂ ਦੀ ਭੂਮਿਕਾ ਅਤੇ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਸੂਬਾ ਸਰਕਾਰ ਨਵੇਂ ਉਦਯੋਗਾਂ ਦੀ ਸਥਾਪਨਾ ਨਾਲ ਸੂਬੇ ਵਿਚ ਆਉਣ ਵਾਲੇ ਨਿਵੇਸ਼ ਅਤੇ ਇਸ ਨਾਲ ਪੈਦਾ ਹੋਣ ਵਾਲੇ ਰੁਜ਼ਗਾਰ ਦੇ ਮੌਕਿਆਂ ਤੋਂ ਭਲੀ-ਭਾਂਤ ਜਾਣੂ ਹੈ। ਇਸ ਲਈ ਨਿਯਮਾਂ ਨੂੰ ਸੁਖਾਲਾ ਬਣਾਉਣ ਲਈ ਹਰ ਸੰਭਵ



ਕੋਸ਼ਿਸ਼ ਕੀਤੀ ਜਾਵੇਗੀ। ਇੰਡਸਟਰੀਜ਼ ਅਤੇ ਕਾਮਰਸ ਵਿਭਾਗ ਦੇ ਅਧਿਕਾਰੀਆਂ ਨਾਲ ਇਕ ਹੋਰ ਮੀਟਿੰਗ ਵਿਚ ਮੰਤਰੀ ਨੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਸਨਅਤ ਤੇ ਵਣਜ ਵਿਭਾਗ ਵੱਲੋਂ ਮਿਲ ਕੇ ਸੂਬੇ ਵਿਚ ਲਾਗੂ ਕੀਤੇ ਜਾ ਰਹੇ ਪ੍ਰੋਜੈਕਟਾਂ ਦੀ ਸਥਿਤੀ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਦੋਵਾਂ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਪ੍ਰੋਜੈਕਟਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜਲਦੀ ਤੋਂ ਜਲਦੀ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ ਤਾਂ ਜੋ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

# ਪਰਲਜ਼ ਗਰੁੱਪ ਦੇ ਨਿਵੇਸ਼ਕਾਂ ਦੀ ਡੁੱਬੀ ਰਾਸ਼ੀ ਵਾਪਸ ਕਰਵਾਉਣ ਦੀ ਕਾਰਵਾਈ ਸ਼ੁਰੂ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਰਲਜ਼ ਗਰੁੱਪ ਦੇ ਨਿਵੇਸ਼ਕਾਂ ਦੀ ਡੁੱਬੀ ਰਾਸ਼ੀ ਵਾਪਸ ਕਰਾਉਣ ਲਈ ਪੰਜਾਬ ਪੁਲਿਸ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਦੇ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਪਰਲਜ਼ ਗਰੁੱਪ ਦੇ ਨਿਵੇਸ਼ਕਾਂ ਦੇ ਪੂਰੇ ਮਾਮਲੇ ਨੂੰ ਦੇਖਿਆ ਜਾਣਾ ਹੈ।

ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਪਰਲਜ਼ ਗਰੁੱਪ ਦੇ ਸਮੁੱਚੇ ਮਾਮਲੇ ਨੂੰ ਕਾਨੂੰਨੀ ਨੁਕਤੇ ਤੋਂ ਘੋਖਣਗੇ ਕਿਉਂਕਿ ਸੀ.ਬੀ.ਆਈ. ਵੱਲੋਂ ਪਹਿਲਾਂ ਹੀ ਮਾਮਲੇ ਦੀ ਜਾਂਚ ਕਰਕੇ ਇਸ ਕੰਪਨੀ ਦੇ ਚੇਅਰਮੈਨ ਨਿਰਮਲ ਸਿੰਘ ਭੰਗੂ ਅਤੇ ਹੋਰਨਾਂ 'ਤੇ ਮੁਕੱਦਮਾ ਦਰਜ ਕੀਤਾ ਹੋਇਆ ਹੈ। ਉਹ ਇਸ ਸਮੇਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪਰਲਜ਼ ਗਰੁੱਪ ਦੀਆਂ ਦੇਸ਼ਾਂ ਅਤੇ ਵਿਦੇਸ਼ਾਂ 'ਚ ਕੁੱਲ



43,822 ਸੰਪਤੀਆਂ ਹਨ ਜਿਨ੍ਹਾਂ ਚੋਂ ਪੰਜਾਬ ਵਿਚ 1465 ਸੰਪਤੀਆਂ ਹਨ ਜੋ ਬਹੁ-ਕੀਮਤੀ ਹਨ। ਨਿਵੇਸ਼ਕਾਂ ਦੀ ਰਾਸ਼ੀ ਵਾਪਸ ਕਰਾਉਣ ਲਈ ਸੁਪਰੀਮ ਕੋਰਟ ਵੱਲੋਂ ਗਠਿਤ ਲੋਢਾ ਕਮੇਟੀ ਦੀ ਹਦਾਇਤ ਮਗਰੋਂ ਪੰਜਾਬ ਸਰਕਾਰ ਨੇ ਪੰਜਾਬ 'ਚੋਂ ਪਰਲਜ਼ ਗਰੁੱਪ ਦੀਆਂ ਸੰਪਤੀਆਂ ਵੇਚ ਕੇ 1.97 ਕਰੋੜ ਦੀ ਰਾਸ਼ੀ ਕਮੇਟੀ ਕੋਲ ਜਮ੍ਹਾਂ ਕਰਾਈ ਹੈ।

ਲੋਢਾ ਕਮੇਟੀ ਨੇ 31 ਅਗਸਤ ਤੱਕ ਨਿਵੇਸ਼ਕਾਂ ਨੂੰ ਸਬੂਤ ਪੇਸ਼ ਕਰਨ ਦਾ ਮੌਕਾ ਦਿੱਤਾ ਹੋਇਆ ਹੈ। ਇਸ ਤੋਂ ਪਹਿਲਾਂ ਪਹਿਲੀ ਅਪਰੈਲ ਤੋਂ 30 ਜੂਨ 2022 ਤੱਕ ਨਿਵੇਸ਼ਕਾਂ ਨੂੰ ਦਾਅਵਾ ਪੇਸ਼ ਕਰਨ ਲਈ ਕਿਹਾ ਗਿਆ ਸੀ। ਨਿਵੇਸ਼ਕ ਆਖਦੇ ਹਨ ਕਿ ਪੰਜਾਬ ਸਰਕਾਰ ਸੂਬੇ ਵਿਚ ਕੰਪਨੀ ਦੀਆਂ ਸੰਪਤੀਆਂ ਦੀ ਨਿਲਾਮੀ ਕਰਨ ਵਿਚ ਮੁਸਤੈਦੀ ਦਿਖਾ ਸਕਦੀ ਹੈ। ਕਾਨੂੰਨੀ ਮਾਹਿਰ ਆਖਦੇ ਹਨ ਕਿ ਸਰਕਾਰ ਇਨ੍ਹਾਂ ਸੰਪਤੀਆਂ ਤੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਨਿਵੇਸ਼ਕਾਂ ਨੂੰ ਪਹਿਲ ਦੇ ਆਧਾਰ 'ਤੇ ਮੋੜਨ ਲਈ ਲੋਢਾ ਕਮੇਟੀ ਨੂੰ ਆਖ ਸਕਦੀ ਹੈ। ਪੰਜਾਬ ਵਿਚ ਪਰਲਜ਼ ਗਰੁੱਪ ਦੀਆਂ ਕਰੀਬ 25 ਤੋਂ 30 ਲੱਖ ਪਾਲਿਸੀਆਂ ਹਨ ਅਤੇ ਸੂਬੇ ਦੇ ਨਿਵੇਸ਼ਕਾਂ ਦਾ ਅੱਠ ਤੋਂ ਦਸ ਹਜ਼ਾਰ ਕਰੋੜ ਪੈਸਾ ਡੁੱਬਿਆ ਹੋਇਆ ਹੈ।

# Matrimonials

## ਲੜਕੇ ਦੀ ਲੋੜ ਹੈ

Jatt Sikh family looking for a USA citizen equal qualification boy for their smart and beautiful girl, October 1990 born, 5' 4''. B.Sc Nursing (NCLEX) NY RN passed.Presently working as RN in Government Health sector in Punjab. Family currently residing at Moga, Punjab and very soon moving to USA. Contact us at: 1 (414) 574-1313 USA or 91 9417931388 India 34-37

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166. 29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com 27-30

## ਲੜਕੀ ਦੀ ਲੋੜ ਹੈ

Jatt Sikh family looking for a Jatt Sikh match for their 1993 born, 5' 11", Canadian PR son. Currently working as a software engineer after completing his Masters in Electrical Engineering from university in USA (USA Green Card applied). Family is well educated and has urban and rural property (parents reside in Ludhiana). Please contact us at: +12488540003 or email: jpssandhu17@gmail.com 33-36

Suitable match for Sikh Rajput, clean shaved boy, 1989, 5'-3". MS from Boston. Senior Cybersecurity engineer in San Jose .Well- educated family with liberal values. Upper caste no bar. Please contact and send bio-data at: rajput.gagan255@gmail.com, Whatsapp no. 6506844709 32-33

Looking for a suitable match for our well educated Engineering and MBA and a professionally accomplished son 37, 5' 9". Working in US as a Manager with an IT consulting firm (MNC) based out of Chicago. Relocation to any state in the US possible. Please contact at Sandeep.ksb21@gmail.com or +1-630-464-9893. 31-34

Well settled Jatt Sikh family in USA looking for a suitable Sikh girl from USA for New Zealand citizen jatt sikh boy (currently in USA ) 32 years, 5'9". Bachelor in business. Also have a business in USA. Please Call us at 856-693-5401 or email rajdeepmann4u@yahoo.com 31-34

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 29-32

# ਅਮਰੀਕਾ ਦੇ ਕੁਝ ਹਿੱਸਿਆਂ ਵਿਚ ਭਾਰੀ ਮੀਂਹ ਤੋਂ ਤਕਰੀਬਨ ਡੇਢ ਕਰੋੜ ਲੋਕ ਪ੍ਰਭਾਵਿਤ

## ਮੌਸਮ ਵਿਭਾਗ ਵਲੋਂ ਹੋਰ ਮੀਂਹ ਦੀ ਚਿਤਾਵਨੀ

**ਸੈਕਰਾਮੈਂਟੋ:** ਅਮਰੀਕਾ ਦੇ ਦੱਖਣੀ ਤੇ ਦੱਖਣ-ਪੱਛਮੀ ਖੇਤਰ ਵਿਚ ਭਾਰੀ ਮੀਂਹ ਨੇ ਲੋਕਾਂ ਦਾ ਜੀਊਣਾ ਮੁਹਾਲ ਕਰ ਦਿੱਤਾ ਹੈ। ਤਕਰੀਬਨ ਡੇਢ ਕਰੋੜ ਲੋਕ ਮੀਂਹ ਤੋਂ ਪ੍ਰਭਾਵਿਤ ਹੋਏ ਹਨ। ਇਹ ਜਾਣਕਾਰੀ ਕੌਮੀ ਮੌਸਮ ਸੇਵਾ ਨੇ ਦਿੱਤੀ ਹੈ। ਡਲਾਸ ਫੋਰਟ ਵਰਥ ਖੇਤਰ ਵਿਚ ਬੀਤੀ ਇਕ ਘੰਟੇ ਵਿਚ 3.01 ਇੰਚ ਮੀਂਹ ਪਿਆ ਜਦਕਿ ਇਥੇ ਮੀਂਹ ਪੈਣ ਦਾ ਪਹਿਲਾ ਰਿਕਾਰਡ 2.9 ਇੰਚ ਸੀ ਜੋ 31 ਅਗਸਤ 1976 ਨੂੰ ਬਣਿਆ ਸੀ। ਪਿਛਲੇ 24 ਘੰਟਿਆਂ ਦੌਰਾਨ ਡਲਾਸ-ਫੋਰਟ ਵਰਥ ਖੇਤਰ ਦੇ ਹੋਰ ਹਿੱਸਿਆਂ ਵਿਚ 13 ਇੰਚ ਤੋਂ ਵੱਧ ਮੀਂਹ ਪਿਆ ਹੈ ਜਦ ਕਿ ਡਾਊਨਟਾਊਨ



ਰਾਤ ਆਏ ਅਚਾਨਕ ਹੜ੍ਹ ਨੇ ਆਮ ਜਨ-ਜੀਵਨ ਨੂੰ ਪ੍ਰਭਾਵਿਤ ਕਰ ਦਿੱਤਾ ਹੈ। ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਜਿਸ ਕਾਰਨ ਵਾਹਨ ਸੜਕਾਂ ਉਪਰ ਫਸ ਗਏ। ਇਕ 29 ਸਾਲਾ ਔਰਤ ਪਾਣੀ ਵਿਚ ਰੁੜ੍ਹ ਗਈ ਜਿਸ ਨੂੰ ਲੱਭਣ ਲਈ 20 ਤੋਂ ਵੱਧ ਰਾਹਤ ਕਰਮੀਆਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ।

ਡਲਾਸ ਫੋਰਟ ਵਰਥ ਇੰਟਰਨੈਸ਼ਨਲ ਏਅਰਪੋਰਟ 'ਤੇ ਮੀਂਹ ਨੇ ਪੁਰਾਣੇ ਰਿਕਾਰਡ ਮਾਤ ਪਾ ਦਿੱਤੇ ਹਨ ਜਿੱਥੇ ਰਾਤ ਭਰ ਕਈ ਘੰਟੇ ਮੀਂਹ ਪਿਆ। ਮੁੱਖ ਮੌਸਮ ਵਿਗਿਆਨੀ ਜੋਨਾਥਨ ਪੋਰਟਰ ਨੇ ਕਿਹਾ ਹੈ ਕਿ ਹਵਾਈ ਅੱਡੇ ਉਪਰ ਖੇਤਰ ਦੇ ਉੱਤਰ ਪੂਰਬੀ ਹਿੱਸੇ ਵਿਚ 13.14 ਇੰਚ ਮੀਂਹ ਪਿਆ ਹੈ। ਪੋਰਟਰ ਅਨੁਸਾਰ ਹੜ੍ਹ ਕਾਰਨ ਹਾਲਾਤ ਬਹੁਤ ਗੰਭੀਰ ਹਨ। ਨਿਊਜਰਸੀ ਖੇਤਰ ਵਿਚ ਵੀ ''ਫਲੈਸ਼ ਫਲੱਡ'' ਦਾ ਖਤਰਾ ਪੈਦਾ ਹੋ ਗਿਆ ਹੈ।

ਟੈਕਸਾਸ ਵਿਚ ਵੀ ਹਾਲਾਤ ਸੁਖਾਵੇਂ ਨਹੀਂ ਹਨ ਜਿੱਥੇ ਮੌਸਮ ਵਿਭਾਗ ਨੇ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਹੈ ਜਦ ਕਿ ਪਹਿਲਾਂ ਹੀ ਰਾਜ ਦੇ ਕਈ ਹਿੱਸੇ ਮੀਂਹ ਤੋਂ ਪ੍ਰਭਾਵਿਤ ਹਨ। ਮੌਸਮ ਵਿਭਾਗ ਨੇ ਕਿਹਾ ਹੈ ਕਿ ਇਸ ਹਫਤੇ ਕੇਂਦਰੀ ਟੈਕਸਾਸ ਤੋਂ ਕੇਂਦਰੀ ਮਿਸੀਸਿਪੀ ਖੇਤਰ ਤਕ 7 ਇੰਚ ਜਾਂ ਇਸ ਤੋਂ ਵੱਧ ਮੀਂਹ ਪੈ ਸਕਦਾ ਹੈ।

# ਕੈਨੇਡਾ 'ਚ 16 ਸਾਲਾ ਸਿੱਖ ਪੰਜਾਬੀ ਨੌਜਵਾਨ ਬਣਿਆ ਪਾਇਲਟ

**ਔਟਵਾ:** ਜਿੱਥੇ ਸਿੱਖ ਕੌਮ ਨੇ ਦੇਸ਼ ਵਿਦੇਸ਼ ਵਿਚ ਵੱਖ ਵੱਖ ਖੇਤਰਾਂ ਵਿਚ ਮੱਲਾਂ ਮਾਰੀਆਂ ਨੇ ਉਥੇ ਹੀ ਕੈਨੇਡੀਅਨ ਸਿਟੀਜ਼ਨ ਤੇ ਪੰਜਾਬ ਦੇ ਜਲੰਧਰ ਜ਼ਿਲ੍ਹ ਨਾਲ ਸੰਬੰਧਤ ਅੰਮ੍ਰਿਤਧਾਰੀ ਸਿੱਖ ਜਪਗੋਬਿੰਦ ਸਿੰਘ ਨੇ 16 ਸਾਲਾਂ ਦੀ ਉਮਰ ਵਿਚ ਸੋਲੋ ਪਾਇਲਟ ਬਣ ਕੇ ਕੈਨੇਡਾ ਦੇ ਇਤਿਹਾਸ 'ਚ ਗੌਰਵਮਈ ਪੰਨਾ ਸ਼ਾਮਲ ਕਰਦਿਆਂ ਸਿੱਖ ਕੌਮ ਦਾ ਮਾਣ ਹੋਰ ਵਧਾ ਦਿੱਤਾ ਹੈ। ਓਂਟਾਰੀਓ ਵਿਚ ਭਾਵੇਂ ਜਪਗੋਬਿੰਦ ਦੀ ਉਮਰ ਅਜੇ ਕਾਰ ਡਰਾਈਵਿੰਗ ਦਾ ਲਾਇਸੈਂਸ ਲੈਣ ਦੇ ਯੋਗ ਨਹੀਂ ਪਰ ਟਰਾਂਸਪੋਰਟ ਕੈਨੇਡਾ ਨੇ ਉਸਨੂੰ ਜਹਾਜ਼ ਉਡਾਉਣ ਦਾ ਲਾਇਸੈਂਸ ਜਾਰੀ ਕਰ ਦਿੱਤਾ ਹੈ, ਜਿਸ ਨਾਲ ਜਪਗੋਬਿੰਦ ਸਿੰਘ ਦਾ ਸੁਪਨਾ ਹੀ ਪੂਰਾ ਨਹੀਂ ਹੋਇਆ ਸਗੋਂ ਨੌਜਵਾਨ ਵਰਗ ਨੂੰ ਸੇਧ ਵੀ ਮਿਲੀ ਹੈ ਅਤੇ ਕਰੜੀ ਮਿਹਨਤ ਕਰਨ ਤੇ ਆਪਣੀ ਯੋਗਤਾ ਨੂੰ ਸਹੀ ਪਾਸੇ ਲਗਾ ਕੇ ਜ਼ਿੰਦਗੀ ਵਿਚ ਕਾਮਯਾਬ ਹੋਣ ਦਾ ਗੁਰ ਵੀ ਮਿਲਿਆ ਹੈ। ਜਪਗੋਬਿੰਦ ਸਿੰਘ ਨੇ ਕਈ ਸਾਲਾਂ ਦੀ ਕਰੜੀ ਮਿਹਨਤ ਤੋਂ ਬਾਅਦ ਇਹ ਕਾਮਯਾਬੀ ਹਾਸਲ ਕੀਤੀ ਹੈ। ਉਸ ਨੇ ਪਾਇਲਟ ਬਣਨ ਦੀ ਤਿਆਰੀ ਬੀ.ਸੀ. ਤੋਂ ਸ਼ੁਰੂ ਕੀਤੀ। ਐਲਬਰਟਾ ਅਤੇ ਓਂਟਾਰੀਓ ਵਿਚ ਸਿਖਲਾਈ ਉਪਰੰਤ ਉਸ ਨੇ ਆਪਣੀ ਆਖਰੀ ਟਰੇਨਿੰਗ ਕਿਊਬਿਕ ਵਿਚ ਪੂਰੀ ਕੀਤੀ ਹੈ।

ਜਪਗੋਬਿੰਦ ਸ਼ੁਰੂ ਤੋਂ ਹੀ ਆਨਰ ਰੋਲ ਵਿਦਿਆਰਥੀ ਰਿਹਾ ਹੈ। ਮੈਥੇਮੈਟਿਕਸ, ਸੰਗੀਤ, ਇਤਿਹਾਸ ਅਤੇ ਸਾਇੰਸ ਮੁਕਾਬਲਿਆਂ ਦੇ ਨਾਲ-ਨਾਲ ਜਪਗੋਬਿੰਦ ਨੇ ਰੋਬੋਟਿਕਸ ਮੁਕਾਬਲਿਆਂ ਵਿਚ ਵੀ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਹਾਲ ਹੀ ਵਿਚ ਉਸ ਨੇ ਇੰਟਰਨੈਸ਼ਨਲ ਅਵਾਰਡ ਡਿਊਕ ਆਫ ਐਡਿਨਬਰਗ ਕਾਂਸੀ ਅਤੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ ਹੈ।

ਖਾਲਸਾ ਸਕੂਲ ਸਰੀ ਕੈਨੇਡਾ ਅਤੇ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਸਰੀ ਬੀ.ਸੀ. ਤੋਂ ਮੁੱਢਲੀ ਸਿੱਖਿਆ ਲੈਣ ਉਪਰੰਤ ਜਪਗੋਬਿੰਦ ਸਿੰਘ ਨੇ ਸੇਂਟ ਮਾਈਕਲ ਹਾਈ ਸਕੂਲ ਤੋਂ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਹੁਣ ਉਸ ਨੂੰ ਔਟਵਾ ਦੀਆਂ ਯੂਨੀਵਰਸਿਟੀਆਂ ਨੇ ਐਰੋ ਸਪੇਸ ਇੰਜੀਨੀਅਰਿੰਗ ਵਿਚ ਸਕਾਲਰਸ਼ਿਪ ਦੀ ਪੇਸ਼ਕਸ਼ ਕੀਤੀ ਹੈ। 16 ਸਾਲ ਦੀ ਉਮਰ ਵਿਚ ਯੂਨੀਵਰਸਿਟੀ ਵਿਚ ਪੜ੍ਹਾਈ ਵੀ ਆਪਣੇ ਆਪ ਵਿਚ ਵੱਡੀ ਪ੍ਰਾਪਤੀ ਹੈ। ਗਤਕਾ, ਕੀਰਤਨ ਅਤੇ ਤਬਲੇ ਦੇ ਨਾਲ-ਨਾਲ ਜਪਗੋਬਿੰਦ ਦੀ ਖੇਡਾਂ ਵਿਚ ਵਿਸ਼ੇਸ਼ ਰੁਚੀ ਹੈ। ਆਪਣੇ ਸਕੂਲ ਦੀ ਸੋਕਰ ਟੀਮ ਤੋਂ ਇਲਾਵਾ ਜਪਗੋਬਿੰਦ ਈਸਟ ਓਂਟੈਰੀਓ ਡਿਸਟ੍ਰਿਕਟ ਸੋਕਰ ਲੀਗ ਵਿਚ ਵੀ ਖੇਡਦਾ ਹੈ। ਪਿਛਲੇ ਦਿਨੀਂ ਸਾਡੇ ਕਈ ਨੌਜਵਾਨਾਂ ਨੇ



ਇੰਗਲੈਂਡ 'ਚ ਹੋਈਆਂ ਕੌਮਨਵੈਲਥ ਖੇਡਾਂ ਵਿਚ ਤਮਗੇ ਜਿੱਤ ਕੇ ਕੈਨੇਡਾ ਅਤੇ ਸਿੱਖਾਂ ਦਾ ਮਾਣ ਸਾਰੀ ਦੁਨੀਆਂ 'ਚ ਵਧਾਇਆ ਸੀ ਉਸ ਦੇ ਨਾਲ ਹੀ ਅੰਮ੍ਰਿਤਧਾਰੀ ਗੁਰਸਿੱਖ ਜਪਗੋਬਿੰਦ ਸਿੰਘ ਨੇ ਸਭ ਤੋਂ ਛੋਟੀ ਉਮਰ ਦਾ ਸਿੱਖ ਸੋਲੋ ਪਾਇਲਟ ਬਣ ਕੇ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਉਚਾ ਕਰ ਦਿੱਤਾ ਹੈ।

*Punjab Times Ph: 847-359-0746*
*E-mail:punjabtimes1@sbcglobal.net*

# ਸਿੱਖ ਲੜਕੀ ਦੇ ਅਗਵਾ ਤੇ ਜਬਰੀ ਨਿਕਾਹ ਖਿਲਾਫ ਪਾਕਿਸਤਾਨ 'ਚ ਮੁਜ਼ਾਹਰਾ

**ਅੰਮ੍ਰਿਤਸਰ:** ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਇਲਾਕੇ ਪੀਰ ਬਾਬਾ ਵਿਚ ਇਕ ਸਿੱਖ ਕੁੜੀ ਨੂੰ ਅਗਵਾ ਕਰਨ ਅਤੇ ਉਸ ਦਾ ਜਬਰੀ ਨਿਕਾਹ ਕੀਤੇ ਜਾਣ ਖਿਲਾਫ ਸਿੱਖ ਭਾਈਚਾਰੇ ਵੱਲੋਂ ਪ੍ਰਸ਼ਾਸਨ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਪ੍ਰਦਰਸ਼ਨ ਕਰ ਰਹੇ ਵਿਅਕਤੀ ਤੇ ਪੀੜਤ ਗੁਰਚਰਨ ਸਿੰਘ ਦੱਸ ਰਿਹਾ ਹੈ ਕਿ ਉਸ ਦੀ ਬੇਟੀ ਦੀਨਾ ਕੌਰ ਨੂੰ ਅਗਵਾ ਕਰ ਲਿਆ ਗਿਆ ਸੀ।

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿਚ ਇਕ ਸਿੱਖ ਮਹਿਲਾ ਅਧਿਆਪਕ ਨੂੰ ਅਗਵਾ ਕਰ ਕੇ ਉਸ ਦਾ ਜਬਰੀ ਨਿਕਾਹ ਕੀਤੇ ਜਾਣ ਦਾ ਮਾਮਲਾ ਪਾਕਿਸਤਾਨ ਦੇ ਵਿਦੇਸ਼ ਮੰਤਰੀ ਕੋਲ ਚੁੱਕਣ ਅਤੇ ਅਧਿਆਪਕਾ ਦੀ ਰਿਹਾਈ ਯਕੀਨੀ ਬਣਾਉਣ ਲਈ ਆਖਣ। ਸ੍ਰੀ ਸਿਰਸਾ ਨੇ ਦੱਸਿਆ ਕਿ ਖੈਬਰ ਪਖਤੂਨਖਵਾ



ਸੂਬੇ ਵਿਚ ਦੀਨ ਕੌਰ ਨੂੰ ਅਗਵਾ ਕਰ ਲਿਆ ਗਿਆ ਸੀ। ਪਰਿਵਾਰ ਨੇ ਪੁਲਿਸ ਕੋਲ ਪਹੁੰਚ ਕੀਤੀ ਤਾਂ ਪੁਲਿਸ ਨੇ ਅਗਵਾ ਕਰਨ ਦਾ ਕੇਸ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਦੇ ਮਾਪਿਆਂ ਨੇ ਮਾਮਲਾ ਚੁੱਕਿਆ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਧੀ ਨੇ ਇਸਲਾਮ ਕਬੂਲ ਲਿਆ ਹੈ ਤੇ ਉਸ ਦਾ ਨਿਕਾਹ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਘੱਟ ਗਿਣਤੀ ਸਿੱਖ, ਹਿੰਦੂ ਤੇ ਹੋਰ ਫਿਰਕਿਆਂ ਦੀਆਂ ਧੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਦਾ ਜਬਰੀ ਧਰਮ ਪਰਿਵਰਤਨ ਕਰਵਾ ਕੇ ਨਿਕਾਹ ਕਰਨਾ ਆਮ ਹੋ ਗਿਆ ਹੈ।

ਉਨ੍ਹਾਂ ਨੇ ਟਵੀਟ ਕਰ ਕੇ ਪੀ.ਐਮ.ਓ. ਪਾਕਿਸਤਾਨ ਨੂੰ ਪਾਕਿਸਤਾਨ ਵਿਚ ਸਿੱਖਾਂ ਦੀ ਸੁਰੱਖਿਆ ਨਾ ਹੋਣ ਬਾਰੇ ਜਾਣਕਾਰੀ ਦਿੱਤੀ ਸੀ ਪਰ ਉਨ੍ਹਾਂ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਹੁਣ ਉਨ੍ਹਾਂ ਭਾਰਤੀ ਵਿਦੇਸ਼ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਇਹ ਮਾਮਲਾ ਤੁਰਤ ਆਪਣੇ ਪਾਕਿਸਤਾਨ ਦੇ ਹਮਰੁਤਬਾ ਕੋਲ ਚੁੱਕਣ ਅਤੇ ਇਹ ਯਕੀਨੀ ਬਣਾਉਣ ਕਿ ਦੀਨ ਕੌਰ ਵਾਪਸ ਪਰਿਵਾਰ ਨੂੰ ਸੌਂਪੀ ਜਾਵੇ ਅਤੇ ਅਜਿਹੀਆਂ ਅਗਵਾ ਦੀਆਂ ਘਟਨਾਵਾਂ ਤੁਰਤ ਰੋਕੀਆਂ ਜਾਣ ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

### ਇਸਲਾਮ ਤੋਂ ਪ੍ਰਭਾਵਿਤ ਹੋ ਕੇ ਧਰਮ ਬਦਲਣ ਦਾ ਦਾਅਵਾ

**ਅੰਮ੍ਰਿਤਸਰ:** ਦੀਨਾ ਕੌਰ ਵੱਲੋਂ ਇਕ ਵੀਡੀਓ ਜਾਰੀ ਕਰ ਕੇ ਦਾਅਵਾ ਕੀਤਾ ਕਿ ਉਸ ਨੇ ਪੜ੍ਹਾਈ ਦੌਰਾਨ ਇਸਲਾਮ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਧਰਮ ਪਰਿਵਰਤਨ ਕੀਤਾ ਹੈ। ਪੁਲਿਸ ਥਾਣੇ ਵਿਚ ਦੀਨਾ ਦਾ ਬਣਾਇਆ ਗਿਆ ਇਹ ਵੀਡੀਓ ਖੁਦ ਪੁਲਿਸ ਅਧਿਕਾਰੀਆਂ ਵੱਲੋਂ ਜਾਰੀ ਕੀਤਾ ਗਿਆ ਹੈ, ਜਿਸ ਵਿਚ ਉਸ ਨੇ ਦੱਸਿਆ ਕਿ ਐਮ.ਏ. ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਉਹ ਸਰਕਾਰੀ ਹਾਈ ਸਕੂਲ ਵਿਚ ਬਤੌਰ ਅਧਿਆਪਕਾ ਸੇਵਾਵਾਂ ਦੇ ਰਹੀ ਹੈ। ਉਸ ਵੱਲੋਂ ਵੀਡੀਓ 'ਚ ਇਹ ਵੀ ਦਾਅਵਾ ਕੀਤਾ ਗਿਆ ਕਿ ਉਸ ਨੇ ਆਪਣੀ ਮਰਜ਼ੀ ਨਾਲ ਮੁਸਲਿਮ ਲੜਕੇ ਨਾਲ ਨਿਕਾਹ ਕੀਤਾ ਹੈ।

# ਕਰੱਸ਼ਰ ਮਾਲਕਾਂ ਨੇ ਪੰਜਾਬ ਸਰਕਾਰ ਦੀ ਨਵੀਂ ਖਣਨ ਨੀਤੀ ਰੱਦ ਕੀਤੀ

**ਰੂਪਨਗਰ:** ਜ਼ਿਲ੍ਹਾ ਰੂਪਨਗਰ ਦੇ ਸਟੋਨ ਕਰੱਸ਼ਰ ਮਾਲਕਾਂ ਨੇ ਪੰਜਾਬ ਸਰਕਾਰ ਵੱਲੋਂ ਬਣਾਈ ਨਵੀਂ ਕਰੱਸ਼ਰ ਨੀਤੀ 2022 ਨੂੰ ਨਾਮਨਜ਼ੂਰ ਕਰਦਿਆਂ ਇਸ ਵਿਚ ਸੋਧਾਂ ਕਰ ਕੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੀ ਤਰਜ਼ 'ਤੇ ਨਵੀਂ ਖਣਨ ਨੀਤੀ ਬਣਾਉਣ ਦੀ ਮੰਗ ਕੀਤੀ ਹੈ।

ਕਸਬਾ ਭਰਤਗੜ੍ਹ ਵਿਚ ਇਕੱਤਰ ਹੋਏ ਜ਼ਿਲ੍ਹਾ ਰੂਪਨਗਰ ਦੇ ਸਟੋਨ ਕਰੱਸ਼ਰ ਮਾਲਕਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਣਾਈ ਨਵੀਂ ਨੀਤੀ ਕਾਫੀ ਨੁਕਸਦਾਰ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਟੋਨ ਕਰੱਸ਼ਰ ਦੀ ਰਜਿਸਟਰੇਸ਼ਨ ਫੀਸ ਵਿਚ ਦਸ ਗੁਣਾ ਵਾਧਾ ਕਰ ਕੇ ਪੰਜ ਲੱਖ ਰੁਪਏ ਸੁਰੱਖਿਆ ਗਾਰੰਟੀ ਅਤੇ ਖਣਨ ਵਾਲੀ ਥਾਂ 'ਤੇ ਕੰਡਾ ਲਗਾਉਣ ਦੀ ਸ਼ਰਤ ਲਗਾ ਦਿੱਤੀ ਗਈ ਹੈ। ਅਜਿਹਾ ਕਰਨਾ ਛੋਟੇ ਕਰੱਸ਼ਰ ਮਾਲਕਾਂ ਦੇ ਵਿੱਤੋਂ ਬਾਹਰੀ ਗੱਲ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜ ਹੈਕਟੇਅਰ ਤੱਕ ਦੀਆਂ ਖਣਨ ਸਾਈਟਾਂ ਦੀ ਖੁੱਲ੍ਹੀ ਈ-ਨਿਲਾਮੀ ਕਰਨ ਦੀ ਥਾਂ ਹਿਮਾਚਲ ਪ੍ਰਦੇਸ਼ ਦੀ ਤਰਜ਼ ਤੇ ਲੀਜ਼ ਸਿਸਟਮ ਕੀਤਾ ਜਾਵੇ, ਪੰਜ ਲੱਖ ਸੁਰੱਖਿਆ ਗਾਰੰਟੀ ਦੀ ਸ਼ਰਤ ਖਤਮ ਕੀਤੀ



ਜਾਵੇ ਜਾਂ ਰਕਮ ਘਟਾਈ ਜਾਵੇ, ਕੰਡਾ ਲਗਾਉਣ ਦੀ ਸ਼ਰਤ ਹਟਾ ਕੇ ਹਿਮਾਚਲ ਪ੍ਰਦੇਸ਼ ਦੀ ਤਰਜ਼ 'ਤੇ ਬਿਜਲੀ ਦੇ ਬਿੱਲਾਂ ਦੇ ਹਿਸਾਬ ਨਾਲ ਰਾਇਲਟੀ ਦੀ ਰਕਮ ਵਸੂਲੀ ਜਾਵੇ, ਸਟੋਨ ਕਰੱਸ਼ਰ 'ਤੇ 500 ਮੀਟਰਕ ਟਨ ਤੋਂ ਵੱਧ ਕੱਚਾ ਮਾਲ ਜਮ੍ਹਾਂ ਨਾ ਕਰ ਸਕਣ ਦੀ ਸ਼ਰਤ ਹਟਾਈ ਜਾਵੇ।

ਕਰੱਸ਼ਰ ਮਾਲਕਾਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਨਵੀਂ ਬਣਾਈ ਕਰੱਸ਼ਰ ਨੀਤੀ 2022 ਵਿਚ ਅੰਸ਼ਕ ਸੋਧਾਂ ਕਰਦੇ ਹੋਏ ਅਜਿਹੀ ਖਣਨ ਨੀਤੀ ਲਾਗੂ ਕਰੇ ਜਿਸ ਨਾਲ ਸਰਕਾਰ ਦੇ ਮਾਲੀਏ ਵਿਚ ਵੀ ਵਾਧਾ ਹੋਵੇ ਅਤੇ ਲੋਕਾਂ ਨੂੰ ਰੇਤਾ ਤੇ ਬਜਰੀ ਸਸਤੇ ਭਾਅ ਮਿਲ ਸਕਣ।

## ਮੂਸੇਵਾਲਾ ਕੇਸ: ਕੈਨੇਡਾ ਰਹਿੰਦੇ ਗੈਂਗਸਟਰ ਲਿਪਿਨ ਨਹਿਰਾ ਦਾ ਨਾਂ ਬੋਲਿਆ

**ਮਾਨਸਾ:** ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਗੈਂਗਸਟਰ ਲਿਪਿਨ ਨਹਿਰਾ ਦਾ ਨਾਂ ਸਾਹਮਣੇ ਆਇਆ ਹੈ। ਉਹ ਹਰਿਆਣਾ ਦੇ ਗੁਰੂਗ੍ਰਾਮ ਨਾਲ ਸਬੰਧਤ ਹੈ ਅਤੇ ਅੱਜ-ਕੱਲ੍ਹ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਰਹਿੰਦਾ ਹੈ। ਨਹਿਰਾ ਨੇ ਗੈਂਗਸਟਰ ਗੋਲਡੀ ਬਰਾੜ ਦਾ ਸ਼ਾਰਪ ਸ਼ੂਟਰਾਂ ਕਸ਼ਿਸ਼ ਉਰਫ ਕੁਲਦੀਪ ਅਤੇ ਦੀਪਕ ਮੁੰਡੀ ਨਾਲ ਸੰਪਰਕ ਕਰਵਾਇਆ ਸੀ। ਇਹ ਦੋਵੇਂ ਉਨ੍ਹਾਂ ਛੇ ਸ਼ਾਰਪ ਸ਼ੂਟਰਾਂ ਵਿਚ ਸ਼ਾਮਲ ਸਨ, ਜਿਨ੍ਹਾਂ ਨੇ ਸਿੱਧੂ ਮੂਸੇਵਾਲਾ ਦਾ ਮਾਨਸਾ ਨੇੜੇ ਪਿੰਡ ਜਵਾਹਰਕੇ ਵਿਚ 29 ਮਈ ਨੂੰ ਕਤਲ ਕਰ ਦਿੱਤਾ ਸੀ।

ਮਾਨਸਾ ਪੁਲਿਸ ਕੋਲ ਪੜਤਾਲ ਦੌਰਾਨ ਸ਼ਾਰਪ ਸ਼ੂਟਰ ਕਸ਼ਿਸ਼ ਉਰਫ ਕੁਲਦੀਪ ਨੇ ਇਹ ਖੁਲਾਸਾ ਕੀਤਾ ਸੀ ਕਿ ਨਹਿਰਾ ਦੇ ਗੋਲਡੀ ਬਰਾੜ ਨਾਲ ਚੰਗੇ ਸਬੰਧ ਹਨ ਤੇ ਉਹ ਲਿਪਿਨ ਨਹਿਰਾ ਦੇ ਕਹਿਣ 'ਤੇ ਹੀ ਕਤਲ ਕਾਂਡ ਵਿਚ ਸ਼ਾਮਲ ਹੋਇਆ ਸੀ। ਦੀਪਕ ਮੁੰਡੀ ਦੀ ਸ਼ਮੂਲੀਅਤ ਵੀ ਲਿਪਿਨ ਨਹਿਰਾ ਕਰਕੇ ਹੋਈ ਸੀ।

# ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਚਾਰਜਸ਼ੀਟ ਤਿਆਰ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਚਾਰਜਸ਼ੀਟ ਮਾਨਸਾ ਪੁਲਿਸ ਵੱਲੋਂ ਤਿਆਰ ਕਰ ਲਈ ਗਈ ਹੈ, ਜਿਸ ਨੂੰ ਪੰਜਾਬ ਪੁਲਿਸ ਵੱਲੋਂ ਛੇਤੀ ਹੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਇਸ ਚਾਰਜਸ਼ੀਟ ਵਿਚ ਮਾਨਸਾ ਪੁਲਿਸ ਨੇ ਮੂਸੇਵਾਲਾ ਦੇ ਕਤਲ ਲਈ ਮਾਸਟਰਮਾਈਂਡ ਲਾਰੈਂਸ ਬਿਸ਼ਨੋਈ ਤੇ ਸ਼ਾਰਪ ਸ਼ੂਟਰਾਂ ਸਮੇਤ 15 ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਪੁਲਿਸ ਵੱਲੋਂ ਇਸ ਕੇਸ ਵਿਚ ਲਗਭਗ 40 ਗਵਾਹਾਂ ਦੇ ਲਿਖਤੀ ਬਿਆਨ ਦਰਜ ਕੀਤੇ ਗਏ ਹਨ, ਜਦਕਿ ਸਬੂਤਾਂ ਵਜੋਂ ਕਈ ਥਾਵਾਂ ਦੀਆਂ ਸੀ.ਸੀ.ਟੀ.ਵੀ. ਫੁਟੇਜ ਲਾਈਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਚ 29 ਮਈ ਨੂੰ ਕਤਲ ਕਰ ਦਿੱਤਾ ਗਿਆ ਸੀ, ਜਿਸ ਸਬੰਧੀ ਮਾਨਸਾ ਦੇ ਥਾਣਾ ਸਿਟੀ-1 ਵਿਚ ਕੇਸ ਦਰਜ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਮਾਨਸਾ ਪੁਲਿਸ ਵੱਲੋਂ ਇਸ ਚਾਰਜਸ਼ੀਟ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਤੋਂ ਇਲਾਵਾ ਜੱਗੂ ਭਗਵਾਨਪੁਰੀਆ, ਮਨਮੋਹਨ ਸਿੰਘ ਮੋਹਣਾ ਰੱਲੀ, ਸੰਦੀਪ ਕੇਕੜਾ, ਦੀਪਕ ਟੀਨੂੰ, ਸਚਿਨ ਭਿਵਾਨੀ, ਕੇਸ਼ਵ ਬਠਿੰਡਾ ਸਮੇਤ ਸ਼ਾਰਪਸ਼ੂਟਰ ਅੰਕਿਤ ਸੇਰਸਾ, ਪ੍ਰਿਆਵਰਤ ਫੌਜੀ, ਕਸ਼ਿਸ਼ ਉਰਫ ਕੁਲਦੀਪ, ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਨੂੰ ਮਾਸਟਰਮਾਈਂਡ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਜਗਰੂਪ ਸਿੰਘ ਰੂਪਾ ਤੇ ਮਨਪ੍ਰੀਤ ਸਿੰਘ ਮੰਨੂ ਕੁੱਸਾ ਇਕ ਪੁਲਿਸ ਮੁਕਾਬਲੇ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਵਿਚ ਮਾਰੇ ਜਾ ਚੁੱਕੇ ਹਨ। ਪੁਲਿਸ ਨੇ ਵਾਰਦਾਤ ਵੇਲੇ ਸਿੱਧੂ ਮੂਸੇਵਾਲਾ ਨਾਲ ਉਸ ਦੀ ਥਾਰ ਗੱਡੀ ਵਿਚ ਮੌਜੂਦ ਮੂਸਾ ਪਿੰਡ ਦੇ ਗੁਰਵਿੰਦਰ ਸਿੰਘ ਤੇ ਗੁਰਪ੍ਰੀਤ ਨੂੰ ਗਵਾਹ ਬਣਾਇਆ ਹੈ। ਇਸ ਤੋਂ ਇਲਾਵਾ ਜਾਂਚ ਵਿਚ ਸ਼ਾਮਲ ਪੁਲਿਸ ਅਧਿਕਾਰੀ, ਪੋਸਟਮਾਰਟਮ ਕਰਨ ਵਾਲੇ ਸਿਵਲ ਹਸਪਤਾਲ ਮਾਨਸਾ ਦੇ ਡਾਕਟਰ, ਫੋਰੈਂਸਿਕ ਟੀਮ ਦੇ ਮੈਂਬਰ ਤੇ ਚਸ਼ਮਦੀਦ ਗਵਾਹਾਂ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਵਾਰਦਾਤ ਤੋਂ ਬਾਅਦ ਸ਼ੂਟਰਾਂ ਵੱਲੋਂ ਲੁਕਣ ਲਈ ਵਰਤੇ ਟਿਕਾਣਿਆਂ ਨੇੜਲੇ ਲੋਕਾਂ ਨੂੰ ਵੀ ਗਵਾਹ ਵਜੋਂ ਪੇਸ਼ ਕੀਤਾ ਗਿਆ ਹੈ।

# ਪੰਜਾਬ ਵਿਚ ਕੱਚੇ ਮੁਲਾਜ਼ਮਾਂ ਨੂੰ ਛੇਤੀ ਹੀ ਖੁਸ਼ਖਬਰੀ ਦੇਵੇਗੀ ਮਾਨ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ 36 ਹਜ਼ਾਰ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਵਾਸਤੇ ਤਿਆਰ ਕੀਤੀ ਜਾ ਰਹੀ ਪਾਲਿਸੀ ਦੇ ਖਰੜੇ ਨੂੰ ਅੰਤਿਮ ਛੋਹ ਦਿੱਤੀ ਜਾ ਰਹੀ ਹੈ। ਕੈਬਨਿਟ ਸਬ-ਕਮੇਟੀ ਦੀ ਮੀਟਿੰਗ ਵਿਚ ਕਾਨੂੰਨੀ ਮਾਹਿਰਾਂ ਨੇ ਵੀ ਆਪਣੇ ਸੁਝਾਅ ਰੱਖੇ।

ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਲਈ ਪਾਲਿਸੀ ਦਾ ਖਰੜਾ ਹੁਣ ਅੰਤਿਮ ਪੜਾਅ 'ਤੇ ਹੈ ਅਤੇ ਉਹ ਅਜਿਹੀ ਪਾਲਿਸੀ ਲਿਆ ਰਹੇ ਹਨ, ਜੋ ਸਾਰੀਆਂ ਕਾਨੂੰਨੀ ਚੁਣੌਤੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੋਵੇਗੀ। ਸਰਕਾਰ 36 ਹਜ਼ਾਰ ਠੇਕਾ ਮੁਲਾਜ਼ਮਾਂ ਦੀਆਂ ਸੇਵਾਵਾਂ ਜਲਦੀ ਰੈਗੂਲਰ ਕਰ ਰਹੀ ਹੈ। ਮੁੱਖ ਸਕੱਤਰ ਜੰਜੂਆ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਵਾਸਤੇ ਪਾਲਿਸੀ ਬਣਾਉਣ ਦਾ ਫੈਸਲਾ ਕੀਤਾ ਹੈ, ਜਿਸ ਵਿਚ ਨਿਸ਼ਚਿਤ ਸੇਵਾ ਦੀ ਮਿਆਦ ਪੂਰੀ ਕਰ ਚੁੱਕੇ ਕੱਚੇ ਮੁਲਾਜ਼ਮਾਂ ਨੂੰ ਨਿਯਮਤ ਕੀਤਾ ਜਾਵੇਗਾ। ਸੂਤਰਾਂ ਅਨੁਸਾਰ, ਕਿਸੇ ਵੀ ਸਰਕਾਰੀ ਵਿਭਾਗ ਵਿਚ ਦਸ ਸਾਲ ਦੀ ਸੇਵਾ ਕਰਨ ਵਾਲੇ ਕੱਚੇ ਕਾਮਿਆਂ ਨੂੰ ਰੈਗੂਲਰ ਕੀਤਾ ਜਾਵੇਗਾ, ਭਾਵੇਂ ਉਹ ਪ੍ਰਵਾਨਿਤ ਜਾਂ ਗੈਰ ਪ੍ਰਵਾਨਿਤ ਅਸਾਮੀਆਂ 'ਤੇ ਹੀ ਤਾਇਨਾਤ ਹੋਣ। 2016 ਤੇ ਫਿਰ 2021 ਵਿਚ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਵਾਸਤੇ ਵਿਧਾਨ ਸਭਾ ਵਿਚ ਬਿੱਲ ਪਾਸ ਕੀਤੇ ਸਨ, ਜਿਨ੍ਹਾਂ ਨੂੰ ਰਾਜਪਾਲ ਵੱਲੋਂ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ ਤੇ ਉਨ੍ਹਾਂ ਵੱਲੋਂ ਇਨ੍ਹਾਂ ਬਿੱਲਾਂ 'ਤੇ ਸੁਆਲ ਖੜ੍ਹੇ ਕੀਤੇ ਗਏ ਹਨ। 'ਆਪ' ਸਰਕਾਰ ਨੇ ਵਿਧਾਨ ਸਭਾ ਵਿਚ ਬਿੱਲ ਪਾਸ ਕਰਨ ਦੀ ਥਾਂ ਹੁਣ ਪਾਲਿਸੀ ਬਣਾਉਣ ਦਾ ਫੈਸਲਾ ਕੀਤਾ ਹੈ।

# ਮੂਸੇਵਾਲਾ ਦੇ ਪਿਤਾ ਵੱਲੋਂ ਸਰਕਾਰ ਨੂੰ ਕਾਰਵਾਈ ਲਈ ਹਫਤੇ ਦਾ ਅਲਟੀਮੇਟਮ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਵਿਚ ਪੁਲਿਸ ਨੇ ਭਾਵੇਂ 6 ਵਿਚੋਂ 5 ਸ਼ੂਟਰਾਂ ਸਮੇਤ ਕਈ ਹੋਰ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ ਪਰ ਹਾਲੇ ਤੱਕ ਇਨਸਾਫ ਨਾ ਮਿਲਣ 'ਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਨੂੰ ਇਕ ਹਫਤੇ ਦੀ ਮੋਹਲਤ ਦਿੱਤੀ ਹੈ ਅਤੇ ਇਸ ਮਗਰੋਂ ਇਨਸਾਫ ਖਾਤਰ ਸੜਕਾਂ 'ਤੇ ਉਤਰਨ ਦਾ ਐਲਾਨ ਕੀਤਾ ਹੈ।

ਪਿੰਡ ਮੂਸਾ ਵਿਚ ਸਿੱਧੂ ਮੂਸੇਵਾਲਾ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਤੋਂ ਇਨਸਾਫ ਦੀ ਉਮੀਦ ਕਰਦਿਆਂ ਬਹੁਤ ਸਮਾਂ ਬੀਤ ਗਿਆ ਪਰ ਹੁਣ ਪੁੱਤ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਲੋਕਾਂ ਦੇ ਸਹਿਯੋਗ ਨਾਲ ਸੜਕਾਂ 'ਤੇ ਉੱਤਰਨਾ ਹੀ ਪਵੇਗਾ। ਉਨ੍ਹਾਂ ਕਿਹਾ ਕਿ ਸਿੱਧੂ 'ਤੇ ਗੋਲੀਆਂ ਵਰ੍ਹਾਉਣ ਵਾਲੇ ਹੀ ਦੋਸ਼ੀ ਨਹੀਂ ਹਨ ਸਗੋਂ ਉਨ੍ਹਾਂ ਨੂੰ ਸ਼ਹਿ ਦੇਣ ਵਾਲੇ ਵੀ ਕਤਲ ਕਾਂਡ ਲਈ ਬਰਾਬਰ ਜ਼ਿੰਮੇਵਾਰ ਹਨ। ਬਲਕੌਰ ਸਿੰਘ ਨੇ ਕਿਹਾ ਕਿ ਸਿੱਧੂ ਨੂੰ ਮਾਰਨ ਲਈ ਵਰਤੇ ਹਥਿਆਰ ਖਰੀਦ ਕੇ ਦੇਣ ਵਾਲਿਆਂ ਅਤੇ ਕਾਤਲਾਂ ਨੂੰ ਪੈਸੇ ਦੇਣ ਵਾਲਿਆਂ ਖਿਲਾਫ ਵੀ ਕੇਸ ਦਰਜ ਹੋਣਾ ਜ਼ਰੂਰੀ



ਹੈ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਲਈ ਗੈਂਗਸਟਰ ਸ਼ਬਦ ਨਾ ਵਰਤਿਆ ਜਾਵੇ ਬਲਕਿ ਉਨ੍ਹਾਂ ਨੂੰ ਗੁੰਡੇ ਜਾਂ ਬਦਮਾਸ਼ ਕਿਹਾ ਜਾਵੇ ਕਿਉਂਕਿ ਉਹ ਜਿਹੋ-ਜਿਹਾ ਕੰਮ ਕਰਦੇ ਹਨ, ਉਹੋ ਜਿਹਾ ਹੀ ਨਾਂ ਦੇਣਾ ਚਾਹੀਦਾ ਹੈ।

ਇਸ ਦੌਰਾਨ ਸੰਬੋਧਨ ਕਰਦਿਆਂ ਮਾਤਾ ਚਰਨ ਕੌਰ ਨੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਦਾ, ਉਦੋਂ ਤੱਕ ਉਹ ਚੁੱਪ ਨਹੀਂ ਬੈਠਣਗੇ। ਉਨ੍ਹਾਂ ਸਿੱਧੂ ਨੂੰ ਇਨਸਾਫ ਦਿਵਾਉਣ ਲਈ ਹਰੇਕ ਪਿੰਡ ਵਿਚ ਮੋਮਬੱਤੀ ਮਾਰਚ ਕਰਨ ਦੀ ਅਪੀਲ ਕੀਤੀ। ਮਾਤਾ ਚਰਨ ਕੌਰ ਨੇ ਕਿਹਾ ਕਿ ਉਹ ਮਾਣ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਪੁੱਤ ਮਹਾਨ ਸੀ, ਜਿਸ ਨੇ ਕੋਈ ਵੀ ਗੁਨਾਹ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲ ਦੇ ਕਾਤਲ ਡਰਪੋਕ ਸਨ, ਜਿਨ੍ਹਾਂ ਨੇ ਸਿੱਧੂ ਨੂੰ ਘੇਰ ਕੇ ਮਾਰਿਆ ਹੈ। ਉਨ੍ਹਾਂ ਦੇ ਪੁੱਤ ਨੂੰ ਅਜਿਹੀ ਮੌਤ ਦੇਣ ਵਾਲਿਆਂ ਨੂੰ ਉਹ ਬਦ-ਦੁਆ ਦਿੰਦੀ ਹੈ। ਉਨ੍ਹਾਂ ਸਰਕਾਰ 'ਤੇ ਰੋਸ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਤੋਂ ਕੋਈ ਉਮੀਦ ਨਹੀਂ ਪਰ ਉਹ ਹਰ ਕੀਮਤ 'ਤੇ ਇਨਸਾਫ ਲੈ ਕੇ ਹੀ ਰਹੇਗੀ।

### ਗੈਂਗਸਟਰ ਲਾਰੈਂਸ ਬਿਸ਼ਨੋਈ ਖਿਲਾਫ ਨਵਾਂ ਕੇਸ ਦਰਜ

**ਮੁਹਾਲੀ:** ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਗ੍ਰਿਫਤਾਰ ਗੈਂਗਸਟਰ ਲਾਰੈਂਸ ਬਿਸ਼ਨੋਈ ਵਿਰੁੱਧ ਪੰਜਾਬ ਪੁਲਿਸ ਦੇ ਸਟੇਟ ਕਰਾਈਮ ਵਿੰਗ ਨੇ ਮੁਹਾਲੀ ਵਿਚ ਵੱਖ-ਵੱਖ ਧਾਰਾਵਾਂ ਤਹਿਤ ਨਵਾਂ ਅਪਰਾਧਿਕ ਕੇਸ ਦਰਜ ਕੀਤਾ ਹੈ। ਲਾਰੈਂਸ 'ਤੇ ਆਪਣੇ ਦੋ ਭਰਾਵਾਂ ਸਚਿਨ ਬਿਸ਼ਨੋਈ ਅਤੇ ਅਨਮੋਲ ਬਿਸ਼ਨੋਈ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਲਈ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਹੀ ਜਾਅਲੀ ਪਾਸਪੋਰਟ ਬਣਾ ਕੇ ਵਿਦੇਸ਼ ਭੇਜਣ ਦਾ ਦੋਸ਼ ਹੈ। ਪੁਲਿਸ ਨੇ ਇਸ ਮਾਮਲੇ ਵਿਚ ਗੈਂਗਸਟਰ ਦੇ ਦੋਵੇਂ ਭਰਾਵਾਂ ਅਤੇ ਉਨ੍ਹਾਂ ਨੂੰ ਜਾਅਲੀ ਪਾਸਪੋਰਟ ਰਾਹੀਂ ਵਿਦੇਸ਼ ਭੇਜਣ ਵਾਲੇ ਟਰੈਵਲ ਏਜੰਟਾਂ ਨੂੰ ਵੀ ਨਾਮਜ਼ਦ ਕੀਤਾ ਹੈ।

### ਮੂਸੇਵਾਲਾ ਦੇ ਕਾਤਲਾਂ ਨੂੰ ਬਖਸ਼ਿਆ ਨਹੀਂ ਜਾਵੇਗਾ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਾਤਲਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਪੰਜਾਬ ਪੁਲਿਸ ਡੂੰਘਾਈ ਨਾਲ ਕੇਸ ਦੀ ਪੜਤਾਲ ਕਰ ਰਹੀ ਹੈ। ਇਸ ਮਾਮਲੇ ਵਿਚ ਪੰਜਾਬ ਪੁਲਿਸ ਦੀਆਂ ਟੀਮਾਂ ਨੇ ਕਈ ਵੱਡੇ ਗੈਂਗਸਟਰਾਂ ਨੂੰ ਪੰਜਾਬ ਵਿਚ ਲਿਆ ਕੇ ਪੜਤਾਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮੂਸੇਵਾਲਾ ਕਤਲ ਮਾਮਲੇ 'ਚ ਸ਼ਾਮਲ ਜ਼ਿਆਦਾਤਰ ਗੈਂਗਸਟਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਦੋਂਕਿ ਰਹਿੰਦਿਆਂ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇਗਾ। ਕਾਤਲਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇਗੀ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਐਮ.ਐਸ.ਪੀ. ਬਾਰੇ ਕਮੇਟੀ ਦੀ ਮੀਟਿੰਗ ਦਾ ਕਿਸਾਨ ਮੋਰਚੇ ਵੱਲੋਂ ਬਾਈਕਾਟ

**ਨਵੀਂ ਦਿੱਲੀ:** ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਬਣੀ ਕਮੇਟੀ ਨੇ ਆਪਣੀ ਪਹਿਲੀ ਮੀਟਿੰਗ ਵਿਚ ਐਮ.ਐਸ.ਪੀ. ਨੂੰ ਹੋਰ ਪ੍ਰਭਾਵੀ ਤੇ ਪਾਰਦਰਸ਼ੀ ਬਣਾਉਣ ਸਣੇ ਹੋਰ ਮੁੱਦਿਆਂ 'ਤੇ ਵਿਚਾਰ ਕਰਨ ਲਈ ਚਾਰ ਉਪ-ਸਮੂਹਾਂ ਦਾ ਗਠਨ ਕੀਤਾ ਹੈ। ਇਸ ਮੀਟਿੰਗ ਵਿਚੋਂ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਗੈਰਹਾਜ਼ਰ ਰਿਹਾ।

ਸਾਬਕਾ ਖੇਤੀਬਾੜੀ ਸਕੱਤਰ ਸੰਜੈ ਅਗਰਵਾਲ ਦੀ ਪ੍ਰਧਾਨਗੀ ਵਾਲੀ ਇਸ ਕਮੇਟੀ ਨੇ 'ਜੀਰੋ ਬਜਟ ਆਧਾਰਿਤ ਖੇਤੀ ਨੂੰ ਵਧਾਉਣ', ਦੇਸ਼ ਦੀਆਂ ਬਦਲ ਰਹੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਫਸਲੀ ਪੈਟਰਨ ਬਦਲਣ ਤੇ ਐਮ.ਐਸ.ਪੀ. ਨੂੰ ਹੋਰ ਪ੍ਰਭਾਵੀ ਤੇ ਪਾਰਦਰਸ਼ੀ ਬਣਾਉਣ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਕਮੇਟੀ ਵਿਚ ਚੇਅਰਮੈਨ ਸਣੇ 26 ਮੈਂਬਰ ਹਨ ਅਤੇ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਦੇ ਨੁਮਾਇੰਦਿਆਂ ਲਈ ਮੈਂਬਰਾਂ ਦੀਆਂ ਤਿੰਨ ਸੀਟਾਂ ਵੱਖਰੇ ਤੌਰ 'ਤੇ ਰੱਖੀਆਂ ਗਈਆਂ ਹਨ। ਸੂਖਮ ਸਿੰਜਾਈ 'ਤੇ ਬਣਿਆ ਦੂਜਾ ਸਮੂਹ-ਆਈ.ਆਈ.ਐਮ. ਦੇ ਸੁਖਪਾਲ ਸਿੰਘ ਦੀ ਪ੍ਰਧਾਨਗੀ ਹੇਠ ਸੂਖਮ ਸਿੰਜਾਈ ਨੂੰ ਕਿਸਾਨ ਕੇਂਦਰਿਤ ਬਣਾਉਣ ਸਬੰਧੀ ਅਧਿਐਨ ਕਰੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਸੂਖਮ ਸਿੰਜਾਈ ਸਰਕਾਰੀ ਸਬਸਿਡੀ ਨਾਲ ਚੱਲਦੀ ਹੈ ਅਤੇ ਸਮੂਹ ਇਸ ਗੱਲ ਦੀ ਜਾਂਚ ਕਰੇਗਾ ਕਿ ਇਸ ਵਾਸਤੇ ਕਿਸਾਨਾਂ ਦੀ ਮੰਗ ਕਿਵੇਂ ਪੈਦਾ ਕੀਤੀ ਜਾਵੇ। ਤੀਜਾ ਸਮੂਹ- ਕੌਮੀ ਖੇਤੀ ਵਿਸਥਾਰ ਪ੍ਰਬੰਧਨ ਸੰਸਥਾ (ਮੈਨੇਜ) ਦੀ ਅਗਵਾਈ ਹੇਠ ਜੈਵਿਕ ਤੇ ਕੁਦਰਤੀ ਖੇਤੀ ਦੇ ਤਰੀਕਿਆਂ ਸਣੇ 'ਜੀਰੋ ਬਜਟ ਆਧਾਰਿਤ ਖੇਤੀ' ਦੇ ਸਬੰਧ ਵਿਚ ਅਧਿਐਨ ਕਰੇਗਾ ਅਤੇ ਕਿਸਾਨਾਂ ਵਿਚ ਇਸ ਲਈ ਸਹਿਮਤੀ ਬਣਾਏਗਾ।

ਉਨ੍ਹਾਂ ਕਿਹਾ ਕਿ ਚੌਥਾ ਸਮੂਹ ਭਾਰਤੀ ਖੇਤੀ ਖੋਜ ਕੌਂਸਲ (ਆਈ.ਸੀ.ਏ.ਆਰ.) ਦੀ ਅਗਵਾਈ ਹੇਠ ਹੈਦਰਾਬਾਦ ਸਥਿਤ ਸੈਂਟਰਲ ਰਿਸਰਚ ਇੰਸਟੀਚਿਊਟ ਫਾਰ ਡਰਾਈਲੈਂਡ ਐਗਰੀਕਲਚਰ (ਸੀ.ਆਰ.ਆਈ.ਡੀ.ਏ.) ਅਤੇ ਨਾਗਪੁਰ ਸਥਿਤ ਮਿੱਟੀ ਸਰਵੇਖਣ ਤੇ ਜਮੀਨ ਦੇ ਇਸਤੇਮਾਲ ਲਈ ਯੋਜਨਾਬੰਦੀ ਸਬੰਧੀ ਕੌਮੀ ਬਿਊਰੋ (ਐਨ.ਬੀ.ਐਸ.ਐਸ.ਐਲ.ਯੂ.ਪੀ.) ਅਤੇ ਇਕ ਹੋਰ ਸੰਸਥਾ ਦੇ ਨਾਲ ਦੇਸ਼ ਭਰ ਵਿਚ ਫਸਲੀ ਵਿਭਿੰਨਤਾ ਤੇ ਫਸਲੀ ਪੈਟਰਨ ਦਾ ਅਧਿਐਨ ਕਰੇਗਾ ਅਤੇ ਪਿਛੋਕੜ ਬਾਰੇ ਇਕ ਰਿਪੋਰਟ ਪੇਸ਼ ਕਰੇਗਾ। ਸ੍ਰੀ ਆਨੰਦ ਨੇ ਕਿਹਾ, ''ਚਾਰੋਂ ਸਮੂਹ ਵੱਖ-ਵੱਖ ਮੀਟਿੰਗਾਂ ਕਰਨਗੇ ਅਤੇ ਕਮੇਟੀ ਦੀ ਆਖਰੀ ਮੀਟਿੰਗ ਸਤੰਬਰ ਦੇ ਅਖੀਰ ਵਿਚ ਹੋਵੇਗੀ।''

## ਲਾਪਤਾ ਸਰੂਪ: ਭਾਜਪਾ ਆਗੂਆਂ ਵੱਲੋਂ ਸਿੱਖ ਜਥੇਬੰਦੀਆਂ ਦੀ ਹਮਾਇਤ

**ਸੰਗਰੂਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਇਨਸਾਫ ਲਈ ਸਿੱਖ ਸਦਭਾਵਨਾ ਦਲ ਦੀ ਅਗਵਾਈ ਹੇਠ ਸਿੱਖ ਸੰਗਤ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਅਣਮਿਥੇ ਸਮੇਂ ਲਈ ਲਗਾਇਆ ਪੱਕਾ ਮੋਰਚਾ ਜਾਰੀ ਰਿਹਾ। ਧਰਨੇ ਵਿਚ ਭਾਜਪਾ ਆਗੂਆਂ ਨੇ ਸ਼ਿਰਕਤ ਕਰਦਿਆਂ ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਨਾਲ ਗੱਲਬਾਤ ਕੀਤੀ। ਭਾਜਪਾ ਨੁਮਾਇੰਦਿਆਂ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ 'ਤੇ ਸਮੁੱਚੀ ਮਾਨਵਤਾ ਸ਼ਰਧਾ ਰੱਖਦੀ ਹੈ, ਜਿਸ ਨੂੰ ਸੁਪਰੀਮ ਕੋਰਟ ਨੇ ਵੀ ਗੁਰੂ ਮੰਨਿਆ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ, ਇਸ ਲਈ ਸੰਗਤ ਦੇ ਦਰਦ ਨੂੰ ਸਮਝਦਿਆਂ ਉਹ ਇਨਸਾਫ ਖਾਤਰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹਨ।

## ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵਫਦ ਰਾਜਪਾਲ ਨੂੰ ਮਿਲਿਆ

**ਚੰਡੀਗੜ੍ਹ:** ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘ ਦੀ ਰਿਹਾਈ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਇਥੇ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਦੀ ਅਗਵਾਈ ਵਿਚ ਰਾਜਪਾਲ ਪੰਜਾਬ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਮਿਲਿਆ ਤੇ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਬੰਦੀ ਸਿੰਘਾਂ ਦੀ ਤੁਰਤ ਰਿਹਾਈ ਕਰਵਾਈ ਜਾਵੇ। ਰਾਜ ਭਵਨ ਵਿਚ ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਰਾਜਪਾਲ ਨਾਲ ਉਨ੍ਹਾਂ ਦੀ ਗੱਲਬਾਤ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਹੋਈ ਤੇ ਬੜੇ ਧਿਆਨ ਨਾਲ ਸੁਣ ਕੇ ਸਾਨੂੰ ਵਿਸ਼ਵਾਸ ਦਿਵਾਇਆ ਕਿ ਉਹ ਜਲਦੀ ਇਸ ਬਾਰੇ ਭਾਰਤ ਦੇ ਗ੍ਰਹਿ ਮੰਤਰੀ ਨਾਲ ਗੱਲਬਾਤ ਕਰਨਗੇ। ਪੰਜੋਲੀ ਨੇ ਇਹ ਵੀ ਕਿਹਾ ਕਿ ਜੇਕਰ ਕੇਂਦਰ ਸਰਕਾਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਜਲਦੀ ਨਾ ਕੀਤੀ ਗਈ ਤਾਂ ਪੰਥਕ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਇਕੱਠਿਆਂ ਹੋ ਕੇ ਪੜਾਅ ਵਾਰ ਸੰਘਰਸ਼ ਸ਼ੁਰੂ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੋਵੇਗੀ।

## ਕੇਂਦਰੀ ਮੰਤਰੀ ਮਿਸ਼ਰਾ ਨੇ ਟਿਕੈਤ ਨੂੰ 'ਦੋ ਕੌਡੀ ਦਾ ਬੰਦਾ' ਆਖਿਆ

**ਲਖੀਮਪੁਰ ਖੀਰੀ:** ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ, ਜਿਸ ਨੂੰ ਲਖੀਮਪੁਰ ਖੀਰੀ ਹਿੰਸਾ ਵਿਚ ਆਪਣੇ ਬੇਟੇ ਦੀ ਕਥਿਤ ਸ਼ਮੂਲੀਅਤ ਕਾਰਨ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨੇ ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ ' ਦੋ ਕੌਡੀ ਦਾ ਬੰਦਾ' ਕਰਾਰ ਦਿੱਤਾ ਹੈ। ਆਪਣੇ ਸਮਰਥਕਾਂ ਨੂੰ ਦਿੱਤੇ ਭਾਸ਼ਨ ਦੀ ਵੀਡੀਓ ਵਾਇਰਲ ਵਿਚ ਮਿਸ਼ਰਾ ਨੇ ਆਪਣੇ ਵਿਰੁੱਧ ਲਗਾਏ ਗਏ ਦੋਸ਼ਾਂ ਨੂੰ ਖਾਰਜ ਕਰ ਦਿੱਤਾ।

ਮਿਸ਼ਰਾ ਨੇ ਕਿਹਾ,'ਫ਼ਰਜ਼ ਕਰੋ ਮੈਂ ਤੇਜ਼ ਰਫਤਾਰ ਕਾਰ ਵਿਚ ਲਖਨਊ ਜਾ ਰਿਹਾ ਹਾਂ। ਕੁੱਤੇ ਸੜਕ 'ਤੇ ਭੌਂਕਦੇ ਹਨ ਜਾਂ ਕਾਰ ਦਾ ਪਿੱਛਾ ਕਰਦੇ ਹਨ। ਇਹ ਉਨ੍ਹਾਂ ਦਾ ਸੁਭਾਅ ਹੈ। ਮੈਂ ਇਸ ਬਾਰੇ ਕੁਝ ਨਹੀਂ ਕਹਾਂਗਾ ਕਿਉਂਕਿ ਸਾਡਾ ਇਹ ਸੁਭਾਅ ਨਹੀਂ ਹੈ। ਜਦੋਂ ਗੱਲ ਸਾਹਮਣੇ ਆਵੇਗੀ ਤਾਂ ਮੈਂ ਸਾਰਿਆਂ ਨੂੰ ਜਵਾਬ ਦਿਆਂਗਾ। ਮੈਨੂੰ ਤੁਹਾਡੇ ਸਮਰਥਨ ਕਾਰਨ ਭਰੋਸਾ ਹੈ।' ਲੋਕ ਸਵਾਲ ਉਠਾਉਂਦੇ ਰਹਿੰਦੇ ਹਨ। ਮੰਤਰੀ ਨੇ ਕਿਹਾ,'ਲੋਕ ਸਵਾਲ ਉਠਾਉਂਦੇ ਰਹਿੰਦੇ ਹਨ। ਬੇਵਕੂਫ ਪੱਤਰਕਾਰ ਵੀ ਹਨ, ਜਿਨ੍ਹਾਂ ਦਾ ਪੱਤਰਕਾਰੀ ਨਾਲ ਕੋਈ ਸਬੰਧ ਨਹੀਂ ਹੈ ਅਤੇ ਉਹ ਅਜਿਹੀਆਂ ਬੇਬੁਨਿਆਦ ਗੱਲਾਂ ਨਾਲ ਭੰਬਲਭੂਸਾ ਪੈਦਾ ਕਰਨਾ ਚਾਹੁੰਦੇ ਹਨ। ਮੈਂ ਰਾਕੇਸ਼ ਟਿਕੈਤ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਉਹ ' ਦੋ ਕੌਡੀ ਦਾ ਬੰਦਾ ਹੈ।'

## ਬਕਾਏ ਤਾਰਨ ਲਈ ਕਰਜ਼ਾ ਚੁੱਕੇਗਾ ਪਾਵਰਕੌਮ

**ਚੰਡੀਗੜ੍ਹ:** ਪਾਵਰਕੌਮ ਵਿੱਤੀ ਤੌਰ 'ਤੇ ਇੰਨਾ ਡਾਵਾਂਡੋਲ ਹੋ ਗਿਆ ਹੈ ਕਿ ਬੀਤੇ ਸਮੇਂ 'ਚ ਖਰੀਦੀ ਗਈ ਬਿਜਲੀ ਦੇ ਹੁਣ ਬਕਾਏ ਤਾਰਨ ਲਈ ਕਰਜ਼ਾ ਚੁੱਕਣਾ ਪਵੇਗਾ। ਪਹਿਲੀ ਸਤੰਬਰ ਤੋਂ ਖਪਤਕਾਰਾਂ ਦੇ 'ਜ਼ੀਰੋ ਬਿੱਲ' ਆਉਣੇ ਹਾਲੇ ਬਾਕੀ ਹਨ ਪਰ ਉਸ ਤੋਂ ਪਹਿਲਾਂ ਹੀ ਪਾਵਰਕੌਮ ਮਾਲੀ ਸੰਕਟ 'ਚ ਫਸ ਗਿਆ ਜਾਪਦਾ ਹੈ। ਉਧਰ, ਕੇਂਦਰੀ ਬਿਜਲੀ ਮੰਤਰਾਲੇ ਨੇ ਸ਼ਿਕੰਜਾ ਇੰਨਾ ਕੱਸ ਦਿੱਤਾ ਹੈ ਕਿ ਪਾਵਰਕੌਮ ਖਰੀਦੀ ਗਈ ਬਿਜਲੀ ਦੇ ਬਕਾਏ ਤਾਰਨ ਵਿਚ ਕੋਈ ਢਿੱਲ ਨਹੀਂ ਵਰਤ ਸਕੇਗਾ।

## ਇਸਲਾਮ ਜਬਰੀ ਧਰਮ ਬਦਲੀ ਦੀ ਇਜਾਜ਼ਤ ਨਹੀਂ ਦਿੰਦਾ: ਜਥੇਦਾਰ

**ਅੰਮ੍ਰਿਤਸਰ:** ਪਾਕਿਸਤਾਨ ਦੇ ਸੂਬੇ ਖੈਬਰ ਪਖਤੂਨਵਾ ਦੇ ਪਿੰਡ ਪੀਰ ਬਾਬਾ ਵਿਚ ਸਿੱਖ ਲੜਕੀ ਦੀਨਾ ਕੌਰ ਨੂੰ ਅਗਵਾ ਕਰਕੇ ਤੇ ਉਸ ਦਾ ਜਬਰੀ ਧਰਮ ਤਬਦੀਲ ਦੀ ਕੋਸ਼ਿਸ਼ ਕੀਤੇ ਜਾਣ ਦੀ ਬੀਤੇ ਦਿਨ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਸਿੱਖ ਲੜਕੀ ਨੂੰ ਬਰਾਮਦ ਕਰਕੇ ਉਸ ਦੇ ਪਰਿਵਾਰ ਨੂੰ ਸੌਂਪਿਆ ਜਾਵੇ। ਜਾਰੀ ਵੀਡੀਓ ਸੰਦੇਸ਼ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਇਸਲਾਮ ਧਰਮ ਵੀ ਇਜਾਜ਼ਤ ਨਹੀਂ ਦਿੰਦਾ ਕਿ ਕਿਸੇ ਨੂੰ ਬੰਦੂਕ ਦੀ ਨੋਕ ਉਤੇ ਅਗਵਾ ਕਰਕੇ ਉਸ ਦਾ ਧਰਮ ਤਬਦੀਲ ਕਰਨ ਲਈ ਮਜਬੂਰ ਕੀਤਾ ਜਾਵੇ।

## ਪੰਜਾਬ ਵਿਚ ਕਾਂਗਰਸ ਨੂੰ ਝਟਕਾ

*(ਪਹਿਲੇ ਸਫੇ ਦੀ ਬਾਕੀ)*

ਹੋਣ ਪਿੱਛੋਂ ਕੈਪਟਨ ਨੇ ਖਾਮੋਸ਼ੀ ਧਾਰ ਲਈ ਹੈ। ਸੂਤਰ ਦੱਸਦੇ ਹਨ ਕਿ ਅਨਾਜ ਘੁਟਾਲੇ ਵਿਚ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਤੋਂ ਵੀ ਪੁੱਛਗਿੱਛ ਹੋ ਸਕਦੀ ਹੈ। ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੱਕ ਵਿਚ ਭ੍ਰਿਸ਼ਟਾਚਾਰ ਖਿਲਾਫ ਮੁਹਿੰਮ ਦਾ ਸੇਕ ਪੁੱਜਾ ਹੋਇਆ ਹੈ। ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਚੰਨੀ ਦਾ ਭਾਣਜਾ ਇਸ ਸਮੇਂ ਜੇਲ੍ਹ ਵਿਚ ਹੈ। ਇਸ ਮਾਮਲੇ ਵਿਚ ਚੰਨੀ ਖਿਲਾਫ ਕਾਰਵਾਈ ਦੇ ਵੀ ਚਰਚੇ ਹਨ।

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪਿਛਲੀ ਕਾਂਗਰਸ ਸਰਕਾਰ ਸਮੇਂ ਹਰ ਪੱਧਰ ਉਤੇ ਹੋਏ ਘਪਲਿਆਂ ਦੇ ਜੋ ਕੇਸ ਸਾਹਮਣੇ ਆ ਰਹੇ ਹਨ, ਉਨ੍ਹਾਂ ਤੋਂ ਤਾਂ ਇਹ ਹੀ ਜਾਪਣ ਲੱਗਾ ਹੈ ਕਿ ਇਹ ਸਰਕਾਰ ਉੱਪਰ ਤੋਂ ਲੈ ਕੇ ਹੇਠਾਂ ਤੱਕ ਭ੍ਰਿਸ਼ਟਾਚਾਰ ਵਿਚ ਡੁੱਬੀ ਹੋਈ ਸੀ ਜਿਸ ਦਾ ਜਿਥੇ ਦਾਅ ਲੱਗਦਾ ਸੀ, ਉਸ ਨੇ ਉਸ ਸਬੰਧੀ ਕੋਈ ਕਸਰ ਨਹੀਂ ਛੱਡੀ। ਉਸ ਸਮੇਂ ਵੀ ਵੱਖ-ਵੱਖ ਵਜ਼ੀਰਾਂ, ਵਿਧਾਇਕਾਂ ਅਤੇ ਅਫਸਰਾਂ ਉਤੇ ਅਜਿਹੇ ਦੋਸ਼ ਲੱਗਦੇ ਰਹੇ ਸਨ ਪਰ ਸਰਕਾਰ ਦੀ ਤਾਣੀ ਛੱਤਰੀ ਹੇਠ ਇਹ ਬਚੇ ਰਹੇ ਸਨ। 'ਆਪ' ਸਰਕਾਰ ਨੇ ਆਉਂਦਿਆਂ ਹੀ ਜਦੋਂ ਇਨ੍ਹਾਂ ਦੀਆਂ ਤੈਹਾਂ ਨੂੰ ਫੋਲਣਾ ਸ਼ੁਰੂ ਕੀਤਾ ਤਾਂ ਤਹਿ-ਦਰ-ਤਹਿ ਇਕ ਤੋਂ ਬਾਅਦ ਦੂਸਰਾ, ਦੂਸਰੇ ਤੋਂ ਬਾਅਦ ਤੀਸਰਾ ਘੁਟਾਲਾ ਸਾਹਮਣੇ ਆਉਂਦਾ ਰਿਹਾ। ਹੁਣ ਤੱਕ ਵੀ ਇਹ ਤੈਹਾਂ ਮੁੱਕਣ ਦਾ ਨਾਂ ਨਹੀਂ ਲੈ ਰਹੀਆਂ। ਕਈ ਵਿਭਾਗਾਂ ਦੇ ਮੰਤਰੀਆਂ ਤੇ ਅਫਸਰਾਂ ਬਾਰੇ ਵਿਜੀਲੈਂਸ ਦੀਆਂ ਜੋ ਜਾਂਚ-ਪੜਤਾਲਾਂ ਚੱਲ ਰਹੀਆਂ ਹਨ, ਉਨ੍ਹਾਂ ਨੇ ਇਕ ਤਰ੍ਹਾਂ ਨਾਲ ਸੂਬੇ ਵਿਚ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਅਜਿਹੀਆਂ ਜਾਂਚ-ਪੜਤਾਲਾਂ ਤੋਂ ਕੋਈ ਵੀ ਵਿਭਾਗ ਬਚਿਆ ਨਹੀਂ ਜਾਪਦਾ। ਹੁਣ ਸਾਹਮਣੇ ਆਏ ਖੁਰਾਕ ਅਤੇ ਸਪਲਾਈ ਵਿਭਾਗ ਦੇ ਘਪਲੇ ਨੇ ਇਸ ਲਈ ਹੈਰਾਨ ਨਹੀਂ ਕੀਤਾ ਕਿਉਂਕਿ ਇਸ ਵਿਭਾਗ ਬਾਰੇ ਤੇ ਇਸ ਨਾਲ ਸਬੰਧਤ ਮੰਤਰੀ ਬਾਰੇ ਪਹਿਲਾਂ ਹੀ ਲਗਾਤਾਰ ਅਜਿਹੀਆਂ ਸ਼ਿਕਾਇਤਾਂ ਮਿਲਦੀਆਂ ਰਹੀਆਂ ਸਨ। ਇਹ ਵੀ ਉਦੋਂ ਪਤਾ ਲੱਗਦਾ ਰਿਹਾ ਸੀ ਕਿ ਸਾਲ 2020-21 ਲਈ ਲੁਧਿਆਣਾ ਜ਼ਿਲ੍ਹਾ ਦੀਆਂ ਮੰਡੀਆਂ ਵਿਚ ਜਿਣਸਾਂ ਦੀ ਸਾਫ਼-ਸਫ਼ਾਈ ਅਤੇ ਢੋਆ-ਢੁਆਈ ਦੇ ਕੰਮਾਂ ਸਬੰਧੀ ਟੈਂਡਰਾਂ ਨੂੰ ਕਿਸ ਢੰਗ ਨਾਲ ਤੋੜਿਆ-ਮਰੋੜਿਆ ਗਿਆ ਸੀ ਅਤੇ ਕਿਸ ਤਰ੍ਹਾਂ ਚਹੇਤੇ ਠੇਕੇਦਾਰਾਂ ਨੂੰ ਇਹ ਕੰਮ ਸੌਂਪੇ ਗਏ ਸਨ। ਉਸ ਦਾ ਪੂਰਾ ਖੁਲਾਸਾ ਹੁਣ ਵਿਜੀਲੈਂਸ ਵਿਭਾਗ ਦੀ ਜਾਂਚ ਵੱਲੋਂ ਸਾਹਮਣੇ ਆ ਰਿਹਾ ਹੈ ਕਿ ਕਿਵੇਂ ਢੋਆ-ਢੁਆਈ ਲਈ ਸਕੂਟਰਾਂ, ਮੋਟਰਸਾਈਕਲਾਂ ਤੇ ਕਾਰਾਂ ਦੇ ਰਜਿਸਟ੍ਰੇਸ਼ਨ ਨੰਬਰ ਭਰੇ ਜਾਂਦੇ ਰਹੇ। ਜਿਥੋਂ ਤੱਕ ਖਰੀਦੀਆਂ ਗਈਆਂ ਜਿਣਸਾਂ ਦੀ ਸਾਂਭ-ਸੰਭਾਲ ਦਾ ਸਬੰਧ ਹੈ, ਇਸ ਬਾਰੇ ਤਾਂ ਅਕਸਰ ਹੀ ਸ਼ਿਕਾਇਤਾਂ ਦਰਜ ਕਰਾਈਆਂ ਜਾਂਦੀਆਂ ਰਹੀਆਂ ਹਨ। ਪਿਛਲੇ ਦਿਨੀਂ ਪਟਿਆਲਾ ਜ਼ਿਲ੍ਹੇ ਦੇ ਕੁਝ ਗੁਦਾਮਾਂ ਵਿਚੋਂ ਪਨਸਪ ਦੀ 3 ਕਰੋੜ ਦੀ ਕਣਕ ਗਾਇਬ ਪਾਈ ਗਈ ਸੀ। ਇਹ ਹੀ ਹਾਲ ਫਸਲਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਕੇਂਦਰ ਵੱਲੋਂ ਆਈ 1100 ਕਰੋੜ ਤੋਂ ਵੀ ਵਧੇਰੇ ਰਕਮ ਦਾ ਹੋਇਆ ਦੇਖਿਆ ਗਿਆ ਹੈ। ਇਹ ਹੀ ਹਾਲ ਸੂਬੇ ਵਿਚ ਸਕਾਲਰਸ਼ਿਪ ਘੁਟਾਲੇ ਦਾ ਹੈ ਜਿਸ ਦੀ ਜਾਂਚ ਸੀ.ਬੀ.ਆਈ. ਦੇ ਸਪੁਰਦ ਕੀਤੀ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਸਮਾਜਿਕ ਸੁਰੱਖਿਆ ਮੰਤਰੀ ਰਹੇ ਸਾਧੂ ਸਿੰਘ ਧਰਮਸੋਤ ਉਤੇ ਉਦੋਂ ਵੀ ਕੇਂਦਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਨਾਲ ਸਬੰਧਤ ਵਿਦਿਆਰਥੀਆਂ ਦੀ ਸਿੱਖਿਆ ਲਈ ਸਕਾਲਰਸ਼ਿਪ ਵਜੋਂ ਆਈ ਰਾਸ਼ੀ ਦੀ ਗ਼ਲਤ ਵਰਤੋਂ ਦੇ ਦੋਸ਼ ਲੱਗੇ ਸਨ। ਇਸ ਸਬੰਧੀ ਉਸ ਸਮੇਂ ਸਕੱਤਰ ਪੱਧਰ ਦੇ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਮੁੱਖ ਮੰਤਰੀ ਨੂੰ ਪੂਰੇ ਵੇਰਵੇ ਸਹਿਤ ਇਕ ਪੱਤਰ ਵੀ ਲਿਖਿਆ ਸੀ ਪਰ ਉਸ ਨੂੰ ਵੀ ਅਣਗੌਲਿਆਂ ਕਰ ਦਿੱਤਾ ਗਿਆ। ਪਰ ਹੁਣ ਇਨ੍ਹਾਂ ਬੇਨੇਮੀਆਂ ਦੇ ਪਰਤਾਂ ਮੁੜ ਖੁੱਲ੍ਹ ਰਹੀਆਂ ਹਨ ਤੇ ਕਾਂਗਰਸ ਲਈ ਇਹ ਕਾਰਵਾਈ ਨਮੋਸ਼ੀ ਬਣ ਰਹੀ ਹੈ।

## ਕਿਸਾਨਾਂ ਵੱਲੋਂ ਦਿੱਲੀ ਉਤੇ ਮੁੜ ਚੜ੍ਹਾਈ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਗਰੰਟੀ ਦੀ ਮੰਗ ਮੰਨਣ ਦੇ ਰੌਂਅ ਵਿਚ ਦਿਖਾਈ ਨਹੀਂ ਦਿੰਦੀ। ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਉਤੇ ਦਬਾਅ ਬਣਾਉਣ ਲਈ ਲਗਾਤਾਰ ਰਣਨੀਤੀ ਘੜ ਰਹੀਆਂ ਹਨ। ਇਸ ਲਈ ਆਉਣ ਵਾਲੇ ਦਿਨਾਂ ਵਿਚ ਵੱਡੇ ਸੰਘਰਸ਼ ਦੀ ਤਿਆਰੀ ਵਿਚ ਜੁਟ ਗਈਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਫੈਡਰੇਸ਼ਨ ਦੇ ਸਮੂਹ ਧੜਿਆਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵੱਖ-ਵੱਖ ਧੜਿਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕਸ਼ਮੀਰ ਦੇ ਪਹਿਲਗਾਮ ਵਿਚ ਲਾਏ ਗਏ ਗੁਰਮਤਿ ਸਿਖਲਾਈ ਕੈਂਪ ਦੇ ਸਮਾਪਤੀ ਸਮਾਗਮ ਵਿਚ ਪੁੱਜੇ ਜਿਥੇ ਉਨ੍ਹਾਂ ਨੌਜਵਾਨਾਂ ਨੂੰ ਸੰਬੋਧਨ ਕੀਤਾ।

ਉਨ੍ਹਾਂ ਫੈਡਰੇਸ਼ਨ ਦੇ ਸਮੂਹ ਧੜਿਆਂ ਨੂੰ ਸ੍ਰੀ ਅਕਾਲ ਤਖਤ ਦੀ ਅਗਵਾਈ ਹੇਠ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਤਾਂ ਜੋ ਸਿੱਖ ਰਾਜਨੀਤੀ ਲਈ ਚੰਗੇ ਕਿਰਦਾਰ ਵਾਲੇ ਸਿੱਖ ਆਗੂ ਤਿਆਰ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਅਜਿਹੇ ਗੁਰਮਤਿ ਸਿਖਲਾਈ ਕੈਂਪ ਨੌਜਵਾਨਾਂ ਨੂੰ ਸਿੱਖ ਇਤਿਹਾਸ, ਸਿੱਖ ਧਰਮ ਤੇ ਸਿੱਖ ਸਿਧਾਂਤਾਂ ਬਾਰੇ ਜਾਣਕਾਰੀ ਦੇਣ ਲਈ ਲਾਹੇਵੰਦ ਸਾਬਤ ਹੋਣਗੇ।

ਉਨ੍ਹਾਂ ਕਿਹਾ ਕਿ ਫੈਡਰੇਸ਼ਨ ਵੱਲੋਂ ਪਹਿਲਾਂ ਵੀ ਅਜਿਹੇ ਗੁਰਮਤਿ ਸਿਖਲਾਈ ਕੈਂਪ ਲਾਏ ਜਾਂਦੇ ਸਨ ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਜਥੇਬੰਦੀ 'ਤੇ ਰੋਕ ਲਾ ਦਿੱਤੀ ਜਿਸ ਨਾਲ ਜਥੇਬੰਦੀ ਕਈ ਧੜਿਆਂ ਵਿਚ ਵੰਡੀ ਗਈ, ਜਿਸ ਲਈ ਸਿੱਖ ਆਗੂ ਵੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਫੈਡਰੇਸ਼ਨਾਂ ਵਿਚ ਆਈ ਖੜੋਤ ਤੋਂ ਬਾਅਦ ਚੰਗੇ ਸਿੱਖ ਆਗੂਆਂ ਦੀ ਘਾਟ ਪੈਦਾ ਹੋ ਗਈ ਹੈ ਅਤੇ ਅੱਜ ਸ਼੍ਰੋਮਣੀ ਅਕਾਲੀ ਦਲ ਵਿਚ ਅਜਿਹਾ ਸ਼ਾਇਦ ਹੀ ਕੋਈ ਆਗੂ ਹੋਵੇਗਾ ਜੋ ਸਿੱਖ ਇਤਿਹਾਸ, ਸਿੱਖ ਧਰਮ ਅਤੇ ਸਿਧਾਂਤਾਂ 'ਤੇ ਗੱਲ ਕਰ ਸਕਦਾ ਹੋਵੇ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਜਥੇਬੰਦੀ ਹੈ ਅਤੇ ਕਿਸੇ ਇਕ ਦੀ ਸੰਪਤੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਜਥੇਬੰਦੀ ਵਿਚ ਅੱਸੀ ਫੀਸਦ ਵਿਦਿਆਰਥੀ ਭਰਤੀ ਕੀਤੇ ਜਾਣ ਅਤੇ ਬਾਕੀ ਵੀਹ ਫੀਸਦ ਤਜਰਬੇਕਾਰ ਸਿੱਖ ਆਗੂ ਸ਼ਾਮਲ ਹੋਣ ਜੋ ਇਨ੍ਹਾਂ ਦਾ ਰਾਹ ਦਸੇਰਾ ਬਣਨ।



## ਸਿੱਖ ਨੌਜਵਾਨ ਕੌਮੀ ਹੱਕਾਂ ਲਈ ਸੁਚੇਤ ਹੋਣ: ਫਾਰੂਕ ਅਬਦੁੱਲਾ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਸਰਪ੍ਰਸਤ ਅਤੇ ਜੰਮੂ ਐਂਡ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਗੁਰਦੁਆਰਾ ਸਿੰਘ ਸਭਾ ਪਹਿਲਗਾਮ (ਕਸ਼ਮੀਰ) ਵਿਖੇ ਤਿੰਨ ਰੋਜ਼ਾ ਗੁਰਮਤਿ ਸਿਖਲਾਈ ਕੈਂਪ ਦਾ ਆਯੋਜਨ ਕਰਨ ਉਤੇ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਪਰਮਜੀਤ ਸਿੰਘ ਖਾਲਸਾ, ਭਾਈ ਮੇਜਰ ਸਿੰਘ ਖਾਲਸਾ ਸਮੇਤ ਸਮੂਹ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੇਰਨਾਦਾਇਕ ਕੈਂਪ ਨੌਜਵਾਨ ਪੀੜ੍ਹੀ ਨੂੰ ਜੀਵਨ ਦੀ ਉਸਾਰੂ ਦਿਸ਼ਾ ਪ੍ਰਦਾਨ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਆਪਣੇ ਸ਼ਾਨਮੱਤੀ ਇਤਿਹਾਸ ਤੇ ਵਿਰਸੇ ਨਾਲ ਜੋੜਨ ਵਿਚ ਸਹਾਈ ਸਿੱਧ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟ ਹੋ ਕੇ ਮੈਦਾਨ ਵਿਚ ਨਿੱਤਰਨ।

ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਫੈਡਰੇਸ਼ਨ ਦੇ ਸਾਬਕਾ ਆਗੂ ਭਾਈ ਰਾਜਿੰਦਰ ਸਿੰਘ ਮਹਿਤਾ, ਫੈਡਰੇਸ਼ਨ ਪ੍ਰਧਾਨ ਪਰਮਜੀਤ ਸਿੰਘ ਖਾਲਸਾ, ਮੇਜਰ ਸਿੰਘ ਨੇ ਵੀ ਸੰਬੋਧਨ ਕੀਤਾ। ਦੱਸਣਯੋਗ ਹੈ ਕਿ ਪੰਜਾਬ ਵਿਚ ਖਾੜਕੂਵਾਦ ਵੇਲੇ ਫੈਡਰੇਸ਼ਨ 'ਤੇ ਰੋਕ ਲਾ ਦਿੱਤੀ ਗਈ ਸੀ ਅਤੇ ਉਸ ਤੋਂ ਬਾਅਦ ਇਹ ਜਥੇਬੰਦੀ ਵੱਖ-ਵੱਖ ਧੜਿਆਂ ਵਿਚ ਵੰਡੀ ਗਈ।

# ਕੈਨੇਡਾ: ਵਿਦੇਸ਼ੀ ਬੋਲੀਆਂ 'ਚ ਪੰਜਾਬੀ ਦੀ ਬੱਲੇ-ਬੱਲੇ



**ਵੈਨਕੂਵਰ:** ਕੈਨੇਡੀਅਨ ਮਰਦਮਸ਼ੁਮਾਰੀ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ ਆਵਾਸ (ਇਮੀਗ੍ਰੇਸ਼ਨ) ਵਧਣ ਕਾਰਨ ਦੱਖਣ-ਏਸ਼ਿਆਈ ਬੋਲੀਆਂ ਦਾ ਦਬਦਬਾ ਮੁਲਕ ਵਿਚ ਵਧਿਆ ਹੈ। ਦੇਸ਼ ਦੀਆਂ ਸਰਕਾਰੀ ਭਾਸ਼ਾਵਾਂ- ਅੰਗਰੇਜ਼ੀ ਤੇ ਫਰੈਂਚ ਤੋਂ ਬਾਅਦ ਪੰਜਾਬੀ ਅਤੇ ਮੈਂਡਰਿਨ (ਚੀਨੀ ਭਾਸ਼ਾ) ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਹਨ। ਘਰਾਂ ਵਿਚ ਮਾਂ ਬੋਲੀ ਬੋਲਣ ਵਾਲਿਆਂ ਦੀ ਗਿਣਤੀ ਪੰਜ ਸਾਲ ਪਹਿਲਾਂ ਦੇ ਅੰਕੜੇ (40 ਲੱਖ) ਤੋਂ ਟੱਪ ਕੇ 46 ਲੱਖ ਤੋਂ ਪਾਰ ਹੋ ਗਈ ਹੈ। ਵੇਰਵਿਆਂ ਮੁਤਾਬਕ ਮਈ 2016 ਤੋਂ ਦਸੰਬਰ 2021 ਤੱਕ ਕੈਨੇਡਾ ਦੇ ਪੱਕੇ ਵਾਸੀ ਬਣਨ ਵਾਲਿਆਂ ਵਿਚੋਂ ਹਰ ਪੰਜਵਾਂ ਵਿਅਕਤੀ ਭਾਰਤ ਦਾ ਜੰਮਪਲ ਹੈ ਤੇ ਇਨ੍ਹਾਂ 'ਚੋਂ ਹੀ ਹਰ ਦਸਵਾਂ ਵਿਅਕਤੀ ਚੀਨ ਜਾਂ ਫਿਲੀਪੀਨਜ਼ ਦੇ ਉਨ੍ਹਾਂ ਖੇਤਰਾਂ 'ਚੋਂ ਹੈ, ਜਿੱਥੇ ਮੈਂਡਰਿਨ ਬੋਲੀ ਜਾਂਦੀ ਹੈ।

# ਧੋਖੇ ਨਾਲ ਦੂਜਾ ਵਿਆਹ ਕਰਵਾਉਣ ਦੇ ਦੋਸ਼ਾਂ ਵਿਚ ਘਿਰਿਆ ਵਿਧਾਇਕ

**ਜ਼ੀਰਕਪੁਰ:** ਆਮ ਆਦਮੀ ਪਾਰਟੀ ਦੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ 'ਤੇ ਜ਼ੀਰਕਪੁਰ ਵਾਸੀ ਇਕ ਔਰਤ ਗੁਰਪ੍ਰੀਤ ਕੌਰ ਨੇ ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਉਸ ਨਾਲ ਧੋਖੇ ਨਾਲ ਦੂਜਾ ਵਿਆਹ ਕਰਵਾਉਣ ਤੇ ਧਮਕੀਆਂ ਦੇਣ ਦਾ ਦੋਸ਼ ਲਾਉਂਦਿਆਂ ਸਥਾਨਕ ਪੁਲਿਸ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਹੈ।

ਗੁਰਪ੍ਰੀਤ ਕੌਰ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਉਸ ਦੇ ਲੰਘੇ ਕੁਝ ਸਾਲਾਂ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨਾਲ ਸਬੰਧ ਸਨ, ਜਿਸ ਨੇ ਕਥਿਤ ਤੌਰ 'ਤੇ ਝੂਠ ਬੋਲਿਆ ਸੀ ਕਿ ਪਹਿਲੀ ਪਤਨੀ ਨਾਲ ਤਲਾਕ ਹੋਣ ਮਗਰੋਂ ਉਹ ਹੁਣ ਵੱਖ ਰਹਿੰਦਾ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਵਿਧਾਇਕ ਨੇ ਉਸ ਨਾਲ 14 ਅਗਸਤ 2021 ਵਿਚ ਲੁਧਿਆਣਾ ਵਿਚ ਵਿਆਹ ਕਰਵਾਇਆ ਸੀ। ਉਸ ਨੇ ਥਾਣੇ ਵਿਚ ਵਿਆਹ ਵੇਲੇ ਦੀ ਤਸਵੀਰ ਵੀ ਪੇਸ਼ ਕੀਤੀ। ਪੀੜਤਾ ਨੇ ਦੱਸਿਆ ਕਿ ਚੋਣਾਂ ਦੌਰਾਨ ਤਲਾਕ ਨਾ ਹੋਣ ਬਾਰੇ ਪਤਾ ਲੱਗਣ 'ਤੇ ਵਿਧਾਇਕ ਨੇ ਪਹਿਲੀ ਪਤਨੀ ਨੂੰ ਛੱਡ ਕੇ ਉਸ ਨਾਲ ਰਹਿਣ ਦਾ ਭਰੋਸਾ ਦੇ ਕੇ ਉਸ ਨੂੰ ਚੁੱਪ ਕਰਵਾ ਦਿੱਤਾ।

ਚੋਣ ਜਿੱਤਣ ਮਗਰੋਂ ਪਠਾਣਮਾਜਰਾ ਆਪਣੇ ਵਾਅਦੇ ਤੋਂ ਮੁੱਕਰ ਗਿਆ ਤੇ ਉਸ ਨੂੰ ਧਮਕਾਉਣਾ ਤੇ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਸ ਨੇ ਦੋਸ਼ ਲਾਇਆ ਕਿ 15 ਅਗਸਤ ਤੋਂ ਪਹਿਲਾਂ ਵਿਧਾਇਕ ਨੇ ਜ਼ੀਰਕਪੁਰ ਆ ਕੇ ਵੀ ਉਸ ਨੂੰ ਧਮਕਾਇਆ ਸੀ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਉਕਤ ਔਰਤ ਨਾਲ ਵਿਆਹ ਕਰਵਾਉਣ ਦੇ ਦੋਸ਼ਾਂ ਨੂੰ ਮੰਨਦੇ ਹੋਏ ਕਿਹਾ ਕਿ ਉਸ ਨੇ ਕੋਈ ਧਮਕੀ ਨਹੀਂ ਦਿੱਤੀ।

ਇਸ ਦੌਰਾਨ ਉਨ੍ਹਾਂ ਸਨੌਰ ਹਲਕੇ ਦੇ ਅਕਾਲੀ ਦਲ ਅਤੇ ਕਾਂਗਰਸ ਦੇ ਵੱਡੇ ਆਗੂਆਂ ਦੇ ਨਾਮ ਲੈਂਦਿਆਂ ਇਸ ਔਰਤ ਰਾਹੀਂ ਉਸ ਨੂੰ ਬਦਨਾਮ ਕਰਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਜੇਕਰ ਕੋਈ ਧਮਕੀ ਦਿੱਤੀ ਹੈ ਤਾਂ ਉਹ ਸਬੂਤ ਪੇਸ਼ ਕਰੇ।

## ਪਠਾਣਮਾਜਰਾ ਨੂੰ ਤੁਰੰਤ ਪਾਰਟੀ 'ਚੋਂ ਕੱਢਿਆ ਜਾਵੇ: ਚੰਦੂਮਾਜਰਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਮੰਗ ਕੀਤੀ ਕਿ ਉਹ ਸਨੌਰ ਹਲਕੇ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਆਪਣੀ ਪਤਨੀ ਨਾਲ ਧੋਖਾ ਕਰਨ ਅਤੇ ਉਸ ਨਾਲ ਕੁੱਟਮਾਰ ਕਰਨ ਦੇ ਦੋਸ਼ਾਂ ਕਾਰਨ ਪਾਰਟੀ ਵਿਚੋਂ ਕੱਢਣ। ਇਸ ਦੌਰਾਨ ਸ੍ਰੀ ਚੰਦੂਮਾਜਰਾ ਨੇ ਮੰਗ ਕੀਤੀ ਕਿ ਪਠਾਣਮਾਜਰਾ ਦੀ ਪਤਨੀ ਵੱਲੋਂ ਜ਼ੀਰਕਪੁਰ ਪੁਲਿਸ ਕੋਲ ਦਿੱਤੀ ਸ਼ਿਕਾਇਤ ਦੇ ਮਾਮਲੇ ਵਿਚ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ।

# ਪਟਿਆਲਾ 'ਚ ਏਵੀਏਸ਼ਨ ਮਿਊਜ਼ੀਅਮ ਬਣਾਉਣ ਲਈ ਹਰੀ ਝੰਡੀ




**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹਿਰੀ ਪਟਿਆਲਾ ਵਿਚ 'ਪੰਜਾਬ ਏਵੀਏਸ਼ਨ ਮਿਊਜ਼ੀਅਮ' ਸਥਾਪਤ ਕਰਨ ਦੇ ਪ੍ਰੋਜੈਕਟ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਫੈਸਲਾ ਮੁੱਖ ਮੰਤਰੀ ਨੇ ਪੰਜਾਬ ਰਾਜ ਸਿਵਲ ਏਵੀਏਸ਼ਨ ਕੌਂਸਲ ਦੀ ਤਜਵੀਜ਼ 'ਤੇ ਲਿਆ ਹੈ।

ਉਨ੍ਹਾਂ ਕਿਹਾ ਕਿ ਸ਼ਹਿਰੀ ਹਵਾਬਾਜ਼ੀ ਖੇਤਰ ਵਿਚ ਪੰਜਾਬ ਦਾ ਇਕ ਸਦੀ ਪੁਰਾਣਾ ਇਤਿਹਾਸ ਹੈ, ਜਿਸ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਉਣ ਦੀ ਲੋੜ ਹੈ। ਇਸ ਲਈ ਪਟਿਆਲਾ ਵਿਚ ਮਿਊਜ਼ੀਅਮ ਸਥਾਪਤ ਕਰਕੇ ਸੂਬੇ ਦੇ ਹਵਾਬਾਜ਼ੀ ਖੇਤਰ ਦੇ ਇਤਿਹਾਸ ਤੇ ਕਲਾਕ੍ਰਿਤਾਂ ਨੂੰ ਦਰਸਾਇਆ ਜਾਵੇਗਾ। ਇਸ ਤੋਂ ਇਲਾਵਾ ਹਵਾਈ ਜਹਾਜ਼ਾਂ ਦੇ ਮਾਡਲ, ਤਸਵੀਰਾਂ, ਨਕਸ਼ੇ, ਮਾਡਲਾਂ ਦੀ ਐਨੀਮੇਸ਼ਨ ਰਾਹੀਂ ਪੇਸ਼ਕਾਰੀ, ਪਾਇਲਟਾਂ ਤੇ ਹੋਰ ਸਟਾਫ ਦੇ ਕੱਪੜੇ ਤੇ ਉਪਕਰਨ ਵੀ ਮਿਊਜ਼ੀਅਮ ਵਿਚ ਦਿਖਾਏ ਜਾ ਸਕਦੇ ਹਨ। ਸ੍ਰੀ ਮਾਨ ਨੇ ਕਿਹਾ ਕਿ ਮਿਊਜ਼ੀਅਮ ਵਿਚ ਰਸਾਲੇ, ਤਕਨੀਕੀ ਨਿਯਮਾਂਵਲੀ, ਤਸਵੀਰਾਂ ਤੇ ਨਿੱਜੀ ਪੁਰਾਲੇਖ ਵੀ ਦਰਸਾਏ ਜਾਣ, ਜੋ ਅਕਸਰ ਹਵਾਬਾਜ਼ੀ ਖੇਤਰ ਦੇ ਖੋਜਾਰਥੀਆਂ ਨੂੰ ਲੇਖ ਜਾਂ ਕਿਤਾਬਾਂ ਲਿਖਣ ਜਾਂ ਪੁਰਾਣੇ ਹਵਾਈ ਜਹਾਜ਼ਾਂ ਨੂੰ ਠੀਕ ਕਰਨ ਲਈ ਤਕਨੀਸ਼ੀਅਨਾਂ ਦੇ ਕੰਮ ਆਉਂਦੇ ਹਨ।

ਉਨ੍ਹਾਂ ਕਿਹਾ ਕਿ 350 ਏਕੜ ਥਾਂ ਵਿਚ ਫੈਲਿਆ 'ਪਟਿਆਲਾ ਏਵੀਏਸ਼ਨ ਕੰਪਲੈਕਸ' ਇਕ ਵਿਰਾਸਤੀ ਸੰਸਥਾ ਹੈ, ਜੋ 20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਥਾਪਤ ਕੀਤੀ ਗਈ ਸੀ।

# ਵੀਜ਼ੇ ਦੀ ਉਡੀਕ ਘਟਾਉਣ ਲਈ ਯਤਨ ਕਰ ਰਿਹਾ ਹੈ ਕੈਨੇਡੀਅਨ ਹਾਈ ਕਮਿਸ਼ਨ

**ਨਵੀਂ ਦਿੱਲੀ:** ਇਥੇ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਨੇ ਕਿਹਾ ਹੈ ਕਿ ਉਹ ਵੀਜ਼ਾ ਦੀ ਉਡੀਕ ਨੂੰ ਘੱਟ ਕਰਨ ਲਈ ਕੰਮ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਵੱਡੀ ਗਿਣਤੀ ਭਾਰਤੀ ਨਾਗਰਿਕ ਲੰਮੇ ਸਮੇਂ ਤੋਂ ਆਪਣਾ ਵੀਜ਼ਾ ਉਡੀਕ ਰਹੇ ਹਨ ਤੇ ਨਿਰਾਸ਼ਾ ਵਧਦੀ ਜਾ ਰਹੀ ਹੈ। ਹਾਈ ਕਮਿਸ਼ਨ ਨੇ ਕਿਹਾ ਕਿ ਉਹ ਲੋਕਾਂ ਦੀ 'ਨਿਰਾਸ਼ਾ ਤੇ ਪਰੇਸ਼ਾਨੀ' ਨੂੰ ਸਮਝਦੇ ਹਨ ਤੇ ਸਮਾਂ ਘਟਾਉਣ ਲਈ ਯਤਨ ਕਰ ਰਹੇ ਹਨ। ਕਈ ਟਵੀਟ ਕਰਦਿਆਂ ਹਾਈ ਕਮਿਸ਼ਨ ਨੇ ਕਿਹਾ ਕਿ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਨੂੰ ਹਰ ਹਫਤੇ ਵੀਜ਼ਾ ਮਿਲ ਰਹੇ ਹਨ ਤੇ ਉਡੀਕ ਘਟਾਉਣ ਲਈ ਯਤਨ ਹੋ ਰਹੇ ਹਨ। ਹਾਈ ਕਮਿਸ਼ਨ ਨੇ ਕਿਹਾ ਕਿ ਪੂਰਾ ਸਾਲ ਅਰਜ਼ੀਆਂ ਉਤੇ ਕੰਮ ਕੀਤਾ ਜਾ ਰਿਹਾ ਹੈ, ਸਤੰਬਰ-2022 ਸੈਸ਼ਨ ਦੇ ਵਿਦਿਆਰਥੀ ਵੀਜ਼ਿਆਂ 'ਤੇ ਵੀ ਕੰਮ ਜਾਰੀ ਹੈ।

ਮਿਸ਼ਨ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਵੱਡੀ ਗਿਣਤੀ ਵਿਚ ਅਰਜ਼ੀਆਂ ਮਿਲ ਰਹੀਆਂ ਹਨ, ਪਰ ਇਸ ਦੇ ਬਾਵਜੂਦ ਉਡੀਕ ਦਾ ਸਮਾਂ ਘੱਟ ਕਰਨ ਲਈ ਕੋਸ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਵਿਦਿਆਰਥੀ ਵੀਜ਼ੇ ਲਈ ਉਡੀਕ ਦਾ ਸਮਾਂ 12 ਹਫਤੇ ਹੈ। ਹਾਲਾਂਕਿ 2022 ਵਿਚ ਭਾਰਤੀਆਂ ਲਈ ਉਡੀਕ ਦਾ ਸਮਾਂ ਇਸ ਨਾਲੋਂ ਵੱਧ ਰਿਹਾ ਹੈ।

ਹਾਈ ਕਮਿਸ਼ਨ ਨੇ ਕਿਹਾ, 'ਜਿਹੜੇ ਵਿਦਿਆਰਥੀ ਅਜੇ ਵੀ ਆਪਣੀ ਵੀਜ਼ਾ ਅਰਜ਼ੀ ਦਾ ਨਤੀਜਾ ਉਡੀਕ ਰਹੇ ਹਨ, ਅਸੀਂ ਉਨ੍ਹਾਂ ਨੂੰ ਬੇਨਤੀ ਕਰਦੇ ਹਾਂ ਕਿ ਜੇਕਰ ਉਹ ਆਪਣੀਆਂ ਕਲਾਸਾਂ ਸ਼ੁਰੂ ਹੋਣ ਤੱਕ ਕੈਨੇਡਾ ਨਹੀਂ ਪਹੁੰਚ ਰਹੇ ਹਨ ਤਾਂ ਉਹ ਆਪਣੇ ਕਾਲਜ/ਯੂਨੀਵਰਸਿਟੀ ਨਾਲ ਰਾਬਤਾ ਕਰ ਕੇ ਉਪਲਬਧ ਬਦਲਾਂ 'ਤੇ ਵਿਚਾਰ ਕਰ ਸਕਦੇ ਹਨ।'

# ਜਬਰ ਜਨਾਹ ਦੇ ਦੋਸ਼ੀ ਰਿਹਾਅ ਹੋ ਸਕਦੇ ਹਨ ਤਾਂ ਬੰਦੀ ਸਿੰਘ ਕਿਉਂ ਨਹੀਂ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਸਰਕਾਰਾਂ ਨੂੰ ਘੇਰਦਿਆਂ ਕਿਹਾ ਕਿ ਜੇ ਬਿਲਕਿਸ ਬਾਨੋ ਜਬਰ ਜਨਾਹ ਕੇਸ ਵਿਚ ਸਜ਼ਾ ਭੁਗਤ ਰਹੇ ਦੋਸ਼ੀਆਂ ਨੂੰ ਛੱਡਣ ਦਾ ਫੈਸਲਾ ਕੀਤਾ ਜਾ ਸਕਦਾ ਹੈ ਤਾਂ ਫਿਰ ਉਮਰ ਕੈਦ ਤੋਂ ਦੁੱਗਣੀਆਂ ਸਜ਼ਾਵਾਂ ਭੁਗਤਣ ਵਾਲੇ ਸਿੱਖਾਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਸਰਕਾਰ ਦੀ ਪੱਖਪਾਤੀ ਵਾਲੀ ਨੀਤੀ 'ਤੇ ਸਖਤ ਇਤਰਾਜ਼ ਕੀਤਾ। ਉਨ੍ਹਾਂ ਦੋਸ਼ ਲਾਇਆ ਜਬਰ ਜਨਾਹ ਦੇ ਦੋਸ਼ੀ ਸਰਕਾਰਾਂ ਵੱਲੋਂ ਹਮਦਰਦੀ ਭਾਵਨਾ ਨਾਲ ਛੱਡ ਦਿੱਤੇ ਜਾਂਦੇ ਹਨ ਜਦੋਂਕਿ ਸਿੱਖ ਬੰਦੀਆਂ ਨੂੰ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਰੱਖਿਆ ਹੋਇਆ ਹੈ। ਉਨ੍ਹਾਂ ਨੇ ਇਸ ਨੂੰ ਸੰਵਿਧਾਨ ਦੀ ਉਲੰਘਣਾ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦਾ ਘਾਣ ਵੀ ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਸਭ ਲਈ ਇਕੋ ਜਿਹੀ ਨੀਤੀ ਅਪਣਾਈ ਜਾਵੇ ਅਤੇ ਬੰਦੀ ਸਿੰਘਾਂ ਨੂੰ ਤੁਰਤ ਰਿਹਾਅ ਕੀਤਾ ਜਾਵੇ। ਇਸੇ ਦੌਰਾਨ ਉਨ੍ਹਾਂ ਬੁੜੈਲ ਜੇਲ੍ਹ ਵਿਚ ਬੰਦ ਭਾਈ ਲਖਵਿੰਦਰ ਸਿੰਘ ਨੂੰ ਆਪਣੀ ਭੁੱਖ ਹੜਤਾਲ ਖਤਮ ਕਰਨ ਦੀ ਅਪੀਲ ਕੀਤੀ।



ਇਸ ਦੌਰਾਨ ਸਿੱਖ ਜਥੇਬੰਦੀ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਗੁਜਰਾਤ ਸਰਕਾਰ ਦੇ ਜਬਰ ਜਨਾਹ ਦੇ ਦੋਸ਼ੀਆਂ ਨੂੰ ਰਿਹਾਅ ਕਰਨ ਦੇ ਫੈਸਲੇ ਬਾਰੇ ਕਿਹਾ ਕਿ ਇਹ ਸਾਰੇ 11 ਕੈਦੀ ਬਹੁਗਿਣਤੀ ਭਾਈਚਾਰੇ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਸਰਕਾਰ ਕੈਦੀਆਂ ਦੀ ਰਿਹਾਈ ਦੇ ਮਾਮਲੇ 'ਚ ਨਾ-ਬਰਾਬਰੀ ਵਾਲਾ ਵਤੀਰਾ ਅਪਣਾ ਰਹੀ ਹੈ।

## ਬਿੱਟਾ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਦਾ ਵਿਰੋਧ

**ਅੰਮ੍ਰਿਤਸਰ:** ਕੁਲ ਹਿੰਦ ਅਤਿਵਾਦ ਵਿਰੋਧੀ ਫਰੰਟ ਦੇ ਮੁਖੀ ਮਨਿੰਦਰਜੀਤ ਸਿੰਘ ਬਿੱਟਾ ਨੇ ਬੰਦੀ ਸਿੱਖਾਂ ਦੀ ਰਿਹਾਈ ਦਾ ਵਿਰੋਧ ਕੀਤਾ ਹੈ। ਉਨ੍ਹਾਂ ਬੰਦੀ ਸਿੱਖਾਂ ਨੂੰ ਮੌਤ ਦੇ ਸੌਦਾਗਰ ਆਖਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਧਾਰਮਿਕ ਆਗੂਆਂ ਨੂੰ ਅਜਿਹੀ ਮੰਗ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਹੁਣ ਜੋ ਅਤਿਵਾਦੀ ਗਤੀਵਿਧੀਆਂ ਦੇ ਦੋਸ਼ ਹੇਠ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ, ਕੀ ਕੱਲ੍ਹ ਨੂੰ ਉਨ੍ਹਾਂ ਨੂੰ ਵੀ ਬੰਦੀ ਸਿੱਖ ਆਖਿਆ ਜਾਵੇਗਾ। ਸਿੱਖਾਂ ਨਾਲ ਵਿਤਕਰੇ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਨੇ ਕਈ ਸਿੱਖ ਵਿਅਕਤੀਆਂ ਨੂੰ ਅਹਿਮ ਅਹੁਦਿਆਂ 'ਤੇ ਬਿਠਾਇਆ ਹੈ। ਦੇਸ਼ ਦਾ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਸਮੇਤ ਭਾਰਤੀ ਫੌਜ ਵਿਚ ਮੁੱਖ ਅਹੁਦਿਆਂ ਤੇ ਕਈ ਸਿੱਖ ਵਿਅਕਤੀ ਤਾਇਨਾਤ ਰਹੇ ਹਨ।

# ਬਿਲਕੀਸ ਬਾਨੋ ਦਾ ਭਾਰਤੀ ਨਿਆਂ ਪ੍ਰਣਾਲੀ ਤੋਂ ਭਰੋਸਾ ਉਠਿਆ

**ਅਹਿਮਦਾਬਾਦ:** ਗੁਜਰਾਤ ਵਿਚ 2002 ਗੋਧਰਾ ਕਾਂਡ ਮਗਰੋਂ ਹੋਏ ਦੰਗਿਆਂ ਦੀ ਪੀੜ ਆਪਣੇ ਪਿੰਡੇ 'ਤੇ ਹੰਢਾਉਣ ਵਾਲੀ ਬਿਲਕੀਸ ਬਾਨੋ ਨੇ ਕਿਹਾ ਕਿ ਉਸ ਅਤੇ ਉਹਦੇ ਸੱਤ ਪਰਿਵਾਰਕ ਮੈਂਬਰਾਂ ਨਾਲ ਸਬੰਧਤ ਕੇਸ ਵਿਚ ਉਮਰ ਕੈਦ ਦੀ ਸਜਾ ਕੱਟ ਰਹੇ 11 ਮੁਜਰਮਾਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦੇ ਸੂਬਾ ਸਰਕਾਰ ਦੇ ਫੈਸਲੇ ਨਾਲ ਉਸ ਦਾ ਨਿਆਂ ਵਿਵਸਥਾ ਤੋਂ ਯਕੀਨ ਉੱਠ ਗਿਆ ਹੈ ਤੇ ਉਹ ਸੁੰਨ ਪੈ ਗਈ ਹੈ।

ਬਾਨੋ ਨੇ ਗੁਜਰਾਤ ਸਰਕਾਰ ਨੂੰ ਇਸ ਫੈਸਲੇ ਨੂੰ ਵਾਪਸ ਲੈਣ ਅਤੇ 'ਸ਼ਾਂਤੀ ਅਤੇ ਡਰ ਤੋਂ ਬਿਨਾਂ ਜ਼ਿੰਦਗੀ ਜਿਉਣ' ਦਾ ਅਧਿਕਾਰ ਵਾਪਸ ਕਰਨ ਦੀ ਅਪੀਲ ਕੀਤੀ ਹੈ। ਚੇਤੇ ਰਹੇ ਕਿ ਦੰਗਿਆਂ ਦੌਰਾਨ ਬਿਲਕੀਸ ਬਾਨੋ ਜਬਰ ਜਨਾਹ ਤੇ ਉਸ ਦੇ ਪਰਿਵਾਰ ਦੇ ਸੱਤ ਜੀਆਂ ਦੀ ਹੱਤਿਆ ਦੇ ਦੋਸ਼ 'ਚ ਉਮਰ ਕੈਦ ਦੀ ਸਜਾ ਕੱਟ ਰਹੇ 11 ਮੁਜਰਮਾਂ ਨੂੰ, ਗੁਜਰਾਤ ਦੀ ਭਾਜਪਾ ਸਰਕਾਰ ਵੱਲੋਂ



ਦਿੱਤੀ ਵਿਸ਼ੇਸ਼ ਖਿਮਾ ਤਹਿਤ ਗੋਧਰਾ ਸਬ-ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ ਸੀ। ਬਿਲਕੀਸ ਨੇ ਗੁਜਰਾਤ ਸਰਕਾਰ ਦੀ ਇਸ ਪੇਸ਼ਕਦਮੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ 'ਇੰਨਾ ਵੱਡਾ ਤੇ ਨਿਆਂਹੀਣ ਫੈਸਲਾ' ਲੈਣ ਤੋਂ ਪਹਿਲਾਂ ਕਿਸੇ ਨੇ ਵੀ ਉਹਦੀ ਸੁਰੱਖਿਆ ਤੇ ਸਲਾਮਤੀ ਨੂੰ ਲੈ ਕੇ ਸਾਰ ਨਹੀਂ ਲਈ।

ਬਾਨੋ ਨੇ ਆਪਣੀ ਵਕੀਲ ਸੋਭਾ ਵੱਲੋਂ ਜਾਰੀ ਬਿਆਨ ਵਿਚ ਕਿਹਾ, "15 ਅਗਸਤ 2022 ਨੂੰ ਪਿਛਲੇ 20 ਸਾਲਾਂ ਦੇ ਜ਼ਖ਼ਮ ਮੁੜ ਅੱਲੇ ਹੋ ਗਏ, ਜਦੋਂ ਮੈਨੂੰ ਇਹ ਪਤਾ ਲੱਗਾ ਕਿ 11 ਦੋਸ਼ੀ, ਜਿਨ੍ਹਾਂ ਮੇਰਾ ਪਰਿਵਾਰ ਤੇ ਮੇਰੀ ਜ਼ਿੰਦਗੀ ਉਜਾੜ ਦਿੱਤੀ ਅਤੇ ਮੇਰੀ ਤਿੰਨ ਸਾਲਾ ਧੀ ਮੈਥੋਂ ਖੋਹ ਲਈ, ਨੂੰ ਰਿਹਾਅ ਕਰ ਦਿੱਤਾ ਗਿਆ ਹੈ।

ਮੇਰੇ ਕੋਲ ਸ਼ਬਦ ਨਹੀਂ ਸਨ। ਮੈਂ ਅਜੇ ਵੀ ਸੁੰਨ ਹਾਂ।" ਬਿਲਕੀਸ ਬਾਨੋ ਨੇ ਕਿਹਾ ਉਹ ਇਹ ਇੰਨਾ ਹੀ ਕਹਿ ਸਕਦੀ ਹੈ ਕਿ 'ਕਿਸੇ ਔਰਤ ਲਈ ਨਿਆਂ ਇੰਜ ਕਿਵੇਂ ਖ਼ਤਮ ਹੋ ਸਕਦਾ ਹੈ? ਮੈਂ ਆਪਣੇ ਦੇਸ਼ ਦੀਆਂ ਹਾਈ ਕੋਰਟਾਂ 'ਤੇ ਵਿਸ਼ਵਾਸ ਕੀਤਾ। ਮੈਂ ਸਿਸਟਮ 'ਤੇ ਯਕੀਨ ਕੀਤਾ, ਅਤੇ ਮੈਂ ਹੌਲੀ ਹੌਲੀ ਆਪਣੇ ਜ਼ਖ਼ਮਾਂ ਨਾਲ ਜਿਊਣਾ ਸਿੱਖ ਲਿਆ ਸੀ। ਇਨ੍ਹਾਂ ਮੁਜਰਮਾਂ ਦੀ ਰਿਹਾਈ ਨੇ ਮੇਰਾ ਸਕੂਨ ਮੈਥੋਂ ਖੋਹ ਲਿਆ ਤੇ ਨਿਆਂ ਵਿਵਸਥਾ ਵਿੱਚ ਮੇਰੇ ਵਿਸ਼ਵਾਸ ਨੂੰ ਸੱਟ ਮਾਰੀ ਹੈ।" ਬਾਨੋ ਨੇ ਕਿਹਾ, "ਮੇਰਾ ਦੁੱਖ ਤੇ ਮੇਰਾ ਡੋਲਦਾ ਵਿਸ਼ਵਾਸ ਮੇਰੇ ਇਕੱਲਿਆਂ ਦਾ ਨਹੀਂ ਬਲਕਿ ਹਰ ਉਸ ਔਰਤ ਦਾ ਹੈ, ਜੋ ਕੋਰਟਾਂ ਵਿਚ ਨਿਆਂ ਲਈ ਸੰਘਰਸ਼ ਕਰ ਰਹੀਆਂ ਹਨ।" ਉਨ੍ਹਾਂ ਆਪਣੀ ਤੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੀ ਕਿਹਾ।

## ਅਮਰੀਕੀ ਕਮਿਸ਼ਨ ਵੱਲੋਂ ਦੋਸ਼ੀਆਂ ਦੀ ਰਿਹਾਈ ਦੀ ਨਿੰਦਾ

**ਵਾਸ਼ਿੰਗਟਨ:** ਕੌਮਾਂਤਰੀ ਪੱਧਰ 'ਤੇ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂ.ਐਸ.ਸੀ.ਆਈ.ਆਰ.ਐਫ.) ਨੇ ਬਿਲਕੀਸ ਬਾਨੋ ਜਬਰ ਜਨਾਹ ਮਾਮਲੇ ਵਿਚ 11 ਦੋਸ਼ੀਆਂ ਦੀ ਰਿਹਾਈ ਨੂੰ 'ਗ਼ੈਰਵਾਜ਼ਬ' ਕਰਾਰ ਦਿੱਤਾ ਹੈ। ਕਮਿਸ਼ਨ ਦੇ ਉਪ ਚੇਅਰ ਅਬਰਾਹਮ ਕੂਪਰ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਦੋਸ਼ੀਆਂ ਦੀ ਰਿਹਾਈ ਦੀ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦੀ ਅਗਾਊਂ ਰਿਹਾਈ ਨਿਆਂ ਪ੍ਰਣਾਲੀ ਦਾ ਮਜ਼ਾਕ ਬਣਾਉਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਘੱਟ ਗਿਣਤੀਆਂ ਖਿਲਾਫ ਹਿੰਸਾ ਵਿਚ ਸ਼ਾਮਲ ਲੋਕਾਂ ਨੂੰ 'ਸਜ਼ਾ ਤੋਂ ਛੋਟ' ਦਿੱਤੀ ਗਈ ਹੈ।

# ਤਾਏ ਨੇ ਅੱਠ ਸਾਲਾ ਬੱਚੇ ਨੂੰ ਨਹਿਰ ਵਿਚ ਧੱਕਾ ਦਿੱਤਾ

**ਲੁਧਿਆਣਾ:** ਪੁਲਿਸ ਨੇ ਇਥੋਂ ਦੀ ਅਬਦੁੱਲਾਪੁਰ ਬਸਤੀ ਦੇ ਲਾਪਤਾ ਅੱਠ ਸਾਲਾ ਬੱਚੇ ਸਹਿਜਪ੍ਰੀਤ ਸਿੰਘ ਦੀ ਲਾਸ਼ ਸਿੱਧਵਾਂ ਨਹਿਰ ਵਿਚੋਂ ਬਰਾਮਦ ਕਰ ਲਈ ਹੈ। ਸਹਿਜਪ੍ਰੀਤ ਨੂੰ ਉਸ ਦੇ ਤਾਏ ਸਵਰਨ ਸਿੰਘ ਨੇ ਹੀ ਨਹਿਰ ਵਿਚ ਧੱਕਾ ਦਿੱਤਾ ਸੀ। ਮੁਲਜ਼ਮ ਸਵਰਨ ਸਿੰਘ ਦੀ ਨਿਸ਼ਾਨਦੇਹੀ 'ਤੇ ਕਮਿਸ਼ਨਰੇਟ ਪੁਲਿਸ ਨੇ ਲਾਸ਼ ਬਰਾਮਦ ਮਗਰੋਂ ਪੋਸਟਮਾਰਟਮ ਲਈ ਭੇਜ ਦਿੱਤੀ। ਥਾਣਾ ਮਾਡਲ ਟਾਊਨ ਦੀ ਪੁਲਿਸ ਨੇ ਪਹਿਲਾਂ ਤੋਂ ਦਰਜ ਕੇਸ 'ਚ ਕਤਲ ਦੀ ਧਾਰਾ ਜੋੜ ਦਿੱਤੀ ਹੈ। ਪੁਲਿਸ ਮੁਲਜ਼ਮ ਤੋਂ ਪੁੱਛ ਪੜਤਾਲ ਕਰ ਰਹੀ ਹੈ।

ਪੁਲਿਸ ਅਨੁਸਾਰ ਸਵਰਨ ਸਿੰਘ ਦੀ ਸਾਲੀ ਦਾ ਵਿਆਹ ਉਸ ਦੇ ਛੋਟੇ ਭਰਾ ਨਾਲ ਹੋਇਆ ਸੀ। ਸਵਰਨ ਸਿੰਘ ਆਪਣੀ ਮਾਂ ਦੀ ਕਾਫੀ ਸੇਵਾ ਕਰਦਾ ਸੀ ਅਤੇ ਉਸ ਦੀ ਪਤਨੀ ਤੇ ਸਾਲੀ ਦੋਵੇਂ ਉਸ ਨੂੰ ਰੋਕਦੀਆਂ ਸੀ, ਜਿਸ ਕਾਰਨ ਮੁਲਜ਼ਮ ਕਾਫੀ ਪਰੇਸ਼ਾਨ ਸੀ। ਮੁਲਜ਼ਮ ਨੇ ਆਪਣੀ ਮਾਂ ਤੋਂ ਉਸ ਨੂੰ ਵੱਖ ਕਰਨ ਦੀ ਕਿੜ ਕੱਢਦਿਆਂ ਘਰ ਵਾਲੀ ਤੇ ਸਾਲੀ ਤੋਂ ਬਦਲਾ ਲੈਣ ਲਈ ਸਹਿਜਪ੍ਰੀਤ ਨੂੰ ਮੌਤ ਦੇ ਘਾਟ ਉਤਾਰਨ ਦਾ ਫੈਸਲਾ ਕੀਤਾ। ਉਹ 18 ਅਗਸਤ ਦੀ ਰਾਤ ਸਹਿਜਪ੍ਰੀਤ ਨੂੰ ਆਪਣੇ ਨਾਲ ਲੈ ਗਿਆ। ਉਸ ਨੇ ਜਗਰਾਉਂ ਪੁਲ ਨੇੜੇ



ਬੱਚੇ ਤੋਂ ਸਾਈਕਲ ਖੜ੍ਹਾ ਕਰਵਾਇਆ ਅਤੇ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਜਾਣ ਦੀ ਗੱਲ ਕਹੀ।

ਲਾਡੋਵਾਲ ਨੇੜੇ ਬੱਚੇ ਵੱਲੋਂ ਨੀਂਦ ਆਉਣ ਬਾਰੇ ਦੱਸਣ 'ਤੇ ਉਹ ਵਾਪਸ ਜਲੰਧਰ ਬਾਈਪਾਸ ਪੁੱਜਿਆ ਅਤੇ ਉਥੋਂ ਬੱਚੇ ਨੂੰ ਫਲ ਲੈ ਕੇ ਦਿੱਤੇ ਅਤੇ ਗੁਰਦੁਆਰਾ ਕਟਾਣਾ ਸਾਹਿਬ ਵਿਖੇ ਚਲਾ ਗਿਆ। ਉਥੋਂ ਵਾਪਸੀ ਲਈ ਨਹਿਰ ਦੇ ਨਾਲ-ਨਾਲ ਰਵਾਨਾ ਹੋਇਆ ਅਤੇ ਰਾਹ ਵਿਚ ਹਰਨਾਮਪੁਰਾ ਕੋਲ ਉਸ ਨੇ ਬੱਚੇ ਨੂੰ ਨਹਿਰ 'ਚ ਧੱਕਾ ਦਿੱਤਾ ਅਤੇ ਘਰ ਮੁੜ ਆਇਆ ਤੇ ਪਰਿਵਾਰ ਨਾਲ ਨਾਲ ਬੱਚੇ ਦੇ ਲੱਭਣ ਦਾ ਢੌਂਗ ਕਰਨ ਲੱਗਿਆ।

# ਕਾਂਗਰਸ ਪ੍ਰਧਾਨ ਚੁਣਨ ਦਾ ਅਮਲ ਸ਼ੁਰੂ

**ਨਵੀਂ ਦਿੱਲੀ:** ਕਾਂਗਰਸ ਦੇ ਨਵੇਂ ਪ੍ਰਧਾਨ ਦੀ ਚੋਣ ਦਾ ਅਮਲ ਸ਼ੁਰੂ ਹੋ ਗਿਆ ਹੈ। ਪਾਰਟੀ ਦੀ ਚੋਣ ਅਥਾਰਿਟੀ ਨੇ ਕਿਹਾ ਹੈ ਕਿ 20 ਸਤੰਬਰ ਤੱਕ ਨਵਾਂ ਪ੍ਰਧਾਨ ਚੁਣਨ ਦਾ ਅਮਲ ਪੂਰਾ ਹੋ ਜਾਵੇਗਾ। ਕਾਂਗਰਸ ਦੀ ਕੇਂਦਰੀ ਚੋਣ ਅਥਾਰਿਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਦੱਸਿਆ ਕਿ ਕਾਂਗਰਸ ਪ੍ਰਧਾਨ ਦੀ ਚੋਣ ਲਈ ਅੰਤਿਮ ਤਰੀਕ ਦੀ ਪ੍ਰਵਾਨਗੀ ਕਾਂਗਰਸ ਵਰਕਿੰਗ ਕਮੇਟੀ ਨੇ ਦੇਣੀ ਹੈ ਅਤੇ ਇਹ 21 ਅਗਸਤ ਤੋਂ 20 ਸਤੰਬਰ ਵਿਚਕਾਰ ਕਿਸੇ ਵੀ ਦਿਨ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਸੀ.ਡਬਲਿਊ.ਸੀ. ਦੀ ਮੀਟਿੰਗ ਛੇਤੀ ਹੋਵੇਗੀ।

ਬਲਾਕ, ਜ਼ਿਲ੍ਹਾ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਪੱਧਰ ਦੀਆਂ ਜਥੇਬੰਦਕ ਚੋਣਾਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਹ ਮੁਕੰਮਲ ਹੋ ਗਈਆਂ ਹਨ। ਉਂਜ ਮਿਸਤਰੀ ਨੇ ਕਿਹਾ ਕਿ ਚੋਣ ਅਥਾਰਿਟੀ ਵੱਲੋਂ ਏ.ਆਈ.ਸੀ.ਸੀ. ਡੈਲੀਗੇਟਾਂ ਦੇ ਨਾਵਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਜੋ ਪਾਰਟੀ ਪ੍ਰਧਾਨ ਦੀ ਅਹਿਮ ਚੋਣ ਦੌਰਾਨ ਵੋਟ ਪਾਉਣਗੇ। ਜ਼ਿਕਰਯੋਗ ਹੈ ਕਿ ਸੋਨੀਆ ਗਾਂਧੀ ਅਤੇ ਪਾਰਟੀ ਆਖਦੀ ਆ ਰਹੀ ਹੈ ਕਿ ਕਾਂਗਰਸ ਦੇ ਨਵੇਂ ਪ੍ਰਧਾਨ ਦੀ ਚੋਣ 20 ਸਤੰਬਰ ਤੱਕ ਕਰ ਲਈ ਜਾਵੇਗੀ।

ਉਧਰ, ਪਾਰਟੀ ਦੇ ਨਾਰਾਜ਼ ਧੜੇ ਜੀ-23 ਵੱਲੋਂ ਚੋਣ ਪ੍ਰਕਿਰਿਆ ਅਤੇ ਇਸ ਦੀ ਪਾਰਦਰਸ਼ਤਾ



'ਤੇ ਨੇੜਿਉਂ ਨਜ਼ਰ ਰੱਖੀ ਜਾ ਰਹੀ ਹੈ। ਮਿਸਤਰੀ ਨੇ ਭਾਵੇਂ ਚੋਣ ਅਮਲ ਤੈਅ ਸਮੇਂ 'ਤੇ ਮੁਕੰਮਲ ਕਰਨ ਦੀ ਗੱਲ ਆਖੀ ਹੈ ਪਰ ਪ੍ਰਧਾਨਗੀ ਦੇ ਸੰਭਾਵੀ ਉਮੀਦਵਾਰਾਂ ਬਾਰੇ ਕੁਝ ਵੀ ਤੈਅ ਨਹੀਂ ਹੋ ਸਕਿਆ ਹੈ ਕਿਉਂਕਿ ਰਾਹੁਲ ਗਾਂਧੀ ਅਜੇ ਤੱਕ ਮੁੜ ਪ੍ਰਧਾਨ ਨਾ ਬਣਨ ਦੀ ਇੱਛਾ ਜਤਾਉਂਦੇ ਆ ਰਹੇ ਹਨ। ਗਾਂਧੀ ਪਰਿਵਾਰ ਤੋਂ ਬਾਹਰ ਦੇ ਆਗੂ ਨੂੰ ਪ੍ਰਧਾਨ ਬਣਾਉਣ ਲਈ ਅਜੇ ਤੱਕ ਕੋਈ ਰਸਮੀ ਵਿਚਾਰ ਵਟਾਂਦਰਾ ਨਹੀਂ ਹੋਇਆ ਹੈ ਤਾਂ ਇੰਜ ਜਾਪਦਾ ਹੈ ਕਿ ਮੌਜੂਦਾ ਪ੍ਰਧਾਨ ਸੋਨੀਆ ਗਾਂਧੀ ਪ੍ਰਧਾਨਗੀ ਅਹੁਦੇ 'ਤੇ ਬਣੀ ਰਹਿ ਸਕਦੀ ਹੈ।

## ਗੁਜਰਾਤ ਚੋਣਾਂ: 'ਆਪ' ਵੱਲੋਂ ਨੌਂ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ

**ਅਹਿਮਦਾਬਾਦ:** ਗੁਜਰਾਤ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਨੇ ਨੌਂ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ ਹੈ। ਇਸ ਮਹੀਨੇ ਦੇ ਸ਼ੁਰੂ ਵਿਚ 'ਆਪ' ਨੇ 10 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਸੀ। ਮੌਜੂਦਾ ਸਮੇਂ ਗੁਜਰਾਤ ਵਿਚ ਭਾਰਤੀ ਜਨਤਾ ਪਾਰਟੀ ਸੱਤਾ 'ਤੇ ਕਾਬਜ਼ ਹੈ। ਸੂਬੇ ਵਿਚ ਇਸ ਵਰ੍ਹੇ ਦੇ ਅੰਤ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਫਿਲਹਾਲ ਹੋਰ ਕਿਸੇ ਸਿਆਸੀ ਪਾਰਟੀ ਨੇ ਆਪਣੇ ਉਮੀਦਵਾਰ ਨਹੀਂ ਐਲਾਨੇ ਹਨ। ਵੇਰਵਿਆਂ ਅਨੁਸਾਰ ਚੋਟਿਲਾ ਵਿਧਾਨ ਸਭਾ ਸੀਟ ਤੋਂ 'ਆਪ' ਨੇ ਰਾਜੂ ਕਰਪਾਡਾ ਨੂੰ ਨਾਮਜ਼ਦ ਕੀਤਾ ਹੈ ਜੋ ਕਿ ਸੁਰੇਂਦਰਨਗਰ ਜ਼ਿਲ੍ਹੇ ਤੋਂ ਕਿਸਾਨ ਆਗੂ ਹੈ। ਕਿਸਾਨੀ ਮੁੱਦਿਆਂ ਨੂੰ ਲੈ ਕੇ ਉਸ ਦੇ ਖਿਲਾਫ ਕਈ ਪਰਚੇ ਦਰਜ ਹਨ। ਇਸੇ ਤਰ੍ਹਾਂ ਪਿਊਸ਼ ਪਰਮਾਰ ਨੂੰ ਮੰਗਰੋਲ ਸੀਟ ਤੋਂ ਟਿਕਟ ਦਿੱਤੀ ਗਈ ਹੈ।

# ਅਤਿਵਾਦੀ ਹਮਲੇ ਦੀ ਧਮਕੀ ਤੋਂ ਬਾਅਦ ਬੱਸ ਅੱਡਿਆਂ ਦੀ ਸੁਰੱਖਿਆ ਵਧਾਈ

**ਚੰਡੀਗੜ੍ਹ:** ਸੁਰੱਖਿਆ ਏਜੰਸੀਆਂ ਵੱਲੋਂ ਚੰਡੀਗੜ੍ਹ ਤੇ ਪੰਜਾਬ ਦੇ ਬੱਸ ਅੱਡਿਆਂ ਉਤੇ ਸੰਭਾਵਿਤ ਅਤਿਵਾਦੀ ਹਮਲੇ ਦੀ ਧਮਕੀ ਨੂੰ ਲੈ ਕੇ ਮਿਲੀ ਜਾਣਕਾਰੀ ਦੇ ਮੱਦੇਨਜ਼ਰ ਚੰਡੀਗੜ੍ਹ ਪੁਲਿਸ ਵੱਲੋਂ ਸੈਕਟਰ-43 ਦੇ ਬੱਸ ਅੱਡੇ ਉਤੇ ਤਲਾਸ਼ੀ ਅਭਿਆਨ ਚਲਾਇਆ ਗਿਆ। ਜਾਣਕਾਰੀ ਅਨੁਸਾਰ ਸੁਰੱਖਿਆ ਏਜੰਸੀਆਂ ਵੱਲੋਂ ਇਹ ਪ੍ਰਭਾਵ ਦਿੱਤਾ ਗਿਆ ਸੀ ਕਿ ਪੰਜਾਬ ਅਤੇ ਚੰਡੀਗੜ੍ਹ ਦੇ ਬੱਸ ਅੱਡਿਆਂ ਉਤੇ ਅਤਿਵਾਦੀ ਹਮਲਾ ਹੋਣ ਦੀ ਸ਼ੰਕਾ ਹੈ, ਜਿਸ ਦੇ ਬਾਅਦ ਚੰਡੀਗੜ੍ਹ ਪੁਲਿਸ ਹਰਕਤ ਵਿਚ ਆ ਗਈ ਅਤੇ ਬੱਸ ਅੱਡਿਆਂ ਨੇੜੇ ਨਾਕੇ ਲਗਾ ਕੇ ਵਾਹਨਾਂ ਦੀ ਜਾਂਚ ਕੀਤੀ ਗਈ। ਇਸ ਦੇ ਇਲਾਵਾ ਚੰਡੀਗੜ੍ਹ ਪੁਲਿਸ ਦੇ ਅਪ੍ਰੇਸ਼ਨ ਸੈੱਲ ਵੱਲੋਂ ਵੀ ਸੈਕਟਰ-43 ਅਤੇ 17 ਦੇ ਬੱਸ ਅੱਡਿਆਂ ਅੰਦਰ ਜਾਂਚ ਅਭਿਆਨ ਚਲਾਇਆ ਗਿਆ, ਹਾਲਾਂਕਿ ਇਸ ਸਬੰਧੀ ਕੋਈ ਅਧਿਕਾਰਤ ਜਾਣਕਾਰੀ ਪੁਲਿਸ ਵੱਲੋਂ ਸਾਂਝੀ ਨਹੀਂ ਕੀਤੀ ਗਈ ਅਤੇ ਇਸ ਜਾਂਚ ਅਭਿਆਨ ਨੂੰ ਸੁਰੱਖਿਆ ਦੇ ਮੱਦੇਨਜ਼ਰ ਕੀਤੀ ਜਾਣ ਵਾਲੀ ਆਮ ਜਾਂਚ ਹੀ ਦੱਸਿਆ ਗਿਆ ਹੈ।

# ਵਿਦੇਸ਼ੀ ਵਿਦਿਆਰਥੀਆਂ ਲਈ ਵਾਧੂ ਸੀਟਾਂ ਰੱਖਣ ਨੂੰ ਪ੍ਰਵਾਨਗੀ

**ਨਵੀਂ ਦਿੱਲੀ:** ਦੇਸ਼ ਦੀਆਂ ਯੂਨੀਵਰਸਿਟੀਆਂ ਤੇ ਉਚ ਵਿਦਿਅਕ ਅਦਾਰੇ ਹੁਣ ਆਪਣੇ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਪ੍ਰੋਗਰਾਮਾਂ 'ਚ ਵਿਦੇਸ਼ੀ ਵਿਦਿਆਰਥੀਆਂ ਲਈ 25 ਫੀਸਦ ਵਾਧੂ ਸੀਟਾਂ ਰੱਖ ਸਕਣਗੇ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਮੁਤਾਬਕ ਵਿਦੇਸ਼ੀ ਵਿਦਿਆਰਥੀਆਂ ਨੂੰ ਹੁਣ ਭਾਰਤ 'ਚ ਦਾਖਲਿਆਂ ਲਈ ਪ੍ਰਵੇਸ਼ ਪ੍ਰੀਖਿਆ ਵੀ ਨਹੀਂ ਦੇਣੀ ਪਵੇਗੀ।


ਯੂ.ਜੀ.ਸੀ. ਨੇ ਪਿਛਲੇ ਹਫਤੇ ਮੀਟਿੰਗ ਕਰਕੇ ਇਸ ਬਾਰੇ ਫੈਸਲਾ ਲਿਆ ਹੈ। ਵਾਧੂ ਸੀਟਾਂ ਤੈਅ ਸੀਟਾਂ ਨਾਲੋਂ ਵੱਖਰੀਆਂ ਹੋਣਗੀਆਂ ਅਤੇ ਇਨ੍ਹਾਂ ਸੀਟਾਂ ਦਾ ਫੈਸਲਾ ਸਬੰਧਤ ਉਚ ਵਿਦਿਅਕ ਅਦਾਰਿਆਂ ਵੱਲੋਂ ਤੈਅ ਮਾਪਦੰਡਾਂ ਮੁਤਾਬਕ ਲਿਆ ਜਾਵੇਗਾ। ਯੂ.ਜੀ.ਸੀ. ਦੇ ਚੇਅਰਮੈਨ ਜਗਦੀਸ਼ ਕੁਮਾਰ ਨੇ ਦੱਸਿਆ ਕਿ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਲਈ ਉੱਚ ਵਿਦਿਅਕ ਅਦਾਰੇ ਪਾਰਦਰਸ਼ੀ ਪ੍ਰਕਿਰਿਆ ਅਪਣਾ ਸਕਦੇ ਹਨ।

ਵਿਦੇਸ਼ੀ ਵਿਦਿਆਰਥੀਆਂ ਲਈ ਤੈਅ ਕੀਤੀਆਂ ਗਈਆਂ ਵਾਧੂ ਸੀਟਾਂ 'ਤੇ ਐਕਸਚੇਂਜ ਪ੍ਰੋਗਰਾਮ ਤਹਿਤ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦਾ ਕੋਈ ਹੱਕ ਨਹੀਂ ਹੋਵੇਗਾ। ਇਕ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਜੇਕਰ ਵਿਦੇਸ਼ੀ ਵਿਦਿਆਰਥੀਆਂ ਲਈ ਰੱਖੀਆਂ ਗਈਆਂ ਸੀਟਾਂ 'ਚੋਂ ਕੋਈ ਸੀਟ ਖਾਲੀ ਰਹਿ ਜਾਂਦੀ ਹੈ ਤਾਂ ਉਹ ਕਿਸੇ ਹੋਰ ਨੂੰ ਅਲਾਟ ਨਹੀਂ ਕੀਤੀ ਜਾ ਸਕੇਗੀ।

# ਭਾਜਪਾ ਨੇ ਮੁੱਖ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ: ਸਿਸੋਦੀਆ

**ਅਹਿਮਦਾਬਾਦ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਦੋ ਰੋਜ਼ਾ ਗੁਜਰਾਤ ਦੌਰੇ 'ਤੇ ਪੁੱਜੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਾਅਵਾ ਕੀਤਾ ਕਿ ਭਾਜਪਾ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਹੈ, ਪਰ ਸ਼ਰਤ ਇਹ ਰੱਖੀ ਹੈ ਕਿ ਇਸ ਲਈ ਆਮ ਆਦਮੀ ਪਾਰਟੀ ਨੂੰ ਤੋੜਨਾ ਹੋਵੇਗਾ।

ਅਹਿਮਦਾਬਾਦ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸਿਸੋਦੀਆ ਨੇ ਕਿਹਾ ਕਿ ਉਨ੍ਹਾਂ ਕੋਲ ਆਏ ਦੂਤ ਨੇ ਭਾਜਪਾ ਵੱਲੋਂ ਦੋ ਪੇਸ਼ਕਸ਼ਾਂ ਰੱਖੀਆਂ ਸਨ। 'ਆਪ' ਆਗੂ ਨੇ ਦਾਅਵਾ ਕੀਤਾ, "ਦੂਤ ਨੇ ਕਿਹਾ ਕਿ ਪਹਿਲੀ ਪੇਸ਼ਕਸ਼ ਇਹ ਕਿ ਸੀ.ਬੀ.ਆਈ.-ਈ.ਡੀ. ਵੱਲੋਂ ਦਰਜ ਸਾਰੇ ਕੇਸ ਵਾਪਸ ਲਏ ਜਾਣਗੇ। ਦੂਜੀ ਪੇਸ਼ਕਸ਼ ਇਹ ਸੀ ਕਿ ਮੈਂ ਪਾਰਟੀ ਤੋੜਾਂਗਾ ਤੇ ਉਹ ਤੁਹਾਨੂੰ ਮੁੱਖ ਮੰਤਰੀ ਬਣਾਉਣਗੇ।" ਸਿਸੋਦੀਆ ਨੇ ਕਿਹਾ, "ਮੈਂ ਉਨ੍ਹਾਂ ਸਪਸ਼ਟ ਸਿਆਸੀ ਜਵਾਬ ਦਿੱਤਾ ਕਿ ਦਿੱਲੀ ਦੇ ਮੁੱਖ



ਮੰਤਰੀ ਅਰਵਿੰਦ ਕੇਜਰੀਵਾਲ ਮੇਰੇ ਸਿਆਸੀ ਗੁਰੂ ਹਨ ਤੇ ਮੈਂ ਸਿਆਸਤ ਦਾ ਸਬਕ ਉਨ੍ਹਾਂ ਕੋਲੋਂ ਹੀ ਲਿਆ ਹੈ। ਮੈਂ ਸਿਆਸਤ ਵਿਚ ਸੀ.ਐਮ. ਜਾਂ ਪੀ.ਐਮ. ਬਣਨ ਲਈ ਨਹੀਂ ਆਇਆ।" ਸਿਸੋਦੀਆ ਨੇ ਜ਼ੋਰ ਦੇ ਕੇ ਆਖਿਆ ਕਿ ਉਨ੍ਹਾਂ ਖਿਲਾਫ ਲੱਗੇ ਸਾਰੇ ਦੋਸ਼ ਝੂਠੇ ਹਨ ਤੇ ਉਹ 'ਸਾਜ਼ਿਸ਼ਕਾਰਾਂ ਤੇ ਭ੍ਰਿਸ਼ਟ ਲੋਕਾਂ' ਅੱਗੇ ਨਹੀਂ ਝੁਕਣਗੇ। ਕਾਬਲੇਗੌਰ ਹੈ ਕਿ ਸਿਸੋਦੀਆ ਉਨ੍ਹਾਂ 15 ਵਿਅਕਤੀਆਂ ਤੇ ਐਂਟੀਟਿਜ ਵਿਚ ਸ਼ਾਮਲ ਹੈ, ਜਿਨ੍ਹਾਂ ਖ਼ਿਲਾਫ ਸੀ.ਬੀ.ਆਈ. ਨੇ ਦਿੱਲੀ ਆਬਕਾਰੀ ਨੀਤੀ ਨੂੰ ਲਾਗੂ ਕਰਨ ਮੌਕੇ ਕਥਿਤ ਬੇਨੇਮੀਆਂ ਦੇ ਦੋਸ਼ ਵਿਚ ਐਫ.ਆਈ.ਆਰ. ਦਰਜ ਕੀਤੀ ਹੈ।

ਸਿਸੋਦੀਆ ਨੇ ਕਿਹਾ, "ਮੈਨੂੰ ਭਾਜਪਾ ਵੱਲੋਂ ਸੁਨੇਹਾ ਮਿਲਿਆ ਹੈ- ਆਪ ਛੱਡੋ ਤੇ ਭਾਜਪਾ ਵਿਚ ਸ਼ਾਮਲ ਹੋਵੋ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸੀ.ਬੀ.ਆਈ. ਤੇ ਈ.ਡੀ. ਵੱਲੋਂ ਤੁਹਾਡੇ ਖਿਲਾਫ ਦਰਜ ਸਾਰੇ ਕੇਸ ਵਾਪਸ ਲਏ ਜਾਣਗੇ।" ਉਪ ਮੁੱਖ ਮੰਤਰੀ ਨੇ ਹਿੰਦੀ ਵਿਚ ਕੀਤੇ ਟਵੀਟ 'ਚ ਕਿਹਾ, "ਮੈਂ ਮਹਾਰਾਣਾ ਪ੍ਰਤਾਪ ਦਾ ਵੰਸ਼ਜ ਤੇ ਰਾਜਪੂਤ ਹਾਂ। ਮੈਂ ਆਪਣਾ ਸਿਰ ਕਟਾਉਣ ਲਈ ਤਿਆਰ ਹਾਂ, ਪਰ ਸਾਜ਼ਿਸ਼ਕਾਰਾਂ ਤੇ ਭ੍ਰਿਸ਼ਟ ਲੋਕਾਂ ਅੱਗੇ ਨਹੀਂ ਝੁਕਾਂਗਾ। ਮੇਰੇ ਖਿਲਾਫ ਦਰਜ ਕੇਸ ਝੂਠੇ ਹਨ। ਤੁਸੀਂ ਜੋ ਕਰਨਾ ਹੈ ਕਰ ਲਵੋ।"

# ਕੇਜਰੀਵਾਲ, ਸਿਸੋਦੀਆ ਤੇ ਯੋਗੇਂਦਰ ਯਾਦਵ ਮਾਨਹਾਨੀ ਮਾਮਲੇ 'ਚੋਂ ਬਰੀ

**ਨਵੀਂ ਦਿੱਲੀ:** ਇਥੋਂ ਦੀ ਇਕ ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਯੋਗੇਂਦਰ ਯਾਦਵ ਨੂੰ ਮਾਣਹਾਨੀ ਦੇ ਮਾਮਲੇ ਵਿਚ ਬਰੀ ਕਰ ਦਿੱਤਾ ਹੈ। ਵਕੀਲ ਸੁਰਿੰਦਰ ਸ਼ਰਮਾ ਨੇ ਤਿੰਨੋਂ ਆਗੂਆਂ ਖਿਲਾਫ ਅਪਰਾਧਿਕ ਮਾਨਹਾਨੀ ਦਾ ਕੇਸ ਦਰਜ ਕੀਤਾ ਸੀ।



ਸ਼ਾਹਦਰਾ ਬਾਰ ਐਸੋਸੀਏਸ਼ਨ ਦੇ ਸਾਬਕਾ ਸਕੱਤਰ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਰਹੇ ਸੁਰਿੰਦਰ ਕੁਮਾਰ ਸ਼ਰਮਾ ਨੇ ਦੋਸ਼ ਲਾਇਆ ਸੀ ਕਿ 'ਆਪ' ਨੇ 2013 'ਚ ਉਨ੍ਹਾਂ ਨਾਲ ਸੰਪਰਕ ਕਰਕੇ ਦਿੱਲੀ ਵਿਧਾਨ ਸਭਾ ਚੋਣਾਂ 'ਚ ਹਿੱਸਾ ਲੈਣ ਲਈ ਕਿਹਾ ਸੀ। ਸ਼ਰਮਾ ਨੇ ਆਪਣੀ ਸ਼ਿਕਾਇਤ 'ਚ ਦੋਸ਼ ਲਗਾਇਆ ਸੀ ਕਿ 'ਆਪ' ਨੇ ਉਨ੍ਹਾਂ ਨੂੰ 2013 'ਚ ਸ਼ਾਹਦਰਾ ਵਿਧਾਨ ਸਭਾ ਸੀਟ ਤੋਂ ਉਮੀਦਵਾਰ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਕੇਜਰੀਵਾਲ ਨੇ 14 ਅਕਤੂਬਰ, 2013 ਨੂੰ ਪ੍ਰਮੁੱਖ ਅਖ਼ਬਾਰਾਂ 'ਚ ਛਪੀ ਰਿਪੋਰਟ 'ਚ ਉਨ੍ਹਾਂ ਖਿਲਾਫ ਅਪਮਾਨਜਨਕ ਅਤੇ ਮਾੜੇ ਸ਼ਬਦਾਂ ਦੀ ਵਰਤੋਂ ਕੀਤੀ ਸੀ। ਉਸ ਮੁਤਾਬਕ ਕੇਜਰੀਵਾਲ ਅਤੇ ਸਿਸੋਦੀਆ ਦੀ ਇਸ ਕਾਰਵਾਈ ਨੇ ਬਾਰ ਐਸੋਸੀਏਸ਼ਨ ਨੂੰ ਵੀ ਸਮਾਜ ਵਿਚ ਉਨ੍ਹਾਂ ਦੇ ਸਨਮਾਨ ਨੂੰ ਠੇਸ ਪਹੁੰਚਾਈ ਸੀ। ਰੋਜ਼ ਐਵੇਨਿਊ ਅਦਾਲਤ ਨੇ ਇਸ ਮਾਮਲੇ 'ਚ ਕੇਜਰੀਵਾਲ ਅਤੇ ਸਿਸੋਦੀਆ ਨੂੰ ਬਰੀ ਕਰ ਦਿੱਤਾ।

# ਪੇਂਡੂ ਖੇਤਰਾਂ ਵਿਚ ਸਰਕਾਰੀ ਬੱਸਾਂ ਦੇ ਪਰਮਿਟ ਹੋਣਗੇ ਬਹਾਲ




**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸੂਬੇ ਦੇ ਪੇਂਡੂ ਖੇਤਰਾਂ ਤੇ ਮੁੱਖ ਮਾਰਗਾਂ ਲਈ ਸਰਕਾਰੀ ਬੱਸਾਂ ਦੇ ਬੰਦ ਪਏ ਪਰਮਿਟ ਜਲਦ ਹੀ ਬਹਾਲ ਕਰਕੇ ਲੋਕਾਂ ਨੂੰ ਸਰਕਾਰੀ ਬੱਸਾਂ ਦੀ ਸਹੂਲਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਰਕਾਰੀ ਬੱਸਾਂ ਦੀ ਥਾਂ ਸੂਬੇ ਅੰਦਰ ਨਿੱਜੀ ਬੱਸਾਂ ਚਲਾਉਣ ਨੂੰ ਹੀ ਅਹਿਮੀਅਤ ਦਿੱਤੀ ਗਈ।

ਕੈਬਨਿਟ ਮੰਤਰੀ ਹਲਕਾ ਅਜਨਾਲਾ ਦੇ ਸਰਹੱਦੀ ਪਿੰਡ ਗਾਲਿਬ ਵਿਚ ਨਿੱਜੀ ਦੌਰੇ 'ਤੇ ਆਏ ਸਨ। ਉਨ੍ਹਾਂ ਦੱਸਿਆ ਸੂਬੇ ਦਾ ਕੋਈ ਵੀ ਰੂਟ ਸਰਕਾਰੀ ਬੱਸਾਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ ਕਿਉਂਕਿ ਪਿਛਲੇ ਸਮੇਂ ਦੌਰਾਨ ਸਰਕਾਰੀ ਬੱਸਾਂ ਦੀ ਘਾਟ ਕਾਰਨ ਆਮ ਲੋਕਾਂ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਵੀ ਸਰਕਾਰੀ ਸੇਵਾ ਤੋਂ ਵਾਂਝੇ ਰਹਿਣਾ ਪਿਆ ਸੀ। ਉਸ ਵੇਲੇ ਪ੍ਰਾਈਵੇਟ ਬੱਸਾਂ ਵਾਲੇ ਮਨਮਰਜ਼ੀਆਂ ਕਰਦੇ ਰਹੇ ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਵੀ ਪ੍ਰਭਾਵਿਤ ਹੋਈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਹ ਕਾਮੇ ਹੀ ਪੱਕੇ ਕੀਤੇ ਜਾਣਗੇ ਜਿਨ੍ਹਾਂ ਦੀ ਚੋਣ ਵਿਭਾਗੀ ਨਿਯਮਾਂ ਤੇ ਮਾਪਦੰਡਾਂ ਅਨੁਸਾਰ ਪੂਰੇ ਪਾਰਦਰਸ਼ੀ ਤਰੀਕੇ ਨਾਲ ਹੋਈ ਹੋਵੇਗੀ। ਟਰਾਂਸਪੋਰਟ ਮੰਤਰੀ ਨੇ ਦਾਅਵਾ ਕਰਦਿਆਂ ਕਿਹਾ ਕਿ ਸੂਬੇ ਦੇ ਲੋਕ 'ਆਪ' ਸਰਕਾਰ ਤੋਂ ਖੁਸ਼ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੀਆਂ ਸਾਰੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਜਾਣਗੀਆਂ।

# ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ: 210 ਤੋਂ ਵੱਧ ਸਰਕਾਰੀ ਅਫਸਰ ਫੜਨ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਦੇ ਸੱਤਾ ਵਿਚ ਆਉਣ ਦੇ ਪੰਜ ਮਹੀਨਿਆਂ ਵਿਚ ਵਿਜੀਲੈਂਸ ਬਿਊਰੋ ਨੇ 25 ਗਜ਼ਟਿਡ ਅਫਸਰਾਂ ਸਮੇਤ 135 ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਲੈਣ ਦੇ ਦੋਸ਼ਾਂ ਵਿਚ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ 'ਆਪ' ਸਰਕਾਰ ਦੇ ਮੰਤਰੀ ਅਤੇ ਪਿਛਲੀ ਸਰਕਾਰ ਦੇ ਮੰਤਰੀ ਸਮੇਤ ਅਧਿਕਾਰੀ ਅਤੇ 50 ਤੋਂ ਵੱਧ ਪੁਲਿਸ ਕਰਮੀ ਸ਼ਾਮਲ ਹਨ।

ਮਾਨ ਸਰਕਾਰ ਨੇ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਬਰਖਾਸਤ ਕਰਨ ਅਤੇ ਗ੍ਰਿਫਤਾਰ ਕਰਨ ਤੋਂ ਲੈ ਕੇ ਸਾਬਕਾ ਕਾਂਗਰਸੀ ਮੰਤਰੀ ਸਾਧੂ ਸਿੰਘ ਧਰਮਸੋਤ, ਆਈ.ਏ.ਐਸ. ਅਧਿਕਾਰੀ ਸੰਜੇ ਪੋਪਲੀ, ਡਾਇਰੈਕਟਰ ਪੈਨਸ਼ਨ ਅਤੇ ਭਾਰਤੀ ਜੰਗਲਾਤ ਅਧਿਕਾਰੀ ਵਿਸ਼ਾਲ ਚੌਹਾਨ ਸਮੇਤ ਕਈ ਹੋਰ ਵੱਡੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਦੋ ਸਰਕਾਰੀ ਅਧਿਕਾਰੀਆਂ ਦੀਆਂ ਸੇਵਾਵਾਂ ਉਨ੍ਹਾਂ ਦੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੇ ਤੁਰਤ ਸਮਾਪਤ ਕਰ ਦਿੱਤੀਆਂ ਹਨ। ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਤੇਜ਼ੀ ਨਾਲ ਕੰਮ ਕਰਦਿਆਂ ਸਿਰਫ ਜੁਲਾਈ ਮਹੀਨੇ ਵਿਚ 8 ਸਰਕਾਰੀ ਮੁਲਾਜ਼ਮਾਂ ਨੂੰ ਪੰਜ ਵੱਖ-ਵੱਖ ਮਾਮਲਿਆਂ ਵਿਚ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਵਿਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਦੇ ਦੋ ਮੁਲਾਜ਼ਮ ਅਤੇ ਲੁਧਿਆਣਾ ਇੰਪਰੂਵਮੈਂਟ ਟਰੱਸਟ ਦੇ ਤਿੰਨ ਮੁਲਾਜ਼ਮ ਸ਼ਾਮਲ ਹਨ। ਵਿਜੀਲੈਂਸ ਬਿਊਰੋ ਨੇ 14 ਅਪਰਾਧਿਕ ਮਾਮਲੇ ਦਰਜ ਕੀਤੇ, ਜਿਨ੍ਹਾਂ ਵਿਚ 20 ਦੋਸ਼ੀਆਂ ਨੂੰ ਨਾਮਜ਼ਦ ਕੀਤਾ ਗਿਆ। ਇਨ੍ਹਾਂ ਅਪਰਾਧਿਕ ਮਾਮਲਿਆਂ ਵਿਚ, ਚਾਰ ਪੁਲਿਸ ਮੁਲਾਜ਼ਮਾਂ, ਦੋ ਮਾਲ (ਰੈਵਨਿਊ) ਅਧਿਕਾਰੀਆਂ ਅਤੇ ਲੁਧਿਆਣਾ ਇੰਪਰੂਵਮੈਂਟ ਟਰੱਸਟ ਲੁਧਿਆਣਾ ਦੇ ਸਾਬਕਾ ਚੇਅਰਮੈਨ ਰਮਨ ਬਾਲਾ ਸੁਬਰਾਮਨੀਅਮ ਸਮੇਤ ਛੇ ਕਰਮਚਾਰੀਆਂ ਵਿਰੁੱਧ ਵਿਜੀਲੈਂਸ ਬਿਊਰੋ ਨੇ ਅਗਲੇਰੀ ਜਾਂਚ ਲਈ ਕੇਸ ਦਰਜ ਕੀਤਾ ਹੈ। ਇਸ ਸਾਲ 23 ਮਾਰਚ ਨੂੰ ਜਾਰੀ ਕੀਤੀ ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਆਈਆਂ ਸ਼ਿਕਾਇਤਾਂ ਦੀ ਪੜਤਾਲ ਅਤੇ ਪੁਸ਼ਟੀ ਕਰਨ ਉਤੇ 61 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 40 ਐਫ.ਆਈ.ਆਰ. ਦਰਜ ਕੀਤੀਆਂ ਗਈਆਂ।



# ਘੱਗਰ ਵਿਚ ਹੜ੍ਹ ਰੋਕਣ ਸਬੰਧੀ ਸਿਫਾਰਸ਼ਾਂ ਲਾਗੂ ਕਰਨ ਦੇ ਹੁਕਮ

**ਨਵੀਂ ਦਿੱਲੀ:** ਘੱਗਰ ਦਰਿਆ 'ਚ ਹੜ੍ਹ ਦੀ ਸਮੱਸਿਆ ਸੁਲਝਾਉਣ ਲਈ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਕੇਂਦਰੀ ਜਲ ਤੇ ਊਰਜਾ ਖੋਜ ਸਟੇਸ਼ਨ, ਪੁਣੇ (ਸੀ. ਡਬਲਿਊ. ਪੀ. ਆਰ. ਐਸ.) ਦੀਆਂ ਸਿਫਾਰਸ਼ਾਂ ਲਾਗੂ ਕਰਨ।

ਦੋਵੇਂ ਸੂਬਿਆਂ ਦੇ ਤਕਰੀਬਨ 25 ਪਿੰਡਾਂ ਦੇ ਕਿਸਾਨ ਘੱਗਰ ਦਰਿਆ 'ਚ ਆਉਂਦੇ ਹੜ੍ਹ ਕਾਰਨ ਪ੍ਰਭਾਵਿਤ ਹੁੰਦੇ ਹਨ। ਜਸਟਿਸ ਐਮ.ਆਰ. ਸ਼ਾਹ ਦੀ ਅਗਵਾਈ ਹੇਠਲੇ ਬੈਂਚ ਨੇ ਹੁਕਮਾਂ 'ਚ ਕਿਹਾ ਕਿ ਸਬੰਧਤ ਸੂਬਾ ਸਰਕਾਰਾਂ ਨੂੰ ਸਮਾਂਬੱਧ ਢੰਗ ਨਾਲ ਪੁਣੇ ਸਟੇਸ਼ਨ ਦੀ



ਅਧਿਐਨ ਰਿਪੋਰਟ ਮੁਤਾਬਕ ਸਿਫਾਰਸ਼ਾਂ ਨੂੰ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਘੱਗਰ ਦਰਿਆ 'ਚ ਆਉਂਦੇ ਹੜ੍ਹ ਦੀ ਸਮੱਸਿਆ ਨਾਲ ਨਜਿੱਠਿਆ ਜਾ ਸਕੇ।" ਬੈਂਚ ਨੇ ਇਸ ਦਾ ਨੋਟਿਸ ਲਿਆ ਕਿ ਸੀ.ਡਬਲਿਊ.ਪੀ.ਆਰ.ਐਸ. ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਮੈਥੇਮੈਟੀਕਲ ਮਾਡਲ ਸਟੱਡੀ ਦੇ ਰੂਪ 'ਚ ਪੰਜਾਬ ਅਤੇ ਹਰਿਆਣਾ ਨੂੰ ਭੇਜੀਆਂ ਜਾ ਚੁੱਕੀਆਂ ਹਨ ਅਤੇ ਇਸ 'ਤੇ ਘੱਗਰ ਸਟੈਂਡਿੰਗ ਕਮੇਟੀ ਨੇ ਵਿਚਾਰ ਵੀ ਕੀਤਾ ਹੈ।

ਕਮੇਟੀ ਨੇ ਪਿਛਲੇ ਸਾਲ 12 ਅਕਤੂਬਰ ਨੂੰ ਆਪਣੀ 32ਵੀਂ ਮੀਟਿੰਗ ਦੌਰਾਨ ਰਿਪੋਰਟ 'ਤੇ ਵਿਚਾਰ ਵਟਾਂਦਰਾ ਕੀਤਾ ਸੀ ਜਿਸ 'ਚ ਸਿਫਾਰਸ਼ ਕੀਤੀ ਗਈ ਹੈ ਕਿ ਕੁਝ ਥਾਵਾਂ 'ਤੇ ਦਰਿਆ ਨੂੰ 60 ਤੋਂ 90 ਮੀਟਰ ਤੱਕ ਚੌੜਾ ਕੀਤਾ ਜਾਵੇ ਅਤੇ ਦੋਵੇਂ ਕੰਢਿਆਂ 'ਤੇ ਰੋਕਾਂ ਬਣਾ ਕੇ ਪਾਣੀ ਦਾ ਪੱਧਰ 2 ਮੀਟਰ ਤੱਕ ਰੱਖਿਆ ਜਾਵੇ। ਸਿਖਰਲੀ ਅਦਾਲਤ ਨੇ ਸਬੰਧਤ ਧਿਰਾਂ ਨੂੰ ਕਿਹਾ ਕਿ ਉਹ ਹਰ ਚਾਰ ਹਫਤਿਆਂ ਬਾਅਦ ਮੀਟਿੰਗਾਂ ਕਰਕੇ ਸਿਫਾਰਸ਼ਾਂ 'ਤੇ ਅਮਲ ਬਾਰੇ ਵਿਚਾਰ ਵਟਾਂਦਰਾ ਕਰਨ।

ਬੈਂਚ ਨੇ ਕਿਹਾ ਕਿ ਘੱਗਰ ਸਟੈਂਡਿੰਗ ਕਮੇਟੀ ਹਰ ਤਿੰਨ ਮਹੀਨੇ ਬਾਅਦ ਰਿਪੋਰਟ ਕੇਂਦਰੀ ਜਲ ਕਮਿਸ਼ਨ ਨੂੰ ਭੇਜੇਗੀ ਜੋ ਅੱਗੇ ਅਦਾਲਤ ਨੂੰ ਰਿਪੋਰਟ ਸੌਂਪੇਗਾ। ਬੈਂਚ ਨੇ ਕੇਸ ਦੀ ਸੁਣਵਾਈ 19 ਨਵੰਬਰ ਲਈ ਨਿਰਧਾਰਤ ਕਰ ਦਿੱਤੀ।

## ਕਬੱਡੀ ਖਿਡਾਰੀ 'ਤੇ ਹਮਲਾ

**ਪਟਿਆਲਾ:** ਹਲਕਾ ਸਨੌਰ ਤੇ ਥਾਣਾ ਸਦਰ ਪਟਿਆਲਾ ਅਧੀਨ ਪੈਂਦੇ ਪਿੰਡ ਨੈਣਕਲਾਂ ਵਿਚ ਸ਼ਹੀਦ ਭਗਤ ਸਿੰਘ ਕਲੱਬ ਨੈਣਕਲਾਂ ਵੱਲੋਂ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿਚ ਹਿੱਸਾ ਲੈਣ ਮਗਰੋਂ ਘਰ ਪਰਤ ਰਹੇ ਮਰਦਾਨ ਸਿੰਘ ਨਾਂ ਦੇ ਇਕ ਕਬੱਡੀ ਖਿਡਾਰੀ 'ਤੇ ਕਿਸੇ ਅਣਪਛਾਤੇ ਨੇ ਹਮਲਾ ਕਰ ਦਿੱਤਾ।

ਪਿੰਡ ਦੇਧਣਾ ਨਾਲ ਸਬੰਧਤ ਕਬੱਡੀ ਖਿਡਾਰੀ ਨੂੰ ਜ਼ਖਮੀ ਹਾਲਤ ਵਿਚ ਪਟਿਆਲਾ ਦੇ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਟੂਰਨਾਮੈਂਟ ਖਤਮ ਹੋਣ ਮਗਰੋਂ ਜਦੋਂ ਕਬੱਡੀ ਖਿਡਾਰੀ ਆਪਣੇ ਸਾਥੀਆਂ ਦੇ ਨਾਲ ਗਰਾਊਂਡ ਵਿਚੋਂ ਬਾਹਰ ਆ ਰਿਹਾ ਸੀ ਤਾਂ ਕਿਸੇ ਨੇ ਨੁਕੀਲੀ ਚੀਜ਼ ਮਾਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ। ਕੁਝ ਸਮੇਂ ਬਾਅਦ ਖੂਨ ਨਿਕਲਣ ਮਗਰੋਂ ਉਸ ਨੂੰ ਹਮਲੇ ਬਾਰੇ ਪਤਾ ਲੱਗਿਆ। ਖਿਡਾਰੀ ਨੂੰ ਤੁਰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਥਾਣਾ ਸਦਰ ਪਟਿਆਲਾ ਦੀ ਪੁਲਿਸ ਟੀਮ ਨੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ ਕਰ ਲਿਆ ਹੈ।

ਡੀ.ਐਸ.ਪੀ. ਰੂਰਲ ਗੁਰਦੇਵ ਸਿੰਘ ਧਾਲੀਵਾਲ ਨੇ ਪੁਲਿਸ ਟੀਮ ਦੀ ਖਿਡਾਰੀ ਨਾਲ ਹੋਈ ਗੱਲਬਾਤ ਦੇ ਹਵਾਲੇ ਨਾਲ ਦੱਸਿਆ ਕਿ ਮਰਦਾਨ ਸਿੰਘ ਜ਼ਖ਼ਮੀ ਹੋਇਆ ਪਰ ਇਹ ਸਪੱਸ਼ਟ ਹੈ ਕਿ ਉਸ ਦੇ ਚਾਕੂ ਨਹੀਂ, ਬਲਕਿ ਕੋਈ ਹੋਰ ਨੁਕੀਲੀ ਚੀਜ਼ ਵੱਜੀ ਹੈ ਜਿਸ ਬਾਰੇ ਉਸ ਨੂੰ ਵੀ ਖੂਨ ਨਿਕਲਣ 'ਤੇ ਪਤਾ ਲੱਗਿਆ। ਹਾਲਾਂਕਿ ਮਰਦਾਨ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ ਜਾਂ ਰੰਜਿਸ਼ ਨਹੀਂ ਹੈ।

# ਲਾਅ ਅਫਸਰਾਂ ਦੀ ਨਿਯੁਕਤੀ 'ਚ ਰਾਖਵਾਂਕਰਨ ਲਾਗੂ ਕੀਤਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲਾਅ ਅਫਸਰਾਂ ਦੀ ਨਿਯੁਕਤੀ 'ਚ ਰਾਖਵਾਂਕਰਨ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਐਡਵੋਕੇਟ ਜਨਰਲ ਦਫਤਰ ਵਾਲੀਆਂ ਪੋਸਟਾਂ ਤੋਂ ਇਲਾਵਾ 58 ਪੋਸਟਾਂ ਅਨੁਸੂਚਿਤ ਜਾਤੀਆਂ ਲਈ ਰੱਖੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇਸ਼ ਦਾ ਅਜਿਹਾ ਪਹਿਲਾ ਸੂਬਾ ਹੈ, ਜਿੱਥੇ ਲਾਅ ਅਫਸਰਾਂ ਦੀ ਨਿਯੁਕਤੀ ਵਿਚ ਰਾਖਵਾਂਕਰਨ ਲਾਗੂ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਹੁਣ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਕੇਸ ਲੜਨ ਅਤੇ ਅਦਾਲਤਾਂ ਵਿਚ ਪੰਜਾਬ ਦੀ ਨੁਮਾਇੰਦਗੀ ਕਰਨ ਲਈ ਅਨੁਸੂਚਿਤ ਜਾਤੀ ਦੇ ਯੋਗ ਉਮੀਦਵਾਰਾਂ ਤੋਂ ਬਿਨੈ ਪੱਤਰ ਮੰਗੇ ਜਾ ਰਹੇ ਹਨ। ਵੇਰਵਿਆਂ ਮੁਤਾਬਕ ਸੂਬਾ ਸਰਕਾਰ ਨੇ ਵਧੀਕ ਐਡਵੋਕੇਟ ਜਨਰਲ ਦੀਆਂ 12 ਅਸਾਮੀਆਂ (10 ਚੰਡੀਗੜ੍ਹ ਅਤੇ ਦੋ ਦਿੱਲੀ), ਚੰਡੀਗੜ੍ਹ ਵਿਚ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਦੀਆਂ ਪੰਜ ਅਸਾਮੀਆਂ, ਡਿਪਟੀ ਐਡਵੋਕੇਟ ਜਨਰਲ ਦੀਆਂ 16 ਅਸਾਮੀਆਂ (14 ਚੰਡੀਗੜ੍ਹ ਤੇ 2 ਦਿੱਲੀ), ਸਹਾਇਕ ਐਡਵੋਕੇਟ ਜਨਰਲ ਦੀਆਂ 23 ਅਸਾਮੀਆਂ (22 ਚੰਡੀਗੜ੍ਹ ਅਤੇ 1 ਦਿੱਲੀ) ਤੇ ਦਿੱਲੀ ਵਿਚ ਐਡਵੋਕੇਟ ਦੀਆਂ ਆਨ ਰਿਕਾਰਡ 2 ਅਸਾਮੀਆਂ ਲਈ ਅਰਜ਼ੀਆਂ ਮੰਗੀਆਂ ਹਨ। ਇਸ ਲਈ ਯੋਗ ਉਮੀਦਵਾਰ 13 ਸਤੰਬਰ 2022 ਤੱਕ ਬਿਨੈ ਕਰ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਨੌਜਵਾਨਾਂ ਨੂੰ ਹਰ ਖੇਤਰ ਵਿਚ ਬਰਾਬਰ ਮੌਕੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਲੋੜੀਂਦੀ ਕਾਬਲੀਅਤ ਅਤੇ ਸਮਰੱਥਾ ਹੋਣ ਦੇ ਬਾਵਜੂਦ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਵੱਖ-ਵੱਖ ਕਾਰਨਾਂ ਕਰ ਕੇ ਲਾਅ ਅਫਸਰਾਂ ਵਰਗੇ ਅਹੁਦਿਆਂ 'ਤੇ ਪਹੁੰਚਣ ਦਾ ਮੌਕਾ ਨਹੀਂ ਮਿਲਿਆ। ਪਰ ਹੁਣ ਸਰਕਾਰ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਬਰਾਬਰ ਮੌਕੇ ਮੁਹੱਈਆ ਕਰਾਏਗੀ।

ਇਸੇ ਦੌਰਾਨ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਯੂ-ਟਰਨ ਲੈਂਦਿਆਂ ਲਾਅ ਅਫਸਰਾਂ ਦੀਆਂ ਅਸਾਮੀਆਂ ਵਿਚ ਰਾਖਵਾਂਕਰਨ ਨੀਤੀ ਤਹਿਤ ਅਨੁਸੂਚਿਤ ਜਾਤੀਆਂ ਲਈ ਸੀਟਾਂ ਰੱਖਣ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਨੇ ਇਹ ਫੈਸਲਾ ਬਸਪਾ ਪੰਜਾਬ ਵੱਲੋਂ ਸ਼ੁਰੂ ਕੀਤੇ ਲੋਕ ਲਾਮਬੰਦੀ ਦੇ ਅੰਦੋਲਨ ਤੋਂ ਘਬਰਾ ਕੇ ਲਿਆ ਹੈ ਜਿਸ ਦਾ ਬਹੁਜਨ ਸਮਾਜ ਪਾਰਟੀ ਸਵਾਗਤ ਕਰਦੀ ਹੈ। ਸ੍ਰੀ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਅਧੂਰਾ ਤੇ ਕਾਹਲੀ ਵਿਚ ਫੈਸਲਾ ਲਿਆ ਹੈ।

# ਵਿਦੇਸ਼ਾਂ 'ਚ ਚੋਰੀ ਛਿਪੇ ਪੀ.ਆਰ. ਲੈਣ ਵਾਲੇ ਅਫਸਰਾਂ ਦੀ ਸ਼ਾਮਤ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਨੇ ਵਿਦੇਸ਼ 'ਚ ਪੱਕੀ ਰਿਹਾਇਸ਼ ਕਰਨ ਲਈ ਚੁੱਪ-ਚੁਪੀਤੇ ਪੀ.ਆਰ. ਲੈਣ ਵਾਲੇ ਅਫਸਰਾਂ ਤੇ ਮੁਲਾਜ਼ਮਾਂ ਦੀ ਪੈੜ ਨੱਪਣ ਦੀ ਤਿਆਰੀ ਕਰ ਲਈ ਹੈ। ਪੰਜਾਬ ਦੇ ਕਿੰਨੇ ਅਧਿਕਾਰੀ ਅਤੇ ਮੁਲਾਜ਼ਮ 'ਗਰੀਨ ਕਾਰਡ ਹੋਲਡਰ' ਹਨ, ਵਿਜੀਲੈਂਸ ਇਸ ਦੀ ਸ਼ਨਾਖ਼ਤ ਕਰੇਗੀ। ਪੰਜਾਬ ਸਰਕਾਰ ਵੱਲੋਂ ਖੁਰਾਕ ਤੇ ਸਪਲਾਈ ਮਹਿਕਮੇ ਦੇ ਡਿਪਟੀ ਡਾਇਰੈਕਟਰ ਰਾਕੇਸ਼ ਸਿੰਗਲਾ ਨੂੰ ਬਰਖਾਸਤ ਕੀਤਾ ਗਿਆ ਹੈ, ਜਿਸ ਨੇ ਸਾਲ 2006 'ਚ ਚੋਰੀ ਛਿਪੇ ਕੈਨੇਡਾ ਦੀ ਪੀ.ਆਰ. ਲੈ ਰੱਖੀ ਸੀ।

ਇਸ ਕਾਰਵਾਈ ਮਗਰੋਂ ਵਿਜੀਲੈਂਸ ਨੇ ਪੀ.ਆਰ. ਲੈਣ ਵਾਲਿਆਂ ਦਾ ਭੇਤ ਕੱਢਣ ਦੀ ਵਿਉਂਤ ਬਣਾਈ ਹੈ। ਵਿਜੀਲੈਂਸ ਬਿਊਰੋ ਨੇ ਇਸ ਗੱਲ ਦਾ ਨੋਟਿਸ ਲਿਆ ਹੈ ਕਿ ਬਹੁਤੇ ਅਧਿਕਾਰੀ ਪਹਿਲਾਂ ਗਲਤ ਢੰਗ ਤਰੀਕਿਆਂ ਨਾਲ ਪੈਸਾ ਇਕੱਠਾ ਕਰਦੇ ਹਨ ਅਤੇ ਮਗਰੋਂ ਭੇਤ ਖੁੱਲ੍ਹਣ ਤੋਂ ਪਹਿਲਾਂ ਹੀ ਵਿਦੇਸ਼ ਉਡਾਰੀ ਮਾਰ ਜਾਂਦੇ ਹਨ। ਪਹਿਲਾਂ ਵੀ ਇਹ ਮਾਮਲਾ ਉਭਰਿਆ ਸੀ ਅਤੇ ਉਦੋਂ ਵਿਜੀਲੈਂਸ ਨੇ ਗਰੀਨ ਕਾਰਡ ਹੋਲਡਰ ਅਫਸਰਾਂ ਦੀ ਸ਼ਨਾਖ਼ਤ ਕੀਤੀ ਸੀ। ਹੁਣ ਲੰਘੇ ਦਿਨੀਂ ਪਨਸਪ ਨੇ ਪਟਿਆਲਾ ਦੇ ਜਿਸ ਇੰਸਪੈਕਟਰ ਗੁਰਿੰਦਰ ਸਿੰਘ 'ਤੇ ਅਨਾਜ ਨੂੰ ਖੁਰਦ-ਬੁਰਦ ਕਰਨ ਦਾ ਮੁਕੱਦਮਾ ਦਰਜ ਕਰਾਇਆ ਹੈ, ਉਹ ਵਿਦੇਸ਼ ਫਰਾਰ ਹੋ ਗਿਆ ਹੈ। ਸੂਤਰ ਦੱਸਦੇ ਹਨ ਕਿ ਇਹ ਫੂਡ ਇੰਸਪੈਕਟਰ ਸਭ ਕੁਝ ਵੇਚ ਕੇ ਵਿਦੇਸ਼ ਉਡਾਰੀ ਮਾਰ ਗਿਆ ਹੈ। ਦੱਸਦੇ ਹਨ ਕਿ ਪੰਜਾਬ ਵਿਚ ਕਈ ਚੌਲ ਮਿੱਲਾਂ ਵਾਲੇ ਵੀ ਅਜਿਹੇ ਹਨ ਜਿਨ੍ਹਾਂ ਨੇ ਪਹਿਲਾਂ ਗਬਨ ਕੀਤਾ ਅਤੇ ਪਿੱਛੋਂ ਵਿਦੇਸ਼ ਚਲੇ ਗਏ।

ਪੰਜਾਬ ਸਿਵਲ ਸਰਵਿਸ ਰੂਲਜ਼ 1970 ਅਤੇ ਕੇਂਦਰੀ ਨਿਯਮਾਂ ਅਨੁਸਾਰ ਸਰਕਾਰੀ ਨੌਕਰੀ 'ਤੇ ਤਾਇਨਾਤੀ ਦੌਰਾਨ ਕੋਈ ਵੀ ਮੁਲਾਜ਼ਮ ਜਾਂ



ਅਧਿਕਾਰੀ ਕਿਸੇ ਹੋਰ ਮੁਲਕ ਦੀ ਪੀ.ਆਰ. ਹਾਸਲ ਨਹੀਂ ਕਰ ਸਕਦਾ ਹੈ। ਕੇਂਦਰ ਸਰਕਾਰ ਨੇ 2006 ਵਿਚ ਪੀ.ਆਰ. ਲੈਣ ਵਾਸਤੇ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਨਾ ਜਾਰੀ ਕੀਤੇ ਜਾਣ ਦੀ ਹਦਾਇਤ ਵੀ ਕੀਤੀ ਸੀ। ਪਿੱਛੇ ਝਾਤ ਮਾਰੀਏ ਤਾਂ ਵਰ੍ਹਾ 2002 ਵਿਚ ਪੰਜਾਬ ਸਰਕਾਰ ਨੇ ਵਿਦੇਸ਼ ਵਿਚ ਰੁਜ਼ਗਾਰ ਲਈ ਪੰਜ ਸਾਲ ਲਈ ਅਨਪੇਡ ਲੀਵ (ਬਿਨਾਂ ਅਦਾਇਗੀ ਛੁੱਟੀ) ਲੈਣ ਦੀ ਸੁਵਿਧਾ ਸਰਕਾਰੀ ਮੁਲਾਜ਼ਮਾਂ ਅਤੇ ਅਫਸਰਾਂ ਨੂੰ ਦਿੱਤੀ ਸੀ।

ਉਸ ਮਗਰੋਂ ਵੱਡੀ ਪੱਧਰ 'ਤੇ ਖੇਤੀ ਵਿਭਾਗ ਅਤੇ ਪਸ਼ੂ ਪਾਲਣ ਮਹਿਕਮੇ ਦੇ ਅਧਿਕਾਰੀ ਵਿਦੇਸ਼ ਚਲੇ ਗਏ ਸਨ। ਬਹੁਤੇ ਤਾਂ ਪੰਜ ਸਾਲ ਦਾ ਸਮਾਂ ਖਤਮ ਹੋਣ ਮਗਰੋਂ ਵੀ ਵਾਪਸ ਨਹੀਂ ਪਰਤੇ। ਸਿੱਖਿਆ ਮਹਿਕਮੇ ਨੇ ਹੁਣ ਸਖਤੀ ਦਿਖਾਉਣੀ ਸ਼ੁਰੂ ਕੀਤੀ ਹੈ ਕਿ ਐਕਸ ਇੰਡੀਆ ਲੀਵ ਸਿਰਫ ਉਸ ਨੂੰ ਹੀ ਦਿੱਤੀ ਜਾਂਦੀ ਹੈ, ਜਿਸ ਕੋਲ ਵਿਜ਼ਟਰ ਵੀਜ਼ਾ ਹੁੰਦਾ ਹੈ। ਪੰਜਾਬ ਦੇ ਕਈ ਸਿਆਸਤਦਾਨ ਵੀ ਵਿਦੇਸ਼ ਵਿਚ ਬੈਠੇ ਹਨ।

ਵਿਜੀਲੈਂਸ ਨੇ 15 ਮਈ, 2015 ਨੂੰ ਪੰਜਾਬ ਸਰਕਾਰ ਨੂੰ ਰਿਪੋਰਟ ਪੇਸ਼ ਕੀਤੀ ਸੀ, ਜਿਸ ਅਨੁਸਾਰ ਸੂਬੇ ਦੇ 130 ਗਜ਼ਟਿਡ ਅਤੇ ਨਾਨ-ਗਜ਼ਟਿਡ ਅਧਿਕਾਰੀਆਂ ਕੋਲ ਪੀ.ਆਰ. ਹੈ ਜਾਂ ਉਹ ਗਰੀਨ ਕਾਰਡ ਹੋਲਡਰ ਹਨ। ਵਿਜੀਲੈਂਸ ਰਿਪੋਰਟ ਵਿਚ ਇਕ ਤਤਕਾਲੀ ਆਈ.ਏ.ਐਸ. ਅਧਿਕਾਰੀ ਅਤੇ ਦੋ ਪੀ.ਸੀ.ਐਸ. ਅਧਿਕਾਰੀ ਵੀ ਸ਼ਾਮਲ ਸਨ। ਇਸੇ ਤਰ੍ਹਾਂ 170 ਦੇ ਕਰੀਬ ਸਰਕਾਰੀ ਮੁਲਾਜ਼ਮ ਸਨ, ਜਿਨ੍ਹਾਂ ਕੋਲ ਪੀ.ਆਰ. ਸੀ। ਵਿਜੀਲੈਂਸ ਨੇ ਉਦੋਂ ਕਰੀਬ 800 ਮੁਲਾਜ਼ਮ ਤੇ ਅਧਿਕਾਰੀ ਸ਼ਨਾਖ਼ਤ ਕੀਤੇ ਸਨ।

# ਅਦਾਲਤ ਵੱਲੋਂ ਬਹਿਬਲ ਕਾਂਡ ਦੀ ਸੁਣਵਾਈ ਅੱਗੇ ਤੋਰਨ ਤੋਂ ਨਾਂਹ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਦੀ ਸੁਣਵਾਈ ਕਰ ਰਹੀ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਜਿੰਨਾ ਚਿਰ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਮੁਕੰਮਲ ਹੋ ਕੇ ਚਲਾਨ ਅਦਾਲਤ ਵਿਚ ਪੇਸ਼ ਨਹੀਂ ਹੁੰਦਾ, ਉਨ੍ਹਾ ਚਿਰ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਵੀ ਅੱਗੇ ਨਹੀਂ ਤੁਰੇਗੀ।

ਦੱਸਣਯੋਗ ਹੈ ਕਿ ਬਹਿਬਲ ਗੋਲੀ ਕਾਂਡ ਦੇ ਮੁਲਜ਼ਮਾਂ ਨੇ ਚਾਰਜਸ਼ੀਟ ਰੱਦ ਕਰਵਾਉਣ ਲਈ ਹਾਈਕੋਰਟ ਵਿਚ ਰਿੱਟ ਦਾਇਰ ਕੀਤੀ ਸੀ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਸ ਰਿੱਟ ਦਾ ਨਿਪਟਾਰਾ ਕਰਦਿਆਂ ਮੁਲਜ਼ਮਾਂ ਨੂੰ ਫਰੀਦਕੋਟ ਅਦਾਲਤ ਵਿਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਕਿਹਾ ਸੀ ਅਤੇ ਇਸ ਦੇ ਨਾਲ ਹੀ ਫਰੀਦਕੋਟ ਦੀ ਅਦਾਲਤ ਨੇ ਆਦੇਸ਼ ਦਿੱਤੇ ਸਨ ਕਿ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਇਕੋ ਦਿਨ ਕੀਤੀ ਜਾਵੇ ਪਰ ਕੋਟਕਪੂਰਾ ਗੋਲੀ ਕਾਂਡ ਵਿਚ ਅਜੇ ਤੱਕ ਚਲਾਨ ਅਦਾਲਤ ਵਿਚ ਪੇਸ਼ ਵੀ



ਨਹੀਂ ਹੋ ਸਕਿਆ। ਪਿਛਲੀ ਤਰੀਕ ਉਤੇ ਅਦਾਲਤ ਨੇ ਜਾਂਚ ਟੀਮ ਨੂੰ ਕੋਟਕਪੂਰਾ ਗੋਲੀ ਕਾਂਡ ਵਿਚ ਸਟੇਟਸ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ। ਜਾਂਚ ਟੀਮ ਨੇ ਸਟੇਟਸ ਰਿਪੋਰਟ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ। ਜਾਂਚ ਟੀਮ ਨੇ ਕਿਹਾ ਹੈ ਕਿ ਅਜੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਮੁਕੰਮਲ ਹੋਣ ਵਿਚ ਕੁਝ ਮਹੀਨੇ ਲੱਗ ਸਕਦੇ ਹਨ। ਪੰਜਾਬ ਸਰਕਾਰ ਨੇ ਅਦਾਲਤ ਨੂੰ ਕਿਹਾ ਸੀ ਕਿ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਕੀਤੀ ਜਾਵੇ ਪਰ ਅਦਾਲਤ ਨੇ ਇਸ ਮਾਮਲੇ 'ਤੇ ਸੁਣਵਾਈ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਸੁਣਵਾਈ ਦੌਰਾਨ ਡੀ.ਜੀ.ਪੀ. ਸੁਮੇਧ ਸੈਣੀ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ ਜਦੋਂਕਿ ਬਾਕੀ ਸਾਰੇ ਮੁਲਜ਼ਮ ਅਦਾਲਤ ਵਿਚ ਹਾਜ਼ਰ ਸਨ।

ਇਸੇ ਦੌਰਾਨ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਫੋਰੈਂਸਿਕ ਮਾਹਿਰਾਂ ਦੀ ਟੀਮ ਨਾਲ ਕੋਟਕਪੂਰਾ ਗੋਲੀ ਕਾਂਡ ਵਾਲੀ ਥਾਂ ਦਾ ਦੌਰਾ ਕੀਤਾ। ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਉਤੇ ਨਵੀਂ ਜਾਂਚ ਟੀਮ ਗਠਿਤ ਕੀਤੀ ਗਈ ਸੀ ਜਿਸ ਦੀ ਅਗਵਾਈ ਐਲ.ਕੇ. ਯਾਦਵ ਕਰ ਰਹੇ ਹਨ। ਅਦਾਲਤ ਦੇ ਹੁਕਮ ਤੋਂ 15 ਮਹੀਨੇ ਬਾਅਦ ਵੀ ਕੋਟਕਪੂਰਾ ਕਾਂਡ ਦੀ ਜਾਂਚ ਮੁਕੰਮਲ ਨਹੀਂ ਹੋ ਸਕੀ।

## ਨਨਕਾਣਾ ਸਾਹਿਬ 'ਚ ਗ੍ਰੰਥੀ ਨੂੰ ਲੁੱਟਣ ਦੀ ਘਟਨਾ ਦੀ ਨਿਖੇਧੀ

**ਅੰਮ੍ਰਿਤਸਰ:** ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ) ਵਿਚ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਗਿਆਨੀ ਦਇਆ ਸਿੰਘ ਨੂੰ ਬੰਦੀ ਬਣਾ ਕੇ ਲੁੱਟਣ ਦੀ ਵਾਪਰੀ ਘਟਨਾ ਦੀ ਸ਼੍ਰੋਮਣੀ ਕਮੇਟੀ ਨੇ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪਾਕਿਸਤਾਨ ਵਿਚ ਘੱਟ ਗਿਣਤੀ ਭਾਈਚਾਰੇ ਨਾਲ ਵਾਪਰਨ ਵਾਲੀਆਂ ਧੱਕੇਸ਼ਾਹੀ ਦੀਆਂ ਘਟਨਾਵਾਂ ਕਾਰਨ ਉਥੇ ਵੱਸ ਰਹੇ ਸਿੱਖ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈ ਦਇਆ ਸਿੰਘ ਆਪਣੇ ਸਾਥੀ ਨਾਲ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਸੱਚਾ ਸੌਦਾ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਬੰਦੂਕ ਦੇ ਜੋਰ 'ਤੇ ਬੰਦੀ ਬਣਾ ਕੇ ਲੁੱਟ ਲਿਆ ਗਿਆ। ਉਨ੍ਹਾਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਉਥੇ ਵਸਣ ਵਾਲੇ ਘੱਟ ਗਿਣਤੀਆਂ ਨੂੰ ਹੌਸਲਾ ਮਿਲੇ।

# ਸਿੱਖ ਯੋਧਿਆਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ: ਧਾਮੀ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਥਾਨਕ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਗਿਆਨੀ ਦਿੱਤ ਸਿੰਘ ਆਡੀਟੋਰੀਅਮ ਵਿਚ ਮੋਰਚਾ ਗੁਰੂ ਕਾ ਬਾਗ ਤੇ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੇ ਸੌ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਹਿਲੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹਾਂ ਮਹਾਨ ਦਿਹਾੜਿਆਂ 'ਤੇ ਵੱਖ-ਵੱਖ ਥਾਵਾਂ 'ਤੇ ਸੱਤ ਸੈਮੀਨਾਰ ਕਰਵਾਏ ਜਾ ਰਹੇ ਹਨ ਤਾਂ ਜੋ ਆਉਣ ਵਾਲੀ ਪੀੜ੍ਹੀ ਆਪਣੇ ਮਹਾਨ ਵਿਰਸੇ ਤੋਂ ਜਾਣੂ ਹੋ ਸਕੇ।

ਉਨ੍ਹਾਂ ਸਾਕਿਆਂ ਦੇ ਮਹਾਨ ਯੋਧਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਿੱਖ ਕੌਮ ਨੇ ਹਮੇਸ਼ਾ ਗ਼ਰੀਬਾਂ ਦੀ ਰਾਖੀ ਤੇ ਜ਼ੁਲਮ ਦਾ ਟਾਕਰਾ ਕੀਤਾ ਹੈ। ਇਸ ਲਈ ਸਾਨੂੰ ਆਪਣੇ ਪੁਰਖਿਆਂ 'ਤੇ ਮਾਣ ਕਰਦੇ ਹੋਏ ਉਨ੍ਹਾਂ ਦੇ ਦਰਸਾਏ ਮਾਰਗ



'ਤੇ ਚੱਲਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਧੰਨਵਾਦੀ ਭਾਸ਼ਣ ਦਿੱਤਾ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਨਿਭਾਈ।

## ਗੁਰੂ ਨਾਨਕ ਦੇ ਨਾਂ 'ਤੇ ਕੈਸੀਨੋ ਚਲਾਉਣ ਵਾਲਿਆਂ ਖਿਲਾਫ ਸ਼ਿਕਾਇਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਦਿੰਦਿਆਂ ਗੁਰੂ ਨਾਨਕ ਦੇਵ ਦੇ ਨਾਂ 'ਤੇ ਆਨਲਾਈਨ ਕੈਸੀਨੋ ਚਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਵੀਡੀਓ ਰਾਹੀਂ ਪਤਾ ਲੱਗਿਆ ਸੀ ਕਿ ਕੁਝ ਵਿਅਕਤੀ ਗੁਰੂ ਨਾਨਕ ਦੇਵ ਦੇ ਨਾਂ 'ਤੇ ਆਨਲਾਈਨ ਕੈਸੀਨੋ ਚਲਾ ਰਹੇ ਹਨ। ਇਸ ਕੰਮ ਲਈ ਗੁਰੂ ਨਾਨਕ ਦੇਵ ਦੀ ਤਸਵੀਰ ਤੇ ਸਿੱਖ ਧਾਰਮਿਕ ਚਿੰਨ੍ਹ ਦੀ ਵੀ ਵਰਤੋਂ ਵੀ ਕੀਤੀ ਗਈ ਹੈ। ਇਸ 'ਤੇ ਇਤਰਾਜ਼ ਜਤਾਉਂਦਿਆਂ ਸ਼੍ਰੋਮਣੀ ਕਮੇਟੀ ਨੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਦੇ ਕੇ ਕਾਰਵਾਈ ਦੀ ਮੰਗ ਕੀਤੀ ਹੈ। ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਵਿਰੋਧ ਮਗਰੋਂ ਕੈਸੀਨੋ ਦੇ ਪ੍ਰਬੰਧਕਾਂ ਨੇ ਸੋਸ਼ਲ ਮੀਡੀਆ ਤੋਂ ਵੀਡੀਓ ਹਟਾ ਦਿੱਤੀਆਂ ਹਨ ਤੇ ਕੈਸੀਨੋ ਦਾ ਨਾਂ ਵੀ ਬਦਲ ਦਿੱਤਾ ਹੈ।

# ਕਿਰਪਾਨ ਮਾਮਲਾ: ਹਵਾਈ ਸਫਰ ਤੋਂ ਰੋਕਣ ਵਾਲੀ ਪਟੀਸ਼ਨ 'ਤੇ ਹੁਕਮ ਜਾਰੀ ਕਰਨ ਤੋਂ ਨਾਂਹ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਸਿੱਖਾਂ ਦੇ ਘਰੇਲੂ ਉਡਾਣਾਂ 'ਤੇ 6 ਇੰਚ (ਹੱਥੀ ਸਣੇ 9 ਇੰਚ) ਤੱਕ ਦੇ ਗਾਤਰੇ ਨਾਲ ਸਫਰ ਕਰਨ ਦੇ ਫੈਸਲੇ 'ਤੇ ਰੋਕ ਲਾਉਣ ਦੀ ਮੰਗ ਕਰਦੀ ਜਨਹਿਤ ਪਟੀਸ਼ਨ 'ਤੇ ਕੋਈ ਅੰਤਰਿਮ ਹੁਕਮ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਸਿਵਲ ਹਵਾਬਾਜ਼ੀ ਮੰਤਰਾਲੇ, ਗ੍ਰਹਿ ਮੰਤਰਾਲੇ, ਸ਼ਹਿਰੀ ਹਵਾਬਾਜ਼ੀ ਡਾਇਰੈਕਟਰ ਜਨਰਲ (ਡੀ.ਜੀ.ਸੀ.ਏ) ਅਤੇ ਡੀਜੀ ਬਿਊਰੋ ਆਫ ਸਿਵਲ ਐਵੀਏਸ਼ਨ ਸਕਿਓਰਿਟੀ ਨੂੰ ਨੋਟਿਸ ਜਾਰੀ ਕਰਦਿਆਂ ਇਸ ਮਾਮਲੇ ਨੂੰ 15 ਦਸੰਬਰ ਤੱਕ ਅੱਗੇ ਪਾ ਦਿੱਤਾ। ਬੈਂਚ, ਜਿਸ ਵਿਚ ਜਸਟਿਸ ਸੁਬਰਾਮਨੀਅਮ ਪ੍ਰਸਾਦ ਵੀ ਸ਼ਾਮਲ ਸਨ, ਨੇ ਅਧਿਕਾਰੀਆਂ ਨੂੰ ਅੱਠ ਹਫਤਿਆਂ ਅੰਦਰ ਆਪਣਾ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਐਡਵੋਕੇਟ ਹਰਸ਼ ਵਿਭੋਰ ਸਿੰਘਲ ਵੱਲੋਂ ਦਾਇਰ ਪਟੀਸ਼ਨ ਵਿਚ ਇਸ ਮਸਲੇ ਦੇ 'ਵਿਹਾਰਕ ਹੱਲ' ਲਈ ਕਮੇਟੀ ਗਠਿਤ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਵਾਈ ਸਫਰ ਦੌਰਾਨ ਜਿਹੜੀ ਕਿਰਪਾਨ/ਗਾਤਰਾ ਨਾਲ ਲਿਜਾਣ ਦੀ ਇਜਾਜ਼ਤ ਹੋਵੇ ਉਹ 'ਢੁਕਵੇਂ ਤਰੀਕੇ ਨਾਲ ਡਿਜ਼ਾਈਨ ਤੇ ਤਿਆਰ' ਕੀਤੀ ਜਾਵੇ ਤੇ ਇਸ ਦੇ ਬਲੇਡ ਦੀ ਲੰਬਾਈ 4 ਸੈਂਟੀਮੀਟਰ ਤੋਂ ਵੱਧ ਨਾ ਹੋਵੇ।

## ਕ੍ਰਿਸ਼ਨ ਬਾਰੇ ਸ਼ਬਦ ਗਾਉਣ ਵਾਲੇ ਜਥੇ ਨੇ ਮੁਆਫੀ ਮੰਗੀ

**ਅੰਮ੍ਰਿਤਸਰ:** ਪਿੱਪਲੀ (ਹਰਿਆਣਾ) ਵਿਚ ਇਕ ਸਮਾਗਮ ਦੌਰਾਨ ਗੁਰਦੁਆਰੇ ਵਿਚ 'ਕ੍ਰਿਸ਼ਨ ਤੇਰੀ ਮੁਰਲੀ 'ਤੇ ਭਲਾ ਕੌਣ ਨਹੀਂ ਨੱਚਦਾ' ਨੂੰ ਸ਼ਬਦ ਰੂਪ ਵਿਚ ਗਾਉਣ ਦੀ ਵੀਡੀਓ ਵਾਇਰਲ ਹੋਣ ਮਗਰੋਂ ਇਤਰਾਜ਼ ਕੀਤੇ ਜਾਣ 'ਤੇ ਇਥੇ ਰਾਗੀ ਸਰਬਜੀਤ ਸਿੰਘ ਅਤੇ ਸੰਦੀਪ ਸਿੰਘ ਨੂਰਪੁਰੀ ਨੇ ਅਕਾਲ ਤਖਤ ਵਿਖੇ ਮੁਆਫੀ ਪੱਤਰ ਦਿੱਤਾ ਹੈ। ਅਕਾਲ ਤਖਤ ਦੇ ਸਕੱਤਰੇਤ ਵਿਚ ਪੱਤਰ ਸੌਂਪਦਿਆਂ ਰਾਗੀ ਸਿੰਘਾਂ ਨੇ ਕਿਹਾ ਕਿ 17 ਅਗਸਤ ਨੂੰ ਇਸ ਧਾਰਨਾ ਨੂੰ ਸ਼ਬਦ ਰੂਪ ਵਿਚ ਗਾਉਣ ਦਾ ਕੁਝ ਸੰਗਤ ਨੇ ਵਿਰੋਧ ਕੀਤਾ ਹੈ, ਇਸ ਲਈ ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਕੋਲੋਂ ਗਲਤੀ ਦੀ ਮੁਆਫੀ ਮੰਗੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਵੱਲੋਂ ਉਨ੍ਹਾਂ ਨੂੰ ਜੋ ਵੀ ਤਨਖਾਹ ਲਾਈ ਜਾਵੇਗੀ, ਉਹ ਪ੍ਰਵਾਨ ਕਰਨਗੇ।

## ਬਾਦਲ ਪਰਿਵਾਰ ਦੀ ਖਾਤਿਰਦਾਰੀ ਛੱਡਣ ਜਥੇਦਾਰ: ਦਾਦੂਵਾਲ

**ਗੂਹਲਾ ਚੀਕਾ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਾਦਲ ਪਰਿਵਾਰ ਦੀ ਖਾਤਿਰਦਾਰੀ ਛੱਡ ਕੇ ਪੰਥਕ ਜ਼ਿੰਮੇਵਾਰੀਆਂ ਵੱਲ ਧਿਆਨ ਦੇਣ। ਉਨ੍ਹਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਮਰੀਕਾ ਨਿਵਾਸੀ ਸ਼ਮਿੰਦਰ ਸਿੰਘ ਆਨੰਦ ਤੇ ਉਸ ਦੇ ਸਾਥੀਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਵਿਚ ਤਬਦੀਲੀ ਕਰਕੇ ਨਵਾਂ ਸਰੂਪ ਛਾਪਿਆ। ਇਸ ਸਬੰਧੀ ਅਕਾਲ ਤਖਤ ਦੇ ਜਥੇਦਾਰ ਨੂੰ ਸਿੱਖ ਜਥੇਬੰਦੀਆਂ ਨੇ ਕਿਹਾ ਸੀ ਕਿ ਸ਼ਮਿੰਦਰ ਸਿੰਘ ਆਨੰਦ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰੇ ਤੇ ਉਸ ਨੂੰ ਪੇਸ਼ ਹੋਣ ਲਈ ਦਿੱਤਾ ਸਮਾਂ ਕਾਫੀ ਸਮਾਂ ਪਹਿਲਾਂ ਦਾ ਸਮਾਪਤ ਹੋ ਚੁੱਕਿਆ ਹੈ ਪਰ ਅਕਾਲ ਤਖਤ ਨੇ ਕੋਈ ਕਾਰਵਾਈ ਨਹੀਂ ਕੀਤੀ।

# ਬਜ਼ੁਰਗ ਨਾਲ ਦੁਰਵਿਹਾਰ: ਸ਼੍ਰੋਮਣੀ ਕਮੇਟੀ ਮੁਲਾਜ਼ਮ ਮੁਅੱਤਲ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਵਿਚ ਅੰਮ੍ਰਿਤ ਵੇਲੇ ਪਾਲਕੀ ਸਾਹਿਬ ਦੀ ਸੇਵਾ ਸਮੇਂ ਸ਼੍ਰੋਮਣੀ ਕਮੇਟੀ ਦੇ ਕੁਝ ਮੁਲਾਜ਼ਮਾਂ ਨੇ ਇਕ ਬਜ਼ੁਰਗ ਵਿਅਕਤੀ ਨਾਲ ਦੁਰਵਿਹਾਰ ਕਰਦਿਆਂ ਉਸ ਦੀ ਧੂਹ-ਘਸੀਟ ਤੇ ਕੁੱਟਮਾਰ ਕੀਤੀ। ਬਜ਼ੁਰਗ ਦੀ ਪਛਾਣ ਸਰਬਜੀਤ ਸਿੰਘ ਵਜੋਂ ਹੋਈ ਹੈ।

ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਆਪਣੇ ਦੋ ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਹੈ। ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਇਕ ਅੰਮ੍ਰਿਤਧਾਰੀ ਸ਼ਰਧਾਲੂ ਦੀ ਕੁੱਟਮਾਰ ਕਰਦੇ ਦਿਖਾਈ ਦੇ ਰਹੇ ਹਨ। ਘਟਨਾ ਸ੍ਰੀ ਅਕਾਲ ਤਖਤ ਦੇ ਨੇੜੇ ਵਾਪਰੀ ਹੈ। ਵੀਡੀਓ ਵਾਇਰਲ ਹੋਣ ਮਗਰੋਂ ਸੋਸ਼ਲ ਮੀਡੀਆ 'ਤੇ ਸ਼੍ਰੋਮਣੀ ਕਮੇਟੀ ਦੀ ਨਿਖੇਧੀ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸਰਬਜੀਤ ਸਿੰਘ ਨੇ ਗਲਿਆਰਾ ਚੌਕੀ ਵਿਚ ਸ਼ਿਕਾਇਤ ਵੀ ਦਰਜ ਕਰਵਾਈ ਹੈ। ਉਸ ਦਾ ਕਹਿਣਾ ਹੈ ਕਿ ਉਹ ਰੋਜ਼ ਸਵੇਰੇ ਸੇਵਾ ਕਰਨ ਲਈ ਗੁਰੂਘਰ ਆਉਂਦਾ ਹੈ। ਉਹ ਪਾਲਕੀ ਸਾਹਿਬ ਦੀ ਰਵਾਨਗੀ ਵੇਲੇ ਵੀ ਸੇਵਾ ਵਿਚ ਹਿੱਸਾ ਲੈਣਾ ਚਾਹੁੰਦਾ ਸੀ, ਪਰ ਉਥੇ ਤਾਇਨਾਤ ਮੁਲਾਜ਼ਮਾਂ ਨੇ ਉਸ ਨੂੰ ਰੋਕ ਦਿੱਤਾ।



ਇਸ ਮਗਰੋਂ ਉਹ ਜੰਗਲਾ ਟੱਪ ਕੇ ਸ੍ਰੀ ਅਕਾਲ ਤਖਤ ਵੱਲ ਜਾਣ ਵਾਲੀਆਂ ਪੌੜੀਆਂ 'ਤੇ ਬੈਠ ਗਿਆ। ਉਥੋਂ ਮੁਲਾਜ਼ਮਾਂ ਨੇ ਉਸ ਨੂੰ ਘਸੀਟ ਕੇ ਜੰਗਲੇ ਤੋਂ ਬਾਹਰ ਕਰ ਦਿੱਤਾ ਤੇ ਉਸ ਨਾਲ ਕੁੱਟਮਾਰ ਵੀ ਕੀਤੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ 'ਚ ਪੁੱਛ-ਪੜਤਾਲ ਲਈ ਸਬੰਧਤ ਮੁਲਾਜ਼ਮਾਂ ਕੁਲਵਿੰਦਰ ਸਿੰਘ ਤੇ ਇੰਦਰਜੀਤ ਸਿੰਘ ਨੂੰ ਸੱਦਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਵੇਂ ਮੁਲਾਜ਼ਮਾਂ ਨੂੰ ਮੁਅੱਤਲ ਕਰਦਿਆਂ ਇਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਵੀਡੀਓ ਵਾਇਰਲ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਮੁੱਢਲੀ ਜਾਂਚ ਦੌਰਾਨ ਦੁਰਵਿਹਾਰ ਕਰਨ ਵਾਲੇ ਦੋਵੇਂ ਮੁਲਾਜ਼ਮਾਂ ਨੂੰ ਤੁਰਤ ਮੁਅੱਤਲ ਕਰ ਦਿੱਤਾ ਹੈ।


## ਸਿੱਖਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਦਾ ਸੱਦਾ

**ਅੰਮ੍ਰਿਤਸਰ:** ਬਾਬਾ ਮੱਖਣ ਸ਼ਾਹ ਲੁਬਾਣਾ ਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਗਤ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਆ। ਇਸ ਸਬੰਧੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਪੰਥਕ ਸ਼ਖਸੀਅਤਾਂ ਨੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦਾ ਸਿੱਖ ਇਤਿਹਾਸ ਵਿਚ ਅਹਿਮ ਸਥਾਨ ਹੈ ਅਤੇ ਸਿੱਖ ਕੌਮ ਨੂੰ ਇਨ੍ਹਾਂ ਦੀ ਦੇਣ 'ਤੇ ਸਦਾ ਮਾਣ ਰਹੇਗਾ। ਇਸੇ ਦੌਰਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਨਿਊ ਯਾਰਕ ਦੇ ਪ੍ਰਧਾਨ ਬਲਦੇਵ ਸਿੰਘ ਨੇ ਸ਼੍ਰੋਮਣੀ ਕਮੇਟੀ ਦਾ ਸਮਾਗਮ ਕਰਨ ਲਈ ਧੰਨਵਾਦ ਕੀਤਾ।

# ਪਾਵਨ ਸਰੂਪ ਮਾਮਲਾ: ਭਗਵੰਤ ਮਾਨ ਦੀ ਕੋਠੀ ਅੱਗੇ ਪੱਕਾ ਮੋਰਚਾ ਸ਼ੁਰੂ

**ਸੰਗਰੂਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਸਿੱਖ ਸਦਭਾਵਨਾ ਦਲ ਦੀ ਅਗਵਾਈ ਹੇਠ ਸਿੱਖ ਸੰਗਤ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋਇਆ ਸਿੱਖ ਨੀਤੀ ਮਾਰਚ ਇਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਪੁੱਜਿਆ।

ਇਨਸਾਫ ਲੈਣ ਲਈ ਸਿੱਖ ਸੰਗਤ ਵੱਲੋਂ ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਦੀ ਅਗਵਾਈ ਹੇਠ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਹੈ। ਭਾਈ ਬਲਦੇਵ ਸਿੰਘ ਵਡਾਲਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ



ਸਰੂਪ ਦੇ ਲਾਪਤਾ ਹੋਣ ਦੇ ਮਾਮਲੇ 'ਚ ਦੋਸ਼ੀਆਂ ਖਿਲਾਫ ਕਾਰਵਾਈ ਕਰਾਉਣ ਲਈ ਸਿੱਖ ਸੰਗਤ ਭਗਵੰਤ ਮਾਨ ਦੇ ਘਰ ਅੱਗੇ ਪੁੱਜੀ ਹੈ। ਸਿੱਖ ਸੰਗਤ ਪਿਛਲੇ 22 ਮਹੀਨਿਆਂ ਤੋਂ ਸ਼ਾਂਤਮਈ ਪ੍ਰਦਰਸ਼ਨ ਕਰਕੇ ਇਨਸਾਫ ਮੰਗ ਰਹੀ ਹੈ। ਸਿੱਖ ਸਦਭਾਵਨਾ ਦਲ ਦੇ ਵਫਦ ਨੇ ਐਸ.ਡੀ.ਐਮ. ਅਤੇ ਐਸ.ਪੀ. ਨਾਲ ਗੱਲਬਾਤ ਵੀ ਕੀਤੀ ਤੇ ਆਪਣਾ ਮੰਗ ਪੱਤਰ ਵੀ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਸਿਰਫ ਮੰਗ ਪੱਤਰ ਦੇਣ ਲਈ ਨਹੀਂ ਪੁੱਜੇ ਸਗੋਂ ਦੋਸ਼ੀਆਂ ਖਿਲਾਫ ਕਾਰਵਾਈ ਕਰਾਉਣ ਲਈ ਆਏ ਹਨ। ਭਾਈ ਵਡਾਲਾ ਨੇ ਐਲਾਨ ਕੀਤਾ ਕਿ ਦੋਸ਼ੀਆਂ ਖਿਲਾਫ ਕਾਰਵਾਈ ਕਰਾਉਣ ਤੱਕ ਸੰਘਰਸ਼ ਜਾਰੀ ਰਹੇਗਾ।

## ਜੁਡੀਸ਼ਰੀ ਵਿਚ ਸਿੱਖਾਂ ਨੂੰ ਨਜ਼ਰਅੰਦਾਜ਼ ਕਰਨ ਦੀ ਨਿਖੇਧੀ

**ਸ੍ਰੀ ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਹਮੇਸ਼ਾ ਸਿੱਖਾਂ ਨਾਲ ਵਿਤਕਰਾ ਕੀਤਾ ਹੈ ਤੇ ਹਾਲ ਹੀ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜੱਜਾਂ ਦੀ ਨਿਯੁਕਤੀ ਦੌਰਾਨ ਵੀ ਸਿੱਖਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਲਈ 13 ਨਾਂਵਾਂ ਦੀ ਚੋਣ ਹੋਈ ਸੀ, ਜਿਸ ਵਿਚੋਂ 11 ਨੂੰ ਜੱਜਾਂ ਵਜੋਂ ਸਹੁੰ ਚੁਕਵਾ ਦਿੱਤੀ ਗਈ ਪਰ ਇਸ ਪੈਨਲ ਵਿਚ ਰਹਿੰਦੇ ਸਿੱਖ ਨੂੰ ਸਹੁੰ ਨਹੀਂ ਚੁਕਾਈ ਗਈ ਜਿਸ ਕਾਰਨ ਸਿੱਖ ਭਾਈਚਾਰਾ ਨਿਰਾਸ਼ ਹੈ।

# ਹੁਣ ਸੂਰਾਂ 'ਚ ਛੂਤ ਦੀ ਬਿਮਾਰੀ ਨੇ ਪਸ਼ੂ ਪਾਲਕਾਂ ਦੀ ਨੀਂਦ ਉਡਾਈ

**ਚੰਡੀਗੜ੍ਹ:** ਪੰਜਾਬ ਵਿਚ ਗਾਵਾਂ 'ਤੇ ਪਈ ਲੰਪੀ ਸਕਿਨ ਦੀ ਮਾਰ ਮਗਰੋਂ ਹੁਣ ਸੂਰਾਂ ਨੂੰ ਛੂਤ ਦੀ ਬਿਮਾਰੀ ਨੇ ਘੇਰ ਲਿਆ ਹੈ। ਸੂਬੇ ਦੇ ਪਸ਼ੂ ਪਾਲਣ, ਡੇਅਰੀ ਵਿਕਾਸ, ਮੱਛੀ ਪਾਲਣ ਤੇ ਪੋਲਟਰੀ ਪਾਲਣ ਵਿਭਾਗ ਨੇ ਅਫਰੀਕਨ ਸਵਾਈਨ ਫੀਵਰ (ਏ.ਐਸ.ਐਫ.) ਤੋਂ ਪੀੜਤ ਸੂਰਾਂ ਨੂੰ ਤੁਰਤ ਮਾਰਨ ਦੇ ਹੁਕਮ ਦਿੱਤੇ ਹਨ। ਵਿਭਾਗ ਅਨੁਸਾਰ ਕੇਂਦਰ ਦੀਆਂ ਹਦਾਇਤਾਂ ਮੁਤਾਬਕ ਪ੍ਰਭਾਵਿਤ ਵਿਅਕਤੀਆਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਪ੍ਰਾਪਤ ਜਾਣਕਾਰੀ ਮੁਤਾਬਕ ਪੰਜਾਬ ਵਿਚ 55 ਹਜ਼ਾਰ ਦੇ ਕਰੀਬ ਸੂਰ ਹਨ। ਵਿਭਾਗ ਨੇ ਇਸ ਬਿਮਾਰੀ ਨੂੰ ਪੂਰੇ ਪੰਜਾਬ 'ਚ ਫੈਲਣ ਤੋਂ ਰੋਕਣ ਲਈ ਪਟਿਆਲਾ ਜ਼ਿਲ੍ਹੇ ਵਿਚ ਸਖਤ ਬੰਦੋਬਸਤ ਕੀਤੇ ਹਨ। ਵਿਭਾਗ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਪਟਿਆਲਾ ਜ਼ਿਲ੍ਹੇ ਵਿਚ ਅਚਨਚੇਤ ਸੂਰਾਂ ਦੇ ਮਰਨ ਦੀਆਂ ਰਿਪੋਰਟਾਂ ਆਈਆਂ ਸਨ, ਜਿਸ ਮਗਰੋਂ ਆਈ.ਸੀ.ਏ.ਆਰ-ਕੌਮੀ ਉੱਚ ਰੱਖਿਆ ਪਸ਼ੂ ਰੋਗ ਸੰਸਥਾ ਭੋਪਾਲ ਵੱਲੋਂ ਜ਼ਿਲ੍ਹਾ ਪਟਿਆਲਾ ਤੋਂ ਭੇਜੇ ਗਏ ਸੂਰਾਂ ਦੇ ਸੈਂਪਲਾਂ ਵਿਚ ਅਫਰੀਕਨ ਸਵਾਈਨ ਫੀਵਰ ਦੀ ਪੁਸ਼ਟੀ ਹੋਈ ਸੀ।



ਲੈਬਾਰਟਰੀ ਦੀ ਰਿਪੋਰਟ ਆਉਣ ਮਗਰੋਂ ਵਿਭਾਗ ਨੇ 'ਜਾਨਵਰਾਂ ਵਿਚ ਛੂਤ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਕੰਟਰੋਲ ਐਕਟ 2009' ਦੇ ਅਧਿਆਇ-3 ਦੀ ਧਾਰਾ-6 ਅਧੀਨ ਪੂਰੇ ਪੰਜਾਬ ਨੂੰ 'ਕੰਟਰੋਲਡ ਖੇਤਰ' ਐਲਾਨਿਆ ਗਿਆ ਹੈ ਤਾਂ ਜੋ ਸੂਚੀਬੱਧ ਬੀਮਾਰੀ ਅਫਰੀਕਨ ਸਵਾਈਨ ਫੀਵਰ ਦੀ ਰੋਕਥਾਮ, ਕੰਟਰੋਲ ਅਤੇ ਖਾਤਮਾ ਯਕੀਨੀ ਬਣਾਇਆ ਜਾ ਸਕੇ। ਇਸ ਸਬੰਧੀ ਪਸ਼ੂ ਪਾਲਣ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜੋ ਤੁਰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਵਿਭਾਗ ਨੇ ਕਿਹਾ ਹੈ ਕਿ ਕੋਈ ਵੀ ਜਿਊਂਦਾ ਜਾਂ ਮਰਿਆ ਸੂਰ (ਜੰਗਲੀ ਸੂਰਾਂ ਸਮੇਤ), ਨਾਨ-ਪ੍ਰੋਸੈਸਡ ਸੂਰ ਦਾ ਮੀਟ, ਸੂਰ ਪਾਲਣ ਫਾਰਮ/ਬੈਕਯਾਰਡ ਸੂਰ ਪਾਲਣ ਤੋਂ ਕੋਈ ਵੀ ਫੀਡ ਜਾਂ ਸਮੱਗਰੀ/ਸਾਮਾਨ ਲਾਗ ਵਾਲੇ ਜ਼ੋਨ ਤੋਂ ਬਾਹਰ ਨਾ ਲਿਜਾਇਆ ਜਾਵੇਗਾ, ਨਾ ਹੀ ਜ਼ੋਨ ਵਿਚ ਲਿਆਂਦਾ ਜਾਵੇਗਾ।

ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸਰਕਾਰ ਸੂਰ ਕਿਲਿੰਗ ਲਈ ਬਣਦਾ ਮੁਆਵਜ਼ਾ ਦੇਵੇਗੀ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ 'ਚ ਦੋ ਥਾਵਾਂ 'ਤੇ ਅਫਰੀਕਨ ਸਵਾਈਨ ਫੀਵਰ ਦੀ ਪੁਸ਼ਟੀ ਹੋਈ ਹੈ ਅਤੇ ਭਾਰਤ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਬਿਮਾਰੀ ਦੇ ਕੇਂਦਰ ਤੋਂ ਇਕ ਕਿਲੋਮੀਟਰ ਦੇ ਦਾਇਰੇ 'ਚ ਸੂਰਾਂ ਨੂੰ ਮਾਰਨਾ ਜਰੂਰੀ ਹੈ, ਨਹੀਂ ਤਾਂ ਇਹ ਬਿਮਾਰੀ ਭਿਆਨਕ ਰੂਪ ਧਾਰ ਸਕਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਵਿਭਾਗ ਵੱਲੋਂ ਮਾਰੇ ਗਏ ਸੂਰਾਂ ਦਾ ਹੀ ਮੁਆਵਜ਼ਾ ਦਿੱਤਾ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗ ਹੈ ਕੀਤੀ ਕਿ ਲੰਪੀ ਸਕਿਨ ਰੋਗ ਕਾਰਨ ਮਰਨ ਵਾਲੇ ਪਸ਼ੂਆਂ ਲਈ ਸਰਕਾਰ ਪ੍ਰਤੀ ਪਸ਼ੂ 50 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਵੇ ਅਤੇ ਮੁੱਖ ਮੰਤਰੀ ਇਸ ਬਿਮਾਰੀ ਨੂੰ ਕਾਬੂ ਕਰਨ ਦੀ ਜ਼ਿੰਮੇਵਾਰੀ ਪੰਚਾਇਤਾਂ 'ਤੇ ਪਾਉਣ ਦੀ ਥਾਂ ਆਪਣੇ ਸਿਰ ਲੈਣ।

## ਚਮੜੀ ਰੋਗ: ਪੰਜਾਬ ਸਭ ਤੋਂ ਵੱਧ ਪ੍ਰਭਾਵਿਤ

**ਨਵੀਂ ਦਿੱਲੀ:** ਦੇਸ਼ ਦੇ ਕੇਂਦਰ ਸ਼ਾਸਿਤ ਪ੍ਰਦੇਸ ਸਮੇਤ ਅੱਠ ਰਾਜਾਂ ਵਿਚ 'ਲੰਪੀ ਸਕਿਨ' ਕਾਰਨ ਹੁਣ ਤੱਕ 7500 ਤੋਂ ਵੱਧ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ ਅਤੇ ਲਾਗ ਨੂੰ ਰੋਕਣ ਲਈ ਟੀਕਾਕਰਨ ਮੁਹਿੰਮ ਤੇਜ ਕਰ ਦਿੱਤੀ ਗਈ ਹੈ। ਕੇਂਦਰ ਮੁਤਾਬਕ ਹੁਣ ਇਹ ਅੱਠ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸਾਂ ਵਿਚ ਫੈਲ ਚੁੱਕੀ ਹੈ ਤੇ 1.85 ਲੱਖ ਤੋਂ ਵੱਧ ਪਸ਼ੂ ਪ੍ਰਭਾਵਿਤ ਹੋਏ ਹਨ। ਜੁਲਾਈ ਵਿਚ ਬਿਮਾਰੀ ਦੇ ਫੈਲਣ ਤੋਂ ਬਾਅਦ 7500 ਤੋਂ ਵੱਧ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਪੰਜਾਬ ਵਿਚ ਹੁਣ ਤੱਕ ਕਰੀਬ 74,325 ਪਸ਼ੂ ਪ੍ਰਭਾਵਿਤ ਹੋਏ ਹਨ, ਜਦੋਂ ਕਿ ਗੁਜਰਾਤ ਵਿਚ 58,546, ਰਾਜਸਥਾਨ ਵਿਚ 43,962, ਜੰਮੂ-ਕਸ਼ਮੀਰ ਵਿਚ 6,385, ਉੱਤਰਖੰਡ ਵਿਚ 1,300, ਹਿਮਾਚਲ ਪ੍ਰਦੇਸ਼ ਵਿੱਚ 532, ਅੰਡੇਮਾਨ ਅਤੇ ਨਿਕੋਬਾਰ ਵਿਚ 260 ਪਸ਼ੂ ਪ੍ਰਭਾਵਿਤ ਹੋਏ ਹਨ।

# ਨਰਮੇ ਦੀ ਫਸਲ 'ਤੇ ਚਿੱਟੀ ਮੱਖੀ ਦਾ ਹਮਲਾ



**ਬਠਿੰਡਾ:** ਪੰਜਾਬ ਵਿਚ ਮਾਲਵਾ ਦੇ ਕਈ ਜ਼ਿਲ੍ਹਿਆਂ ਵਿਚ ਨਰਮਾ ਬੀਜਣ ਵਾਲੇ ਕਿਸਾਨਾਂ ਦੇ ਖੇਤਾਂ ਵਿਚ ਚਿੱਟੀ ਮੱਖੀ ਨੇ ਹਮਲਾ ਕਰ ਦਿੱਤਾ ਹੈ ਤੇ ਫਸਲ ਪ੍ਰਭਾਵਿਤ ਹੋਣ ਕਾਰਨ ਕਿਸਾਨ ਖੇਤਾਂ ਨੂੰ ਵਾਹ ਰਹੇ ਹਨ। ਕਿਸਾਨਾਂ ਨੇ ਗੁਲਾਬੀ ਸੁੰਡੀ 'ਤੇ ਕਾਬੂ ਪਾਉਣ ਅਤੇ ਵਧੇਰੇ ਝਾੜ ਦੇਣ ਲੈਣ ਲਈ ਗੁਜਰਾਤ ਦੀ ਕੰਪਨੀ ਤੋਂ ਬੀਜ ਖਰੀਦਿਆ ਸੀ।

ਬਠਿੰਡਾ ਖੇਤੀਬਾੜੀ ਵਿਭਾਗ ਦੇ ਮੁਖੀ ਡਾ. ਦਿਲਬਾਗ ਸਿੰਘ ਦਾ ਕਹਿਣਾ ਹੈ ਕਿ ਵਾਇਰਸ ਦਾ ਹਮਲਾ ਉਨ੍ਹਾਂ ਖੇਤਾਂ ਵਿਚ ਜ਼ਿਆਦਾ ਹੋਇਆ ਹੈ ਜਿਨ੍ਹਾਂ ਨੇ ਗੁਜਰਾਤੀ ਬੀਜ ਵਰਤਿਆ ਸੀ। ਉਨ੍ਹਾਂ ਮੰਨਿਆ ਕਿ ਬਠਿੰਡਾ ਵਿਚ 15 ਤੋਂ 20 ਫੀਸਦੀ ਕਿਸਾਨਾਂ ਦੇ ਖੇਤਾਂ ਵਿਚ ਵਾਇਰਸ ਮਿਲਿਆ ਹੈ। ਇਹ ਵਾਇਰਸ ਚਿੱਟੀ ਮੱਖੀ ਰਾਹੀਂ ਅੱਗੇ ਫੈਲ ਰਿਹਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਖੇਤੀ ਚਹਿਲਾਂ ਵਾਲੀ ਦੇ ਵਸਨੀਕ ਜਗਦੇਵ ਸਿੰਘ ਅਨੁਸਾਰ ਗੁਜਰਾਤੀ ਕੰਪਨੀ ਦੇ ਬੀਜ ਨੂੰ ਜ਼ਿਆਦਾ ਰੇਟ 'ਤੇ ਇਹ ਕਹਿ ਕੇ ਵੇਚਿਆ ਗਿਆ ਸੀ ਕਿ ਇਹ ਬੀਜ ਫਸਲਾਂ ਨੂੰ ਗੁਲਾਬੀ ਸੁੰਡੀ ਤੋਂ ਬਚਾਏਗਾ। ਬਠਿੰਡਾ ਜ਼ਿਲ੍ਹੇ ਦੇ ਪਿੰਡ ਗਿਆਨਾ ਦੇ ਕਿਸਾਨ ਹਰਜਿੰਦਰ ਸਿੰਘ ਨੇ ਅੱਠ ਏਕੜ ਵਿਚ ਗੁਜਰਾਤੀ ਬੀਜ ਨਾਲ ਫਸਲ ਬੀਜੀ ਸੀ। ਉਸ ਨੇ ਦੱਸਿਆ ਕਿ ਇਨ੍ਹਾਂ ਬੀਜਾਂ ਦਾ ਨਾ ਤਾਂ ਵਿਕਾਸ ਹੁੰਦਾ ਹੈ ਅਤੇ ਨਾ ਹੀ ਫੁੱਲ ਆ ਰਹੇ ਹਨ। ਇਹ ਬੀਜ ਕਿਸਾਨਾਂ ਨੂੰ ਤਬਾਹ ਕਰ ਗਏ ਹਨ। ਪੀੜਤ ਕਿਸਾਨਾਂ ਦੀ ਹਾਲਤ ਇਹ ਹੈ ਕਿ ਉਹ ਇਸ ਦੀ ਕਿਸੇ ਕੋਲ ਸ਼ਿਕਾਇਤ ਵੀ ਦਰਜ ਨਹੀਂ ਕਰਵਾ ਸਕਦੇ ਕਿਉਂਕਿ ਅਜਿਹੇ ਬੀਜਾਂ ਦੀ ਖਰੀਦ ਕਿਸੇ ਵੀ ਬੀਮਾ ਦਾਅਵੇ ਅਤੇ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਮੁਆਵਜ਼ੇ ਤਹਿਤ ਕਵਰ ਨਹੀਂ ਹੁੰਦੀ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਅਨੁਸਾਰ ਬੀਟੀ-4 ਅਤੇ ਬੀਟੀ-5 ਬੀਜਾਂ ਦੇ 5 ਲੱਖ ਪੈਕੇਟਾਂ ਦੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਅਨੁਮਾਨਿਤ ਵਿਕਰੀ ਹੋਈ ਹੈ। ਕਿਸਾਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿਚ ਦਖਲ ਦਿੰਦਿਆਂ ਕਾਰਵਾਈ ਕਰਨੀ ਚਾਹੀਦੀ ਹੈ।

## ਕਿਸਾਨਾਂ ਨੂੰ ਖੰਡ ਮਿੱਲ ਦੀ ਬਕਾਇਆ ਰਾਸ਼ੀ ਦਿਵਾਉਣ ਦਾ ਭਰੋਸਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਫਗਵਾੜਾ ਖੰਡ ਮਿੱਲ ਹਰ ਹਾਲਤ ਵਿਚ ਚਲਾਈ ਜਾਵੇਗੀ ਅਤੇ ਗੰਨਾ ਕਾਸ਼ਤਕਾਰਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਇਥੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਫਗਵਾੜਾ ਖੰਡ ਮਿੱਲ ਦੇ ਮਸਲੇ ਦਾ ਹੱਲ ਕੱਢਣ ਲਈ ਕਿਸਾਨਾਂ ਦੇ ਵਫ਼ਦ ਨਾਲ ਮੀਟਿੰਗ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਫਗਵਾੜਾ ਖੰਡ ਮਿੱਲ ਦੀ ਬਕਾਇਆ ਰਾਸ਼ੀ ਕਿਸਾਨਾਂ ਨੂੰ ਦਿਵਾਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖੰਡ ਮਿੱਲ ਮਾਲਕਾਂ, ਬੈਂਕਾਂ ਅਤੇ ਹੋਰ ਕਾਨੂੰਨੀ ਪਹਿਲੂਆਂ ਨੂੰ ਵਿਚਾਰਿਆ ਜਾ ਰਿਹਾ ਹੈ। ਫਗਵਾੜਾ ਖੰਡ ਮਿੱਲ ਨੂੰ ਚਲਾਉਣ ਲਈ ਕਈ ਪ੍ਰਾਈਵੇਟ ਫਰਮਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ।

# ਅਧਿਆਪਕ-ਵਿਦਿਆਰਥੀ ਅਨੁਪਾਤ ਠੀਕ ਕਰਨ ਲਈ ਕਿਹਾ

**ਚੰਡੀਗੜ੍ਹ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਦੇਸ਼ ਭਰ ਦੇ ਸਕੂਲਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਸਕੂਲਾਂ ਵਿਚ ਲੋੜ ਅਨੁਸਾਰ ਅਧਿਆਪਕਾਂ ਦੀ ਨਿਯੁਕਤੀ ਕਰਨ। ਬੋਰਡ ਨੂੰ ਇਹ ਸ਼ਿਕਾਇਤਾਂ ਮਿਲੀਆਂ ਹਨ ਕਿ ਵੱਡੀ ਗਿਣਤੀ ਨਿੱਜੀ ਸਕੂਲ ਆਪਣੇ ਸਕੂਲਾਂ ਵਿਚ ਅਧਿਆਪਕ ਭਰਤੀ ਨਹੀਂ ਕਰ ਰਹੇ ਤੇ ਲੋੜੋਂ ਵੱਧ ਵਿਦਿਆਰਥੀਆਂ ਨੂੰ ਦਾਖਲੇ ਦੇ ਰਹੇ ਹਨ ਜਿਸ ਕਾਰਨ ਸਕੂਲਾਂ ਵਿਚ ਅਧਿਆਪਕ-ਵਿਦਿਆਰਥੀ ਅਨੁਪਾਤ ਵਿਗੜ ਰਿਹਾ ਹੈ। ਬੋਰਡ ਨੇ ਸਕੂਲਾਂ ਨੂੰ ਕਿਹਾ ਹੈ ਕਿ ਉਹ ਜਮਾਤਾਂ ਦੇ ਇਕ ਸੈਕਸ਼ਨ ਵਿਚ 40 ਤੋਂ ਵੱਧ ਵਿਦਿਆਰਥੀ ਨਾ ਬਿਠਾਉਣ। ਪਤਾ ਲੱਗਾ ਹੈ ਕਿ ਪੰਜਾਬ ਤੇ ਚੰਡੀਗੜ੍ਹ ਦੇ ਕਈ ਨਿੱਜੀ ਸਕੂਲਾਂ ਦੇ ਇਕ-ਇਕ ਸੈਕਸ਼ਨ ਵਿਚ 70 ਤੋਂ 80 ਵਿਦਿਆਰਥੀ ਹਨ। ਨਵੀਂ ਸਿੱਖਿਆ ਨੀਤੀ ਤਹਿਤ ਪ੍ਰਾਇਮਰੀ ਪੱਧਰ 'ਤੇ ਇਕ ਸੈਕਸ਼ਨ ਵਿਚ 30 ਤੇ ਸੈਕੰਡਰੀ ਪੱਧਰ 'ਤੇ 35 ਵਿਦਿਆਰਥੀ ਹੀ ਸਿੱਖਿਆ ਹਾਸਲ ਕਰ ਸਕਦੇ ਹਨ ਪਰ ਇਸ ਮਾਪਦੰਡ ਨੂੰ ਕੋਈ ਸਕੂਲ ਅਮਲ ਵਿਚ ਨਹੀਂ ਲਿਆ ਰਿਹਾ।

## ਜਲ ਪ੍ਰਦੂਸ਼ਣ: ਕੇਂਦਰ ਤੇ ਹਰਿਆਣਾ ਨੂੰ ਨੋਟਿਸ

**ਨਵੀਂ ਦਿੱਲੀ:** ਪੀਣ ਯੋਗ ਪਾਣੀ ਨੂੰ ਉਦਯੋਗਿਕ ਮੰਤਵਾਂ ਲਈ ਵਰਤਣ ਤੇ ਇਸ ਦੇ ਦੂਸ਼ਿਤ ਹੋਣ ਦੇ ਮੁੱਦੇ 'ਤੇ ਕੌਮੀ ਗ੍ਰੀਨ ਟ੍ਰਿਬਿਊਨਲ ਨੇ ਕੇਂਦਰੀ ਜਲ ਸ਼ਕਤੀ ਮੰਤਰਾਲੇ ਤੋਂ ਜਵਾਬ ਮੰਗਿਆ ਹੈ। ਐਨ.ਜੀ.ਟੀ. ਦੇ ਚੇਅਰਪਰਸਨ ਜਸਟਿਸ (ਸੇਵਾਮੁਕਤ) ਆਦਰਸ਼ ਕੁਮਾਰ ਗੋਇਲ ਨੇ ਮੰਤਰਾਲੇ ਤੇ ਹੋਰਾਂ ਨੂੰ ਇਸ ਮਾਮਲੇ ਵਿਚ ਨੋਟਿਸ ਜਾਰੀ ਕੀਤਾ ਹੈ। ਇਹ ਮਾਮਲਾ ਹਰਿਆਣਾ ਦੇ ਸੋਨੀਪਤ ਵਿਚ ਬਰਹੀ ਸਨਅਤੀ ਖੇਤਰ ਦੀਆਂ ਉਦਯੋਗਿਕ ਇਕਾਈਆਂ 'ਚ ਪ੍ਰਦੂਸ਼ਣ ਦੇ ਮਾਪਦੰਡਾਂ ਦੀ ਉਲੰਘਣਾ ਨਾਲ ਜੁੜਿਆ ਹੋਇਆ ਹੈ। ਟ੍ਰਿਬਿਊਨਲ ਨੇ ਨੋਟਿਸ ਜਾਰੀ ਕਰਦਿਆਂ ਕਿਹਾ ਕਿ ਇਕ ਪਾਸੇ ਤਾਂ ਪੀਣ ਯੋਗ ਪਾਣੀ ਨੂੰ ਸਨਅਤੀ ਮਕਸਦਾਂ ਲਈ ਵਰਤਿਆ ਜਾ ਰਿਹਾ ਹੈ, ਤੇ ਦੂਜੇ ਪਾਸੇ ਸੀਵਰੇਜ ਦਾ ਪਾਣੀ ਜੋ ਕਿ ਉਦਯੋਗਾਂ ਵਿਚ ਵਰਤਿਆ ਜਾ ਸਕਦਾ ਹੈ, ਨੂੰ ਪੀਣ ਵਾਲੇ ਪਾਣੀ 'ਚ ਮਿਲਣ ਦਿੱਤਾ ਜਾ ਰਿਹਾ ਹੈ। ਬੈਂਚ ਨੇ ਕੇਂਦਰੀ ਮੰਤਰਾਲੇ ਦੇ ਨਾਲ ਹੀ ਹਰਿਆਣਾ ਜਲ ਸਰੋਤ ਅਥਾਰਿਟੀ ਨੂੰ ਵੀ ਨੋਟਿਸ ਜਾਰੀ ਕੀਤਾ ਹੈ।

# ਕਿਸਾਨਾਂ ਨੂੰ ਦੇਸ਼ਵਿਆਪੀ ਰੋਸ ਪ੍ਰਦਰਸ਼ਨ ਲਈ ਤਿਆਰ ਰਹਿਣ ਦਾ ਹੋਕਾ ਦਿੱਤਾ

**ਲਖੀਮਪੁਰ ਖੀਰੀ:** ਕਿਸਾਨਾਂ ਵੱਲੋਂ ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦੀ ਬਰਖਾਸਤਗੀ ਤੇ ਐਮ.ਐਸ.ਪੀ. ਦੀ ਮੰਗ ਉਤੇ ਲਖੀਮਪੁਰ ਖੀਰੀ ਵਿਚ ਰੋਸ ਪ੍ਰਦਰਸ਼ਨ ਕੀਤੇ ਗਏ। ਮੋਰਚੇ ਦੀ ਭਵਿੱਖੀ ਰਣਨੀਤੀ ਬਾਰੇ ਦਿੱਲੀ ਵਿਚ 6 ਸਤੰਬਰ ਨੂੰ ਮੀਟਿੰਗ ਰੱਖੀ ਗਈ ਹੈ। ਇਸ ਦੌਰਾਨ ਵੱਡੇ ਸੰਘਰਸ਼ ਦਾ ਐਲਾਨ ਹੋ ਸਕਦਾ ਹੈ।

ਉਧਰ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਆਪਣੀਆਂ ਮੰਗਾਂ ਮਨਵਾਉਣ ਲਈ ਦੇਸ਼ਵਿਆਪੀ ਪ੍ਰਦਰਸ਼ਨ ਲਈ ਤਿਆਰ ਰਹਿਣ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਇਥੇ ਕਿਸਾਨਾਂ ਵੱਲੋਂ ਤਿੰਨ ਰੋਜ਼ਾ ਧਰਨਾ ਦਿੱਤਾ ਗਿਆ। ਕੇਂਦਰੀ ਮੰਤਰੀ ਅਜੈ ਮਿਸ਼ਰਾ ਦੀ ਬਰਖਾਸਤਗੀ ਅਤੇ ਲਖੀਮਪੁਰ ਖੀਰੀ ਕਾਂਡ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਸਮੇਤ ਹੋਰ ਮੰਗਾਂ ਲਈ ਕਿਸਾਨ ਧਰਨੇ 'ਤੇ ਡਟੇ ਰਹੇ।

ਕਿਸਾਨਾਂ ਨੂੰ ਸੰਬੋਧਨ ਕਰਦਿਆਂ ਟਿਕੈਤ ਨੇ ਮੋਰਚੇ ਨੂੰ ਮਜ਼ਬੂਤ ਕਰਨ ਲਈ ਆਖਦਿਆਂ ਕਿਹਾ ਕਿ ਦੇਸ਼ਵਿਆਪੀ ਪ੍ਰਦਰਸ਼ਨ ਦੇ ਸਮੇਂ, ਥਾਂ ਅਤੇ ਸਥਿਤੀ ਦੀ ਜਾਣਕਾਰੀ ਉਨ੍ਹਾਂ ਨਾਲ ਛੇਤੀ ਹੀ ਸਾਂਝੀ ਕੀਤੀ ਜਾਵੇਗੀ। ਧਰਨੇ 'ਚ ਬੀ.ਕੇ.ਯੂ. (ਚੜੂਨੀ) ਧੜੇ ਦੇ ਨੁਮਾਇੰਦੇ ਵੀ ਪਹੁੰਚੇ, ਜੋ ਸੰਯੁਕਤ



ਕਿਸਾਨ ਮੋਰਚੇ ਦਾ ਹਿੱਸਾ ਨਹੀਂ ਹਨ ਪਰ ਉਨ੍ਹਾਂ ਪ੍ਰਦਰਸ਼ਨ 'ਚ ਇਕਜੁੱਟਤਾ ਦਾ ਮੁਜ਼ਾਹਰਾ ਕੀਤਾ। ਟਿਕੈਤ ਨੇ ਕਿਹਾ,"ਜੇਕਰ ਸੰਯੁਕਤ ਕਿਸਾਨ ਮੋਰਚਾ ਕਮਜ਼ੋਰ ਹੋਇਆ ਤਾਂ ਸਰਕਾਰਾਂ ਕਿਸਾਨਾਂ ਨੂੰ ਦਬਾਅ ਲੈਣਗੀਆਂ।" ਕੇਂਦਰੀ ਮੰਤਰੀ ਮਿਸ਼ਰਾ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਪੂਰਾ ਮੁਲਕ ਤਿਕੁਨੀਆ ਹਿੰਸਾ ਤੋਂ ਜਾਣੂ ਹੈ ਅਤੇ ਲੋਕ ਭਲੀ-ਭਾਂਤ ਜਾਣਦੇ ਹਨ ਕਿ ਕਿਸਾਨਾਂ ਨੂੰ ਦਰੜਨ ਦੀ ਘਟਨਾ ਦਾ ਮੁੱਖ ਸਾਜ਼ਿਸ਼ਕਾਰ ਕੌਣ ਹੈ। 'ਕਿੰਨੀ ਮਾੜੀ ਗੱਲ ਹੈ ਕਿ ਮੰਤਰੀ ਅਜੇ ਵੀ ਅਹੁਦੇ 'ਤੇ ਬਣਿਆ ਹੋਇਆ ਹੈ।' ਉਨ੍ਹਾਂ ਕਿਹਾ ਕਿ ਮੰਤਰੀ ਖਿਲਾਫ ਧਾਰਾ 120ਬੀ ਤਹਿਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ। 'ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਬਰਖਾਸਤ ਕਰਨ ਤੋਂ ਇਲਾਵਾ ਜੇਲ੍ਹਾਂ 'ਚ ਬੰਦ ਬੇਕਸੂਰ ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ, ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ, ਬਿਜਲੀ ਸੋਧ ਬਿੱਲ 2022 ਵਾਪਸ ਲਿਆ ਜਾਵੇ, ਗੰਨੇ ਦੀ ਬਕਾਇਆ ਰਕਮ ਅਦਾ ਕੀਤੀ ਜਾਵੇ ਅਤੇ ਕਿਸਾਨਾਂ ਨੂੰ ਜ਼ਮੀਨਾਂ ਦੇ ਹੱਕ ਦਿੱਤੇ ਜਾਣ ਆਦਿ ਮੰਗਾਂ ਵੀ ਮੰਨੀਆਂ ਜਾਣ।' ਸ੍ਰੀ ਟਿਕੈਤ ਨੇ ਕਿਹਾ ਕਿ ਉੱਤਰ ਪ੍ਰਦੇਸ਼ ਤੇ ਉਤਰਾਖੰਡ 'ਚ ਸਿੱਖਾਂ ਦੀਆਂ ਜ਼ਮੀਨਾਂ ਖੋਹਣ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ ਅਤੇ ਸੰਯੁਕਤ ਕਿਸਾਨ ਮੋਰਚਾ ਇਹ ਬੇਇਨਸਾਫ਼ੀ ਨਹੀਂ ਹੋਣ ਦੇਵੇਗਾ। ਉਨ੍ਹਾਂ ਐਲਾਨ ਕੀਤਾ ਕਿ ਮੋਰਚੇ ਦਾ 10 ਮੈਂਬਰੀ ਵਫ਼ਦ ਜੇਲ੍ਹ 'ਚ ਬੰਦ ਚਾਰ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਲਈ ਜਾ ਰਿਹਾ ਹੈ।

## ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰ ਰਹੇ ਨੇ ਮੋਦੀ: ਕੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਪੰਜਾਬ ਦੇ ਹਜ਼ਾਰਾਂ ਕਿਸਾਨਾਂ ਵੱਲੋਂ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿਚ ਇਨਸਾਫ ਲਈ ਮੁੜ ਮੋਰਚਾ ਲਗਾਉਣ 'ਤੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਆੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਕਿਸਾਨ ਵਿਰੋਧੀ ਹੈ ਅਤੇ ਪ੍ਰਧਾਨ ਮੰਤਰੀ ਕਿਸਾਨਾਂ ਖਿਲਾਫ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਕਿਸਾਨਾਂ 'ਤੇ ਝੂਠੇ ਕੇਸ ਦਰਜ ਕਰਕੇ ਇਕ ਸਾਲ ਤੋਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ।

## ਅਸੀਂ ਹੋਰਾਂ ਮੁਕਾਬਲੇ ਕਿਸਾਨਾਂ ਲਈ ਵੱਧ ਕੰਮ ਕੀਤਾ: ਨੱਢਾ

**ਸ਼ਿਮਲਾ:** ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕਿਸਾਨਾਂ ਲਈ ਕਾਫੀ ਕੁਝ ਕੀਤਾ ਹੈ, ਜਿਸ 'ਚ ਪਿਛਲੇ ਅੱਠ ਵਰ੍ਹਿਆਂ ਦੌਰਾਨ ਖੇਤੀਬਾੜੀ ਬਜਟ 'ਚ ਚਾਰ ਗੁਣਾਂ ਵਾਧਾ ਕੀਤਾ ਜਾਣਾ ਸ਼ਾਮਲ ਹੈ। ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ 'ਚ ਪਾਉਂਟਾ ਸਾਹਿਬ 'ਚ ਮਿਊਂਸਪਲ ਕੌਂਸਲ ਦੇ ਗਰਾਊਂਡ 'ਚ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਨੱਢਾ ਨੇ ਦਾਅਵਾ ਕੀਤਾ ਕਿ ਮੌਜੂਦਾ ਸਰਕਾਰ ਦੇ ਮੁਕਾਬਲੇ ਕਿਸੇ ਵੀ ਸਰਕਾਰ ਨੇ ਕਿਸਾਨਾਂ ਲਈ ਇੰਨਾ ਕੁਝ ਨਹੀਂ ਕੀਤਾ।

ਪੰਜਾਬ ਟਾਈਮਜ਼

*ਸਨਿਚਰਵਾਰ, 27 ਅਗਸਤ 2022*

# ਕਿਸਾਨਾਂ ਦਾ ਸੰਘਰਸ਼

ਕਿਸਾਨਾਂ ਦਾ ਅੰਦੋਲਨ ਇਕ ਵਾਰ ਫਿਰ ਭਖਣ ਲੱਗਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਲਖੀਮਪੁਰ ਖੀਰੀ (ਉਤਰ ਪ੍ਰਦੇਸ਼) ਵਿਚ 75 ਘੰਟੇ ਦਾ ਧਰਨਾ ਲਾਇਆ ਅਤੇ ਫਿਰ ਸੰਯੁਕਤ ਮੋਰਚਾ (ਗੈਰ-ਰਾਜਨੀਤਕ) ਦੇ ਬੈਨਰ ਹੇਠ ਕਿਸਾਨਾਂ ਦੇ ਇਕ ਹੋਰ ਗਰੁੱਪ ਨੇ ਦਿੱਲੀ ਦੇ ਜੰਤਰ-ਮੰਤਰ ਵਿਚ ਕਿਸਾਨੀ ਮੰਗਾਂ ਲਈ ਰੋਸ ਧਰਨਾ ਦਿੱਤਾ। ਇਸ ਧਰਨੇ ਦੌਰਾਨ ਲਖੀਮਪੁਰ ਖੀਰੀ ਦੇ ਪੀੜਤਾਂ ਨੂੰ ਇਨਸਾਫ ਦੇਣ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੀ ਬਰਖਾਸਤਗੀ, ਸਵਾਮੀਨਾਥਨ ਰਿਪੋਰਟ ਸਹੀ ਰੂਪ ਵਿਚ ਲਾਗੂ ਕਰਨ, ਬਿਜਲੀ ਸੋਧ ਬਿਲ-2022 ਵਾਪਸ ਲੈਣ ਸਮੇਤ ਅਨੇਕਾਂ ਮੰਗਾਂ ਉਭਾਰੀਆਂ ਗਈਆਂ। ਲਖੀਮਪੁਰੀ ਖੀਰੀ ਵਾਂਗ ਹੀ ਪੰਜਾਬ ਤੋਂ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਨਵੀਂ ਦਿੱਲੀ ਵਾਲੇ ਧਰਨੇ ਵਿਚ ਸ਼ਮੂਲੀਅਤ ਕੀਤੀ। ਖੇਤੀ ਖੇਤਰ ਸੱਚਮੁੱਚ ਗੰਭੀਰ ਸੰਕਟ ਵਿਚੋਂ ਲੰਘ ਰਿਹਾ ਹੈ। ਨਰਮੇ ਦੀ ਫਸਲ ਸੁੰਡੀਆਂ ਦੀ ਮਾਰ ਹੇਠ ਆਈ ਹੈ ਅਤੇ ਹੜ੍ਹਾਂ ਕਾਰਨ ਹਜ਼ਾਰਾਂ ਏਕੜ ਫਸਲ ਤਬਾਹ ਹੋਈ ਹੈ। ਇਸ ਤੋਂ ਬਾਅਦ ਗੰਢ ਰੋਗ (ਲੰਪੀ ਸਕਿਨ) ਦੇ ਵਾਇਰਸ ਕਾਰਨ ਗਾਵਾਂ ਦੀਆਂ ਮੌਤਾਂ ਕਾਰਨ ਕਿਸਾਨਾਂ ਨੂੰ ਘਾਟਾ ਸਹਿਣਾ ਪਿਆ ਹੈ ਅਤੇ ਹੁਣ ਇਕ ਹੋਰ ਵਾਇਰਸ ਕਾਰਨ ਸੂਰਾਂ ਦੀਆਂ ਮੌਤਾਂ ਹੋ ਰਹੀਆਂ ਹਨ। ਇਸ ਨਾਲੇ ਕਿਸਾਨਾਂ ਦਾ ਸੰਕਟ ਹੋਰ ਵਧ ਗਿਆ ਹੈ।

ਇਸ ਵਕਤ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਕੇਂਦਰ ਵਿਚ ਕਾਬਜ਼ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਜਿਸ ਦੀ ਅਗਵਾਈ ਨਰਿੰਦਰ ਮੋਦੀ ਕਰ ਰਹੇ ਹਨ, ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਨਾ ਚਾਹੁੰਦੀ। ਸਰਕਾਰ ਦੀ ਮੁੱਖ ਯੋਜਨਾ ਇਹ ਹੈ ਕਿ ਖੇਤੀ ਸੈਕਟਰ ਕਿਸਾਨਾਂ ਤੋਂ ਖੋਹ ਕੇ ਕਾਰਪੋਰੇਟਾਂ ਨੂੰ ਸੌਂਪ ਦਿੱਤਾ ਜਾਵੇ। ਇਸ ਯੋਜਨਾ ਤਹਿਤ ਹੀ ਇਹ ਕਰੋਨਾ ਮਹਾਮਾਰੀ ਦੌਰਾਨ ਤਿੰਨ ਖੇਤੀ ਆਰਡੀਨੈਂਸ ਲੈ ਕੇ ਆਈ ਸੀ ਜੋ ਬਾਅਦ ਵਿਚ ਛੇਤੀ ਹੀ ਸੰਸਦ ਵਿਚ ਪਾਸ ਕਰਕੇ ਕਾਨੂੰਨ ਬਣਾ ਦਿੱਤੇ ਗਏ। ਕਿਸਾਨ ਜਥੇਬੰਦੀਆਂ ਖਾਸ ਕਰਕੇ ਪੰਜਾਬ ਅਤੇ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਕਾਨੂੰਨਾਂ ਖਿਲਾਫ ਅੰਦੋਲਨ ਚਲਾਇਆ। ਪਹਿਲਾਂ-ਪਹਿਲ ਇਹ ਅੰਦੋਲਨ ਪੰਜਾਬ ਵਿਚ ਸ਼ੁਰੂ ਹੋਇਆ ਪਰ ਮਗਰੋਂ ਇਹ ਹਰਿਆਣਾ ਵਿਚ ਵੀ ਫੈਲ ਗਿਆ ਅਤੇ ਫਿਰ ਜਿਉਂ-ਜਿਉਂ ਕਿਸਾਨ ਇਸ ਅੰਦੋਲਨ ਨਾਲ ਜੁੜਦੇ ਗਏ, ਹੋਰ ਸੂਬਿਆਂ ਅੰਦਰ ਵੀ ਇਨ੍ਹਾਂ ਕਾਨੂੰਨਾਂ ਖਿਲਾਫ ਮੋਰਚਾਬੰਦੀ ਹੋਣ ਲੱਗੀ। ਫਿਰ ਤਾਂ ਪੂਰਾ ਇਕ ਸਾਲ ਦਿੱਲੀ ਦੀਆਂ ਬਰੂਹਾਂ 'ਤੇ ਬੜਾ ਲੰਮਾ ਅਤੇ ਮਿਸਾਲੀ ਕਿਸਾਨ ਅੰਦੋਲਨ ਚੱਲਿਆ ਅਤੇ ਮੋਦੀ ਸਰਕਾਰ ਨੂੰ ਆਖਰਕਾਰ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਪਏ।

ਉਂਝ ਤੱਥ ਇਹ ਵੀ ਹਨ ਜਦੋਂ ਕਰੋਨਾ ਮਹਾਮਾਰੀ ਕਾਰਨ ਸਾਰਾ ਕੁਝ ਠੱਪ ਹੋ ਕੇ ਰਹਿ ਗਿਆ ਸੀ ਅਤੇ ਮੁਲਕ ਦਾ ਹਰ ਖੇਤਰ ਘਾਟੇ ਵਿਚ ਚਲਾ ਗਿਆ ਸੀ ਤਾਂ ਇਹ ਸਿਰਫ ਖੇਤੀ ਖੇਤਰ ਹੀ ਸੀ ਜਿਸ ਵਿਚ ਵਿਕਾਸ ਦਰ ਰਿਕਾਰਡ ਹੋਈ ਸੀ ਪਰ ਮੋਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਸਾਬਾਸ਼ ਦੇਣ ਦੀ ਥਾਂ ਉਨ੍ਹਾਂ ਤੋਂ ਜ਼ਮੀਨਾਂ ਖੋਹਣ ਦੀਆਂ ਯੋਜਨਾਵਾਂ ਉਲੀਕ ਲਈਆਂ ਗਈਆਂ। ਅਸਲ ਵਿਚ ਮੋਦੀ ਸਰਕਾਰ ਹੌਲੀ-ਹੌਲੀ ਕਰਕੇ ਹਰ ਖੇਤਰ ਵਿਚ ਕਾਰਪੋਰੇਟਾਂ ਦਾ ਦਖਲ ਵਧਾ ਰਹੀ ਹੈ। ਹੋਰ ਤਾਂ ਹੋਰ, ਕਾਰਪੋਰੇਟਾਂ ਦਾ ਕਰਜ਼ਾ ਵੀ ਲਗਾਤਾਰ ਮੁਆਫ ਕੀਤਾ ਜਾ ਰਿਹਾ ਹੈ ਜਦਕਿ ਕਮਾਈ ਕਰਕੇ ਦੇਣ ਵਾਲੇ ਅਤੇ ਸਮੁੱਚੇ ਮੁਲਕ ਦੇ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨਾਂ ਦੇ ਕਰਜ਼ੇ ਉਤੇ ਲੀਕ ਨਹੀਂ ਫੇਰੀ ਜਾ ਰਹੀ ਅਤੇ ਨਾ ਹੀ ਖੇਤੀ ਨੂੰ ਲਾਹੇਵੰਦਾ ਧੰਦਾ ਬਣਾਉਣ ਲਈ ਕੋਈ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਕਿਸਾਨ ਅਤੇ ਕਿਸਾਨ ਜਥੇਬੰਦੀਆਂ ਚਿਰਾਂ ਤੋਂ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੀ ਮੰਗ ਕਰ ਰਹੀਆਂ ਹਨ ਪਰ ਇਹ ਰਿਪੋਰਟ ਸਹੀ ਰੂਪ ਵਿਚ ਲਾਗੂ ਨਹੀਂ ਕੀਤੀ ਜਾ ਰਹੀ। ਸਿੱਟੇ ਵਜੋਂ ਖੇਤੀ ਦਾ ਖਰਚਾ ਲਗਾਤਾਰ ਵਧ ਰਿਹਾ ਹੈ ਜਿਸ ਕਾਰਨ ਕਿਸਾਨਾਂ ਦੀ ਕਮਾਈ ਘਟ ਰਹੀ ਹੈ। ਉਨ੍ਹਾਂ ਨੂੰ ਅਗਾਂਹ ਤੋਂ ਅਗਾਂਹ ਕਰਜ਼ਾ ਲੈਣਾ ਪੈ ਰਿਹਾ ਹੈ। ਭਾਰਤੀ ਜਨਤਾ ਪਾਰਟੀ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ ਪਰ ਇਹ ਆਮਦਨ ਦੁੱਗਣੀ ਕਿਸ ਤਰ੍ਹਾਂ ਹੋਣੀ ਹੈ, ਇਸ ਬਾਰੇ ਕਦੀ ਕੁਝ ਨਹੀਂ ਦੱਸਿਆ। ਹੋਰ ਤਾਂ ਹੋਰ, ਮੋਦੀ ਸਰਕਾਰ ਕਿਸਾਨ ਅੰਦੋਲਨ ਦੀ ਸਮਾਪਤੀ ਮੌਕੇ ਕੀਤੇ ਵਾਅਦੇ ਤੱਕ ਭੁੱਲ ਗਈ ਹੈ ਜਿਸ ਕਾਰਨ ਹੁਣ ਕਿਸਾਨਾਂ ਨੂੰ ਇਕ ਵਾਰ ਫਿਰ ਸੰਘਰਸ਼ ਦੇ ਰਾਹ ਪੈਣਾ ਪੈ ਰਿਹਾ ਹੈ।

ਪਿਛਲੇ ਸਾਲ ਦਸੰਬਰ ਵਿਚ ਅੰਦੋਲਨ ਜਿੱਤ ਕੇ ਵਾਪਸ ਆਏ ਕਿਸਾਨ ਆਗੂ ਅਤੇ ਜਥੇਬੰਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਈ ਹਿੱਸਿਆਂ ਵਿਚ ਵੰਡੇ ਗਏ ਸਨ। ਹੁਣ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਤੋਂ ਬਾਅਦ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਉੱਤੇ ਫਸਲ ਖਰੀਦ ਦੀ ਕਾਨੂੰਨੀ ਗਰੰਟੀ ਦੀ ਮੰਗ ਮੰਨਣ ਦੇ ਰੌਂਅ ਵਿਚ ਦਿਖਾਈ ਨਹੀਂ ਦਿੰਦੀ। ਇਸ ਲਈ ਕਿਸਾਨ ਜੱਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਪਹਿਲੇ ਅੰਦੋਲਨ ਵਾਂਗ ਆਪਣੇ ਆਪਸੀ ਮਤਭੇਦ ਭੁਲਾ ਕੇ ਇਕ ਮੰਚ ਉਤੇ ਇਕੱਠੀਆਂ ਹੋਣ ਅਤੇ ਮੋਦੀ ਸਰਕਾਰ ਨੂੰ ਕੀਤੇ ਵਾਅਦੇ ਨਿਭਾਉਣ ਅਤੇ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ ਲਈ ਮਜਬੂਰ ਕਰਨ। ਸੰਘਰਸ਼ ਦਾ ਇਹ ਰਾਹ ਅੜਿੱਕਿਆਂ ਭਰਿਆ ਹੋਵੇਗਾ ਕਿਉਂਕਿ ਇਸ ਵਕਤ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਚੜ੍ਹਤ ਵਿਚ ਹੈ ਅਤੇ ਸੰਸਦ ਵਿਚ ਵੀ ਇਸ ਨੂੰ ਭਰਵੀਂ ਬਹੁਮਤ ਹਾਸਲ ਹੈ। ਹਾਲ ਹੀ ਵਿਚ ਹੋਏ ਸੰਸਦੀ ਸੈਸ਼ਨ ਤੋਂ ਵੀ ਸਪਸ਼ਟ ਹੋ ਗਿਆ ਹੈ ਕਿ ਇਹ ਸਰਕਾਰ ਕਿੰਨੀ ਮਨਮਰਜ਼ੀ ਕਰ ਰਹੀ ਹੈ। ਇਹ ਬਿਜਲੀ ਸੋਧ ਬਿੱਲ-2022 ਸੰਸਦ ਵਿਚ ਲੈ ਆਈ ਹਾਲਾਂਕਿ ਇਸ ਨੇ ਵਾਅਦਾ ਕੀਤਾ ਸੀ ਕਿ ਕਿਸਾਨਾਂ ਸਮੇਤ ਸਾਰੀਆਂ ਸਬੰਧਿਤ ਧਿਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਹੀ ਇਹ ਬਿਲ ਸੰਸਦ ਵਿਚ ਲਿਆਂਦਾ ਜਾਵੇਗਾ। ਵਿਰੋਧੀ ਧਿਰ ਦੀ ਤਿੱਖੀ ਮੁਖਾਲਫਤ ਕਾਰਨ ਇਹ ਬਿਲ ਵਿਚਾਰਨ ਲਈ ਫਿਲਹਾਲ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ ਹੈ। ਹੁਣ ਕਿਸਾਨ ਜਥੇਬੰਦੀਆਂ ਨੂੰ ਆਪਣੀ ਰਣਨੀਤੀ ਇਸ ਹਿਸਾਬ ਨਾਲ ਘੜਨੀ ਚਾਹੀਦੀ ਹੈ ਕਿ ਸਰਕਾਰ ਨੂੰ ਇਹ ਬਿਜਲੀ ਬਿਲ ਵਾਪਸ ਲੈਣ ਲਈ ਤਾਂ ਮਜਬੂਰ ਹੋਣਾ ਹੀ ਪਵੇ, ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ ਵੀ ਮਨਵਾਈਆਂ ਜਾ ਸਕਣ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਏਕਾ ਕਰਕੇ ਘੋਲ ਅਗਾਂਹ ਵਧਾਉਣਾ ਪਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਫੇਸ-ਬੁੱਕੀ ਯਾਰੀ ਦਾ ਕੱਚ-ਸੱਚ

ਫੋਟੋ ਦੇਖ 'ਪ੍ਰੋਫਾਈਲ' 'ਤੇ ਟੌਹਰ ਵਾਲ਼ੀ, 'ਘੈਂਟ' ਲਿਖ ਕੇ ਜਾਣ ਬਲਿਹਾਰ ਮਿੱਤਰ।
ਠੂੰਗੇ ਮਾਰ ਕੇ ਦੋ ਕੁ ਹੀ 'ਪੋਸਟਾਂ' 'ਤੇ, ਬਣਦੇ ਝੱਟ ਹੀ ਮਰਦ ਤੇ ਨਾਰ ਮਿੱਤਰ।
ਬਿਨਾਂ ਜਾਣ-ਪਹਿਚਾਣ ਦੇ ਕਰਨ ਸਿਫਤਾਂ, ਪਰਖਣ ਕਿਸ ਤਰ੍ਹਾਂ ਇੱਥੇ ਕਿਰਦਾਰ ਮਿੱਤਰ।
ਇੱਥੇ 'ਲਾਈਕ-ਕੁਮੈਂਟ' ਹੀ ਗਿਣਨ ਬਹੁਤੇ, ਕਰਦੇ ਰਹਿਣ ਜੋ ਫਰਮਾਂ ਬਰਦਾਰ ਮਿੱਤਰ।
ਪ੍ਰੀਤ ਪਿੱਤਲ਼ ਤੇ ਸੋਨਾ ਸੀ ਸਾਕ ਕਹਿੰਦੇ, ਬਦਲ ਗਿਆ ਪੁਰਾਣਾ ਵਿਹਾਰ ਮਿੱਤਰ।
ਰਿਸ਼ਤੇਦਾਰਾਂ ਦੇ ਨਾਲ ਨਹੀਂ ਬੋਲ-ਬਾਣੀ, 'ਫੇਸ-ਬੁੱਕ' 'ਤੇ ਪੰਜ ਹਜ਼ਾਰ ਮਿੱਤਰ!

# ਮੌਜੂਦਾ ਕਿਸਾਨ ਅੰਦੋਲਨ ਅਤੇ ਇਸ ਦਾ ਮਹੱਤਵ

*ਕਿਸਾਨ ਅੰਦੋਲਨ ਇਕ ਵਾਰ ਫਿਰ ਆਰੰਭ ਹੋ ਗਿਆ ਹੈ। ਇਸ ਅੰਦੋਲਨ ਨੇ ਆਪਣੀ ਲੋਕ-ਸ਼ਕਤੀ ਦੇ ਸਿਰ 'ਤੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ ਸਨ ਪਰ ਉਸ ਵਕਤ ਮੋਦੀ ਸਰਕਾਰ ਵੱਲੋਂ ਕੀਤੇ ਲਿਖਤੀ-ਅਲਿਖਤੀ ਵਾਅਦੇ ਅਜੇ ਤੱਕ ਨਿਭਾਏ ਨਹੀਂ ਗਏ। ਇਸ ਸਿਲਸਿਲੇ ਵਿਚ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਲਖੀਮਪੁਰ ਖੀਰੀ (ਉਤਰ ਪ੍ਰਦੇਸ਼) ਵਿਚ ਕਿਸਾਨਾਂ ਦਾ 75 ਘੰਟੇ ਦਾ ਵਿਸ਼ਾਲ ਰੋਸ ਵਿਖਾਵਾ ਜਥੇਬੰਦ ਕੀਤਾ ਗਿਆ। ਇਸੇ ਤਰ੍ਹਾਂ ਇਕ ਹੋਰ ਧਿਰ ਨੇ ਸੰਯੁਕਤ ਮੋਰਚੇ ਦੀ ਅਗਵਾਈ ਵਿਚ ਨਵੀਂ ਦਿੱਲੀ ਵਿਚ ਜੰਤਰ-ਮੰਤਰ ਵਿਖੇ ਵੱਡਾ ਇਕੱਠ ਕੀਤਾ। ਅੱਜ ਦੇ ਦੌਰ ਵਿਚ ਜਦੋਂ ਮੋਦੀ ਸਰਕਾਰ ਹਰ ਕਿਸੇ ਨੂੰ ਦਰੜ ਰਹੀ ਹੈ, ਇਸ ਕਿਸਾਨ ਅੰਦੋਲਨ ਦੀ ਬੇਹੱਦ ਅਹਿਮੀਅਤ ਹੈ ਜਿਸ ਬਾਰੇ ਵਿਸਥਾਰ ਸਹਿਤ ਚਰਚਾ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*



ਨਵਕਿਰਨ ਸਿੰਘ ਪੱਤੀ
**ਈਮੇਲ:** n4navkiran@gmail.com

ਲਖੀਮਪੁਰ ਖੀਰੀ (ਉੱਤਰ ਪ੍ਰਦੇਸ਼) ਵਿਚ ਹੋਏ ਵਿਸ਼ਾਲ ਇਕੱਠ ਤੋਂ ਸਪਸ਼ਟ ਨਜ਼ਰ ਆਉਂਦਾ ਹੈ ਕਿ ਮੁਲਕ ਵਿਚ ਕਿਸਾਨ ਅੰਦੋਲਨ ਦਾ ਮੁੜ ਉਭਾਰ ਆਇਆ ਹੈ। ਅੱਜ ਜਦ ਭਾਰਤੀ ਹਕੂਮਤ ਵੱਖ-ਵੱਖ ਲੋਕ ਸੰਘਰਸ਼ਾਂ ਨੂੰ ਡੰਡੇ, ਗੋਲੀ ਤੇ ਬੁਲਡੋਜ਼ਰ ਮੁਹਿੰਮ ਰਾਹੀਂ ਦਬਾਉਣ ਲੱਗੀ ਹੋਈ ਹੈ ਅਤੇ ਸਰਕਾਰ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ ਤਾਂ ਕਿਸਾਨ ਸੰਘਰਸ਼ ਮੁਲਕ ਭਰ ਵਿਚ ਚਾਨਣ ਮੁਨਾਰਾ ਬਣਿਆ ਹੋਇਆ ਹੈ। ਕਿਸਾਨ ਸੰਘਰਸ਼ ਜਿੱਥੇ ਕਿਸਾਨਾਂ, ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਈ ਜੱਦੋ-ਜਹਿਦ ਕਰ ਰਿਹਾ ਹੈ, ਉੱਥੇ ਮੁਲਕ ਵਿਚ ਥੋਪੀ ਹੋਈ ਅਣਐਲਾਨੀ ਐਮਰਜੈਂਸੀ ਵਿਰੁੱਧ ਜਮਹੂਰੀ ਲੋਕਾਂ ਦੀ ਬੁਲੰਦ ਆਵਾਜ਼ ਬਣਿਆ ਹੋਇਆ ਹੈ। ਕਿਸਾਨ ਅੰਦੋਲਨ ਨੇ ਕਾਰਪੋਰੇਟ ਵਿਕਾਸ ਮਾਡਲ ਨੂੰ ਵੱਡੀ ਚੁਣੌਤੀ ਦਿੱਤੀ ਜਿਸ ਕਾਰਨ ਬੀਤੇ ਵਰ੍ਹੇ ਇਸ ਕਿਸਾਨ ਅੰਦੋਲਨ ਦੀ ਗੂੰਜ ਦੁਨੀਆ ਭਰ ਵਿਚ ਸੁਣਾਈ ਦਿੱਤੀ।

ਇਸ ਕਿਸਾਨ ਸੰਘਰਸ਼ ਦੀ ਇੱਕ ਵਾਜਬੀਅਤ ਇਹ ਵੀ ਬਣਦੀ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਉਪਰੰਤ ਦਿੱਲੀ ਮੋਰਚਾ ਚੁੱਕਣ ਸਮੇਂ ਮੋਦੀ ਸਰਕਾਰ ਨੇ ਕਿਸਾਨਾਂ ਨਾਲ ਕਈ ਲਿਖਤੀ ਵਾਅਦੇ ਕੀਤੇ ਸਨ ਪਰ ਹੁਣ ਇਨ੍ਹਾਂ ਵਾਅਦਿਆਂ ਤੋਂ ਕੇਂਦਰ ਸਰਕਾਰ ਭੱਜ ਚੁੱਕੀ ਹੈ। ਇਸ ਸੂਰਤ ਵਿਚ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਵਿਸ਼ਾਲ ਸੰਘਰਸ਼ ਦੀ ਮਹੱਤਤਾ ਬਹੁਤ ਜ਼ਿਆਦਾ ਬਣਦੀ ਹੈ।

ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ 3 ਅਕਤੂਬਰ 2021 ਨੂੰ ਲਖੀਮਪੁਰ ਖੀਰੀ 'ਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਪੁੱਤਰ ਅਸ਼ੀਸ਼ ਮਿਸ਼ਰਾ ਅਤੇ ਉਸ ਦੇ ਸਾਥੀਆਂ ਨੇ ਗੱਡੀਆਂ ਚੜ੍ਹਾ ਦਿੱਤੀਆਂ ਸਨ ਜਿਸ ਕਾਰਨ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਮਾਰੇ ਗਏ ਸਨ। ਇਸ ਮੌਕੇ ਤਿੰਨ ਭਾਜਪਾ ਕਾਰਕੁਨਾਂ ਦੀ ਵੀ ਮੌਤ ਹੋ ਗਈ ਸੀ। ਸੁਪਰੀਮ ਕੋਰਟ ਦੀ ਦੇਖ-ਰੇਖ ਵਿਚ ਹੋਈ ਜਾਂਚ ਦੌਰਾਨ ਐੱਸ.ਆਈ.ਟੀ. ਇਸ ਨਤੀਜੇ 'ਤੇ ਪਹੁੰਚੀ ਸੀ ਕਿ ਇਹ ਅਚਾਨਕ ਵਾਪਰੀ ਘਟਨਾ ਨਹੀਂ ਬਲਕਿ ਗਿਣੀ ਮਿਥੀ ਸਾਜ਼ਿਸ਼ ਸੀ।

ਐੱਸ.ਆਈ.ਟੀ. ਦੀ ਇਸ ਟਿੱਪਣੀ ਤੋਂ ਬਾਅਦ ਕੇਂਦਰ ਸਰਕਾਰ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕਰਕੇ ਉਸ ਖਿਲਾਫ ਬਣਦੀ ਕਾਰਵਾਈ ਕਰਦੀ ਪਰ ਸਰਕਾਰ ਨੇ ਅੱਜ ਤੱਕ ਅਜੇ ਮਿਸ਼ਰਾ ਨੂੰ ਮੰਤਰੀ ਦੇ ਅਹੁਦੇ ਉੱਤੇ ਬਿਠਾਇਆ ਹੋਇਆ ਹੈ। ਪੁਲਿਸ ਮਹਿਕਮਾ ਗ੍ਰਹਿ ਮੰਤਰੀ ਤੋਂ ਬਾਹਰ ਨਹੀਂ ਹੋ ਸਕਦਾ, ਇਸ ਲਈ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਗ੍ਰਹਿ ਰਾਜ ਮੰਤਰੀ ਸਬੂਤਾਂ, ਗਵਾਹਾਂ ਅਤੇ ਜਾਂਚ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹਕੀਕਤ ਇਹ ਹੈ ਕਿ ਸਰਕਾਰ ਉੱਤਰ ਪ੍ਰਦੇਸ਼ ਵਿਚ ਖਾਸ ਵਰਗ ਦੀਆਂ ਵੋਟਾਂ ਹਾਸਲ ਕਰਨ ਲਈ ਲਖੀਮਪੁਰ ਖੀਰੀ ਕਾਂਡ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੀ ਸ਼ਮੂਲੀਅਤ ਬਾਰੇ ਕੋਈ ਪੁਖਤਾ ਜਾਂਚ ਕਰਵਾਉਣ ਦੀ ਬਜਾਇ ਉਸ ਨੂੰ ਸਰਪ੍ਰਸਤੀ ਦੇ ਰਹੀ ਹੈ।

ਦੂਜੇ ਪਾਸੇ ਲਖੀਮਪੁਰ ਖੀਰੀ ਮਾਮਲੇ ਵਿਚ ਬੇਕਸੂਰ ਕਿਸਾਨ ਧਾਰਾ 302 ਤਹਿਤ ਜੇਲ੍ਹ ਵਿਚ ਬੰਦ ਹਨ। ਜਦ ਐਸ.ਆਈ.ਟੀ. ਇਸ ਮਸਲੇ ਨੂੰ 'ਯੋਜਨਾਬੱਧ' ਕਹਿ ਰਹੀ ਹੈ ਤਾਂ ਉਨ੍ਹਾਂ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨਾ ਬਣਦਾ ਹੈ ਅਤੇ ਉਨ੍ਹਾਂ ਖਿਲਾਫ ਦਰਜ ਕੇਸ ਤੁਰੰਤ ਵਾਪਸ ਲੈਣੇ ਚਾਹੀਦੇ ਹਨ ਪਰ ਸਰਕਾਰੀ ਵਕੀਲ ਅਦਾਲਤ ਵਿਚ ਇਸ ਗੱਲ ਦੀ ਲਗਾਤਾਰ ਪੈਰਵੀ ਕਰ ਰਹੇ ਹਨ ਕਿ ਉਹਨਾਂ ਨੂੰ ਜ਼ਮਾਨਤ ਨਾ ਮਿਲੇ। ਸੰਯੁਕਤ ਕਿਸਾਨ ਮੋਰਚਾ ਨਾਲ ਉੱਤਰ ਪ੍ਰਦੇਸ਼ ਸਰਕਾਰ ਦੇ ਵਾਅਦੇ ਅਨੁਸਾਰ ਵੀ ਜੇਲ੍ਹਾਂ ਵਿਚ ਬੰਦ ਕਿਸਾਨ ਰਿਹਾਅ ਕਰਨੇ ਬਣਦੇ ਸਨ। ਇਹਨਾਂ ਵਿਚ ਉਹ ਕਿਸਾਨ ਸ਼ਾਮਲ ਹਨ ਜਿਨ੍ਹਾਂ ਦੇ ਪਰਿਵਾਰਾਂ ਨੇ ਤਰਾਈ ਇਲਾਕੇ ਦੀਆਂ ਬੇਆਬਾਦ ਜ਼ਮੀਨਾਂ ਆਪਣੀ ਮਿਹਨਤ ਨਾਲ ਉਪਜਾਊ ਬਣਾਈਆਂ। ਸਰਕਾਰ ਨੇ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਅਤੇ ਜ਼ਖਮੀ ਕਿਸਾਨਾਂ ਨੂੰ



ਅਜੇ ਤੱਕ ਮੁਆਵਜ਼ਾ ਦੇਣ ਦਾ ਆਪਣਾ ਵਾਅਦਾ ਵੀ ਪੂਰਾ ਨਹੀਂ ਕੀਤਾ।

ਕੇਂਦਰ ਸਰਕਾਰ ਨੇ ਨਵੰਬਰ 2021 ਦੌਰਾਨ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦਾ ਅੰਦੋਲਨ ਖਤਮ ਕਰਵਾਉਣ ਸਮੇਂ ਸੰਯੁਕਤ ਕਿਸਾਨ ਮੋਰਚੇ ਨੂੰ ਲਿਖਤੀ ਭਰੋਸਾ ਦਿੱਤਾ ਸੀ ਕਿ ਸਾਰੀਆਂ ਸਬੰਧਿਤਾਂ ਧਿਰਾਂ ਦੇ ਸ਼ੰਕੇ ਦੂਰ ਕਰਨ ਤੋਂ ਬਾਅਦ ਹੀ ਬਿਜਲੀ ਸੋਧ ਬਿੱਲ ਸੰਸਦ ਵਿਚ ਪੇਸ਼ ਕੀਤਾ ਜਾਵੇਗਾ ਪਰ ਇਸ ਵਾਅਦੇ ਦੇ ਉਲਟ ਕਿਸਾਨਾਂ ਅਤੇ ਵਿਰੋਧੀ ਧਿਰਾਂ ਨਾਲ ਸਲਾਹ-ਮਸ਼ਵਰਾ ਕਰੇ ਬਗੈਰ ਬਿਜਲੀ ਸੋਧ ਬਿੱਲ-2022 ਨੂੰ ਸੰਸਦ ਵਿਚ ਪੇਸ਼ ਕੀਤਾ ਗਿਆ ਹਾਲਾਂਕਿ ਲੋਕਾਂ ਦੇ ਜ਼ਬਰਦਸਤ ਵਿਰੋਧ ਤੋਂ ਬਾਅਦ ਇਹ ਬਿੱਲ ਸੰਸਦ ਦੀ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ। ਬਿਜਲੀ ਸੋਧ ਬਿੱਲ ਜਿੱਥੇ ਬਿਜਲੀ ਸਬਸਿਡੀ ਲੈ ਰਹੇ ਕਿਸਾਨਾਂ, ਮਜ਼ਦੂਰਾਂ ਦਾ ਵਿਰੋਧੀ ਹੈ, ਉੱਥੇ ਹੀ ਇਹ ਮੁਲਕ ਦੇ ਫੈਡਰਲ ਢਾਂਚੇ ਉੱਤੇ ਹਮਲਾ ਹੈ ਜੋ ਇਸ ਖੇਤਰ ਵਿਚ ਰਾਜਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਦੇਵੇਗਾ।

ਦਿੱਲੀ ਮੋਰਚਾ ਚੁੱਕਣ ਸਮੇਂ ਸਰਕਾਰ ਨੇ ਸੰਯੁਕਤ ਕਿਸਾਨ ਮੋਰਚਾ ਨਾਲ ਐਮ.ਐਸ.ਪੀ. ਦੇ ਮਸਲੇ 'ਤੇ ਕਮੇਟੀ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਹੁਣ ਕਮੇਟੀ ਬਣਾਉਣ ਦੇ ਨਾਮ 'ਤੇ ਸਿਰਫ ਖਾਨਾਪੂਰਤੀ ਕੀਤੀ ਗਈ ਹੈ। ਸੰਘਰਸ਼ਸ਼ੀਲ ਕਿਸਾਨ ਸੰਗਠਨਾਂ ਨੂੰ ਅਣਗੌਲਿਆਂ ਕਰਕੇ ਐਮ.ਐਸ.ਪੀ. ਬਾਰੇ ਕਮੇਟੀ ਵਿਚ ਸਰਕਾਰ ਪੱਖੀ ਸੰਗਠਨਾਂ, ਸਰਕਾਰੀ ਅਧਿਕਾਰੀਆਂ ਦੀ ਭਰਮਾਰ ਨਜ਼ਰ ਆਉਂਦੀ ਹੈ। ਮੁਲਕ ਦੇ ਅੰਨ ਭੰਡਾਰ ਭਰਨ ਵਾਲੇ ਪੰਜਾਬ, ਹਰਿਆਣਾ ਨੂੰ ਇਸ ਕਮੇਟੀ ਵਿਚ ਕੋਈ ਅਹਿਮੀਅਤ ਨਾ ਦੇਣਾ ਕੇਂਦਰ ਸਰਕਾਰ ਦੀ ਗਿਣੀ ਮਿੱਥੀ ਸਾਜ਼ਿਸ਼ ਹੈ। ਸੰਯੁਕਤ ਕਿਸਾਨ ਮੋਰਚਾ ਦੀ ਦਲੀਲ ਬਿਲਕੁੱਲ ਦਰੁਸਤ ਹੈ ਕਿ ਉਸ ਕਮੇਟੀ ਵਿਚ ਜਾਣ ਦੀ ਕੋਈ ਤੁਕ ਨਹੀਂ ਹੈ ਜਿਸ ਵਿਚ ਸਰਕਾਰ ਨੇ ਆਪਣੇ ਬਹੁਗਿਣਤੀ ਮੈਂਬਰਾਂ ਨਾਲ ਆਪਣੀ ਗੱਲ 'ਤੇ ਮੋਹਰ ਲਵਾਉਣੀ ਹੈ। ਅਗਲੀ ਗੱਲ ਇਹ ਕਿ ਇਸ ਕਮੇਟੀ ਕੋਲ ਐਮ.ਐਸ.ਪੀ. ਦੀ ਗਾਰੰਟੀ ਦੇਣ ਦਾ ਕੋਈ ਅਧਿਕਾਰ ਹੈ ਹੀ ਨਹੀਂ ਹੈ। ਜਦ ਮੁਲਕ ਦੇ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਸੰਸਦ ਵਿਚ ਖੜ੍ਹ ਕੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ ਤੋਂ ਪੱਲਾ ਝਾੜ ਚੁੱਕੇ ਹਨ ਤਾਂ ਅਜਿਹੀ ਕਮੇਟੀ ਦੀ ਕੋਈ ਤੁਕ ਨਹੀਂ ਬਣਦੀ। ਬਣਦਾ ਤਾਂ ਇਹ ਹੈ ਕਿ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਫਾਰਮੂਲੇ (ਸੀ-2+50 ਫੀਸਦ) ਨਾਲ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦੇਣ ਲਈ ਕਾਨੂੰਨ ਬਣਾਇਆ ਜਾਵੇ।

ਕੇਂਦਰ ਸਰਕਾਰ ਵੱਲੋਂ ਐਮ.ਐਸ.ਪੀ. ਬਾਰੇ ਬਣਾਈ ਕਮੇਟੀ ਅਤੇ ਇਸ ਦਾ ਐਲਾਨਿਆ ਏਜੰਡਾ ਕਿਸਾਨ ਮੰਗਾਂ ਦੇ ਉਲਟ ਹੈ। ਇਸ ਕਮੇਟੀ ਨੂੰ ਰੱਦ ਕਰਕੇ ਸਾਰੀਆਂ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਵਿਕਰੀ ਦੀ ਗਰੰਟੀ ਦੇਣ ਲਈ ਕਮੇਟੀ ਦਾ ਮੁੜ ਗਠਨ ਕਰਨਾ ਬਣਦਾ ਹੈ। ਸਰਕਾਰ ਨੂੰ ਆਪਣੇ ਵਾਅਦੇ ਅਨੁਸਾਰ ਕਿਸਾਨ ਅੰਦੋਲਨ ਦੌਰਾਨ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਕਿਸਾਨਾਂ ਖਿਲਾਫ ਦਰਜ ਸਾਰੇ ਪੁਲਿਸ ਕੇਸ ਵਾਪਸ ਲੈਣੇ ਬਣਦੇ ਸਨ। ਅਜੇ ਤੱਕ ਵੀ ਸਾਰੇ ਕੇਸਾਂ ਦੀ ਵਾਪਸੀ ਨਹੀਂ ਹੋਈ ਹੈ।

ਕਿਸੇ ਸਮੇਂ ਕਿਹਾ ਜਾਂਦਾ ਸੀ- 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਪਰ ਅੱਜ ਦੀ ਤਲਖ ਹਕੀਕਤ ਇਹ ਹੈ ਕਿ ਖੇਤੀਬਾੜੀ ਘਾਟੇ ਵਾਲਾ ਧੰਦਾ ਬਣ ਗਿਆ ਹੈ ਤੇ ਫਸਲੀ ਵੰਨ-ਸਵੰਨਤਾ ਨੀਤੀ ਦੀ ਅਣਹੋਂਦ ਕਾਰਨ ਖੇਤੀਬਾੜੀ ਦਾ ਪ੍ਰਚਲਿਤ ਮਾਡਲ ਮਨੁੱਖ ਲਈ ਸਹੀ ਸਾਬਤ ਨਹੀਂ ਹੋ ਰਿਹਾ। ਹਰੀ ਕ੍ਰਾਂਤੀ ਦਾ ਮਾਡਲ ਜਿਸ ਖੇਤਰ ਵਿਚ ਲਾਗੂ ਕੀਤਾ, ਅੱਜ ਉਸ ਖੇਤਰ ਵਿਚ ਕਰਜ਼ੇ ਦੇ ਬੋਝ ਕਾਰਨ ਕਿਸਾਨ, ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਇਸ ਲਈ ਕਿਸਾਨ ਸੰਘਰਸ਼ ਦੀ ਮਹੱਤਤਾ ਅੱਜ ਦੇ ਸਮੇਂ ਵਿਚ ਬਹੁਤ ਜ਼ਿਆਦਾ ਹੈ।

ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਸਿੱਟੇ ਵਜੋਂ ਅੱਜ ਪੰਜਾਬ ਵਿਚੋਂ ਬਹੁਤ ਵੱਡੀ ਪੱਧਰ 'ਤੇ ਪਰਵਾਸ ਹੋ ਰਿਹਾ ਹੈ ਤੇ ਵਿਦੇਸ਼ ਜਾਣ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਕਿਸਾਨਾਂ ਦੇ ਧੀਆਂ-ਪੁੱਤ ਹਨ। ਇਹ ਵੀ ਸੱਚ ਹੈ ਕਿ ਕਿਸਾਨ ਅੰਦੋਲਨ ਨੇ ਇੱਕ ਵਾਰ ਸਾਡੀ ਪਿਛਲੇ ਸਾਲਾਂ ਦੌਰਾਨ ਵਿਦੇਸ਼ ਗਈ ਜਾਂ ਵਿਦੇਸ਼ ਜਾਣ ਦੀ ਕਤਾਰ ਵਿਚ ਲੱਗੀ ਉਸ ਪੀੜ੍ਹੀ ਨੂੰ ਆਪਣੇ ਵੱਲ ਖਿੱਚਿਆ ਹੈ ਅਤੇ ਕਿਸਾਨ ਦੇ ਮਾਣ-ਸਨਮਾਨ ਵਿਚ ਵਾਧਾ ਕੀਤਾ ਹੈ। ਇਸੇ ਲਈ ਇਸ ਦੀ ਅਹਿਮੀਅਤ ਹੈ। ਕਿਸਾਨ ਅੰਦੋਲਨ ਨੇ ਲੋਕਾਂ ਦਾ ਚੇਤਨਾ ਪੱਧਰ ਉੱਪਰ ਚੁੱਕਿਆ ਹੈ ਜਿਸ ਦੇ ਸਿੱਟੇ ਵਜ਼ੋਂ ਲੋਕਾਂ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਬੁਰੀ ਤਰ੍ਹਾਂ ਨਕਾਰਿਆ ਹੈ ਪਰ ਸਿਫਤੀ ਤਬਦੀਲੀ ਲਈ ਅੰਦੋਲਨ ਦੀ ਲਗਾਤਾਰਤਾ ਬਣਾਈ ਰੱਖਣੀ ਬਹੁਤ ਜ਼ਰੂਰੀ ਹੈ। ਅੱਜ ਜਿਸ ਤਰ੍ਹਾਂ ਸਰਕਾਰਾਂ ਵੱਲੋਂ ਸਾਜ਼ਿਸ਼ ਤਹਿਤ ਮੀਡੀਆ ਰਾਹੀਂ ਸਾਡੇ ਨੌਜਵਾਨਾਂ ਸਾਹਮਣੇ ਗੈਂਗਸਟਰਾਂ ਨੂੰ ਹੀਰੋ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਨਸ਼ਿਆਂ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ, ਅਜਿਹੇ ਹਾਲਾਤ ਵਿਚ ਕਿਸਾਨ ਅੰਦੋਲਨ ਨੌਜਵਾਨਾਂ ਦਾ ਸਹੀ ਮਾਰਗ ਦਰਸ਼ਨ ਕਰ ਸਕਦਾ ਹੈ ਤੇ ਪਿਛਲੇ ਵਰ੍ਹੇ ਵਾਂਗ ਸਾਡੇ ਗੀਤ, ਫਿਲਮਾਂ ਦਾ ਰੁਖ ਬਦਲ ਸਕਦਾ ਹੈ।

ਦੁਨੀਆ ਭਰ ਵਿਚ ਕਿਸਾਨ ਸੰਘਰਸ਼ ਦੀ ਚੜ੍ਹਤ ਦੀ ਅਹਿਮ ਬੁਨਿਆਦ ਇਹ ਵੀ ਬਣੀ ਕਿ ਕਿਸਾਨ ਅੰਦੋਲਨ ਗੁਲਦਸਤੇ ਦੇ ਰੂਪ ਵਿਚ ਸਾਹਮਣੇ ਆਇਆ ਜਿਸ ਵਿਚ ਹਰ ਤਰ੍ਹਾਂ ਦਾ ਫੁੱਲ ਸ਼ਾਮਲ ਹੋਇਆ ਲੇਕਿਨ ਖੇਤੀ ਕਾਨੂੰਨਾਂ ਦੀ ਵਾਪਸੀ ਉਪਰੰਤ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲੈਣ ਕਾਰਨ ਕਿਸਾਨ ਜਥੇਬੰਦੀਆਂ ਵਿਚ ਆਪਸੀ ਦੂਰੀਆਂ ਪੈਦਾ ਹੋਈਆਂ। ਕੁਝ ਜਥੇਬੰਦੀਆਂ ਮੁੜ ਇੱਕਜੁਟਤਾ ਵਿਚ ਨਜ਼ਰ ਆਈਆਂ ਪਰ ਕੁਝ ਜਥੇਬੰਦੀਆਂ ਅਜੇ ਵੀ ਅਲੱਗ ਤੌਰ 'ਤੇ ਸੰਘਰਸ਼ ਕਰ ਰਹੀਆਂ ਹਨ। ਲਖੀਮਪੁਰ ਖੀਰੀ ਦੇ ਇਕੱਠ ਵਾਂਗ ਜਗਜੀਤ ਸਿੰਘ ਡੱਲੇਵਾਲ ਵਾਲੀ ਧਿਰ ਦਾ ਸੋਮਵਾਰ ਨੂੰ ਜੰਤਰ-ਮੰਤਰ (ਦਿੱਲੀ) ਵਿਚ ਇਕੱਠ ਦੇਖਣ ਨੂੰ ਮਿਲਿਆ ਹੈ। ਹੁਣ ਸੁਹਿਰਦ ਹਿੱਸਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸਾਨ ਸੰਘਰਸ਼ ਦੀ ਅੱਜ ਦੇ ਸਮੇਂ ਵਿਚ ਮਹੱਤਤਾ ਨੂੰ ਦੇਖਦਿਆਂ ਜਥੇਬੰਦੀਆਂ ਨੂੰ ਮੁੜ ਇੱਕਜੁੱਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।

# ਨਾਰੀ ਸਨਮਾਨ ਦੇ ਹੋਕਰਿਆਂ ਦਰਮਿਆਨ ਮੁਜਰਮਾਂ ਦੀ ਸਜ਼ਾ ਮੁਆਫੀ ਦੇ ਮਾਇਨੇ

***ਐਤਕੀਂ ਆਜ਼ਾਦੀ ਦਿਵਸ ਮੌਕੇ ਗੁਜਰਾਤ ਸਰਕਾਰ ਵੱਲੋਂ ਬਿਲਕੀਸ ਬਾਨੋ ਕੇਸ ਦੇ 11 ਮੁਜਰਮਾਂ ਦੀ ਸਜ਼ਾ ਮੁਆਫੀ ਨਾਲ ਸਮੁੱਚਾ ਭਾਰਤ ਝੰਜੋੜਿਆ ਗਿਆ ਹੈ। ਇਨ੍ਹਾਂ ਮੁਜਰਮਾਂ ਉਤੇ ਬਲਾਤਕਾਰ ਅਤੇ ਕਤਲ ਦੇ ਦੋਸ਼ ਸਾਬਤ ਹੋ ਚੁੱਕੇ ਹਨ ਪਰ ਇਨ੍ਹਾਂ ਨੂੰ ਸ਼ਰੇਆਮ ਮੁਆਫੀ ਦੇ ਦਿੱਤੀ ਗਈ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਕੇਸ ਵਿਚ ਇਸ ਕੇਸ ਅਤੇ ਹਿੰਦੂਤਵੀ ਸਿਆਸਤ ਬਾਰੇ ਤਫਸੀਲ ਵਿਚ ਵਿਚਾਰ-ਚਰਚਾ ਕੀਤੀ ਹੈ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

15 ਅਗਸਤ ਨੂੰ ਲਾਲ ਕਿਲ੍ਹੇ ਤੋਂ ਦਿੱਤੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨਾਰੀ ਸ਼ਕਤੀ ਅਤੇ ਨਾਰੀ ਸਨਮਾਨ ਉੱਪਰ ਵਿਸ਼ੇਸ਼ ਜ਼ੋਰ ਦੇਣ ਅਤੇ ਉਸੇ ਦਿਨ ਗੁਜਰਾਤ ਸਰਕਾਰ ਵੱਲੋਂ ਬਿਲਕੀਸ ਬਾਨੋ ਕੇਸ ਦੇ 11 ਮੁਜਰਮਾਂ ਨੂੰ ਰਿਹਾਅ ਕਰਨ ਦਾ ਆਪਾ-ਵਿਰੋਧੀ ਵਰਤਾਰਾ ਹੈਰਾਨੀਜਨਕ ਨਹੀਂ। ਇਸ ਦੀ ਬੁਨਿਆਦ ਆਰ.ਐੱਸ.ਐੱਸ.-ਭਾਜਪਾ ਦੀ ਵਿਚਾਰਧਾਰਾ ਹੈ ਜਿਸ ਦਾ ਸਾਕਾਰ ਰਾਜਸੀ ਰੂਪ ਗੁਜਰਾਤ ਮਾਡਲ ਹੈ।

ਬਿਲਕੀਸ ਬਾਨੋ ਕੇਸ ਫਰਵਰੀ-ਮਾਰਚ 2002 'ਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਵਿਚਲਾ ਸਭ ਤੋਂ ਘਿਨਾਉਣਾ ਕਾਂਡ ਸੀ। 27 ਫਰਵਰੀ 2002 ਨੂੰ ਗੋਧਰਾ ਰੇਲਵੇ ਸਟੇਸ਼ਨ ਉੱਪਰ ਰੁਕੀ ਸਾਬਰਮਤੀ ਐਕਸਪ੍ਰੈੱਸ ਦਾ ਡੱਬਾ ਅੱਗਜ਼ਨੀ ਦੀ ਲਪੇਟ 'ਚ ਆ ਗਿਆ। ਡੱਬੇ 'ਚ ਸਵਾਰ ਅਯੁੱਧਿਆ ਤੋਂ ਪਰਤ ਰਹੇ 59 ਕਾਰ ਸੇਵਕ ਜ਼ਿੰਦਾ ਸੜ ਗਏ। ਇਹ ਅੱਗੇ ਕਿਵੇਂ ਲੱਗੀ, ਇਹ ਜਾਂਚ ਕਰਾਉਣ ਦੀ ਬਜਾਇ ਵਿਸ਼ਵ ਹਿੰਦੂ ਪ੍ਰੀਸ਼ਦ-ਬਜਰੰਗ ਦਲ ਦੇ ਆਗੂਆਂ ਨੇ ਇਸ ਦਾ ਦੋਸ਼ ਮੁਸਲਮਾਨਾਂ ਉੱਪਰ ਲਗਾ ਕੇ ਅਤੇ ਸੰਘ ਨੇ ਆਪਣੇ ਗੁਪਤ-ਤੰਤਰ ਨੂੰ ਸਰਗਰਮ ਕਰਕੇ ਗਿਣੀ-ਮਿੱਥੀ ਯੋਜਨਾ ਤਹਿਤ ਪੂਰੇ ਗੁਜਰਾਤ 'ਚ ਮੁਸਲਮਾਨਾਂ ਦਾ ਕਤਲੇਆਮ ਸ਼ੁਰੂ ਦਿੱਤਾ। ਪਿੱਛੋਂ ਸੁਤੰਤਰ ਜਾਂਚ ਰਿਪੋਰਟਾਂ ਨੇ ਪੁਸ਼ਟੀ ਕੀਤੀ ਕਿ ਮੁਸਲਮਾਨਾਂ ਦਾ ਕਤਲੇਆਮ ਗੋਧਰਾ ਰੇਲ ਅੱਗਜ਼ਨੀ ਕਾਂਡ ਵਿਰੁੱਧ ਆਪਮੁਹਾਰਾ ਪ੍ਰਤੀਕਰਮ ਨਹੀਂ ਸੀ ਜਿਵੇਂ ਇਸ ਨੂੰ ਪੇਸ਼ ਕੀਤਾ ਗਿਆ। ਦਰਅਸਲ ਇਹ ਮੁਸਲਮਾਨ ਘੱਟਗਿਣਤੀ ਦੀ ਨਸਲਕੁਸ਼ੀ, ਸਮੂਹਿਕ ਬਲਾਤਕਾਰਾਂ ਅਤੇ ਆਰਥਿਕ ਤਬਾਹੀ ਦੀ ਪੂਰੀ ਤਰ੍ਹਾਂ ਗਿਣੀਮਿੱਥੀ ਸਾਜ਼ਿਸ਼ ਸੀ। 2000 ਦੇ ਕਰੀਬ ਬੇਕਸੂਰ ਮੁਸਲਮਾਨਾਂ, ਬਜ਼ੁਰਗਾਂ, ਔਰਤਾਂ, ਬੱਚਿਆਂ ਨੂੰ ਬੇਕਿਰਕੀ ਨਾਲ ਵੱਢ-ਟੁੱਕ ਕੇ ਅਤੇ ਜਿਊਂਦਿਆਂ ਨੂੰ ਅੱਗ ਲਗਾ ਕੇ ਕਤਲ ਕੀਤਾ ਗਿਆ। ਸੈਂਕੜੇ ਮੁਸਲਮਾਨ ਔਰਤਾਂ ਅਤੇ ਬੱਚੀਆਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ। ਗਰਭਵਤੀ ਔਰਤਾਂ ਨਾਲ ਬਲਾਤਕਾਰ ਤੋਂ ਬਾਅਦ ਉਨ੍ਹਾਂ ਦੇ ਢਿੱਡ ਪਾੜ ਕੇ ਭਰੂਣ ਤ੍ਰਿਸ਼ੂਲਾਂ 'ਤੇ ਟੰਗ ਕੇ ਜਸ਼ਨ ਮਨਾਏ ਗਏ। ਇਹ ਸਭ ਨਰਿੰਦਰ ਮੋਦੀ ਸਰਕਾਰ ਦੀ ਰਾਜਸੀ ਛੱਤਰਛਾਇਆ ਅਤੇ ਰਾਜਤੰਤਰ ਦੀ ਮਿਲੀਭੁਗਤ ਨਾਲ ਵਾਪਰਿਆ। ਮੌਕੇ ਦੇ ਗਵਾਹ ਅਧਿਕਾਰੀਆਂ ਨੇ 'ਸਿਟ' ਅੱਗੇ ਗਵਾਹੀ ਦਿੱਤੀ ਕਿ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਪੁਲਿਸ-ਸਿਵਲ ਪ੍ਰਸ਼ਾਸਨ ਦੇ ਆਹਲਾ ਅਫਸਰਾਂ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹਦਾਇਤ ਕੀਤੀ ਸੀ ਕਿ ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦਿਓ ਅਤੇ ਉਨ੍ਹਾਂ ਨੂੰ ਰੋਕਿਆ ਨਾ ਜਾਵੇ। ਇਉਂ ਭਗਵੇਂ ਆਗੂਆਂ ਦੀ ਅਗਵਾਈ ਅਤੇ ਪੁਲਿਸ ਦੀ ਮਦਦ ਨਾਲ ਨਰੋਦਾ ਪਾਟੀਆ, ਬੈਸਟ ਬੇਕਰੀ, ਬਿਲਕੀਸ ਬਾਨੋ ਸਮੇਤ 300 ਦੇ ਕਰੀਬ ਕਾਂਡਾਂ ਨੂੰ ਅੰਜਾਮ ਦਿੱਤਾ ਗਿਆ।

ਬਿਲਕੀਸ ਬਾਨੋ ਉਦੋਂ 19 ਸਾਲ ਦੀ ਸੀ। ਗੋਧਰਾ ਕਾਂਡ ਤੋਂ ਬਾਅਦ ਉਸ ਦੇ ਪਿੰਡ ਉੱਪਰ ਵੀ ਕਾਤਲ ਹਜੂਮ ਨੇ ਹਮਲਾ ਕਰ ਦਿੱਤਾ। ਪਿੰਡ ਦੇ ਮੁਸਲਮਾਨਾਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਮਾਰਿਆ ਗਿਆ। ਬਿਲਕੀਸ ਪਰਿਵਾਰ ਦੇ ਸਤਾਰਾਂ ਮੈਂਬਰ ਕਿਸੇ ਤਰ੍ਹਾਂ ਬਚ ਕੇ ਧਾਰਮਿਕ ਸਥਾਨ 'ਚ ਜਾ ਲੁਕੇ। ਉੱਥੇ ਉਸ ਦੀ ਨਣਾਨ ਨੇ ਬੱਚੀ ਨੂੰ ਜਨਮ ਦਿੱਤਾ ਜੋ ਜਣੇਪੇ ਲਈ ਆਪਣੇ ਪੇਕੇ ਆਈ ਹੋਈ ਸੀ। 28 ਫਰਵਰੀ ਤੋਂ ਲੈ ਕੇ ਇਹ ਪਰਿਵਾਰ ਪਿੰਡਾਂ 'ਚ ਲੁਕ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕਰਦਿਆਂ ਟਰੱਕ 'ਚ ਸਵਾਰ ਹੋ ਕੇ ਜਾ ਰਿਹਾ ਸੀ ਜਦੋਂ 3 ਮਾਰਚ ਨੂੰ ਜੀਪਾਂ 'ਤੇ ਸਵਾਰ ਕਾਤਲ ਹਜੂਮ ਨੇ ਰੰਧੀਕਪੁਰ ਪਿੰਡ 'ਚ ਉਨ੍ਹਾਂ ਨੂੰ ਘੇਰ ਲਿਆ। ਹਮਲਾਵਰਾਂ ਵਿਚ 12 ਜਣੇ ਉਸ ਦੇ ਆਪਣੇ ਪਿੰਡ ਦੇ ਸਨ। ਬਿਲਕੀਸ ਬਾਨੋ ਦੀ ਤਿੰਨ ਸਾਲ ਦੀ ਬੱਚੀ ਸਾਲੇਹਾ ਨੂੰ ਪੱਥਰ 'ਤੇ ਪਟਕਾ ਕੇ ਮਾਰ ਦਿੱਤਾ ਗਿਆ। ਫਿਰ ਉਨ੍ਹਾਂ ਨੇ ਬਿਲਕੀਸ ਬਾਨੋ ਜੋ ਪੰਜ ਮਹੀਨੇ ਦੀ ਗਰਭਵਤੀ ਸੀ, ਦੇ ਕੱਪੜੇ ਪਾੜ ਕੇ ਉਸ ਨਾਲ ਬਲਾਤਕਾਰ ਕੀਤਾ ਅਤੇ ਛੁਰਿਆਂ ਨਾਲ ਉਸ ਦਾ ਜਿਸਮ ਪੱਛ ਦਿੱਤਾ। ਉਸ ਦੀ ਨਣਾਨ ਨਾਲ ਸਮੂਹਿਕ ਬਲਾਤਕਾਰ ਕਰਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਅਤੇ ਦੋ ਦਿਨ ਪਹਿਲਾਂ ਪੈਦਾ ਹੋਈ ਬਾਲੜੀ ਵੀ ਬੇਕਿਰਕੀ ਨਾਲ ਮਾਰ ਦਿੱਤੀ ਗਈ। ਉਸ ਦੇ 14 ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਕਤਲ ਕਰ ਦਿੱਤੇ। ਜਦੋਂ ਬਿਲਕੀਸ ਬਾਨੋ ਨੂੰ ਹੋਸ਼ ਆਈ ਤਾਂ ਉਹ ਲਾਸ਼ਾਂ ਦਰਮਿਆਨ ਨਗਨ ਲਹੂ-ਲੁਹਾਣ ਹਾਲਤ 'ਚ ਪਈ ਸੀ। ਕਾਤਲ ਉਸ ਨੂੰ ਮਰੀ ਹੋਈ ਸਮਝ ਕੇ ਛੱਡ ਗਏ ਸਨ। ਉਸ ਨੇ ਉੱਥੇ ਖਿੱਲਰੇ ਲਹੂ ਭਿੱਜੇ ਕੱਪੜਿਆਂ ਨਾਲ ਆਪਣਾ ਨੰਗੇਜ ਕੱਜਿਆ ਅਤੇ ਗੁਫਾ 'ਚ ਜਾ ਕੇ ਲੁਕ ਗਈ। ਜਦੋਂ ਉਸ ਨੇ ਪੁਲਿਸ ਤੱਕ ਪਹੁੰਚ ਕੀਤੀ ਤਾਂ ਹੁਕਮਰਾਨ ਧਿਰ ਦੇ ਇਸ਼ਾਰੇ 'ਤੇ ਪੁਲਿਸ ਨੇ ਆਪਣੀ ਮਰਜ਼ੀ ਨਾਲ ਬਿਆਨ ਲਿਖ ਦਿੱਤਾ। ਮੈਡੀਕਲ ਕਰਨ ਵਾਲੇ ਡਾਕਟਰ ਨੇ ਵੀ ਰਿਪੋਰਟ ਲਿਖ ਦਿੱਤੀ ਕਿ ਉਸ ਨਾਲ ਕੋਈ ਬਲਾਤਕਾਰ ਨਹੀਂ ਹੋਇਆ। ਇਕ ਸਾਲ ਬਾਅਦ ਉਸ ਦਾ ਕੇਸ ਬੰਦ ਕਰ ਦਿੱਤਾ ਗਿਆ। ਕਾਨੂੰਨੀ ਚਾਰਾਜੋਈ ਦੇ ਦਬਾਓ ਹੇਠ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਪੀੜਤ ਘੱਟਗਿਣਤੀ ਨੂੰ ਨਿਆਂ ਦਿਵਾਉਣ ਲਈ ਯਤਨਸ਼ੀਲ ਸਮਾਜ ਸੇਵੀ ਜਥੇਬੰਦੀਆਂ ਨੇ ਕਾਨੂੰਨੀ ਲੜਾਈ 'ਚ ਬਿਲਕੀਸ ਦੀ ਮਦਦ ਕਰਕੇ ਇਹ ਕੇਸ ਗੁਜਰਾਤ ਤੋਂ ਮੁੰਬਈ ਤਬਦੀਲ ਕਰਵਾਇਆ ਤਾਂ ਜੋ ਮੁਜਰਮ ਅਤੇ ਉਨ੍ਹਾਂ ਦੇ ਰਾਜਸੀ ਸਰਪ੍ਰਸਤ ਗਵਾਹਾਂ ਤੇ ਸਬੂਤਾਂ ਨੂੰ ਨੁਕਸਾਨ ਨਾ ਪਹੁੰਚਾ ਸਕਣ। ਮੋਦੀ ਸਰਕਾਰ ਅਤੇ ਰਾਜ ਮਸ਼ੀਨਰੀ ਦੀ ਇਸ ਘਿਨਾਉਣੀ ਭੂਮਿਕਾ ਨੂੰ ਦੇਖਦਿਆਂ ਹੀ ਸੁਪਰੀਮ ਕੋਰਟ ਦੇ ਬੈਂਚ ਨੇ ਬੈਸਟ ਬੇਕਰੀ ਕੇਸ ਵਿਚ ਆਪਣੇ ਫੈਸਲੇ 'ਚ ਕਿਹਾ ਸੀ ਕਿ ਜਦੋਂ ਮਾਸੂਮ ਬੱਚੇ ਅਤੇ ਬੇਸਹਾਰਾ ਔਰਤਾਂ ਸੜ ਰਹੀਆਂ ਸਨ ਤਾਂ ਅਜੋਕੇ ਨੀਰੋਆਂ ਨੇ ਮੂੰਹ ਮੋੜ ਲਿਆ ਅਤੇ 'ਉਹ ਸ਼ਾਇਦ ਇਹ ਸੋਚ ਰਹੇ ਸਨ ਕਿ ਜੁਰਮ ਦੇ ਦੋਸ਼ੀਆਂ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ।'

ਲੰਮੀ ਕਾਨੂੰਨੀ ਲੜਾਈ ਤੋਂ ਬਾਅਦ 21 ਜਨਵਰੀ 2008 ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 11 ਬਲਾਤਕਾਰੀਆਂ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ। ਹਾਈਕੋਰਟ ਨੇ ਵੀ ਉਨ੍ਹਾਂ ਦੀ ਸਜ਼ਾ ਬਰਕਰਾਰ ਰੱਖੀ ਅਤੇ ਉਨ੍ਹਾਂ ਦੋਸ਼ੀਆਂ ਨੂੰ ਵੀ ਮੁਜਰਮ ਕਰਾਰ ਦੇ ਦਿੱਤਾ ਜਿਨ੍ਹਾਂ ਨੂੰ ਵਿਸ਼ੇਸ਼ ਅਦਾਲਤ ਨੇ ਬਰੀ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਬੇਘਰ ਹੋ ਕੇ ਦਰ-ਦਰ ਭਟਕ ਰਹੀ ਬਿਲਕੀਸ ਬਾਨੋ ਨੂੰ ਸਰਕਾਰੀ ਮੁਆਵਜ਼ਾ, ਨੌਕਰੀ ਅਤੇ ਘਰ ਦੇਣ ਦਾ ਆਦੇਸ਼ ਦਿੱਤਾ। ਮੁਜਰਮਾਂ ਨੂੰ ਉਮਰ ਕੈਦ ਕੱਟਣੀ ਪਈ। 14 ਸਾਲ ਸਜ਼ਾ ਜੇਲ੍ਹ 'ਚ ਰਹਿਣ ਤੋਂ ਬਾਅਦ ਇਕ ਮੁਜਰਮ ਨੇ ਸਜ਼ਾ ਮੁਆਫੀ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਇਸ ਉੱਪਰ ਵਿਚਾਰ ਕਰਨ ਲਈ ਕਿਹਾ ਅਤੇ ਗੁਜਰਾਤ ਸਰਕਾਰ ਨੇ ਸਜ਼ਾ ਮੁਆਫ ਕਰਨ ਦੇ ਪ੍ਰਵਾਨਿਤ ਪੈਮਾਨੇ ਨੂੰ ਦਰਕਿਨਾਰ ਕਰਕੇ ਸਜ਼ਾ ਮੁਆਫੀ ਦੀ ਪੁਰਾਣੀ ਨੀਤੀ ਤਹਿਤ ਮੁਜਰਮਾਂ ਦੀ ਸਜ਼ਾ ਮੁਆਫ ਕਰ ਦਿੱਤੀ ਜਦਕਿ ਹੁਣ ਨਵੀਂ ਨੀਤੀ ਲਾਗੂ ਸੀ। ਇਉਂ ਅਤਿ ਘਿਨਾਉਣੇ ਕਾਂਡ ਨੂੰ ਅੰਜਾਮ ਦੇਣ ਵਾਲੇ ਮੁਜਰਮਾਂ ਦੀ ਰਿਹਾਈ ਦਾ ਰਾਹ ਪੱਧਰਾ ਕਰ ਦਿੱਤਾ ਗਿਆ।

ਇਹ ਤੱਥ ਜੱਗ ਜ਼ਾਹਿਰ ਹੈ ਕਿ ਜਿੰਨੇ ਵਿਆਪਕ ਪੈਮਾਨੇ 'ਤੇ ਮੁਸਲਮਾਨ ਭਾਈਚਾਰੇ ਦਾ ਕਤਲੇਆਮ ਅਤੇ ਸਮੂਹਿਕ ਬਲਾਤਕਾਰ ਕੀਤੇ, ਉਨ੍ਹਾਂ 'ਚੋਂ ਮਾਮੂਲੀ ਗਿਣਤੀ ਮੁਜਰਮਾਂ ਨੂੰ ਹੀ ਸਜ਼ਾਵਾਂ ਹੋਈਆਂ। ਜੋ ਸਜ਼ਾਵਾਂ ਹੋਈਆਂ, ਉਹ ਵੀ ਜੁਰਮਾਂ ਦੇ ਮੁਕਾਬਲੇ ਨਾਕਾਫੀ ਸਨ। ਨਰਿੰਦਰ ਮੋਦੀ ਸਰਕਾਰ ਵੱਲੋਂ ਆਪਣੇ ਵਫਾਦਾਰ ਪੁਲਿਸ ਅਫਸਰਾਂ ਅਤੇ ਹੋਰ ਜਾਂਚ ਏਜੰਸੀਆਂ (ਸਿਟ ਆਦਿ) ਰਾਹੀਂ ਜੁਰਮ ਦੇ ਸਬੂਤ ਖੁਰਦ-ਬੁਰਦ ਕਰਵਾ ਦਿੱਤੇ। ਹਕੂਮਤੀ ਦਬਾਓ ਅਤੇ ਧਮਕੀਆਂ ਸਮੇਤ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਬਿਆਨ ਬਦਲ ਦਿੱਤੇ ਅਤੇ ਗਵਾਹ ਚੁੱਪ ਕਰਾ ਦਿੱਤੇ। ਸਰਕਾਰੀ ਪੱਖ ਵੱਲੋਂ ਜਾਣ-ਬੁੱਝ ਕੇ ਪੇਸ਼ ਕੀਤੇ ਕਮਜ਼ੋਰ ਕੇਸਾਂ ਕਾਰਨ ਮੁਜਰਮ ਬਰੀ ਹੁੰਦੇ ਗਏ। ਜ਼ਿਆਦਾਤਰ ਮੁਜਰਮ ਅਤੇ ਉਨ੍ਹਾਂ ਦੇ ਰਾਜਕੀ ਸਰਪ੍ਰਸਤ ਬਚ ਗਏ। ਜ਼ਕੀਆ ਜਾਫਰੀ ਕੇਸ ਇਸ ਦੀ ਉੱਘੀ ਮਿਸਾਲ ਹੈ। ਜਿਨ੍ਹਾਂ ਕੁਝ ਮੁਜਰਮਾਂ ਨੂੰ ਸਜ਼ਾਵਾਂ ਹੋਈਆਂ, ਉਨ੍ਹਾਂ ਨੂੰ ਵੀ ਪੂਰੀ ਤਾਕਤ ਝੋਕ ਕੇ ਜੇਲ੍ਹਾਂ 'ਚੋਂ ਕਢਵਾਇਆ ਜਾ ਰਿਹਾ ਹੈ।

ਨਿਆਂ ਪ੍ਰਣਾਲੀ ਦੇ ਕਾਇਦੇ ਅਨੁਸਾਰ ਇਹ ਸਜ਼ਾ ਮੁਆਫੀ ਸਹੀ ਹੈ ਜਾਂ ਗਲਤ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ। ਨੁਕਤਾ ਇਹ ਹੈ ਕਿ ਉਨ੍ਹਾਂ ਸਜ਼ਾ ਯਾਫਤਾ ਮੁਜਰਮਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣਾ ਆਰ.ਐੱਸ.ਐੱਸ.-ਭਾਜਪਾ ਹਕੂਮਤ ਦੀ ਬਾਕਾਇਦਾ ਨੀਤੀ ਹੈ ਜੋ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ, ਮੁਸਲਮਾਨਾਂ ਦੇ ਘਰਾਂ ਨੂੰ ਜਲਾਉਣ, ਮੁਸਲਿਮ ਔਰਤਾਂ ਦੇ ਬਲਾਤਕਾਰ ਕਰਨ, ਦੰਗਈ ਹਿੰਸਾ, ਫਿਰਕੂ ਪਾਲਾਬੰਦੀ ਅਤੇ ਝੂਠੇ ਮੁਕਾਬਲਿਆਂ ਨੂੰ ਅੰਜਾਮ ਦੇਣ ਦੀ ਹਿੰਦੂਤਵੀ ਸਿਆਸਤ ਦੇ ਸੰਦ ਰਹੇ ਹਨ। ਮੋਦੀ ਅਤੇ ਅਮਿਤ ਸ਼ਾਹ ਨੂੰ ਗੁਜਰਾਤ ਕਤਲੇਆਮ ਅਤੇ ਝੂਠੇ ਮੁਕਾਬਲਿਆਂ ਦੇ ਕੇਸਾਂ 'ਚ ਬੇਗੁਨਾਹ ਦਰਸਾਉਣ ਲਈ ਹਰ ਹਰਬਾ ਵਰਤ ਕੇ ਕਲੀਨ ਚਿੱਟਾਂ ਦਿਵਾਈਆਂ ਗਈਆਂ। ਜਸਟਿਸ ਲੋਇਆ ਦੀ ਸ਼ੱਕੀ ਹਾਲਾਤ 'ਚ ਮੌਤ ਅਤੇ ਸਸਕਾਰ ਤੋਂ ਸਪਸ਼ਟ ਸੀ ਕਿ ਕਲੀਨ ਚਿੱਟਾਂ ਕਿਵੇਂ ਹਾਸਲ ਕੀਤੀਆਂ ਗਈਆਂ। 2014 'ਚ ਕੇਂਦਰ 'ਚ ਹਿੰਦੂਤਵ ਸਰਕਾਰ ਬਣਦੇ ਸਾਰ ਇਹ ਸਿਲਸਿਲਾ ਹੋਰ ਵੀ ਖੁੱਲ੍ਹ ਕੇ ਸਾਹਮਣੇ ਆ ਗਿਆ। ਮਾਇਆ ਕੋਡਨਾਨੀ, ਬਾਬੂ ਬਜਰੰਗੀ, ਸਾਧਵੀ ਪ੍ਰੱਗਿਆ ਸਿੰਘ ਨੂੰ ਮੈਡੀਕਲ ਆਧਾਰ 'ਤੇ ਜ਼ਮਾਨਤਾਂ ਦੇ ਕੇ ਜੇਲ੍ਹਾਂ ਤੋਂ ਬਾਹਰ ਲਿਆਂਦਾ ਗਿਆ। ਡੀ.ਜੀ. ਵੰਜਾਰਾ ਵਰਗੇ 'ਐਨਕਾਊਂਟਰ ਸਪੈਸ਼ਲਿਸਟਾਂ' ਨੂੰ ਰਿਹਾਅ ਕਰਵਾ ਕੇ ਸਰਕਾਰੀ ਨੌਕਰੀਆਂ 'ਤੇ ਬਹਾਲ ਕੀਤਾ ਗਿਆ। ਗੁਲਬਰਗ ਸੁਸਾਇਟੀ ਕੇਸ ਨਾਲ ਸਬੰਧਿਤ ਜ਼ਕੀਆ ਜਾਫਰੀ ਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਰੱਦ ਕਰਵਾਈ ਗਈ ਅਤੇ ਨਸਲਕੁਸ਼ੀ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕਾਨੂੰਨੀ ਲੜਾਈ ਲੜਨ ਵਾਲੀ ਕਾਰਕੁਨ ਤੀਸਤਾ ਸੀਤਲਵਾੜ ਅਤੇ ਗਵਾਹੀ ਦੇਣ ਵਾਲੇ ਸਾਬਕਾ ਡੀ.ਜੀ.ਪੀ. ਆਰ.ਬੀ. ਸ੍ਰੀਕੁਮਾਰ ਨੂੰ ਜੇਲ੍ਹ 'ਚ ਡੱਕਿਆ ਗਿਆ। ਹੁਣ ਬਿਲਕੀਸ ਬਾਨੋ ਦੀ 17 ਸਾਲ ਲੰਮੀ ਕਾਨੂੰਨੀ ਲੜਾਈ ਨੂੰ ਅਸਫਲ ਬਣਾ ਦਿੱਤਾ ਗਿਆ।

ਹੁਣ ਮੁਜਰਮਾਂ ਨੂੰ ਜੇਲ੍ਹਾਂ 'ਤੋਂ ਬਾਹਰ ਹੀ ਨਹੀਂ ਲਿਆਂਦਾ ਸਗੋਂ ਉਨ੍ਹਾਂ ਦੀ ਜਿੱਤ ਦੇ ਬਾਕਾਇਦਾ ਜਸ਼ਨ ਮਨਾਏ। ਬਿਲਕੀਸ ਬਾਨੋ ਕੇਸ ਦੇ 11 ਮੁਜਰਮਾਂ ਦਾ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਬਾਕਾਇਦਾ ਮੱਥੇ 'ਤੇ ਤਿਲਕ ਲਾ ਕੇ ਅਤੇ ਗਲਾਂ 'ਚ ਹਾਰ ਪਾ ਕੇ ਸਨਮਾਨ ਕੀਤਾ ਗਿਆ ਅਤੇ ਜਿੱਤ ਦੀ ਖੁਸ਼ੀ 'ਚ ਮਿਠਾਈ ਵੰਡੀ ਗਈ। ਪੁਲਿਸ ਅਧਿਕਾਰੀ ਡੀ.ਜੀ. ਵੰਜਾਰਾ ਦਾ ਵੀ ਇਸੇ ਤਰ੍ਹਾਂ ਸ਼ਾਹੀ ਸਨਮਾਨ ਕੀਤਾ ਗਿਆ ਸੀ। 2018 'ਚ ਕੇਂਦਰੀ ਮੰਤਰੀ ਜਯੰਤ ਸਿਨਹਾ ਵੱਲੋਂ ਝਾਰਖੰਡ ਵਿਚ 8 ਹਜੂਮੀ ਕਾਤਲਾਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ ਸੀ। ਇਸ ਨੂੰ ਝੂਠਾ ਬਿਰਤਾਂਤ ਸਿਰਜ ਕੇ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਇਹ ਸਾਰੇ ਕਾਂਗਰਸ ਪਾਰਟੀ ਵੱਲੋਂ ਝੂਠੇ ਦੋਸ਼ ਲਗਾ ਕੇ ਜੇਲ੍ਹਾਂ 'ਚ ਭਿਜਵਾਏ ਬੇਗੁਨਾਹ ਪੀੜਤ ਹਨ। ਇਉਂ ਇਤਿਹਾਸ ਵਿਚੋਂ ਇਸ ਸੱਚ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਸਾਰੇ ਘਿਨਾਉਣੇ ਜੁਰਮਾਂ ਨੂੰ ਅੰਜਾਮ ਦੇਣ ਵਾਲੇ ਮੁਜਰਮ ਸਨ। ਇਹ ਝੂਠ ਸਥਾਪਿਤ ਕੀਤਾ ਜਾ ਰਿਹਾ ਹੈ ਕਿ ਗੁਜਰਾਤ ਕਤਲੇਆਮ ਦੇ ਪੀੜਤਾਂ ਦੀ ਨਿਆਂ ਦੀ ਲੜਾਈ ਹਿੰਦੂਆਂ ਨੂੰ ਬਦਨਾਮ ਕਰਨ ਅਤੇ ਮੋਦੀ ਸਰਕਾਰ ਨੂੰ ਅਸਥਿਰ ਕਰਨ ਦੀ ਡੂੰਘੀ ਸਾਜ਼ਿਸ਼ ਸੀ। ਗੁਜਰਾਤ ਤੋਂ ਭਾਜਪਾ ਦੇ ਵਿਧਾਇਕ ਰੋਲੀ ਵੱਲੋਂ ਤਾਂ ਮੀਡੀਆ ਨਾਲ ਇੰਟਰਵਿਊ ਵਿਚ ਜਨਤਕ ਤੌਰ 'ਤੇ ਇਹ ਕਿਹਾ ਗਿਆ ਕਿ ਇਹ 11 ਮੁਜਰਮ 'ਚੰਗੇ ਸੰਸਕਾਰਾਂ ਵਾਲੇ ਬ੍ਰਾਹਮਣ ਸਨ', ਇਸ ਲਈ ਇਨ੍ਹਾਂ ਨੂੰ ਜਾਣ-ਬੁੱਝ ਕੇ ਫਸਾਇਆ ਗਿਆ ਹੋਵੇਗਾ। ਯਾਦ ਰਹੇ ਕਿ ਇਹ ਵਿਧਾਇਕ ਉਸ ਪੈਨਲ ਦਾ ਵੀ ਹਿੱਸਾ ਸੀ ਜਿਸ ਨੇ ਸਰਕਾਰ ਨੂੰ ਉਪਰੋਕਤ 11 ਮੁਜਰਮਾਂ ਨੂੰ ਰਿਹਾਅ ਕਰਨ ਦੀ ਸਿਫਾਰਿਸ਼ ਕੀਤੀ ਸੀ। ਜੰਮੂ ਵਿਚ ਬੱਚੀ ਆਸਿਫਾ ਦੇ ਬਲਾਤਕਾਰੀਆਂ ਦੀ ਹਮਾਇਤ 'ਚ ਭਾਜਪਾ ਦੇ ਦੋ ਮੰਤਰੀਆਂ ਦੀ ਅਗਵਾਈ ਹੇਠ ਤਿਰੰਗੇ ਝੰਡੇ ਚੁੱਕ ਕੇ ਮੁਜ਼ਾਹਰੇ ਕੀਤੇ ਗਏ ਸਨ। ਯੋਗੀ ਸਰਕਾਰ ਨੇ ਸਵਾਮੀ ਚਿਨਮਿਆਨੰਦ ਉੱਪਰ ਦਰਜ ਬਲਾਤਕਾਰ ਦਾ ਕੇਸ ਵਾਪਸ ਲੈ ਲਿਆ ਸੀ। ਇਸ ਤੋਂ ਵੱਧ ਬੇਸ਼ਰਮੀ ਕੀ ਹੋ ਸਕਦੀ ਹੈ।

ਇਹ ਬੇਸ਼ਰਮੀ ਦਾ ਆਧਾਰ ਵਿਚਾਰਧਾਰਕ ਹੈ। ਹਿੰਦੂਤਵ ਦੇ ਬਾਨੀ ਵੀ.ਡੀ. ਸਾਵਰਕਰ ਨੇ ਮੁਸਲਮਾਨ ਔਰਤਾਂ ਨਾਲ ਬਲਾਤਕਾਰ ਨੂੰ ਬਾਕਾਇਦਾ ਹਥਿਆਰ ਦੇ ਤੌਰ 'ਤੇ ਵਰਤਣ ਦੀ ਵਕਾਲਤ ਕੀਤੀ ਸੀ। ਉਸ ਨੇ 1966 'ਚ ਆਪਣੀ ਮੌਤ ਤੋਂ ਪਹਿਲਾਂ ਲਿਖੀ ਮਰਾਠੀ ਕਿਤਾਬ 'ਹਿੰਦੂ ਇਤਿਹਾਸ ਦੇ ਛੇ ਸ਼ਾਨਾਮੱਤੇ ਯੁਗ' ਵਿਚ ਮਰਾਠਾ ਰਾਜੇ ਸ਼ਿਵਾ ਜੀ ਦੀ ਇਸ ਲਈ ਨਿੰਦਾ ਕੀਤੀ ਸੀ ਕਿ ਉਸ ਨੇ ਕਲਿਆਣ ਦੇ ਮੁਸਲਮਾਨ ਨਵਾਬ ਦੀ ਨੂੰਹ ਜੋ ਲੜਾਈ 'ਚ ਉਸ ਦੇ ਹੱਥ ਆ ਗਈ ਸੀ, ਦਾ ਬਲਾਤਕਾਰ ਕਰਨ ਦੀ ਬਜਾਇ ਉਸ ਨੂੰ ਬਾਇੱਜ਼ਤ ਕਿਉਂ ਛੱਡ ਦਿੱਤਾ ਸੀ। ਸਾਵਰਕਰ ਨੇ ਬਲਾਤਕਾਰ ਨੂੰ ਜਾਇਜ਼ ਸਿਆਸੀ ਹਥਿਆਰ ਕਰਾਰ ਦਿੰਦਿਆਂ ਕਿਹਾ ਕਿ ਜੇ ਹਿੰਦੂ ਹੁਕਮਰਾਨਾਂ ਨੇ ਪਹਿਲੀਆਂ ਦੋ-ਤਿੰਨ ਸਦੀਆਂ 'ਚ ਹੀ ਹਿੰਦੂ ਔਰਤਾਂ ਦੇ ਅਪਮਾਨ ਦਾ ਬਦਲਾ ਆਪਣੇ ਕਬਜ਼ੇ 'ਚ ਲਈਆਂ ਮੁਸਲਮਾਨ ਔਰਤਾਂ ਨੂੰ ਬੇਪੱਤ ਕਰਕੇ ਲਿਆ ਹੁੰਦਾ ਤਾਂ ਮੁਸਲਮਾਨ ਹੁਕਮਰਾਨਾਂ ਨੇ ਹਿੰਦੂ ਔਰਤਾਂ ਨੂੰ ਅਪਮਾਨਿਤ ਕਰਨ ਤੋਂ ਗੁਰੇਜ਼ ਕਰਨਾ ਸੀ ਅਤੇ ਕਰੋੜਾਂ ਹਿੰਦੂ ਔਰਤਾਂ ਨੇ ਅਪਮਾਨਿਤ ਹੋਣ ਤੋਂ ਬਚ ਜਾਣਾ ਸੀ। ਸਾਵਰਕਰ ਹਿੰਦੂ ਔਰਤਾਂ ਦੇ ਅਪਮਾਨ ਲਈ ਹਿੰਦੂ ਰਾਜਿਆਂ ਦੀ 'ਸ਼ਰਾਫਤ' ਨੂੰ ਜ਼ਿੰਮੇਵਾਰ ਮੰਨਦਾ ਹੈ। ਗੋਲਵਲਕਰ ਜਿਸ ਨੂੰ ਗੁਰੂ ਦਾ ਦਰਜਾ ਦਿੱਤਾ ਜਾਂਦਾ ਹੈ, ਨੇ ਆਪਣੀ ਮਸ਼ਹੂਰ ਕਿਤਾਬ 'ਬੰਚ ਆਫ ਥਾਟ' ਵਿਚ ਮੁਸਲਮਾਨਾਂ ਨੂੰ 'ਅੰਦਰੂਨੀ ਖਤਰਾ' ਕਰਾਰ ਦਿੱਤਾ ਸੀ। ਸਾਵਰਕਰ ਅਤੇ ਗੋਲਵਲਕਰ ਦੀਆਂ 'ਸਿੱਖਿਆਵਾਂ' ਹਿੰਦੂਤਵ ਬ੍ਰਿਗੇਡ ਉੱਪਰ ਡੂੰਘਾ ਪ੍ਰਭਾਵ ਹੈ ਅਤੇ ਇਹ ਉਨ੍ਹਾਂ ਲਈ ਰਾਹ-ਦਰਸਾਵਾ ਹਨ। ਇਸੇ ਕਰਕੇ ਉਨ੍ਹਾਂ ਨੂੰ ਮੁਸਲਮਾਨ ਔਰਤਾਂ ਜਾਂ ਵਿਰੋਧੀ ਖਿਆਲਾਂ ਵਾਲੀਆਂ ਔਰਤਾਂ ਨੂੰ ਅਪਮਾਨਿਤ, ਜ਼ਲੀਲ ਅਤੇ ਬੇਇੱਜ਼ਤ ਕਰਨ ਤੋਂ ਕੋਈ ਗੁਰੇਜ਼ ਨਹੀਂ ਹੈ। ਗੁਜਰਾਤ ਕਤਲੇਆਮ, ਮੁਜ਼ੱਫਰਨਗਰ ਹਿੰਸਾ ਆਦਿ ਸਮੇਂ ਹਿੰਦੂਤਵ ਬ੍ਰਿਗੇਡ ਨੇ ਬਲਾਤਕਾਰ ਦਾ ਹਥਿਆਰ ਵਿਆਪਕ ਪੱਧਰ 'ਤੇ ਵਰਤਿਆ। ਹਿੰਦੂਤਵ ਟਰੌਲ ਆਰਮੀ ਮੁਸਲਿਮ ਔਰਤਾਂ ਨੂੰ ਸੋਸ਼ਲ ਮੀਡੀਆ ਉੱਪਰ ਅਪਮਾਨਿਤ ਅਤੇ ਜ਼ਲੀਲ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। 'ਨਾਰੀ ਸ਼ਕਤੀ' ਬਾਰੇ ਭਾਸ਼ਣਬਾਜ਼ੀ ਕਰਨ ਵਾਲੇ ਨੂੰ ਅੱਜ ਵੀ ਇਸ ਦਾ ਕੋਈ ਪਛਤਾਵਾ ਨਹੀਂ ਹੈ ਕਿ ਉਸ ਦੇ ਰਾਜ ਵਿਚ ਮੁਸਲਮਾਨ ਔਰਤਾਂ ਨੂੰ ਕਿਵੇਂ ਸੜਕਾਂ ਉੱਪਰ ਬੇਪੱਤ ਕੀਤਾ ਗਿਆ। ਉਹ ਤਾਂ ਖੁਦ ਸੰਸਦ ਵਿਚ ਕਾਂਗਰਸ ਦੀ ਔਰਤ ਆਗੂ ਦੇ ਹਾਸੇ ਦਾ ਮਜ਼ਾਕ ਉਡਾਉਣ 'ਚ ਅਗਵਾਈ ਕਰਦਾ ਹੈ ਅਤੇ ਸੰਸਦ ਮੈਂਬਰ ਮੇਜ਼ ਥਪਥਪਾ ਕੇ ਸਹਿਮਤੀ ਪ੍ਰਗਟਾਉਂਦੇ ਹਨ। ਇਹ ਸਪਸ਼ਟ ਹੈ ਕਿ ਬਲਾਤਕਾਰੀਆਂ ਨੂੰ 'ਸੰਸਕਾਰਾਂ ਵਾਲੇ ਬ੍ਰਾਹਮਣ' ਮੰਨ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵਿਚੋਂ 'ਹਿੰਦੂ ਨਾਇਕ' ਸਿਰਜੇ ਜਾ ਰਹੇ ਹਨ। ਭਗਵਾਂ ਆਈ.ਟੀ. ਸੈੱਲ ਨਾਮਵਰ ਮੁਸਲਿਮ ਔਰਤਾਂ ਦੀ ਆਨਲਾਈਨ ਬੋਲੀ ਲਾ ਕੇ ਉਨ੍ਹਾਂ ਨੂੰ ਅਪਮਾਨਿਤ ਅਤੇ ਜ਼ਲੀਲ ਕਰਨ 'ਚ ਰਾਸ਼ਟਰੀ ਗੌਰਵ ਮਹਿਸੂਸ ਕਰਦਾ ਹੈ।

ਇਹ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਕਾਡਰਾਂ ਨੂੰ ਸਾਫ ਸੰਦੇਸ਼ ਹੈ ਜੇ ਉਹ ਹਜੂਮੀ ਕਤਲਾਂ, ਸਮੂਹਿਕ ਬਲਾਤਕਾਰਾਂ ਅਤੇ ਸਾੜ-ਫੂਕ ਵਰਗੇ ਘਿਨਾਉਣੇ ਜੁਰਮਾਂ ਨੂੰ ਅੰਜਾਮ ਦੇ ਕੇ ਆਉਣਗੇ ਤਾਂ ਉਨ੍ਹਾਂ ਦਾ ਸ਼ਾਹੀ ਸਵਾਗਤ ਹੋਵੇਗਾ ਅਤੇ ਉਨ੍ਹਾਂ ਦਾ ਭਵਿੱਖ ਵੀ ਸੁਨਹਿਰਾ ਹੋਵੇਗਾ। ਹਕੂਮਤ ਦੀ ਸਰਪ੍ਰਸਤੀ ਪ੍ਰਾਪਤ ਬਾਬੂ ਬਜਰੰਗੀ ਵਰਗੇ ਸੰਸਕਾਰੀ ਹਿੰਦੂ ਬੇਕਸੂਰ ਮੁਸਲਮਾਨਾਂ ਨੂੰ ਬੇਕਿਰਕੀ ਨਾਲ ਕਤਲ ਕਰਨ ਅਤੇ ਮੁਸਲਮਾਨ ਔਰਤਾਂ ਦੇ ਢਿੱਡ ਪਾੜ ਕੇ ਭਰੂਣਾਂ ਨੂੰ ਤ੍ਰਿਸ਼ੂਲਾਂ ਉੱਪਰ ਟੰਗਣ ਦੀ ਬਹਾਦਰੀ ਮੀਡੀਆ ਦੇ ਕੈਮਰਿਆਂ ਅੱਗੇ ਬੇਖੌਫ ਹੋ ਕੇ ਬਿਆਨ ਕਰਦੇ ਹਨ ਅਤੇ ਖੁਦ ਨੂੰ ਮਹਾਰਾਣਾ ਪ੍ਰਤਾਪ ਸਮਝਦੇ ਹਨ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਜਦੋਂ ਆਪਣੇ ਭਾਸ਼ਣ ਵਿਚ ਔਰਤਾਂ ਦੇ ਸਤਿਕਾਰ ਅਤੇ ਸ਼ਕਤੀਕਰਨ ਦੀ ਗੱਲ ਕਰਦਾ ਹੈ ਤਾਂ ਉਸ ਵਿਚੋਂ ਘੱਟਗਿਣਤੀ ਮੁਸਲਮਾਨ ਅਤੇ ਹੋਰ ਦੱਬੇ-ਕੁਚਲੇ ਹਿੱਸਿਆਂ ਦੀਆਂ ਔਰਤਾਂ ਅਤੇ ਹਿੰਦੂਤਵ ਦੀਆਂ ਆਲੋਚਕ ਔਰਤਾਂ ਦਾ ਮਾਣ-ਸਨਮਾਨ ਮਨਫੀ ਹੈ ਅਤੇ ਉਨ੍ਹਾਂ ਨੂੰ ਨਿਆਂ ਦੀ ਕੋਈ ਉਮੀਦ ਵੀ ਨਹੀਂ ਰੱਖਣੀ ਚਾਹੀਦੀ।




*ਬਿਲਕੀਸ ਬਾਨੋ ਬਲਾਤਕਾਰ ਕੇਸ ਦੇ ਮੁਜਰਿਮਾਂ ਨੂੰ ਰਿਹਾਅ ਹੋਣ ਤੋਂ ਬਾਅਦ ਹਾਰ ਪਹਿਨਾਏ ਗਏ।*

# ਪੁਰਾਣੇ ਕਾਲਜ ਨੂੰ ਮਿਲਦਿਆਂ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਪਣੇ ਪੁਰਾਣੇ ਕਾਲਜ ਦਾ ਜ਼ਿਕਰ ਕੀਤਾ ਹੈ। ਕਪੂਰਥਲਾ ਗਏ ਹੋਣ ਕਾਰਨ ਜਦੋਂ ਉਹ ਰਣਧੀਰ ਕਾਲਜ ਜਾਂਦੇ ਹਨ ਤਾਂ ਉਥੇ ਬਿਤਾਏ ਪਲ ਮੁੜ ਯਾਦਾਂ ਵਿਚ ਵਸ ਜਾਂਦੇ ਹਨ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਾਡਾ ਬੀਤਿਆ ਹੋਇਆ ਕੱਲ੍ਹ ਹੀ ਸਾਡੇ ਅੱਜ ਦਾ ਮੂਲ ਆਧਾਰ ਹੁੰਦਾ ਕਿਉਂਕਿ ਸਾਡੇ ਬੀਤੇ ਨੇ ਹੀ ਸਾਨੂੰ ਅਜੋਕੇ ਰੂਪ ਵਿਚ ਸਿਰਜਿਆ ਹੁੰਦਾ ਹੈ। ਅਸੀਂ ਆਪਣੇ ਵਿਚੋਂ ਆਪਣੇ ਬੀਤੇ ਨੂੰ ਕਦੇ ਵੀ ਮਨਫ਼ੀ ਨਹੀਂ ਕਰ ਸਕਦੇ। ਦਰਅਸਲ ਆਪਣੇ ਬੀਤੇ ਨੂੰ ਯਾਦ ਰੱਖਣਾ ਅਤੇ ਇਸ ਦੀ ਜੂਹ ਵਿਚ ਕਦੇ ਕਦਾਈਂ ਫੇਰੇ ਪਾਉਂਦੇ ਰਹਿਣ ਨਾਲ ਮਨੁੱਖ ਆਪਣੇ ਮੂਲ ਨਾਲ ਜੁੜਿਆ ਰਹਿੰਦਾ ਹੈ। ਉਸਨੂੰ ਉਸਦੀ ਔਕਾਤ ਯਾਦ ਰਹਿੰਦੀ। ਆਪਣੀਆਂ ਜੜ੍ਹਾਂ ਨੂੰ ਭੁੱਲ ਜਾਣ ਵਾਲੇ ਲੋਕ ਅਕਸਰ ਹੀ ਟੁੱਟੀ ਹੋਈ ਪਤੰਗ ਦੀ ਆਉਧ ਹੰਢਾਉਂਦੇ। ਅੰਬਰ ਵਿਚ ਉਡਾਰੀਆਂ ਲਾਉਂਦਿਆਂ, ਧਰਤੀ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੁੰਦਾ।

ਬੀਤੇ ਵਿਚੋਂ ਅੱਜ ਦੇ ਨਕਸ਼ ਤਾਂ ਦੇਖੇ ਜਾ ਸਕਦੇ ਨੇ ਪਰ ਭਵਿੱਖ ਦੀਆਂ ਨਿਸ਼ਾਨੀਆਂ ਨੂੰ ਨਹੀਂ ਕਿਆਸਿਆ ਜਾ ਸਕਦਾ। ਸਾਡਾ ਅੱਜ ਹੀ ਸਭ ਤੋਂ ਅਹਿਮ ਤੇ ਵੱਡਾ ਸੱਚ ਹੁੰਦਾ ਹੈ ਜਿਹੜਾ ਸਾਡੇ ਬੀਤੇ ਦੀ ਸਭ ਤੋਂ ਵੱਡੀ ਗਵਾਹੀ ਹੁੰਦਾ ਅਤੇ ਇਸਦੀ ਚਸ਼ਮਦੀਦੀ ਵਿਚੋਂ ਹੀ ਅਸੀਂ ਅੱਜ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਦੀ ਜੁਅਰਤ ਕਰ ਸਕਦੇ ਹਾਂ।

ਸਾਡਾ ਬੀਤਿਆ ਹੀ ਸਭ ਕੁਝ ਉਹ ਹੁੰਦਾ ਜਿਸ ਦੇ ਨਕਸ਼ਾਂ ਵਿਚੋਂ ਹੀ ਮਨੁੱਖੀ ਵਿਅਕਤੀਤਵ ਦੀ ਪਛਾਣ ਸਿਰਜੀ ਜਾਂਦੀ ਹੈ। ਅੱਜ-ਕੱਲ੍ਹ ਅਸੀਂ ਅਮਰੀਕਾ ਤੋਂ ਕਪੂਰਥਲਾ ਆਏ ਹੋਏ ਹਾਂ। ਇਕ ਦਿਨ ਸਾਝਰੇ ਸਵੇਰ ਦੀ ਸੈਰ ਦੇ ਬਹਾਨੇ ਮੈਂ ਤੇ ਮੇਰੀ ਪਤਨੀ ਰਣਧੀਰ ਕਾਲਜ ਕਪੂਰਥਲਾ ਦੀ ਅਕੀਦਤ ਕਰਨ ਲਈ ਇਸਦੇ ਵਿਹੜੇ ਪੈਰ ਪਾਉਂਦੇ ਹਾਂ ਕਿਉਂਕਿ ਅਸੀਂ ਦੋਵੇਂ ਹੀ ਇਸ ਕਾਲਜ ਵਿਚ ਪੜ੍ਹਦੇ ਰਹੇ ਸਾਂ। ਬਹੁਤ ਕੁਝ ਬਦਲਿਆ ਬਦਲਿਆ ਨਜ਼ਰ ਆਉਂਦਾ ਏ। ਯਾਦ ਆਉਂਦਾ ਏ ਕਾਲਜ ਵਿਚ ਵੜਦਾ ਭੋਲਾ-ਭਾਲਾ ਪਿੰਡ ਦਾ ਜੁਆਕ ਜਿਸ ਨੇ ਸਾਇੰਸ ਦੇ ਵਿਸ਼ੇ ਲਏ ਸਨ ਅਤੇ ਅੰਗਰੇਜ਼ੀ ਮੀਡੀਅਮ ਹੋਣ ਕਾਰਨ ਕਈ ਦਿਨ ਤਾਂ ਕੁਝ ਵੀ ਉਸ ਦੇ ਪੱਲੇ ਨਹੀਂ ਸੀ ਪਿਆ। ਕੋਈ ਕਿਆਸ ਵੀ ਨਹੀਂ ਸੀ ਕਰ ਸਕਦਾ ਕਿ ਉਹੀ ਜੁਆਕ ਨੇ ਫਿਰ ਵੱਡਾ ਹੋ ਕੇ ਸਾਡੀ ਉਮਰ ਦੇਸ਼-ਵਿਦੇਸ਼ ਵਿਚ ਭੌਤਿਕ ਵਿਗਿਆਨ ਪੜ੍ਹਾਉਣੀ ਹੈ।

ਕਾਲਜ ਵੜਦਿਆਂ ਸਾਰ ਨਜ਼ਰ ਆਉਂਦਾ ਏ ਜੁਬਲੀ ਹਾਲ ਜਿਸ ਵਿਚ ਅਕਸਰ ਹੀ ਕਾਲਜ ਦੇ ਹਰ ਕਿਸਮ ਦੇ ਸਮਾਗਮ ਹੁੰਦੇ ਸਨ। ਕਪੂਰਥਲਾ ਦੇ ਮਹਾਰਾਜੇ ਨੇ ਇਹ ਹਾਲ ਆਪਣੇ ਰਾਜ ਦੇ ਸਿਲਵਰ ਜੁਬਲੀ ਜਸ਼ਨਾਂ ਲਈ ਬਣਵਾਇਆ ਸੀ। ਇਹ ਇਮਤਿਹਾਨਾਂ ਦਾ ਕੇਂਦਰ ਹੁੰਦਾ ਸੀ। ਬੜਾ ਡਰ ਲੱਗਦਾ ਹੁੰਦਾ ਸੀ ਇਸਦੇ ਅੰਦਰ ਜਾਣ ਲੱਗਿਆਂ ਕਿਉਂਕਿ ਇਮਤਿਹਾਨ ਤਾਂ ਇਮਤਿਹਾਨ ਹੀ ਹੁੰਦਾ ਹੈ। ਇਸ ਦੀ ਲਾਜਵਾਬ ਸੁੰਦਰਤਾ ਉਵੇਂ ਹੀ ਬਰਕਰਾਰ ਹੈ। ਇਉਂ ਲੱਗਦਾ ਹੈ ਕਿ ਕਾਲਜ ਵਿਚ ਅੰਦਰ ਆਉਣ ਵਾਲੇ ਪੁਰਾਣੇ ਵਿਦਿਆਰਥੀਆਂ ਨੂੰ ਦੇਖ ਕੇ ਫੁੱਲਿਆ ਨਹੀਂ ਸਮਾ ਰਿਹਾ ਕਿਉਂਕਿ ਇਹ ਜਾਣਦਾ ਹੈ ਕਿ ਇਸ ਦੀ ਆਗੋਸ਼ ਵਿਚ ਬਹਿ ਕੇ ਡਿਗਰੀਆਂ ਕਰਨ ਵਾਲੇ ਹੀ ਵੱਡੇ ਹੋ ਕੇ ਵੱਡੇ ਰੁਤਬਿਆਂ ਦਾ ਮਾਣ ਬਣੇ।

ਯਾਦ ਆਇਆ ਫੀਸ ਦੇਣ ਲਈ ਮੁੰਡਿਆਂ ਅਤੇ ਕੁੜੀਆਂ ਦੀਆਂ ਲੱਗੀਆਂ ਹੋਈਆਂ ਲਾਈਨਾਂ। ਇਕ ਦੋ ਕਲਰਕ ਤਾਂ ਵਿਦਿਆਰਥੀਆਂ ਨੂੰ ਟੁੱਟ ਕੇ ਪੈਂਦੇ ਸਨ। ਸ਼ਾਇਦ ਉਨ੍ਹਾਂ ਦੀ ਫਿਤਰਤ ਹੀ ਅਜਿਹੀ ਸੀ। ਜਦ ਮੈਂ ਇਸ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਉਨ੍ਹਾਂ ਕਲਰਕਾਂ ਦੀਆਂ ਖਾਧੀਆਂ ਝਿੜਕਾਂ ਨੂੰ ਯਾਦ ਕਰਦਾ ਤਾਂ ਅਹਿਸਾਸ ਹੁੰਦਾ ਕਿ ਸ਼ਾਇਦ ਸਾਡੀ ਪ੍ਰਾਪਤੀ ਦਾ ਅਧਾਰ ਹੀ ਇਹੀ ਸੀ ਕਿ ਅਸੀਂ ਵੱਡਿਆਂ ਦੀ ਝਿੜਕਾਂ ਵਿਚੋਂ ਹੀ ਆਪਣੀ ਸਫ਼ਲਤਾ ਦਾ ਮੁੱਢ ਕਿਆਸਿਆ ਸੀ। ਉਨ੍ਹਾਂ ਦਿਨਾਂ ਵਿਚ ਪ੍ਰਿੰਸੀਪਲ ਦੇ ਦਫ਼ਤਰ ਦੇ ਮੂਹਰੇ ਦੀ ਲੰਘਣ ਦਾ ਜੇਰਾ ਕੋਈ ਵਿਦਿਆਰਥੀ ਨਹੀਂ ਸੀ ਕਰਦਾ। ਕੇਹਾ ਸੀ ਦਬਦਬਾ ਉਸ ਸਮੇਂ ਦੇ ਪ੍ਰਿੰਸੀਪਲ ਸ. ਇੰਦਰ ਸਿੰਘ ਜੀ ਜਾਂ ਸ੍ਰੀ ਓਪੀ ਸ਼ਰਮਾ ਜੀ ਦਾ।

ਕਾਲਜ ਦਾ ਯੂ-ਬਲਾਕ ਆਪਣੀ ਪੁਰਾਣੀ ਰੰਗਤ ਨਾਲ ਹੁਣ ਵੀ ਹਾਜ਼ਰ-ਨਾਜ਼ਰ ਹੈ। ਮੇਰੀ ਪਤਨੀ ਨੇ ਇਸ ਦੇ ਵਿਹੜੇ ਵਿਚ ਉਗੇ ਪਿੱਪਲ ਦੇ ਥੜ੍ਹੇ 'ਤੇ ਬਹਿ ਕੇ ਵਿਦਿਆਰਥੀ ਜੀਵਨ ਦੇ ਬੇਫ਼ਿਕਰੇ ਦਿਨ, ਪੁਰਾਣੀਆਂ ਸਹੇਲੀਆਂ ਅਤੇ ਪ੍ਰੋਫੈਸਰਾਂ ਨੂੰ ਯਾਦ ਕੀਤਾ ਅਤੇ ਉਦਾਸੀ ਦੇ ਆਲਮ ਵਿਚ ਕਹਿਣ ਲੱਗੀ ਕਿ ਕਿੰਨੀ ਜਲਦੀ ਬੀਤ ਜਾਂਦੀ ਹੈ ਜ਼ਿੰਦਗੀ। ਕਾਲਜ ਦੀ ਪੜ੍ਹਾਈ ਦੇ ਉਹ ਦਿਨ ਜਿਹੜੇ ਕਦੇ ਪਰਤ ਕੇ ਨਹੀਂ ਆਉਂਦੇ।

ਇਸ ਕਾਲਜ ਵਿਚ ਮੈਂ ਪੜ੍ਹਿਆ ਵੀ ਅਤੇ ਪੜ੍ਹਾਇਆ ਵੀ। ਇਸਦੀ ਆਗੋਸ਼ ਵਿਚ ਮੈਂ ਮਸਤਕ ਵਿਚ ਗਿਆਨ ਦਾ ਉਜਿਆਰਾ ਪੈਦਾ ਕਰ ਸਕਿਆ। ਕਾਲਜ ਦੇ ਉਨ੍ਹਾਂ ਪ੍ਰੋਫੈਸਰਾਂ ਦੀ ਲਗਨ ਅਤੇ ਮਿਹਨਤ ਨੂੰ ਸਲਾਮ ਜੋ ਹੋਣਹਾਰ ਵਿਦਿਆਰਥੀਆਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰਨ ਲਈ ਤਿਆਰ ਰਹਿੰਦੇ ਸਨ। ਸ਼ਾਇਦ ਜੇ ਅਸੀਂ ਕੁਝ ਹਾਂ ਤਾਂ ਇਹ ਸਿਰਫ਼ ਆਪਣੇ ਅਧਿਆਪਕਾਂ ਦੀ ਬਦੌਲਤ ਹੀ ਹਾਂ।

ਚੇਤਿਆਂ ਵਿਚ ਹੁਣ ਤੀਕ ਤਾਜ਼ਾ ਹੈ ਕਿ ਪ੍ਰੈਪ ਵਿਚ ਅੰਗਰੇਜ਼ੀ ਮੀਡੀਅਮ ਵਿਚ ਪੜ੍ਹਾਈ ਗਈ ਫਿਜ਼ਿਕਸ, ਕਮਿਸਟਰੀ ਜਾਂ ਹਿਸਾਬ ਬਿਲਕੁਲ ਸਮਝ ਨਹੀਂ ਸੀ ਆਇਆ। ਸਬਜੈਕਟ ਬਦਲ ਕੇ ਆਰਟਸ ਸਬਜੈਕਟ ਲੈ ਲਏ। ਪਰ ਮੇਰੇ ਮਾਮਾ ਜੀ ਸ. ਪਿਆਰਾ ਸਿੰਘ ਦੀ ਘੁਰਕੀ ਕਾਰਨ ਫਿਰ ਸਾਇੰਸ ਸਬਜੈਕਟ ਲੈ ਲਏ। ਇਸ ਦੁਚਿੱਤੀ ਅਤੇ ਪੜ੍ਹਾਈ ਦਾ ਕੀਮਤੀ ਸਮਾਂ ਬਰਬਾਦ ਹੋਣ ਕਾਰਨ ਪ੍ਰੈਪ ਵਿਚੋਂ ਫੇਲ੍ਹ ਹੋ ਗਿਆ ਪਰ ਸਭ ਤੋਂ ਤੀਖਣਤਾ ਨਾਲ ਯਾਦ ਆਇਆ ਉਹ ਸਮਾਂ ਜਦ ਮੈਂ ਪ੍ਰੈਪ ਵਿਚ ਫੇਲ੍ਹ ਹੋਣ ਤੋਂ ਬਾਅਦ ਫਿਰ ਕਾਲਜ ਵਿਚ ਦਾਖਲ ਹੋਣ ਆਇਆ ਤਾਂ ਮੈਨੂੰ ਦਾਖਲੇ ਤੋਂ ਜਵਾਬ ਮਿਲ ਗਿਆ। ਕਾਲਜ ਦੀ ਇਹ ਪਿਰਤ ਸੀ ਕਾਲਜ ਦੇ ਫੇਲ੍ਹ ਹੋਏ ਕਿਸੇ ਵੀ ਵਿਦਿਆਰਥੀ ਨੂੰ ਉਨ੍ਹਾਂ ਸਬਜੈਕਟਾਂ ਵਿਚ ਦੁਬਾਰਾ ਕਾਲਜ ਵਿਚ ਦਾਖਲਾ ਨਹੀਂ ਦਿੱਤਾ ਜਾਵੇਗਾ। ਦਰਅਸਲ ਰਣਧੀਰ ਕਾਲਜ ਦੀ ਸ਼ਾਨ ਹੀ ਐਸੀ ਸੀ ਕਿ ਵੱਡੀ ਗਿਣਤੀ ਵਿਚ ਵਿਦਿਆਰਥੀ ਇਸ ਕਾਲਜ ਵਿਚ ਦਾਖਲਾ ਲੈਣ ਦੇ ਚਾਹਵਾਨ ਹੁੰਦੇ ਸਨ ਅਤੇ ਦਾਖ਼ਲੇ ਦੀ ਮੈਰਿਟ ਬਹੁਤ ਉਚੀ ਹੁੰਦੀ ਸੀ। ਪ੍ਰੋ. ਸਰਵਣ ਸਿੰਘ ਜੀ ਦਾਖਲਾ ਕਮੇਟੀ ਦੇ ਇੰਚਾਰਜ ਸਨ। ਮੇਰੇ ਮਾਮਾ ਜੀ ਨੇ ਐਡਵੋਕੇਟ ਸੂਰਤ ਸਿੰਘ ਪੱਡਾ ਰਾਹੀਂ ਪ੍ਰੋ. ਅਨੂਪ ਸਿੰਘ ਮੁਲਤਾਨੀ ਜੀ ਤੀਕ ਪਹੁੰਚ ਕੀਤੀ ਕਿ ਮੁੰਡਾ ਤਾਂ ਬਹੁਤ ਹੁਸ਼ਿਆਰ ਹੈ। ਕੁਝ ਕਾਰਨਾਂ ਕਰਕੇ ਫੇਲ੍ਹ ਹੋ ਗਿਆ ਹੈ। ਦਾਖਲ ਕਰਵਾ ਦਿਓ। ਇਹ ਤੁਹਾਨੂੰ ਨਿਰਾਸ਼ ਨਹੀਂ ਕਰੇਗਾ। ਪ੍ਰੋ. ਮੁਲਤਾਨੀ ਸਾਹਿਬ ਨੇ ਪ੍ਰੋ. ਸਰਵਣ ਸਿੰਘ ਨੂੰ ਨਿੱਜੀ ਪੱਧਰ 'ਤੇ ਮੇਰੇ ਦਾਖਲੇ ਲਈ ਮਨਾ ਲਿਆ। ਇਸ ਤੋਂ ਬਾਅਦ ਮੈਂ ਮੁੜ ਕੇ ਨਹੀਂ ਦੇਖਿਆ। ਬੀਐੱਸਸੀ ਮੈਰਿਟ ਵਿਚ ਪਾਸ ਕੀਤੀ। ਮੈਂ ਪ੍ਰੋ. ਸਰਵਣ ਸਿੰਘ ਜੀ ਅਤੇ ਪ੍ਰੋ. ਮੁਲਤਾਨੀ ਸਾਹਿਬ ਨਾਲ ਬਾਅਦ ਵਿਚ ਪੜ੍ਹਾਇਆ ਵੀ ਅਤੇ ਮੇਰੇ ਪ੍ਰਿੰਸੀਪਲ ਵੀ ਰਹੇ। ਬੜਾ ਮਾਣ ਕਰਦੇ ਸੀ ਆਪਣੇ ਸ਼ਾਗਿਰਦ 'ਤੇ। ਸ਼ਾਇਦ ਉਨ੍ਹਾਂ ਨੂੰ ਕਾਲਜ ਦੀ ਸਥਾਪਤ ਪਿਰਤ ਤੋੜਨ ਦਾ ਕੋਈ ਹਿਰਖ਼ ਨਹੀਂ ਸੀ ਸਗੋਂ ਨਾਜ਼ ਸੀ। ਮੈਂ ਕਿਆਸਣ ਲੱਗਾ ਕਿ ਜਦ ਮੈਨੂੰ ਦਾਖਲੇ ਤੋਂ ਜਵਾਬ ਮਿਲਿਆ ਤੇ ਨਿਰਾਸ਼ਾ ਦੇ ਆਲਮ ਵਿਚ ਉਸ ਪੇਂਡੂ ਜਵਾਕ ਦੀ ਕੀ ਮਨੋਦਿਸ਼ਾ ਹੋਵੇਗੀ? ਪਰ ਉਸਦੇ ਸੁਪਨਿਆਂ ਨੂੰ ਨਵੀਂ ਪਰਵਾਜ਼ ਮਿਲੀ ਜਦ ਰਣਧੀਰ ਕਾਲਜ ਵਿਚ ਦੁਬਾਰਾ ਦਾਖਲਾ ਮਿਲ ਗਿਆ ਕਿਉਂਕਿ ਹੋ ਸਕਦਾ ਸੀ ਕਿ ਜੇ ਮੈਨੂੰ ਸਾਇੰਸ ਵਿਚ ਦਾਖਲਾ ਨਾ ਮਿਲਦਾ ਤਾਂ ਆਰਟਸ ਵਿਚ ਦਾਖਲ ਹੋ ਜਾਣਾ ਸੀ ਅਤੇ ਸ਼ਾਇਦ ਮੈਂ ਬੀਏ ਵਿਚ ਆਪਣੇ ਪਿੰਡ ਦੇ ਹੋਰ ਸਾਥੀਆਂ ਵਾਂਗ ਅੱਧ-ਵਿਚਾਲੇ ਹੀ ਪੜ੍ਹਾਈ ਛੱਡ ਕੇ ਵਿਦੇਸ਼ ਨੂੰ ਚਲੇ ਜਾਂਦਾ। ਮੇਰੇ ਮਾਪੇ ਆਰਥਿਕ ਤੌਰ 'ਤੇ ਇੰਨੇ ਮਜ਼ਬੂਤ ਨਹੀਂ ਸਨ ਕਿ ਜਲੰਧਰ ਦੇ ਕਾਲਜ ਵਿਚ ਦਾਖ਼ਲ ਕਰਵਾਉਂਦੇ। ਫਿਰ ਜ਼ਿੰਦਗੀ ਦਾ ਕੀ ਰੂਪ ਹੋਣਾ ਸੀ, ਇਹ ਸੋਚਦਿਆਂ, ਅਸੀਂ ਕਮਿਸਟਰੀ ਵਿਭਾਗ ਦੇ ਕੋਲੋਂ ਦੀ ਗੁਜ਼ਰ ਰਹੇ ਸਾਂ।

ਪੁਰਾਣੀਆਂ ਅਤੇ ਮੁੱਲਵਾਨ ਕਿਤਾਬਾਂ ਦੇ ਅਸੀਮ ਭੰਡਾਰ ਵਾਲੀ ਕਾਲਜ ਦੀ ਲਾਇਬਰੇਰੀ ਦੇ ਕੋਲ ਦੀ ਲੰਘਿਆ ਤਾਂ ਯਾਦ ਆਇਆ ਕਿ ਮੇਰੇ ਵਧੀਆ ਨੰਬਰਾਂ ਕਰਕੇ ਕਾਲਜ ਵਲੋਂ ਕੋਰਸ ਦੀਆਂ ਕਿਤਾਬਾਂ ਵੀ ਲਾਇਬਰੇਰੀ ਵਲੋਂ ਸਾਰਾ ਸਾਲ ਲਈ ਮਿਲਦੀਆਂ ਸਨ। ਇਸ ਲਾਇਬਰੇਰੀ ਨੇ ਹੀ ਮੈਨੂੰ ਪੰਜਾਬੀ ਅਦੀਬਾਂ ਅਤੇ ਸਾਹਿਤ ਨਾਲ ਜੋੜਿਆ ਸੀ ਭਾਵੇਂ ਕਿ ਮੈਂ ਸਾਇੰਸ ਦਾ ਵਿਦਿਆਰਥੀ ਸਾਂ। ਲਾਇਬਰੇਰੀ ਦੇ ਕੋਲ ਬਣੀ ਸਟੇਜ ਦਾ ਜਾਹੋ-ਜਲਾਲ ਮੇਰੇ ਚੇਤਿਆਂ ਨੂੰ ਸੁਗੰਧਤ ਕਰ ਗਿਆ



ਜਦ ਤਰੋਤਾਜ਼ਾ ਹੋਇਆ ਕਿ ਅਕਾਦਮਿਕ ਪ੍ਰਾਪਤੀਆਂ ਲਈ ਇਸ ਸਟੇਜ 'ਤੇ ਜਾਣ ਅਤੇ ਇਨਾਮ ਪ੍ਰਾਪਤ ਕਰਨ ਦਾ ਸ਼ਰਫ਼ ਮਿਲਿਆ ਸੀ। ਇਸ ਸਟੇਜ 'ਤੇ ਹੀ ਮੇਰੇ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਅਤੇ ਸਾਥੀ ਪ੍ਰੋਫੈਸਰਾਂ ਨੇ ਮੈਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਮਿਲਣ 'ਤੇ ਕਾਲਜ ਦੇ ਸਾਲਾਨਾ ਸਮਾਗਮ 'ਤੇ ਮਾਣ ਬਖ਼ਸ਼ਿਆ ਸੀ।

ਕਾਲਜ ਵਿਚ ਫਿਰਦਿਆਂ ਫਿਜ਼ਿਕਸ ਥੀਏਟਰ ਕੋਲ ਦੀ ਲੰਘੇ ਤਾਂ ਉਹ ਦਿਨ ਅੱਖਾਂ ਸਾਹਵੇਂ ਸਾਖਸ਼ਾਤ ਹੋ ਗਏ ਜਿੱਥੇ ਬਹਿ ਕੇ ਮੈਂ ਪੜ੍ਹਿਆ ਅਤੇ ਬਾਅਦ ਵਿਚ ਪੜ੍ਹਾਇਆ ਸੀ। ਬਹੁਤ ਯਾਦ ਆਏ ਮੇਰੇ ਪੁਰਾਣੇ ਜਮਾਤੀ, ਪਿਆਰੇ ਦਿਨ ਅਤੇ ਅਣਗਿਣਤ ਵਿਦਿਆਰਥੀ ਜੋ ਮੇਰੇ ਕੋਲੋਂ ਵਿਦਿਆ ਪ੍ਰਾਪਤ ਕਰ ਕੇ ਮਾਣਯੋਗ ਪ੍ਰਾਪਤੀਆਂ ਦਾ ਸਿਰਲੇਖ ਬਣੇ। ਜਿਨ੍ਹਾਂ 'ਤੇ ਮੈਨੂੰ ਅਤੇ ਮੇਰੇ ਕਾਲਜ ਨੂੰ ਬਹੁਤ ਫਖ਼ਰ ਹੈ।

ਪ੍ਰਿੰਸੀਪਲ ਦੇ ਦਫ਼ਤਰ ਕੋਲੋਂ ਦੀ ਲੰਘਣ ਲੱਗਿਆਂ ਕਾਲਜ ਦੇ ਪੁਰਾਣੇ ਸਟਾਰ ਵਿਦਿਆਰਥੀਆਂ ਦੇ ਵੱਡੇ ਬੋਰਡ 'ਤੇ ਨਿਗਾਹ ਪਈ ਤਾਂ ਮਨ ਵਿਚ ਹੁਲਾਸ ਪੈਦਾ ਹੋਇਆ ਕਿ ਮੇਰੇ ਵਰਗੇ ਮੰਡ ਵਿਚ ਪਸ਼ੂ ਚਾਰਨ ਵਾਲੇ ਦਾ ਨਾਮ ਵੀ ਇਸ ਬੋਰਡ 'ਤੇ ਹੈ। ਇਹ ਸਭ ਮੇਰੇ ਕਾਲਜ, ਮੇਰੇ ਮਾਪਿਆਂ ਅਤੇ ਮੇਰੇ ਪਿੰਡ ਦੀ ਮਿੱਟੀ ਦਾ ਕਰਮ ਹੈ ਜਿਸ ਸਦਕਾ ਮੈਂ ਤੁੱਛ ਜਿਹੀਆਂ ਪ੍ਰਾਪਤੀਆਂ ਕਰ ਸਕਿਆ। ਇਹ ਸੰਭਵ ਤਾਂ ਹੀ ਹੋਇਆ ਕਿਉਂਕਿ ਰਣਧੀਰ ਕਾਲਜ ਦੀ ਤਹਿਜ਼ੀਬ ਅਤੇ ਤਾਸੀਰ ਵਿਚ ਉਹ ਸਭ ਕੁਝ ਹੈ ਜਿਹੜਾ ਪੇਂਡੂ ਵਿਦਿਆਰਥੀਆਂ ਲਈ ਬਹੁਤ ਮੁਫ਼ੀਕ ਹੈ। ਸ਼ਹਿਰ ਦਾ ਕਾਲਜ ਹੁੰਦਿਆਂ ਵੀ ਇਸਦੀ ਫਿਜ਼ਾ ਵਿਚ ਪਿੰਡ ਦੇ ਚੌਗਿਰਦੇ ਅਤੇ ਆਬੋ-ਹਵਾ ਜਿਹੀ ਅਪਣੱਤ ਪਸਰੀ ਹੁੰਦੀ ਸੀ।

ਪਰ ਮੇਰਾ ਪਿਆਰਾ ਰਣਧੀਰ ਕਾਲਜ, ਪੰਜਾਬ ਦੇ ਹੋਰਨਾਂ ਸਰਕਾਰੀ ਕਾਲਜਾਂ ਵਾਂਗ ਸਰਕਾਰੀ ਅਣਗਹਿਲੀ ਦਾ ਸ਼ਿਕਾਰ ਹੈ। ਸਟਾਫ਼ ਦਾ ਪੂਰਾ ਨਾ ਹੋਣਾ ਅਤੇ ਇਸਦੀ ਰੱਖ-ਰਖਾਅ ਵਿਚ ਹੋ ਰਹੀ ਬੇਧਿਆਨੀ ਕਾਰਨ ਇਸਦੀ ਦਿੱਖ ਵਿਚ ਨਿਘਾਰ ਆ ਰਿਹਾ ਹੈ। ਬਹੁਤ ਹੀ ਮਹਿੰਗੀ ਅੰਤਰਰਾਸ਼ਟਰੀ ਪੱਧਰ ਦੀ ਬਾਸਕਟ ਬਾਲ ਗਰਾਊਂਡ ਵਿਚ ਬੱਚੇ ਕ੍ਰਿਕਟ ਖੇਡ ਰਹੇ ਸਨ ਜਦ ਕਿ ਇਹ ਗਰਾਊਂਡ ਤਾਂ ਨਿਰੋਲ ਬਾਸਕਟ ਬਾਲ ਲਈ ਹੈ। ਪੁਰਾਣੇ ਵਿਦਿਆਰਥੀਆਂ ਵਲੋਂ ਬਣਾਏ ਹੋਏ ਪਾਰਕ ਦੀ ਨਿਆਰੀ ਦਿੱਖ ਵੀ ਆਪਣੀ ਖਸਤਾ ਹਾਲਤ, ਸੁੱਕੇ ਘਾਹ ਅਤੇ ਵੈਰਾਨਗੀ ਤੇ ਜਿਵੇਂ ਹੰਝੂ ਵਹਾ ਰਹੀ ਹੋਵੇ। ਸਾਇੰਸ ਪਾਰਕ ਤਾਂ ਨਿਖਸਮਾ ਲੱਗ ਰਿਹਾ ਸੀ। ਮੇਰੇ ਹੁੰਦਿਆਂ ਸਾਇੰਸ ਸੁਸਾਇਟੀ ਵਲੋਂ ਪਾਰਕ ਵਿਚ ਲਗਾਏ ਹੋਏ ਛਾਂਦਾਰ ਰੁੱਖ ਬਿਲਡਿੰਗਾਂ ਜਿੱਡੇ ਹੋ ਗਏ ਸਨ। ਇਹ ਰੁੱਖ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਹਾਜ਼ਰੀ 'ਚ ਲਗਵਾਏ ਗਏ ਸਨ। ਇਸ ਪਾਰਕ ਵਿਚ ਸਰਦੀਆਂ ਵਿਚ ਵਿਦਿਆਰਥੀ ਅਕਸਰ ਹੀ ਘਾਹ 'ਤੇ ਬੈਠ ਕੇ ਕੋਸੀ ਕੋਸੀ ਧੁੱਪ ਦਾ ਆਨੰਦ ਲੈਂਦੇ, ਸਾਇੰਸ ਦੀਆਂ ਬਾਰੀਕੀਆਂ ਨੂੰ ਆਪਸ ਵਿਚ ਸਮਝਣ ਅਤੇ ਸਮਝਾਉਣ ਲਈ ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ ਬੈਠੇ ਹੁੰਦੇ ਸਨ। ਉਨ੍ਹਾਂ ਦਿਨਾਂ ਦੀ ਯਾਦ ਇਕ ਚੀਸ ਮਨ ਦੇ ਵਿਹੜੇ ਧਰ ਜਾਂਦੀ ਏ ਕਿ ਕਦੇ ਨਹੀਂ ਪਰਤਣੇ ਉਹ ਦਿਨ। ਉਨ੍ਹਾਂ ਨਿੱਘੀਆਂ ਮਿਲਣੀਆਂ ਅਤੇ ਸੰਗੀ-ਸਾਥੀਆਂ ਦੀ ਸੁਹਬਤ ਕਾਰਨ ਹੀ ਮੈਂ ਉਹ ਬਣ ਸਕਿਆ ਜੋ ਅੱਜ ਹਾਂ। ਲੋੜ ਹੈ ਕਿ ਵਿਦਿਆਰਥੀਆਂ ਵਿਚ ਪੜ੍ਹਾਈ ਪ੍ਰਤੀ ਚੇਤਨਾ ਪੈਦਾ ਹੋਵੇ ਤਾਂ ਉਹ ਕੁਝ ਵੀ ਪ੍ਰਾਪਤ ਕਰ ਸਕਦੇ ਨੇ ਬਸ਼ਰਤੇ ਕਿ ਉਨ੍ਹਾਂ ਦੇ ਸੁਪਨੇ ਜਿਉਂਦੇ ਰਹਿਣ। ਉਨ੍ਹਾਂ ਵਿਚ ਨਵੀਆਂ ਪੈੜਾਂ ਨੂੰ ਸਿਰਜਣ ਅਤੇ ਨਵੇਂ ਅੰਬਰਾਂ ਨੂੰ ਹੱਥ ਲਾਉਣ ਲਈ ਪ੍ਰਵਾਜ਼ ਭਰਨ ਦਾ ਦਮਖ਼ਮ ਕਾਇਮ ਰਹੇ।

ਤੁਰਦੇ ਤੁਰਦੇ ਜਦ ਕਾਲਜ ਦੀ ਕੈਨਟੀਨ ਕੋਲ ਅੱਪੜਦੇ ਹਾਂ ਤਾਂ ਯਾਦ ਆਉਂਦੇ ਨੇ ਬ੍ਰੈਡ ਪਕੌੜੇ ਜਾਂ ਸਮੋਸੇ ਅਤੇ ਚਾਹ ਦਾ ਕੱਪ। ਸਾਇੰਸ ਦੇ ਵਿਦਿਆਰਥੀ ਹੋਣ ਕਾਰਨ ਕਾਲਜ ਕੈਨਟੀਨ ਵਿਚ ਬੈਠਣ ਦਾ ਮੌਕਾ ਤਾਂ ਕਦੇ ਕਦਾਈਂ ਮਿਲਦਾ ਸੀ। ਇਹ ਕੈਨਟੀਨ ਹੀ ਉਮਰ ਭਰ ਦੀਆਂ ਦੋਸਤੀਆਂ ਅਤੇ ਰੂਹਾਂ ਦੇ ਮਿਲਾਪ ਦਾ ਸਬੱਬ ਹੁੰਦੀ ਸੀ। ਬਹੁਤ ਹੀ ਬੇਫ਼ਿਕਰੀ ਦਾ ਆਲਮ ਹੁੰਦਾ ਸੀ ਇਸਦੇ ਵਾਤਾਵਰਨ ਵਿਚ। ਵਿਦਿਆਰਥੀਆਂ ਦੇ ਉਚੇ ਉਚੇ ਠਹਾਕੇ, ਇਕ ਦੂਜੇ ਨੂੰ ਪਿਆਰੀਆਂ ਚੋਭਾਂ ਅਤੇ ਗੱਲਾਂ ਦਾ ਮਿਲਗੋਭਾ ਇਸਦੀ ਫਿਜ਼ਾ ਨੂੰ ਆਨੰਦਤ ਕਰਦਾ ਸੀ। ਪ੍ਰੋਫੈਸਰ ਹੁੰਦਿਆਂ ਤਾਂ ਅਕਸਰ ਹੀ ਇਸਦੇ ਵਿਹੜੇ ਵਿਚ ਮਹਿਫ਼ਲ ਲੱਗੀ ਹੀ ਰਹਿੰਦੀ ਸੀ ਅਤੇ ਚਾਹ ਦਾ ਚੱਕਰ ਨਿਰੰਤਰ ਚੱਲਦਾ ਰਹਿੰਦਾ ਸੀ। ਹਰ ਵਿਹਲੇ ਪੀਰੀਅਡ ਵਿਚ ਹਰ ਪ੍ਰੋਫੈਸਰ ਦਾ ਨਿੱਤਨੇਮ ਹੀ ਸੀ ਕਿ ਉਸਨੇ ਕੈਨਟੀਨ ਦੀ ਮਹਿਫ਼ਲ ਵਿਚ ਸ਼ਰੀਕ ਹੋਣਾ ਹੁੰਦਾ ਸੀ।

ਬੀਤੇ ਦੀਆਂ ਇਹ ਕੇਹੀਆਂ ਪੈੜਾਂ ਹੁੰਦੀਆਂ ਕਿ ਅਸੀਂ ਇਨ੍ਹਾਂ ਨੂੰ ਲੱਭਣ ਲਈ ਇਨ੍ਹਾਂ ਦਾ ਪਿੱਛਾ ਕਰਦੇ ਹਾਂ ਅਤੇ ਫਿਰ ਅਸੀਂ ਬੀਤੇ ਵਿਚ ਗਵਾਚ ਜਾਂਦੇ ਹਾਂ। ਸਾਡਾ ਮਨ ਕਰਦਾ ਹੈ ਕਿ ਅਸੀਂ ਬੀਤੇ ਵਿਚ ਪਰਤ ਜਾਈਏ ਪਰ ਇਹ ਸੰਭਵ ਨਹੀਂ ਹੁੰਦਾ। ਮਨ ਦੀ ਕੇਹੀ ਅਵਸਥਾ ਹੁੰਦੀ ਕਿ ਉਸਨੂੰ ਕਾਲਜ ਦੇ ਸਾਰੇ ਦਿਨ ਇਕ ਇਕ ਕਰ ਕੇ ਯਾਦ ਆਉਂਦੇ। ਆਪਣੀ ਉਸ ਵਕਤੀ ਤਸ਼ਬੀਹ ਵਿਚ ਜਿਉਂਦਾ, ਆਪਣੇ ਆਪ ਨੂੰ ਵਿਦਿਆਰਥੀ ਸਮਝ ਕੇ ਬਹੁਤ ਸੰਤੁਸ਼ਟ ਅਤੇ ਸੁਖਨ ਮਹਿਸੂਸ ਕਰਦਾ। ਤਾਂ ਹੀ ਅਸੀਂ ਅਕਸਰ ਹੀ ਪੁਰਾਤਨ ਜਗਾਹਾਂ, ਆਪਣੇ ਬਜ਼ੁਰਗਾਂ ਦੀਆਂ ਨਿਸ਼ਾਨੀਆਂ ਅਤੇ ਆਪਣੇ ਉਨ੍ਹਾਂ ਅਦਾਰਿਆਂ ਨੂੰ ਨਤਮਸਤਕ ਹੁੰਦੇ ਹਾਂ ਤਾਂ ਕਿ ਅਸੀਂ ਇਨ੍ਹਾਂ ਦਾ ਸ਼ੁਕਰੀਆ ਅਦਾਅ ਕਰੀਏ। ਸਾਡੇ ਮਨਾਂ ਵਿਚ ਨਿਮਰਤਾ ਅਤੇ ਹਲੀਮੀ ਦਾ ਨਾਦ ਗੂੰਜਦਾ ਰਹੇ ਕਿਉਂਕਿ ਆਪਣੇ ਵਿਦਿਅਕ ਕੇਂਦਰਾਂ ਜਾਂ ਪੁਰਾਣੇ ਅਧਿਆਪਕਾਂ ਨੂੰ ਭੁਲਾ ਦੇਣ ਵਾਲੇ ਜਾਂ ਵਿਸਾਰ ਦੇਣ ਵਾਲੇ ਬਹੁਤ ਜਲਦੀ ਖ਼ੁਦ ਹੀ ਲੋਕ ਚੇਤਿਆਂ ਵਿਚੋਂ ਵਿਸਰ ਜਾਂਦੇ ਨੇ।

ਮੈਂ ਅਤੇ ਮੇਰੀ ਪਤਨੀ ਅਸੀਂ ਦੋਵੇਂ ਹੀ ਰਣਧੀਰ ਕਾਲਜ ਦੇ ਵਿਦਿਆਰਥੀ ਰਹੇ ਸਾਂ। ਸਾਡੀ ਇਹ ਤੀਰਥ ਯਾਤਰਾ ਸੀ ਆਪਣੇ ਉਸ ਗਿਆਨ-ਤੀਰਥ ਦੀ ਦਰਸ਼ਨ ਕਰਨ ਦੀ ਅਤੇ ਅਰਾਧਨਾ ਕਰਨ ਦੀ ਜਿਸਨੇ ਸਾਡੇ ਮੱਥਿਆਂ ਵਿਚ ਗਿਆਨ ਦਾ ਚਿਰਾਗ ਜਗਾਇਆ। ਸਾਨੂੰ ਅੱਖਰਾਂ ਦੇ ਲੜ ਲਾਇਆ। ਬੇਪਛਾਣ ਅਤੇ ਗੰਵਾਰ ਜਿਹੇ ਪੇਂਡੂਆਂ ਨੂੰ ਨਿੱਕੀ ਜਿਹੀ ਪਛਾਣ ਦਿੱਤੀ। ਸੱਚੀਂ ਮੈਨੂੰ ਮੇਰਾ ਰਣਧੀਰ ਕਾਲਜ ਉਸ ਸਮੇਂ ਬਹੁਤ ਯਾਦ ਆਇਆ ਸੀ ਜਦ ਮੈਂ ਪਹਿਲੀ ਵਾਰ ਅਮਰੀਕਾ ਦੀ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕਲਾਸ ਵਿਚ ਗਿਆ ਸੀ। ਕਾਲਜ ਦਾ ਦਿਲੋਂ ਧੰਨਵਾਦ ਕੀਤਾ ਸੀ ਕਿ ਫੇਲ੍ਹ ਹੋਏ ਨੂੰ ਕਾਲਜ ਵਿਚ ਮਿਲੇ ਦੁਬਾਰਾ ਦਾਖਲਾ ਸਦਕਾ ਹੀ ਮੈਂ ਸਾਇੰਸ ਪੜ੍ਹ ਸਕਿਆ। ਇਸਦੀ ਬਦੌਲਤ ਹੀ ਮੈਂ ਅਮਰੀਕਾ ਵਿਚ ਫਿਜ਼ਿਕਸ ਪੜ੍ਹਾਉਣ ਦੇ ਕਾਬਲ ਹੋਇਆ। ਵਰਨਾ ਛੋਟੇ ਜਿਹੇ ਕਿਸਾਨ ਦੇ ਬੇਟੇ ਦੀ ਕੀ ਔਕਾਤ ਸੀ ਕਿ ਉਹ ਅਮਰੀਕਾ ਵਿਚ ਪੜ੍ਹਾਉਣ ਦਾ ਸੁਪਨਾ ਵੀ ਲੈ ਸਕਦਾ।

ਇਕ ਘੰਟਾ ਕਾਲਜ ਦੇ ਚੌਗਿਰਦੇ ਵਿਚ, ਇਸ ਦੀਆਂ ਕੰਧਾਂ ਨੂੰ ਦੇਖਦੇ, ਇਸ ਦੇ ਕਮਰਿਆਂ ਨਾਲ ਮੂਕ ਸੰਵਾਦ ਕਰਦੇ, ਇਸਦੇ ਚੌਗਿਰਦੇ ਵਿਚ ਬੀਤੇ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਅਤੇ ਮਖ਼ਲੂਕ ਯਾਦਾਂ ਨੂੰ ਆਪੋ-ਆਪਣੇ ਚੇਤਿਆਂ ਵਿਚ ਨਵਿਆਉਂਦਿਆਂ, ਉਨ੍ਹਾਂ ਰਾਹਾਂ ਅਤੇ ਪਗਡੰਡੀਆਂ ਵਿਚ ਆਪਣੀਆਂ ਪੈੜਾਂ ਦੇ ਨਿਸ਼ਾਨ ਲੱਭਦਿਆਂ ਬਿਤਾਉਂਦੇ ਹਾਂ। ਆਪਣੇ ਵੱਡ ਸ਼ਖ਼ਸੀਅਤ ਵਾਲੇ ਉਨ੍ਹਾਂ ਪ੍ਰੋਫੈਸਰਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਦੀਆਂ ਸੁਮੱਤਾਂ ਜੀਵਨ ਵਿਚ ਹੁਣ ਵੀ ਬਹੁਤ ਕੰਮ ਆਉਂਦੀਆਂ ਨੇ। ਜੋ ਆਪਣੇ ਵਿਦਿਆਰਥੀਆਂ ਲਈ ਰੋਲ ਮਾਡਲ ਸਨ ਅਤੇ ਸਾਡੇ ਮਨਾਂ ਵਿਚ ਉਨ੍ਹਾਂ ਵਰਗਾ ਬਣਨ ਦਾ ਖ਼ਾਬੋ-ਖ਼ਿਆਲ ਜ਼ਰੂਰ ਪੈਦਾ ਹੁੰਦਾ ਸੀ।

ਕਾਲਜ ਦੇ ਗੇਟ ਤੋਂ ਬਾਹਰ ਆਉਂਦਿਆਂ, ਯਾਦ ਆਉਂਦਾ ਏ ਉਹ ਸਮਾਂ ਜਦ ਕਾਲਜ ਦੀ ਪੜ੍ਹਾਈ ਪੂਰੀ ਕਰ ਕੇ ਇਸ ਤਰ੍ਹਾਂ ਹੀ ਇਸਨੂੰ ਅਲਵਿਦਾ ਕਿਹਾ ਸੀ। ਇਹ ਕਾਲਜ ਦੀਆਂ ਅਸੀਸਾਂ ਸਦਕਾ ਹੀ ਸੀ ਕਿ ਜ਼ਿੰਦਗੀ ਨੇ ਸਾਡੀ ਝੋਲੀ ਵਿਚ ਉਹ ਸਭ ਕੁਝ ਪਾਇਆ ਜਿਸਦੀ ਤਵੱਕੋਂ ਕਦੇ ਕਿਆਸਦੇ ਸਾਂ। ਇਸਦਾ ਸੱਚ ਸਾਡਾ ਦੋਹਾਂ ਦਾ ਹਾਸਲ ਸੀ। ਹੌਲੀ-ਹੌਲੀ ਅਸੀਂ ਸਰੀਰਕ ਤੌਰ 'ਤੇ ਘਰ ਨੂੰ ਪਰਤਣ ਲੱਗਦੇ ਹਾਂ ਪਰ ਮਾਨਸਿਕ ਤੌਰ 'ਤੇ ਅਸੀਂ ਹਾਲੇ ਵੀ ਕਾਲਜ ਦੇ ਦਿਨਾਂ ਦੀ ਖ਼ੁਮਾਰੀ ਦੇ ਵਿਸਮਾਦ ਨੂੰ ਮਾਣ ਰਹੇ ਸਾਂ।

# ਸਿੱਧੂ ਪਰਿਵਾਰ ਨੂੰ ਸਦਮਾ

**ਫਰਿਜ਼ਨੋ:** ਫਰਿਜ਼ਨੋ ਨੇੜਲੇ ਸ਼ਹਿਰ ਪੋਟਰਵਿੱਲ ਨਿਵਾਸੀ ਦੀਪ ਸਿੱਧੂ (ਭਗਤਾ ਭਾਈਕਾ) ਦੇ ਸਤਿਕਾਰਯੋਗ ਮਾਤਾ ਸਦਰਦਾਰਨੀ ਗੁਰਦੇਵ ਕੌਰ ਸਿੱਧੂ 92 ਸਾਲ ਦੀ ਉਮਰ ਭੋਗ ਕੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਬਹੁਤ ਹੀ ਮਿਲਾਪੜੇ ਸੁਭਾਅ ਵਾਲੇ ਨੇਕ ਇਨਸਾਨ ਸਨ। ਮਾਤਾ ਜੀ ਦੇ ਅਕਾਲ ਚਲਾਣੇ ਨਾਲ ਸਿੱਧੂ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



ਮਾਤਾ ਜੀ ਦੀ ਦੇਹ ਦਾ ਅੰਤਿਮ ਸੰਸਕਾਰ ਮਿਤੀ 27 ਅਗਸਤ ਦਿਨ ਸ਼ਨਿਚਰਵਾਰ ਨੂੰ ਪੋਟਰਵਿੱਲ ਫਿਊਨਰਲ ਹੋਮ ਵਿਖੇ ਸਵੇਰੇ 10 ਤੋਂ ਦੁਪਹਿਰ 12 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਿੱਖ ਸੈਂਟਰ ਪੋਟਰਵਿੱਲ ਵਿਖੇ ਹੋਵੇਗੀ। ਵੇਧੇਰੇ ਜਾਣਕਾਰੀ ਜਾਂ ਦੁਖ ਸਾਂਝਾ ਕਰਨ ਲਈ ਦੀਪ ਸਿੱਧੂ ਨਾਲ (559) 333-1910 'ਤੇ ਸੰਪਰਕ ਕਰ ਸਕਦੇ ਹੋ।

# ਪ੍ਰਾਈਮ ਏਸ਼ੀਆ ਟੀਵੀ ਦੀ ਟੀਮ ਦਾ ਫਰਿਜ਼ਨੋ ਦੌਰਾ

**ਫਰਿਜਨੋ:** ਪੰਜਾਬੀ ਮੀਡੀਆ ਦਿਨੋਂ-ਦਿਨ ਪੂਰੀ ਦੁਨੀਆ ਵਿਚ ਪੈਰ ਪਸਾਰ ਰਿਹਾ ਹੈ। ਪੰਜਾਬੀ ਮੀਡੀਆ ਦੇ ਪਿੜ ਵਿਚ ਬਹੁ-ਚਰਚਿਤ ਨਾਮ ਪ੍ਰਾਈਮ ਏਸ਼ੀਆ ਟੀਵੀ, ਜਿਹੜਾ ਕਿ



ਕੈਨੇਡਾ ਤੋਂ ਬਾਅਦ ਹੁਣ ਅਮਰੀਕਾ ਵਿਚ ਵੀ ਪੈਰ ਪਸਾਰ ਰਿਹਾ ਹੈ, ਦੀ ਟੀਮ ਫਰਿਜ਼ਨੋ ਵਿਖੇ ਪਹੁੰਚੀ, ਜਿੱਥੇ ਉਨ੍ਹਾਂ ਵੱਖ-ਵੱਖ ਗੁਰੂ ਘਰਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਤੇ ਆਮ ਲੋਕਾਂ ਨਾਲ ਸੰਵਾਦ ਰਚਾਇਆ। ਇਸੇ ਦੌਰਾਨ ਪ੍ਰਾਈਮ ਏਸ਼ੀਆ ਦੀ ਟੀਮ ਨੇ ਭਾਰਤ ਦੇ 75ਵੇਂ ਆਜ਼ਾਦੀ ਦਿਹਾੜੇ ਵਿਚ ਵੀ ਸ਼ਿਰਕਤ ਕੀਤੀ। ਇਸ ਸਮੇਂ ਪ੍ਰਾਈਮ ਏਸ਼ੀਆ ਟੀਵੀ ਦੇ ਹੋਸਟ ਯੋਗਰਾਜ ਸਿੰਘ ਕਾਹਲੋਂ ਨੇ ਕਿਹਾ ਕਿ ਅਸੀਂ ਹਮੇਸ਼ਾ ਲੋਕ ਹਿੱਤ ਲਈ ਪੱਤਰਕਾਰੀ ਕਰਦੇ, ਲੋਕਾਂ ਦੀ ਸੋਚ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਮੌਕੇ ਪ੍ਰਾਈਮ ਏਸ਼ੀਆ ਟੀਵੀ ਦੇ ਅਮਨ ਖਟਕੜ ਨੇ ਕਿਹਾ ਕਿ ਮਿਆਰੀ ਪੱਤਰਕਾਰੀ ਕਰਕੇ ਲੋਕਾਂ ਨਾਲ ਜੁੜਨਾ ਸਾਡੀ ਟੀਮ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਜਲਦ ਉਹ ਪ੍ਰਾਈਮ ਏਸ਼ੀਆ ਟੀਵੀ ਦਾ ਸਟੂਡੀਓ ਫਰਿਜ਼ਨੋ ਵਿਖੇ ਖੋਲ੍ਹਣ ਜਾ ਰਹੇ ਹਨ, ਅਤੇ ਫਰਿਜ਼ਨੋ ਤੋਂ ਪ੍ਰਾਈਮ ਏਸ਼ੀਆ ਦੀ ਪ੍ਰਤੀਨਿਧ ਜੋਤ ਰਣਜੀਤ ਕੌਰ ਹੋਵੇਗੀ। ਇਸ ਮੌਕੇ ਜੋਤ ਰਣਜੀਤ ਕੌਰ ਨੇ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਦੀ ਵਚਨਬੱਧਤਾ ਪ੍ਰਗਟਾਈ। **-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**





Personal Injury and Wrongful Death Attorneys

Case Results*

$10 MILLION
Motorcycle vs. Truck Collision

$8 MILLION
Wrongful Death


$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results

Offices in San Francisco and Union City



WILLIAM E. WEISS
Of Counsel

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com




*To Advertise with Punjab Times Call: 847-359-0746*
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:**
*847-359-0746*



**Homeopathicvibes**

**Harminder Singh Gill**
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
**Ph: (408) 737-7100**
www.homeopathicvibes.com
*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਬੜੂ ਸਾਹਿਬ ਅਕਾਲ ਯੂਨੀਵਰਸਿਟੀ ਦੇ ਸਰਪ੍ਰਸਤ ਵਲੋਂ ਪੈਲਾਟਾਈਨ ਦੀ ਸੰਗਤ ਦਾ ਸਹਿਯੋਗ ਲਈ ਧੰਨਵਾਦ

**ਸ਼ਿਕਾਗੋ (ਬਿਊਰੋ):** ਬੜੂ ਸਾਹਿਬ ਅਕਾਲ ਯੂਨੀਵਰਸਿਟੀ ਦੇ ਸਰਪ੍ਰਸਤ ਡਾ. ਦਵਿੰਦਰ ਸਿੰਘ, ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਬੜੂ ਸਾਹਿਬ ਦੇ ਕਾਰਜ ਖੇਤਰ ਵਿਚ ਦਿੱਤੇ ਸਹਿਯੋਗ ਲਈ ਧੰਨਵਾਦ ਕਰਨ ਲਈ ਲੰਘੇ ਐਤਵਾਰ ਨੂੰ ਗੁਰੂ ਘਰ ਪਹੁੰਚੇ। ਸੰਗਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, 'ਅਸੀਂ ਗੁਰੂ ਘਰ ਦੀਆਂ ਸੰਗਤਾਂ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਬੜੂ ਸਾਹਿਬ, ਕਲਗੀਧਰ ਟਰੱਸਟ ਦੀ ਹਰ ਖੇਤਰ ਵਿਚ ਇਖਲਾਕੀ ਮਦਦ ਕੀਤੀ ਤੇ ਆਰਥਿਕ ਪੱਖੋਂ ਵੀ ਬਹੁਤ ਵੱਡਾ ਯੋਗਦਾਨ ਪਾਇਆ।' ਉਨ੍ਹਾਂ ਵਿਸ਼ੇਸ਼ ਤੌਰ 'ਤੇ ਸ਼ਿਕਾਗੋ ਨਿਵਾਸੀ ਮੇਜਰ ਗੁਰਚਰਨ ਸਿੰਘ ਝੱਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਸ ਕਾਰਜ ਵਿਚ ਵੱਡਾ ਯੋਗਦਾਨ ਪਾਇਆ ਹੈ।

ਜ਼ਿਕਰਯੋਗ ਹੈ ਕਿ ਮੇਜਰ ਝੱਜ ਨੇ ਅਕਾਲ ਅਕੈਡਮੀ ਲਈ ਜ਼ਮੀਨ ਖਰੀਦ ਕੇ ਦਿੱਤੀ ਸੀ, ਜਿਸ ਦੀ ਕੀਮਤ ਤਕਰੀਬਨ 3 ਕਰੋੜ ਰੁਪਏ ਸੀ। ਡਾ. ਦਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬਾਬਾ ਇਕਬਾਲ ਸਿੰਘ ਜੀ ਨਾਲ ਦਿੱਲੀ ਵਿਚ ਮੁਲਾਕਾਤ ਹੋਈ ਤੇ ਉਹ ਉਨ੍ਹਾਂ ਨੂੰ ਆਪਣੇ ਨਾਲ ਲੈ ਗਏ। ਉਹ 1991 ਤੋਂ ਬਾਬਾ ਜੀ ਨਾਲ ਜੁੜੇ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਅਜੋਕੀ ਹਾਲਤ ਨੂੰ ਦੇਖਦਿਆਂ ਬਾਬਾ ਇਕਬਾਲ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਘੱਟ-ਗਿਣਤੀਆਂ ਦੇ ਲੋਕ ਆਪਣੀ ਹੋਂਦ ਤਾਂ ਹੀ ਕਾਇਮ ਰੱਖ ਸਕਦੇ ਹਨ, ਜੇ ਉਹ ਵੱਧ ਤੋਂ ਵੱਧ ਪੜ੍ਹਾਈ ਤੇ ਮੁਹਾਰਤ ਹਾਸਲ ਕਰਨ। ਸਿੱਖ ਵੀ ਘੱਟ-ਗਿਣਤੀ ਵਿਚ ਹੀ ਆਉਂਦੇ ਹਨ, ਇਸ ਲਈ ਸਾਨੂੰ ਆਪਣੇ ਬੱਚਿਆਂ ਲਈ ਵੱਧ ਤੋਂ ਵੱਧ ਸਕੂਲ ਤੇ ਯੂਨੀਵਰਸਿਟੀਆਂ ਖੋਲ੍ਹਣੀਆਂ ਚਾਹੀਦੀਆਂ ਹਨ ਤਾਂ ਕਿ ਕਿਸੇ ਗੁਰਸਿਖ ਪਰਿਵਾਰ ਦਾ ਬੱਚਾ ਪੜ੍ਹਾਈ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਦੱਸਿਆ ਕਿ ਬਾਬਾ ਜੀ ਦਾ ਮਿਸ਼ਨ ਸੀ ਕਿ ਉਨ੍ਹਾਂ ਦੇ ਬੱਚੇ ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਗੁਰਮਤਿ ਸਿੱਖਿਆ ਜ਼ਰੂਰ ਲੈਣ। ਉਨ੍ਹਾਂ ਅੱਗੇ ਦੱਸਿਆ ਕਿ ਅੱਜ ਸਭ ਤੋਂ ਵੱਡੀ ਸਮੱਸਿਆ ਵਾਤਾਵਰਨ ਵਿਚ ਤਬਦੀਲੀ ਹੈ। ਇਸ ਦੇ ਨਾਲ ਵੱਡੀ ਸਮੱਸਿਆ ਵਿਸ਼ਵ ਸ਼ਾਂਤੀ ਨੂੰ ਖਤਰਾ ਹੈ। ਇਕ ਵਾਰੀ ਇਕ ਪ੍ਰੇਮੀ ਸੰਤ ਅਤਰ ਸਿੰਘ ਜੀ ਕੋਲ ਗਿਆ ਤੇ ਕਿਹਾ ਕਿ ਵਿਸ਼ਵ ਵਿਚ ਸ਼ਾਂਤੀ ਕਿਵੇਂ ਆਵੇਗੀ। ਉਨ੍ਹਾਂ ਕਿਹਾ ਉਸ ਵੇਲੇ ਜਦੋਂ ਪਿੰਡਾਂ ਵਿਚ ਅੰਮ੍ਰਿਤ ਵੇਲੇ ਹਰ ਖੂਹ 'ਤੇ ਬਾਲਟੀਆਂ ਖੜਕਣਗੀਆਂ ਭਾਵ ਹਰ ਕੋਈ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਕਰੇਗਾ। ਉਸ ਵੇਲੇ ਸ਼ਾਂਤੀ ਆਵੇਗੀ। ਅੱਜ ਦੁਨੀਆਂ ਵਿਚ ਚੱਲ ਰਹੀਆਂ ਯੂਨੀਵਰਸਿਟੀਆਂ, ਸਕੂਲ, ਅਦਾਰੇ ਆਦਿ ਸਿਰਫ ਦੁਨਿਆਵੀ ਪੜ੍ਹਾਈ 'ਤੇ ਜ਼ੋਰ ਦੇ ਰਹੇ ਹਨ। 4500 ਦੇ ਕਰੀਬ ਯੂਨੀਵਰਸਿਟੀਆਂ ਸਿਰਫ ਯੂ.ਐਸ. ਏ. ਵਿਚ ਹਨ। ਇਨ੍ਹਾਂ ਵਿਚ ਉਚ ਸੰਸਾਰੀ ਵਿਦਿਆ ਮਿਲਦੀ ਹੈ ਤੇ ਜਦੋਂ ਬੱਚਾ ਇਥੋਂ ਪੜ੍ਹ ਕੇ ਨਿਕਲਦਾ ਹੈ, ਉਚ ਅਫਸਰ ਬਣਦਾ ਹੈ ਤਾਂ ਅਕਸਰ ਆਪਣੇ ਘਮੰਡ ਨੂੰ ਕਾਬੂ ਨਹੀਂ ਰੱਖ ਪਾਉਂਦਾ। ਬਾਬਾ ਇਕਬਾਲ ਸਿੰਘ ਜੀ ਨੇ ਸਰਲ ਤਰੀਕੇ ਨਾਲ ਦੱਸਿਆ ਸੀ ਕਿ ਆਦਮੀ ਵਿਚੋਂ ਹਉਮੈ ਨਿਕਲ ਜਾਏ ਤਾਂ ਉਹ ਉਤਮ ਇਨਸਾਨ ਬਣਦਾ ਹੈ। ਸਮੇਂ ਦੀ ਲੋੜ ਹੈ ਬੱਚਿਆਂ ਨੂੰ ਸਾਇੰਸ ਦੇ ਨਾਲ ਅਧਿਆਤਮਕ ਸਿੱਖਿਆ ਵੀ ਦਿੱਤੀ ਜਾਵੇ ਤਾਂ ਕਿ ਸਾਇੰਸ ਨਾਲ ਕੋਈ ਪੁੱਠੀਆਂ ਖੋਜਾਂ ਨਾ ਕੱਢ ਲੈਣ ਜਿਹੜੀਆਂ ਮਾਨਵ ਕਲਿਆਣ ਦੇ ਹਿੱਤ ਵਿਚ ਨਾ ਹੋਣ। ਸੋ ਅਸੀਂ ਬੱਚਿਆਂ ਨੂੰ ਅਧਿਆਤਮਕ ਸਿੱਖਿਆ ਰਾਹੀਂ ਉਚੀ-ਸੁੱਚੀ ਜੀਵਨ ਜਾਚ ਵੀ ਸਿਖਾਉਂਦੇ ਹਾਂ ਤਾਂ ਕਿ ਵਿਸ਼ਵ ਸ਼ਾਂਤੀ ਦੇ ਮਾਹੌਲ ਦੀ ਸਥਾਪਨਾ ਹੋ ਸਕੇ।

ਬਾਬਾ ਇਕਬਾਲ ਸਿੰਘ ਜੀ ਨੇ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਕ ਐਸਾ ਅਦਾਰਾ ਚਾਹੀਦਾ ਹੈ ਜਿੱਥੇ ਗਿਆਨ ਤਾਂ ਆਏ ਪਰ ਬੱਚੇ ਦਾ ਹੰਕਾਰ ਵੀ ਕਾਬੂ ਵਿਚ ਰਹੇ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਲੜਕੀਆਂ ਦਾ ਇਕ ਸਕੂਲ ਖੋਲ੍ਹਿਆ। ਉਹ ਆਪ ਕਿਸੇ ਸਕੂਲ ਵਿਚ ਨਹੀਂ ਗਏ ਪਰ ਕੌਮ ਨੂੰ ਸੇਧ ਦੇਣ ਦਾ ਉਨ੍ਹਾਂ ਦਾ ਵਿਜ਼ਨ ਸੀ ਕਿ ਜੇ ਬੱਚੇ ਸੰਭਾਲਣੇ ਹਨ ਤਾਂ ਇਸ ਤਰ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਹੋਵੇ, ਜਿਸਦੀ ਬੁਨਿਆਦ ਅਧਿਆਤਮਕਤਾ ਦੀ ਹੋਵੇ। ਸੰਤ ਅਤਰ ਸਿੰਘ ਕੋਲ ਇਕ ਪ੍ਰੇਮੀ ਗਿਆ ਕਹਿਣ ਲੱਗਾ ਕਿ ਸੇਵਾ ਦੀ ਕੀ ਲੋੜ ਹੈ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਸੇਵਾ ਬਿਨਾ ਨਿਮਰਤਾ ਨਹੀਂ ਆ ਸਕਦੀ। ਸਿਮਰਨ ਅਭਿਆਸ ਨਾਲ ਅਕਸਰ ਹਉਮੈ ਵਧ ਜਾਂਦੀ ਹੈ। ਵੇਦ ਪੜ੍ਹ ਲਏ, ਯੋਗ ਆਸਨ ਕਰ ਲਏ ਪਰ ਕਈ ਵਾਰ ਇਨ੍ਹਾਂ ਨਾਲ ਵੀ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਛੁਟਕਾਰਾ ਨਹੀਂ ਮਿਲਦਾ। ਸਿੱਖ ਨੂੰ ਇਕਾਂਤ ਵਿਚ, ਜੰਗਲਾਂ ਵਿਚ ਤਪੱਸਿਆ ਕਰਨ ਦਾ ਆਦੇਸ਼ ਨਹੀਂ ਹੈ। ਇਸ ਨਾਲ ਬਾਅਦ ਵਿਚ ਜਦੋਂ ਉਹ ਲੋਕਾਂ ਵਿਚ ਵਿਚਰਦਾ ਹੈ ਤਾਂ ਸਹਿਜ ਸੁਭਾਏ ਹਉਮੈ ਆ ਜਾਂਦੀ ਹੈ। ਇਸੇ ਚੱਕਰਵਿਊ ਵਿਚ ਘੁੰਮਦਾ ਰਹਿੰਦਾ ਹੈ। ਸੇਵਾ, ਸਿਮਰਨ ਤੇ ਗੁਰਮਤਿ ਦੇ ਇਹੋ ਜਿਹੇ ਅਦਾਰੇ ਸਥਾਪਿਤ ਕਰੀਏ, ਜਿਸ ਵਿਚ ਗੁਰਮਤਿ, ਪੰਜਾਬੀ, ਉੱਚ ਕਿਰਦਾਰ ਦੀ ਸਿੱਖਿਆ ਮਿਲ ਸਕੇ। ਯਹੂਦੀਆਂ ਦੀ ਮਿਸਾਲ ਦੇਂਦੇ ਹੋਏ ਕਿਹਾ ਕਿ ਯਹੂਦੀਆਂ ਦੀ ਨਸਲਕੁਸ਼ੀ ਤੋਂ ਬਾਅਦ ਉਨ੍ਹਾਂ ਦੇ ਆਗੂਆਂ ਨੇ ਯਹੂਦੀ ਸਮਾਜ ਨੂੰ ਕਿਹਾ ਤੁਸੀਂ ਬੱਚਿਆਂ ਦੀ ਗਿਣਤੀ ਵਧਾਓ ਤੇ ਉਨ੍ਹਾਂ ਦੀ ਉਚ ਸਿੱਖਿਆ ਦਾ ਪ੍ਰਬੰਧ ਉਹ ਕਰਨਗੇ ਤੇ ਅਸੀਂ ਦੇਖ ਹੀ ਰਹੇ ਹਾਂ ਕਿ ਅੱਜ ਯਹੂਦੀ ਸਮਾਜ ਨੇ ਕਿੰਨੀ ਤਰੱਕੀ ਕੀਤੀ ਹੈ। ਅਸੀਂ ਵੀ ਆਪਣੇ ਬੱਚਿਆਂ ਨੂੰ ਉਚ ਸਿੱਖਿਆ ਦੇ ਕੇ ਉਸਾਰੂ ਕੌਮ ਦੀ ਸਥਾਪਨਾ ਵੱਲ ਕਦਮ ਚੁੱਕੀਏ। ਕਿਤੇ ਐਜੂਕੇਸ਼ਨ ਦੀ ਘਾਟ ਕਰਕੇ ਇਹ ਬੱਚੇ ਨਸ਼ੇ ਜਾਂ ਹੋਰ ਗਲਤ ਰਸਤਾ ਅਖਤਿਆਰ ਨਾ ਕਰ ਲੈਣ। ਜੇ ਪੰਜਾਬ ਦੇ ਪਿਛਲੇ ਇਤਿਹਾਸ ਨੂੰ ਦੇਖੀਏ ਤਾਂ ਪਹਿਲਾਂ 1990 ਦੇ ਦੌਰ ਵਿਚ ਨੌਜਵਾਨਾਂ ਦਾ ਬਹੁਤ ਨੁਕਸਾਨ ਹੋਇਆ, ਫਿਰ ਨੌਜਵਾਨ ਨਸ਼ਿਆਂ ਦੀ ਲਪੇਟ ਵਿਚ ਆ ਗਏ ਤੇ ਹੁਣ 12ਵੀਂ ਪਾਸ ਕਰ ਕੇ ਵਿਦੇਸ਼ਾਂ ਵਿਚ ਭੱਜਣ ਦੀ ਹੋੜ ਲੱਗੀ ਹੋਈ ਹੈ। ਉਹ ਇੱਥੇ ਆ ਕੇ ਮਜ਼ਦੂਰੀ ਕਰ ਕੇ ਆਪਣੇ ਮਿਸ਼ਨ ਤੋਂ ਪਰੇ ਹੋ ਜਾਂਦੇ ਹਨ। ਤੀਸਰੀ ਸਮੱਸਿਆ ਇਹ ਹੈ ਕਿ ਕੁਝ ਜ਼ਿਲ੍ਹਿਆਂ ਵਿਚ ਬੱਚੇ ਈਸਾਈ ਬਣ ਰਹੇ ਹਨ ਕਿਉਂਕਿ ਪੰਜਾਬ ਦੇ ਬਹੁਤੇ ਕਿਸਾਨਾਂ ਕੋਲ ਜ਼ਮੀਨ ਬਹੁਤ ਥੋੜ੍ਹੀ ਹੈ ਤੇ ਘਰ ਦੇ ਖਰਚੇ ਪੂਰੇ ਨਹੀਂ ਹੁੰਦੇ ਤੇ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ ਜਿਸ ਕਰਕੇ ਈਸਾਈ ਮਿਸ਼ਨਰੀ ਵਾਲੇ ਉਨ੍ਹਾਂ ਦੀ ਆਰਥਿਕ ਮਦਦ ਵੀ ਕਰਦੇ ਹਨ ਤੇ ਉਨ੍ਹਾਂ ਨੂੰ ਆਪਣੇ ਕਾਨਵੈਂਟ ਸਕੂਲ ਵਿਚ ਪੜ੍ਹਾਉਂਦੇ ਹਨ। ਉਨ੍ਹਾਂ ਬੱਚਿਆਂ ਨੂੰ ਸੰਭਾਲਣਾ ਵੱਡਾ ਚੈਲੰਜ ਹੈ। ਆਪਣੇ ਸਕੂਲਾਂ ਵਿਚ ਪੜ੍ਹਾਉਣਾ ਹੈ ਇਸ ਲਈ ਇਕ ਸਿੱਖ ਐਜੂਕੇਸ਼ਨ ਫੰਡ ਖੋਲ੍ਹਿਆ ਹੈ ਤਾਂ ਕਿ ਇਨ੍ਹਾਂ ਇਲਾਕਿਆਂ ਵਿਚ ਹੋਰ ਸਕੂਲ ਖੋਲ੍ਹੇ ਜਾ ਸਕਣ। ਹੁਣ ਇਸ ਇਲਾਕੇ ਵਿਚੋਂ 20 ਹਜ਼ਾਰ ਬੱਚਾ ਸਾਡੇ ਸਕੂਲਾਂ ਵਿਚ ਪੜ੍ਹ ਰਿਹਾ ਹੈ ਤੇ ਅਸੀਂ ਹੋਰ ਸਕੂਲ ਵੀ ਖੋਲ੍ਹ ਰਹੇ ਹਾਂ। ਦੇਸ਼ਾਂ ਵਿਦੇਸ਼ਾਂ ਦੀ ਸੰਗਤ ਜੇ ਦਸਵੰਧ ਕੱਢ ਕੇ ਇਸ ਵਿਚ ਹਿੱਸਾ ਪਾਉਣ ਤਾਂ ਅਸੀਂ ਹੋਰ ਕਾਲਜ ਖੋਲ੍ਹ ਸਕਦੇ ਹਾਂ। ਦੂਸਰੀ ਸੇਵਾ ਤਨ ਦੀ ਵੀ ਹੈ। ਜੇ ਤੁਸੀਂ ਕੋਈ ਆਈ.ਟੀ, ਹੈਲਥ ਜਾਂ ਕਿਸੇ ਵੀ ਕਿੱਤੇ ਵਿਚ ਤਜਰਬੇਕਾਰ ਹੋ ਤਾਂ ਸਾਡੇ ਕੋਲ ਵੈਬਸਾਈਟ ਅਕਾਲ ਕਾਂਟੈਕਟ ਹੈ ਜਿੱਥੇ ਜਾ ਕੇ ਤੁਸੀਂ ਆਪਣੇ ਫੀਲਡ ਰਾਹੀਂ ਗਿਆਨ ਸਾਂਝਾ ਕਰ ਸਕਦੇ ਹੋ। ਤੀਸਰੀ ਸੇਵਾ ਮਨ ਦੀ ਹੈ, ਹਰ ਰੋਜ਼ ਸੇਵਾ ਸਿਮਰਨ ਕਰਨਾ ਹੈ।

ਰਵਿੰਦਰ ਪਾਲ ਸਿੰਘ ਕੋਹਲੀ ਨੇ ਕਿਹਾ ਕਿ ਸੰਤ ਅਤਰ ਸਿੰਘ ਜੀ ਦਾ ਵੀਜ਼ਨ ਸੀ ਕਿ ਆਉਣ ਵਾਲਾ ਸਮਾਂ ਵਿਗਿਆਨ ਦਾ ਸਮਾਂ ਹੈ, ਕੋਈ ਵੀ ਦੇਸ਼, ਜਾਤੀ ਬਿਨਾ ਵਿਗਿਆਨ ਦੇ ਤਰੱਕੀ ਨਹੀਂ ਕਰ ਸਕਦਾ। ਪਰ ਵਿਗਿਆਨ ਦੇ ਨਾਲ ਵਿਨਾਸ਼ ਵੀ ਆਉਣਾ ਹੈ। ਪਹਿਲੀ ਤੇ ਦੂਜੀ ਸੰਸਾਰ ਜੰਗ, ਇਰਾਕ ਤੇ ਯੂਕਰੇਨ ਦੀ ਲੜਾਈ ਸਭ ਸਾਇੰਸ ਦੇ ਜੰਗੀ ਹਥਿਆਰ ਦੀ ਉਪਜ ਹੈ। ਸੰਤ ਅਤਰ ਸਿੰਘ ਜੀ ਨੇ ਇਸ ਸਮੱਸਿਆ ਨੂੰ ਹੱਲ ਕਰਨ ਦਾ ਇਕ ਤਰੀਕਾ ਸੋਚਿਆ ਕਿ ਅਸੀਂ ਉਹ ਬੱਚੇ ਤਿਆਰ ਕਰੀਏ ਜਿਹੜੇ ਵਿਗਿਆਨ ਦੀ ਵਿਦਿਆ ਦੇ ਨਾਲ ਅਧਿਆਤਮਕ ਸਿੱਖਿਆ ਵੀ ਹਾਸਲ ਕਰਨ ਤਾਂ ਕਿ ਚੰਗੇ ਇਨਸਾਨ ਬਣ ਕੇ ਸਦੀਵੀ ਸ਼ਾਂਤੀ ਦਾ ਪ੍ਰਯਾਸ ਦੁਨੀਆ ਵਿਚ ਕੀਤਾ ਜਾਵੇ। ਬਾਬਾ ਇਕਬਾਲ ਜੀ ਨੇ ਕਿਹਾ ਕਿ ਜ਼ਿਆਦਾ ਪੈਸਾ ਕਮਾਉਣ ਵਾਲੀ ਕੈਰੀਅਰ ਸਟੱਡੀ ਨਾਲ ਤੁਸੀਂ ਅਮੀਰ ਤਾਂ ਹੋ ਸਕਦੇ ਹੋ ਪਰ ਜੇ ਨਰੋਏ ਸਮਾਜ ਨੂੰ ਸਿਰਜਣ ਲਈ ਕੋਈ ਯੋਗਦਾਨ ਨਹੀਂ ਪਾਇਆ ਤਾਂ ਇਕੱਲੀ ਕਾਲਜਾਂ ਦੀ ਪੜ੍ਹਾਈ ਕਾਫੀ ਨਹੀਂ, ਇਸ ਲਈ ਲਿਟਰੇਚਰ ਦੀ ਪੜ੍ਹਾਈ ਨਾਲ ਗੁਰਮਤਿ ਵਿਦਿਆ ਦਾ ਸੁਮੇਲ ਹੋਵੇ ਤਾਂ ਤੁਸੀਂ ਚੰਗੇ ਇੰਜਨੀਅਰ ਤੇ ਚੰਗੇ ਡਾਕਟਰ ਬਣ ਕੇ ਸਮਾਜ ਦੀ ਸੇਵਾ ਕਰ ਸਕਦੇ ਹੋ। ਸਾਬਕਾ ਆਈ ਸੀ. ਐਸ. ਸਕਾਲਰ ਤੇ ਖਾਲਸਾ ਕਾਲਜ ਦੇ ਵਾਈਸ ਪ੍ਰਿੰਸੀਪਲ ਸੰਤ ਤੇਜਾ ਸਿੰਘ ਦੀ ਮੁਲਾਕਾਤ ਜਦੋਂ ਸੰਤ ਅਤਰ ਸਿੰਘ ਜੀ ਨਾਲ ਹੋਈ ਤਾਂ ਉਹ ਵੀ ਇਸ ਮਿਸ਼ਨ ਵਿਚ ਸੰਤ ਜੀ ਨਾਲ ਜੁੜ ਗਏ। ਉਨ੍ਹਾਂ ਸੰਤ ਤੇਜਾ ਸਿੰਘ ਨੂੰ ਇੰਗਲੈਂਡ ਦੀ ਕੈਂਬਰਿਜ ਤੇ ਅਮਰੀਕਾ ਵਿਚ ਹਾਰਵਰਡ ਯੂਨੀਵਰਸਿਟੀ ਵਿਚੋਂ ਉਚ ਸਿੱਖਿਆ ਲੈਣ ਲਈ ਭੇਜਿਆ। ਤੇਜਾ ਸਿੰਘ ਹਾਰਵਰਡ ਯੂਨੀਵਰਸਿਟੀ ਤੋਂ ਪੜ੍ਹ ਕੇ ਆਏ ਖਾਲਸਾ ਕਾਲਜ ਦੇ ਪਹਿਲੇ ਪ੍ਰਿੰਸੀਪਲ ਬਣੇ। ਉਨ੍ਹਾਂ ਦੇ ਯਤਨ ਸਦਕਾ ਹੀ 1956 ਵਿਚ ਬੜੂ ਸਾਹਿਬ ਪ੍ਰਗਟ ਹੋਏ। ਬਾਬਾ ਇਕਬਾਲ ਸਿੰਘ ਜੀ ਜੋ ਉਸ ਵੇਲੇ ਹਿਮਾਚਲ ਵਿਚ ਐਗਰੀਕਲਚਰਲ ਡਾਇਰੈਕਟਰ ਸਨ, ਇਸ ਸੰਸਥਾ ਨਾਲ ਜੁੜੇ ਤੇ ਤੇਜਾ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਕਮਾਂਡ ਸੰਭਾਲੀ। ਉਸ ਤੋਂ ਬਾਅਦ ਬਾਬਾ ਇਕਬਾਲ ਸਿੰਘ ਜੀ ਨੇ 1986 ਵਿਚ 5 ਬਚਿਆਂ ਨਾਲ ਸਕੂਲ ਸ਼ੁਰੂ ਕੀਤਾ ਤਾਂ ਉਨ੍ਹਾਂ ਦਾ ਵਿਰੋਧ ਹੋਇਆ ਪਰ ਬਾਬਾ ਜੀ ਨੇ ਕਿਹਾ ਕਿ ਕਿਸੇ ਵੀ ਕਾਰਜ ਦੀ ਸਫਲਤਾ ਲਈ ਤਿੰਨ ਗੁਣ ਚਾਹੀਦੇ ਹਨ ਧੀਰਜਤਾ, ਗੰਭੀਰਤਾ, ਸੂਰਬੀਰਤਾ ਇਸ ਨੂੰ ਕ੍ਰਮਵਾਰ ਅਪਣਾਉਣ ਨਾਲ ਹੀ ਅੱਜ 5 ਬੱਚਿਆਂ ਤੋਂ ਸ਼ੁਰੂ ਹੋ ਕੇ ਰੂਲਰ ਏਰੀਏ ਵਿਚ 129 ਸਕੂਲ ਹਨ। ਅੱਜ ਸੀ.ਬੀ.ਐਸ.ਈ. ਵਿਚ ਬੜੂ ਸਹਿਬ ਦੇ ਬੱਚੇ ਟਾਪ ਪੁਜ਼ੀਸ਼ਨਾਂ ਹਾਸਿਲ ਕਰਦੇ ਹਨ। ਅਕਾਲ ਅਕੈਡਮੀ ਦੇ ਵਿਦਿਆਰਥੀ ਆਈ.ਏ.ਐਸ, ਆਈ.ਪੀ ਐਸ ਤੇ ਸਿਵਲ ਸਰਵਿਸਜ਼ ਦੀਆਂ ਉਚ ਪੁਜ਼ੀਸ਼ਨਾਂ 'ਤੇ ਤਾਇਨਾਤ ਹਨ। ਅਸੀਂ ਪੈਲਾਟਾਈਨ ਗੁਰੂ ਘਰ ਦਾ ਧੰਨਵਾਦ ਕਰਦੇ ਹਾਂ। ਉਨ੍ਹਾਂ ਖਾਸ ਕਰਕੇ ਗੁਰਚਰਨ ਸਿੰਘ ਝੱਜ ਦਾ ਧੰਨਵਾਦ ਕੀਤਾ। ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਉਹ 1990 ਤੋਂ ਅਮਰੀਕਾ ਵਿਚ ਹਨ ਤੇ 1999 ਵਿਚ ਆਪਣੀਆਂ ਬਚੀਆਂ ਨੂੰ ਪੜ੍ਹਾਉਣ ਲਈ ਬੜੂ ਸਾਹਿਬ ਲੈ ਕੇ ਗਏ ਸਨ। ਉਨ੍ਹਾਂ ਦੇ ਬੱਚਿਆਂ ਨੇ ਉਥੇ 14 ਸਾਲ ਪੜ੍ਹਾਈ ਕੀਤੀ ਹੈ। ਉਥੇ ਉਸ ਸਮੇਂ ਡਾ. ਦਵਿੰਦਰ ਸਿੰਘ ਪ੍ਰਿੰਸੀਪਲ ਸਨ। ਉਨ੍ਹਾਂ ਨਾਲ ਉਥੇ ਮੁਲਕਾਤ ਹੋਈ ਸੀ। ਅੱਜ 129 ਸਕੂਲ ਹਨ ਤੇ ਕਰੀਬ 3500 ਅਧਿਆਪਕ ਹਨ। ਨਸ਼ਾ ਕੇਂਦਰਾਂ ਵਿਚ ਨਸ਼ਾ ਛੁਡਾਊ ਪ੍ਰੋਗਰਾਮ ਚੱਲ ਰਹੇ ਹਨ। ਵਿਮੈਨ ਐਂਪਾਵਰਮੈਂਟ ਪ੍ਰੋਗਰਾਮ ਅਧੀਨ ਲੇਡੀਜ਼ ਟੀਚਰਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਸਮੇਂ 70,000 ਬੱਚੇ ਹਨ ਤੇ ਇਕ ਬੱਚੇ ਦੀ ਪੜ੍ਹਾਈ 'ਤੇ ਸਾਲ ਵਿਚ 500 ਡਾਲਰ ਖਰਚਾ ਆਉਂਦਾ ਹੈ। ਇਸ ਤੋਂ ਇਲਾਵਾ 28 ਬੱਚੇ ਅਸਿਟਡ ਸਿੱਖਿਆ ਲੈ ਰਹੇ ਹਨ। 4000 ਬੱਚੇ ਹੋਰ ਤਕਨੀਕੀ ਸਿੱਖਿਆ ਵਿਚ ਹਨ। ਜਿਨ੍ਹਾਂ ਵਿਚੋਂ 2800 ਸਪਾਂਸਰ ਹਨ ਤੇ ਇਸ ਨਾਲ 26000 ਹੋਰ ਬੱਚੇ ਪੜ੍ਹਾਈ ਕਰ ਰਹੇ ਹਨ। ਲੈਬ, ਲਾਇਬ੍ਰੇਰੀ, ਤਕਨੀਕੀ ਸਹੂਲਤਾਂ, ਵਧੀਆ ਮਾਹੌਲ ਵਾਲੇ ਕਮਰੇ, ਸੁਰੱਖਿਆ, ਸਟਾਫ ਹੋਰ ਕਈ ਖਰਚੇ ਹਨ। ਅਸੀਂ ਕੁਆਲਿਟੀ ਐਜੂਕੇਸ਼ਨ ਵੱਲ ਧਿਆਨ ਦੇਂਦੇ ਹਾਂ, ਜਿਸ ਤੇਜੀ ਨਾਲ ਇਹ ਵਾਧਾ ਹੋਇਆ ਹੈ ਇਹ ਬਾਬਾ ਜੀ ਦੀ ਵੀਜ਼ਨ ਦਾ ਨਤੀਜਾ ਹੈ। ਉਨ੍ਹਾਂ ਦਾ ਮਿਸ਼ਨ ਸੀ "ਬੱਚੇ ਪੜ੍ਹਾਓ, ਪੰਜਾਬ ਬਚਾਓ"। ਇਸ ਵੇਲੇ ਸਾਰੇ ਸਕੂਲਾਂ ਦਾ ਕੁਲ ਰਕਬਾ 46 ਲੱਖ ਸਕੁਏਅਰ ਫੁਟ ਵਿਚ ਫੈਲਿਆ ਹੋਇਆ ਹੈ। ਉਨ੍ਹਾਂ ਮੇਜਰ ਗੁਰਚਰਨ ਸਿੰਘ ਝੱਜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਦੱਸਿਆ ਕਿ ਝੱਜ ਸਾਹਿਬ ਨੇ ਪਿਛਲੇ 35 ਸਾਲਾਂ ਤੋਂ ਬੜੂ ਸਾਹਿਬ ਤੇ ਕਲਗੀਧਰ ਟਰੱਸਟ ਨੂੰ ਭਰਵਾਂ ਸਹਿਯੋਗ ਦਿੱਤਾ ਹੈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਡਾ. ਦਵਿੰਦਰ ਸਿੰਘ ਨੂੰ ਸਰੋਪਾ ਭੇਟ ਕੀਤਾ।








ਸਿੱਖ ਰਿਲੀਜੀਅਸ ਸੁਸਾਇਟੀ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਕਿਹਾ ਕਿ ਬਾਬਾ ਇਕਬਾਲ ਸਿੰਘ ਜੀ ਨੇ ਸਮਾਜ ਤੇ ਸਿੱਖਿਆ ਖੇਤਰ ਦੀ ਬਿਹਤਰੀ ਲਈ ਮਹਾਨ ਕੰਮ ਕੀਤੇ। ਸਾਨੂੰ ਸਾਰਿਆਂ ਨੂੰ ਆਪਣੀ ਕਿਰਤ ਕਮਾਈ ਵਿਚੋਂ ਮਾਈਕ ਸਹਾਇਤਾ ਦੇ ਕੇ ਬੜੂ ਸਾਹਿਬ ਸੰਸਥਾ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਬੱਚੇ ਪੜ੍ਹ ਕੇ ਕੌਮ ਦਾ ਨਾਂ ਰੌਸ਼ਨ ਕਰ ਸਕਣ। ਗੁਰਚਰਨ ਸਿੰਘ ਝੱਜ ਨੇ ਪੰਜਾਬ ਟਾਈਮਜ਼ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਜਿੱਥੇ ਅਕੈਡਮੀਆਂ ਖੁੱਲ੍ਹੀਆਂ ਹਨ, ਉਥੋਂ ਦੇ ਮਾਹੌਲ ਵਿਚ ਨਿਰਸੰਦੇਹ ਬਹੁਤ ਤਬਦੀਲੀ ਆਈ ਹੈ। ਕਿਉਂਕਿ ਉਚ ਮਿਆਰੀ ਸਿੱਖਿਆ ਪਲਾਨ ਤੇ ਅਧਿਆਤਮਕ ਸਿੱਖਿਆ ਨਾਲ ਕਾਫੀ ਬਦਲਾਅ ਆਇਆ ਹੈ ਅਜੇ ਹੋਰ ਨਵੇਂ ਵਿਦਿਅਕ ਅਦਾਰੇ ਖੋਲ੍ਹਣ ਦੀ ਲੋੜ ਹੈ ਹੋਰ ਅਕੈਡਮੀਆਂ ਸਥਾਪਿਤ ਹੋ ਸਕਣ ਤੇ ਹੋਰ ਬੱਚੇ ਵਿਦਿਆ ਪ੍ਰਾਪਤ ਕਰ ਸਕਣ। ਮੇਜਰ ਝੱਜ ਨੇ ਕਿਹਾ ਕਿ ਬਾਬਾ ਇਕਬਾਲ ਸਿੰਘ ਦੀ ਅਗਵਾਈ ਵਿਚ ਇਸ ਅਦਾਰੇ ਦੇ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰ ਕੇ ਦੇਸ-ਵਿਦੇਸ਼ ਵਿਚ ਉਚੀਆਂ ਪੁਜ਼ੀਸ਼ਨਾਂ 'ਤੇ ਪਹੁੰਚੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੇ ਤਕਨੀਕੀ ਪੜ੍ਹਾਈ ਦੇ ਨਾਲ ਨਾਲ ਅਧਿਆਤਮਕ ਸਿੱਖਿਆ ਵੀ ਹਾਸਲ ਕੀਤੀ ਹੈ, ਲੜਕੀਆਂ ਨੂੰ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੈ, ਬੜੂ ਸਾਹਿਬ ਇਹ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਡਾ. ਦਵਿੰਦਰ ਸਿੰਘ ਜੀ 1991 ਤੋਂ ਬੜੂ ਸਾਹਿਬ ਨਾਲ ਜੁੜੇ ਹੋਏ ਹਨ। ਉਹ ਆਪਣੇ ਡਾਕਟਰੀ ਦੇ ਪੇਸ਼ੇ ਨੂੰ ਤਿਆਗ ਕੇ ਹੁਣ ਸਦਾ ਲਈ ਬੜੂ ਸਾਹਿਬ ਵਿਚ ਨਿਸ਼ਕਾਮ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਲਗੀਧਰ ਟਰੱਸਟ ਪਿੰਡਾਂ ਵਿਚ ਜਿਹੜਾ ਵਿਦਿਆ ਦਾ ਚਾਨਣ ਵੰਡ ਰਿਹਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ।

# ਫਰਿਜ਼ਨੋ ਵਿਖੇ ਭਾਰਤ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾਈ















**ਫਰਿਜ਼ਨੋ:** ਇੱਥੋਂ ਦੇ ਸਮੂਹ ਭਾਰਤੀ ਭਾਈਚਾਰੇ ਨੇ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਬੜੇ ਮਾਣ ਨਾਲ ਮਨਾਈ। ਸਥਾਨਕ ਇੰਡੀਆ ਓਵਨ ਰੈਸਟੋਰੈਂਟ ਵਿਚ ਤਿਰੰਗੇ ਦੇ ਰੰਗ ਬਿਖੇਰਦੀ ਸ਼ਾਨਦਾਰ ਡੈਕੋਰੇਸ਼ਨ ਵਿਚ ਸਮਾਗਮ ਦੀ ਸੁਰੂਆਤ ਭਾਰਤ ਦੇ ਰਾਸ਼ਟਰੀ ਗੀਤ ਨਾਲ ਕੀਤੀ ਗਈ ਜਦਕਿ ਗਾਇਕ ਰਾਜ ਬਰਾੜ ਯਮਲਾ ਨੇ ਦੇਸ਼ ਭਗਤੀ ਦੇ ਗੀਤਾਂ ਰਾਹੀ ਹਾਜ਼ਰੀ ਭਰੀ। ਇਸ ਤੋਂ ਬਾਅਦ ਰਸਮੀ ਸਮਾਗਮ ਸੁਰੂ ਹੋਇਆ, ਜਿਸ ਦੀ ਸੁਰੂਆਤ ਸਾਂਝੀ ਸੋਚ ਅਖਬਾਰ ਦੇ ਸੰਪਾਦਕ ਬੂਟਾ ਸਿੰਘ ਬਾਸੀ ਨੇ ਸਟੇਜ ਸੰਭਾਲ਼ਦੇ ਹੋਏ ਕੀਤੀ। ਇਸ ਸਮੇਂ ਐਨ.ਆਰ.ਆਈ. ਸਭਾ ਦੇ ਪ੍ਰਧਾਨ ਸ. ਪਾਲ ਸਿੰਘ ਸਹੋਤਾ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਮੁੱਖ ਮਹਿਮਾਨ ਆਕੁੰਨ ਸਭਰਵਾਲ (ਭਾਰਤੀ ਕੌਂਸਲੇਟ) ਨਾਲ ਜਾਣੂ ਕਰਵਾਇਆ। ਸਮੁੱਚੇ ਸਮਾਗਮ ਵਿਚ ਵੱਖ-ਵੱਖ ਸੰਸਥਾਵਾਂ ਤੋਂ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ, ਜਿਨ੍ਹਾਂ ਵਿਚ ਬੂਟਾ ਬਾਸੀ, ਪਾਲ ਸਹੋਤਾ, ਰਾਣਾ ਗਿੱਲ, ਪਰਗਟ ਸਿੰਘ, ਕਰਨਲ ਹਰਦੇਵ ਸਿੰਘ ਗਿੱਲ, ਸੁਰਿੰਦਰ ਮੰਢਾਲੀ, ਸਟੀਵ ਬਰੈਡ (ਕਾਊਂਟੀ ਸੁਪਰਵਾਈਜ਼ਰ), ਡਾ. ਅਰਜਨ ਜੋਸਨ, ਸੰਤੋਖ ਸਿੰਘ ਮਿਨਹਾਸ, ਨੀਟਾ ਮਾਛੀਕੇ, ਸੁਖਦੇਵ ਸਿੱਧੂ, ਜੁਗਰਾਜ ਸਿੰਘ ਕਾਹਲੋਂ ਹੋਸਟ ਪ੍ਰਾਈਮ ਏਸ਼ੀਆ, ਚਰਨ ਗੁਰਮ, ਮਲਕੀਤ ਕਿੰਗਰਾ ਆਦਿ ਦੇ ਨਾਂ ਜ਼ਿਕਰਯੋਗ ਹਨ। ਜੀ.ਐਚ.ਜੀ. ਅਕੈਡਮੀ ਦੇ ਬੱਚਿਆਂ ਨੇ ਗਿੱਧੇ ਅਤੇ ਭੰਗੜੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਮੇਂ ਭਾਰਤੀ ਕੌਂਸਲੇਟ ਡਾ. ਸਭਰਵਾਲ ਨੇ ਸਮੁੱਚੇ ਭਾਰਤੀ ਭਾਈਚਾਰੇ ਨੂੰ ਵੀਜ਼ੇ ਆਦਿ ਸੰਬੰਧੀ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ। ਇਸ ਮੌਕੇ ਉਨ੍ਹਾਂ ਕੁਝ ਸ਼ਰਾਰਤੀ ਅਨਸਰਾਂ ਵਲੋਂ ਸਾਨ-ਫਰਾਂਸਿਸਕੋ ਦੇ ਭਾਰਤੀ ਸਫਾਰਤਖਾਨੇ 'ਤੇ ਲਿਖੇ ਖਾਲਿਸਤਾਨੀ ਨਾਅਰਿਆਂ ਦੀ ਨਿੰਦਾ ਵੀ ਕੀਤੀ। ਸ. ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ ਅਤੇ ਪ੍ਰਬੰਧਕਾਂ ਵਲੋਂ ਸਭਰਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮੁੱਚੇ ਭਾਰਤੀ ਭਾਈਚਾਰੇ ਦੇ ਸਹਿਯੋਗ ਲਈ ਚਰਨ ਗੁਰਮ ਨੇ ਸਭ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਪਾਲ ਸਹੋਤਾ, ਰਾਣਾ ਗਿੱਲ, ਚਰਨ ਗੁਰਮ, ਬੂਟਾ ਬਾਸੀ, ਗੁਰਮੀਤ ਗਾਜੀਆਣਾ ਅਤੇ ਸਮੂਹ ਸਹਿਯੋਗੀ ਵਧਾਈ ਦੇ ਪਾਤਰ ਹਨ। ਅੰਤ ਸੁਆਦਿਸ਼ਟ ਭੋਜਨ ਨਾਲ ਇਹ ਸ਼ਾਮ ਦੇਸ ਪ੍ਰੇਮ ਦਾ ਸੁਨੇਹਾ ਦਿੰਦੀ ਹੋਈ ਯਾਦਗਾਰੀ ਹੋ ਨਿੱਬੜੀ।

***-ਵੇਰਵਾ ਤੇ ਤਸਵੀਰਾਂ: ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ***

# ਗੀਤਕਾਰ ਗਿੱਲ ਰੌਂਤਾ ਦੀਆਂ ਫਰਿਜ਼ਨੋ ਵਾਲੀਆਂ ਮਹਿਫ਼ਲਾਂ ਯਾਦਗਾਰੀ ਹੋ ਨਿੱਬੜੀਆਂ







**ਫਰਿਜ਼ਨੋ:** ਪੰਜਾਬੀ ਗੀਤਕਾਰੀ ਵਿਚ ਆਪਣੀ ਨਿਵੇਕਲੀ ਥਾਂ ਬਣਾਉਣ ਵਾਲੇ ਗੀਤਕਾਰ ਗਿੱਲ ਰੌਂਤਾ ਇਨ੍ਹੀਂ ਦਿਨੀਂ ਆਪਣੀ ਅਮਰੀਕਾ ਫੇਰੀ 'ਤੇ ਹਨ ਅਤੇ ਆਪਣੇ ਚਾਹੁਣ ਵਾਲਿਆਂ ਨੂੰ ਮਿਲ ਰਹੇ ਹਨ। ਇਸੇ ਕੜੀ ਤਹਿਤ ਉਹ ਫਰਿਜ਼ਨੋ ਵਿਖੇ ਟਰਾਂਸਪੋਰਟਰ ਛਿੰਦਾ ਚਾਹਲ ਕੋਲ ਠਹਿਰੇ ਹੋਏ ਹਨ। ਉਨ੍ਹਾਂ ਦੇ ਸਨਮਾਨ ਹਿੱਤ ਫਰਿਜ਼ਨੋ ਦੇ ਦੋ ਵੱਖ-ਵੱਖ ਰੈਸਟੋਰੈਂਟਾਂ ਵਿਚ ਉਨ੍ਹਾਂ ਦੀਆਂ ਸ਼ਾਇਰੋ-ਸ਼ਾਇਰੀ ਦੀਆਂ ਦੋ ਵੱਖ-ਵੱਖ ਮਹਿਫ਼ਲਾਂ ਕਰਵਾਈਆਂ ਗਈਆਂ।

ਪਹਿਲੀ ਮਹਿਫ਼ਲ ਬੇ-ਲੀਫ਼ ਰੈਸਟੋਰੈਂਟ ਵਿਖੇ ਛਿੰਦਾ ਚਾਹਲ, ਕਰਨਦੀਪ ਅਤੇ ਪਰਮ ਅਟਵਾਲ ਦੇ ਉੱਦਮ ਸਦਕਾ ਹੋਈ। ਇਸ ਮੌਕੇ ਫਰਿਜ਼ਨੋ ਖੇਤਰ ਦੀਆਂ ਬਹੁਤ ਸਾਰੀਆਂ ਮਾਣ-ਮੱਤੀਆਂ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ। ਇਸ ਮਹਿਫ਼ਲ ਦੌਰਾਨ ਜਿੱਥੇ ਗਿੱਲ ਰੌਂਤਾ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਝੜੀ ਲਾਈ, ਓਥੇ ਨਾਲ ਦੀ ਨਾਲ ਗਾਇਕ ਕੁਲਵੰਤ ਸੇਖੋਂ ਨੇ ਵੀ ਢੋਲੀ ਜ਼ੋਰੇ ਨਾਲ ਢੋਲ ਦੇ ਡਗੇ 'ਤੇ ਖ਼ੂਬ ਰੰਗ ਬੰਨ੍ਹਿਆ। ਰਾਜੇ ਬੁੱਕਣ ਵਾਲੇ ਨੇ ਕੈਨੇਡਾ ਤੋਂ ਪਹੁੰਚ ਕੇ ਮਹਿਫ਼ਲ ਨੂੰ ਹੋਰ ਚਾਰ-ਚੰਨ ਲਾਏ। ਖ਼ਾਦਮ ਜਿਊਲਰਜ਼ ਵਲੋਂ ਸੋਨੇ ਦੀ ਮੁੰਦਰੀ ਨਾਲ ਗਿੱਲ ਰੌਂਤਾ ਦਾ ਸਨਮਾਨ ਕੀਤਾ ਗਿਆ।

ਉੱਘੇ ਗੀਤਕਾਰ ਗਿੱਲ ਰੌਂਤਾ ਦੀ ਦੂਸਰੀ ਕਾਮਯਾਬ ਪਰਿਵਾਰਕ ਮਹਿਫ਼ਲ ਸ਼ਚਿਰਨਵਾਰ ਰਾਤੀਂ ਬਾਈ ਗੁਰਪ੍ਰੀਤ ਸਿੰਘ ਤੂਰ ਦੇ ਉੱਦਮ ਸਦਕਾ ਫਰਿਜ਼ਨੋ ਦੇ ਕਰੀ ਹਾਊਸ ਰੈਸਟੋਰੈਂਟ (ਨੌਰਥ ਪੁਆਇੰਟ ਟੀਵੈਂਟ ਸੈਂਟਰ) ਵਿਖੇ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਈ ਗਈ, ਲੋਕਾਂ ਨੇ ਸਾਹ ਰੋਕ ਕੇ ਗਿੱਲ ਰੌਂਤੇ ਨੂੰ ਸੁਣਿਆ, ਗਿੱਲ ਰੌਂਤੇ ਨੇ ਵੀ ਸ਼ਾਇਰੋ-ਸ਼ਾਇਰੀ ਦਾ ਸਿਰਾ ਕਰਵਾ ਦਿੱਤਾ। ਗਿੱਲ ਰੌਂਤਾ ਨੇ ਪੰਜਾਬ ਦੀ ਮਿੱਟੀ ਨਾਲ ਜੁੜੇ ਗੀਤ ਬੋਲ ਕੇ ਇਕ ਤਰ੍ਹਾਂ ਨਾਲ ਸਮਾਂ ਹੀ ਬੰਨ੍ਹ ਦਿੱਤਾ। "ਅਸੀਂ ਜਿੱਤਾਂਗੇ ਜ਼ਰੂਰ ਜੰਗ ਜਾਰੀ ਰੱਖਿਓ" ਤੋਂ ਲੈ ਕੇ "ਕਾਵਾਂ ਵਾਲੀ ਕਦੇ ਨੀ ਪੰਚਾਇਤ ਚੁਣੀ ਦੀ" ਆਦਿ ਗੀਤ ਗਾ ਕੇ ਗਿੱਲ ਰੌਂਤਾ ਨੇ ਆਪਣੀ ਭਰਵੀਂ ਹਾਜ਼ਰੀ ਲਵਾਈ। ਇਸ ਦੇ ਨਾਲ ਪੰਜਾਬ ਤੋਂ ਆਏ ਲੋਕ ਗਾਇਕ ਕੁਲਵੰਤ ਸੇਖੋਂ ਨੇ ਜਿੱਥੇ ਲੋਕਾਂ ਦੇ ਹਸਾ ਹਸਾ ਕੇ ਢਿੱਡੀ ਪੀੜਾਂ ਪਾਈਆਂ, ਉੱਥੇ ਆਪਣੀ ਦਮਦਾਰ ਆਵਾਜ਼ ਨਾਲ ਮਿਆਰੀ ਗੀਤਾਂ ਨਾਲ ਹਾਜ਼ਰੀਨ ਦਾ ਭਰਪੂਰ ਮਨੋਰੰਜਨ ਕੀਤਾ। ਅੰਤ ਕਰੀ ਹਾਊਸ ਦੇ ਲਜ਼ੀਜ਼ ਖਾਣੇ ਨਾਲ ਅਮਿੱਟ ਯਾਦਾਂ ਛੱਡਦੀ ਇਹ ਪਰਿਵਾਰਕ ਮਹਿਫ਼ਲ ਯਾਦਗਾਰੀ ਹੋ ਨਿੱਬੜੀ।

***ਰਿਪੋਰਟ:-ਨੀਟਾ ਮਾਛੀਕੇ / ਕੁਲਵੰਤ ਧਾਲੀਆਂ***

# ਗਾਇਕਾ ਨੱਯਰਾ ਨੂਰ ਦਾ ਨਿਆਰਾ ਨੂਰ



ਕਲਾ ਪਰਿਕਰਮਾ

ਭਾਰਤ ਅਤੇ ਪਾਕਿਸਤਾਨ ਦੀ ਸਾਂਝੀ ਸਭਿਆਚਾਰਕ ਵਿਰਾਸਤ ਦੀ ਨੁਮਾਇੰਦਗੀ ਕਰਨ ਵਾਲੀ ਮਸ਼ਹੂਰ ਪਾਕਿਸਤਾਨੀ ਗਾਇਕਾ ਨੱਯਾਰਾ ਨੂਰ 20 ਅਗਸਤ ਨੂੰ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਈ ਹੈ। ਉਹ 71 ਵਰ੍ਹਿਆਂ ਦੇ ਸਨ।

**ਗੁਰਜੰਟ ਸਿੰਘ**

ਗੁਹਾਟੀ ਵਿਚ 3 ਨਵੰਬਰ 1950 'ਚ ਜਨਮੀ ਨੱਯਾਰਾ ਨੂਰ ਕਾਨਨ ਬਾਲਾ, ਬੇਗਮ ਅਖਤਰ ਅਤੇ ਲਤਾ ਮੰਗੇਸ਼ਕਰ ਦੀ ਪ੍ਰਸ਼ੰਸਕ ਸੀ। ਉਸ ਦੇ ਪਿਤਾ ਆਲ ਇੰਡੀਆ ਮੁਸਲਿਮ ਲੀਗ ਦੇ ਸਰਗਰਮ ਮੈਂਬਰ ਸਨ ਅਤੇ ਉਨ੍ਹਾਂ ਵੰਡ ਤੋਂ ਪਹਿਲਾਂ ਮੁਹੰਮਦ ਅਲੀ ਜਿਨਾਹ ਦੀ ਮੇਜ਼ਬਾਨੀ ਵੀ ਕੀਤੀ ਸੀ ਜਦੋਂ ਉਹ (ਜਿਨਾਹ) ਅਸਾਮ ਪੁੱਜੇ ਸਨ। ਉਨ੍ਹਾਂ ਦਾ ਪਰਿਵਾਰ 1958 'ਚ ਲਾਹੌਰ ਚਲਾ ਗਿਆ ਅਤੇ ਬਾਅਦ ਵਿਚ ਕਰਾਚੀ ਜਾ ਵਸਿਆ ਸੀ। ਉਂਝ ਨੱਯਾਰਾ ਦੇ ਅੱਬਾ 1993 ਤੱਕ ਅਸਾਮ ਵਿਚ ਹੀ ਰਹੇ ਜਿਥੇ ਉਹ ਆਪਣੀ ਜ਼ਮੀਨ-ਜਾਇਦਾਦ ਦੀ ਸੰਭਾਲ ਕਰਦੇ ਸਨ।

ਨੱਯਾਰਾ ਨੂਰ ਜਦੋਂ 1968 ਵਿਚ ਲਾਹੌਰ ਦੇ ਨੈਸ਼ਨਲ ਕਾਲਜ ਆਫ ਆਰਟਸ ਵਿਚ ਪੜ੍ਹਦੀ ਸੀ ਤਾਂ ਇਕ ਸਾਲਾਨਾ ਰਾਤਰੀ ਭੋਜ ਵੇਲੇ ਨੱਯਾਰਾ ਨੇ ਇਸਲਾਮੀਆ ਕਾਲਜ ਵਿਚ ਗੀਤ ਗਾਇਆ। ਇਸ ਮਹਿਫਲ ਵਿਚ ਪ੍ਰੋਫੈਸਰ ਅਸਰਾਰ ਅਹਿਮਦ ਵੀ ਮੌਜੂਦ ਸਨ ਜਿਨ੍ਹਾਂ ਨੇ ਨੱਯਾਰਾ ਨੂਰ ਦੀ ਆਵਾਜ਼ ਅੰਦਰਲੀ ਕਸ਼ਿਸ਼ ਨੂੰ ਪਛਾਣ ਲਿਆ। ਪ੍ਰੋਫੈਸਰ ਅਸਰਾਰ ਅਹਿਮਦ ਨੇ ਨੱਯਾਰਾ ਨੂਰ ਨੂੰ ਖੂਬ ਹੱਲਾਸ਼ੇਰੀ ਦਿੱਤੀ ਅਤੇ ਫਿਰ ਇਕ ਦਿਨ ਅਜਿਹਾ ਆਇਆ ਜਦੋਂ ਨੱਯਾਰਾ ਨੂਰ ਨੂੰ ਰੇਡੀਓ ਪਾਕਿਸਤਾਨ ਤੋਂ ਗਾਉਣ ਦਾ ਮੌਕਾ ਮਿਲ ਗਿਆ। ਫਿਰ ਉਨ੍ਹਾਂ 1971 'ਚ ਪਾਕਿਸਤਾਨੀ ਟੀ.ਵੀ. ਲੜੀਵਾਰ ਤੋਂ ਪਿੱਠਵਰਤੀ ਗਾਇਕੀ ਦੀ ਸ਼ੁਰੂਆਤ ਕੀਤੀ ਅਤੇ ਉਸ ਤੋਂ ਬਾਅਦ ਉਨ੍ਹਾਂ 'ਘਰਾਣਾ' ਅਤੇ 'ਤਾਨਸੇਨ' ਜਿਹੀਆਂ ਫਿਲਮਾਂ 'ਚ ਆਪਣੀ ਆਵਾਜ਼ ਦਿੱਤੀ। ਬਾਅਦ ਵਿਚ ਉਨ੍ਹਾਂ ਹੋਰ ਵੀ ਕਈ ਫਿਲਮਾਂ ਲਈ ਗੀਤ ਗਜ਼ਲਾਂ ਗਾਏ।



ਨੱਯਾਰਾ ਨੂਰ ਨੂੰ ਉਸ ਦੀ ਗਜ਼ਲ ਗਾਇਕੀ ਲਈ ਸਦਾ ਯਾਦ ਕੀਤਾ ਜਾਵੇਗਾ। ਉਨ੍ਹਾਂ ਦੀ ਮਸ਼ਹੂਰ ਗਜ਼ਲ 'ਐ ਜਜ਼ਬਾ-ਏ-ਦਿਲ ਗਰ ਮੈਂ ਚਾਹੂੰ' ਸੀ ਜੋ ਸ਼ਾਇਰ ਬਹਿਜ਼ਾਦ ਲਖਨਵੀ ਨੇ ਲਿਖੀ ਸੀ। ਨੂਰ ਨੇ ਫੈਜ਼ ਅਹਿਮਦ ਫੈਜ਼ ਦੀ ਹਿੰਦੀ ਕਵਿਤਾ 'ਬਰਖਾ ਬਰਸੇ ਛੱਤ ਪਰ' ਉਨ੍ਹਾਂ ਦੇ ਜਨਮ ਦਿਨ 'ਤੇ 1976 'ਚ ਆਪਣੇ ਪਤੀ ਸ਼ਹਰਯਾਰ ਜ਼ੈਦੀ ਨਾਲ ਗਾਈ ਸੀ। ਉਸ ਨੂੰ 2006 ਵਿਚ 'ਬੁਲਬੁਲ-ਏ-ਪਾਕਿਸਤਾਨ' ਦੇ ਖਿਤਾਬ ਨਾਲ ਨਿਵਾਜਿਆ ਗਿਆ ਸੀ।

> ***ਨੱਯਾਰਾ ਨੂਰ ਜਦੋਂ 1968 ਵਿਚ ਲਾਹੌਰ ਦੇ ਨੈਸ਼ਨਲ ਕਾਲਜ ਆਫ ਆਰਟਸ ਵਿਚ ਪੜ੍ਹਦੀ ਸੀ ਤਾਂ ਇਕ ਸਾਲਾਨਾ ਰਾਤਰੀ ਭੋਜ ਵੇਲੇ ਗੀਤ ਗਾਇਆ। ਇਸ ਮਹਿਫਲ ਵਿਚ ਪ੍ਰੋਫੈਸਰ ਅਸਰਾਰ ਅਹਿਮਦ ਵੀ ਮੌਜੂਦ ਸਨ ਜਿਨ੍ਹਾਂ ਨੇ ਨੱਯਾਰਾ ਨੂਰ ਦੀ ਆਵਾਜ਼ ਅੰਦਰਲੀ ਕਸ਼ਿਸ਼ ਨੂੰ ਪਛਾਣ ਲਿਆ।***

ਸਰਹੱਦ ਦੇ ਦੋਵੇਂ ਪਾਸੇ ਆਪਣੀ ਸੁਰੀਲੀ ਆਵਾਜ਼ ਨਾਲ ਨਾਮਣਾ ਖੱਟਣ ਵਾਲੀ 'ਬੁਲਬੁਲ-ਏ-ਪਾਕਿਸਤਾਨ' ਨੱਯਾਰਾ ਨੂਰ ਨੂੰ ਕਰਾਚੀ ਵਿਚ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ਵੱਡੀ ਗਿਣਤੀ 'ਚ ਉਨ੍ਹਾਂ ਦੇ ਪ੍ਰਸ਼ੰਸਕ, ਫਿਲਮੀ ਹਸਤੀਆਂ, ਸਿਆਸਤਦਾਨ ਅਤੇ ਪੱਤਰਕਾਰ ਮੌਜੂਦ ਸਨ। ਯਾਦ ਰਹੇ ਕਿ ਨੱਯਾਰਾ ਨੂਰ ਪਿਛਲੇ ਡੇਢ ਸਾਲ ਤੋਂ ਕੈਂਸਰ ਨਾਲ ਜੂਝ ਰਹੀ ਸੀ ਅਤੇ ਹੁਣ ਇਹ ਰੋਗ ਆਪਣੀ ਅੰਤਿਮ ਸਟੇਜ 'ਤੇ ਸੀ। ਉਨ੍ਹਾਂ ਕਈ ਯਾਦਗਾਰੀ ਗੀਤ ਗਾਏ ਜਿਨ੍ਹਾਂ ਵਿਚ 'ਵੋਹ ਜੋ ਹਮ ਤੁਮ ਮੇਂ ਕਰਾਰ ਥਾ', 'ਕਭੀ ਹਮ ਭੀ ਖੂਬਸੂਰਤ ਥੇ', 'ਮੇਰੇ ਕਾਤਲ ਮੇਰੇ ਦਿਲਦਾਰ ਮੇਰੇ ਪਾਸ ਰਹੋ', 'ਵਤਨ ਕੀ ਮਿੱਟੀ ਗਵਾਹ ਰਹਿਨਾ' ਆਦਿ ਗਜ਼ਲਾਂ ਤੇ ਗੀਤ ਸ਼ਾਮਿਲ ਹਨ। ਉਨ੍ਹਾਂ ਨੂੰ ਪਾਕਿਸਤਾਨ ਦੇ ਇਨਕਲਾਬੀ ਸ਼ਾਇਰ ਫੈਜ਼ ਅਹਿਮਦ ਫੈਜ਼ ਦੀਆਂ ਗਜ਼ਲਾਂ ਅਤੇ ਨਜ਼ਮਾਂ ਗਾਉਣ ਲਈ ਹਮੇਸ਼ਾ ਯਾਦ ਕੀਤਾ ਜਾਵੇਗਾ। ਉਨ੍ਹਾਂ ਪ੍ਰਸਿੱਧ ਉਰਦੂ ਸ਼ਾਇਰ ਮਿਰਜ਼ਾ ਗਾਲਿਬ ਦੀਆਂ ਗਜ਼ਲਾਂ ਵੀ ਗਾਈਆਂ। ਉਨ੍ਹਾਂ 'ਸ਼ਹਿਨਸ਼ਾਹ-ਏ-ਗਜ਼ਲ' ਵਜੋਂ ਜਾਣੇ ਜਾਂਦੇ ਮਹਿਦੀ ਹਸਨ ਅਤੇ ਅਹਿਮਦ ਰਸ਼ਦੀ ਨਾਲ ਵੀ ਗਾਇਕੀ ਦੇ ਫਨ ਦਾ ਮੁਜ਼ਾਹਰਾ ਕੀਤਾ। ਨੱਯਾਰਾ ਨੂਰ ਦੀ ਆਵਾਜ਼ ਵਿਚ ਗਾਇਆ ਕੌਮੀ ਗੀਤ 'ਵਤਨ ਕੀ ਮਿੱਟੀ ਗਵਾਹ ਰਹਿਨਾ' ਅੱਜ ਵੀ ਕਰਾਚੀ ਤੋਂ ਖੈਬਰ ਤੱਕ ਸੁਣਿਆ ਜਾਂਦਾ ਹੈ। ਨੱਯਾਰਾ ਨੂਰ ਦਾ ਵਿਆਹ ਸ਼ਹਰਯਾਰ ਜ਼ੈਦੀ ਨਾਲ ਹੋਇਆ ਸੀ। ਉਨ੍ਹਾਂ ਦੇ ਦੋਵੇਂ ਪੁੱਤਰ-ਨਾਦ-ਏ-ਅਲੀ ਅਤੇ ਜਾਫਰ ਜ਼ੈਦੀ ਗਾਉਂਦੇ ਹਨ। ਵੱਡਾ ਪੁੱਤਰ ਨਾਦ ਅਲੀ ਸੋਲੋ ਗਾਇਕ ਹੈ ਅਤੇ ਛੋਟਾ ਪੁੱਤਰ ਜਾਫਰ ਪ੍ਰਸਿੱਧ ਸੰਗੀਤ ਗਰੁੱਪ 'ਕਾਵਿਸ਼' ਦਾ ਮੁੱਖ ਗਾਇਕ ਹੈ।





*ਨੱਯਾਰਾ ਨੂਰ ਅਤੇ (ਸੱਜੇ) ਨੱਯਾਰਾ ਨੂਰ ਮਸ਼ਹੂਰ ਸ਼ਾਇਰ ਫੈਜ਼ ਅਹਿਮਦ ਫੈਜ਼ ਤੇ ਹੋਰਾਂ ਨਾਲ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਸਤੰਬਰ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-549



**ਮਾਂ ਬਾਪੂ ਬਿਮਾਰ ਪਏ ਘਰ, ਪਿਆ ਮਾਂ ਦਾ ਫਰਜ਼ ਨਿਭਾਉਣਾ,**
**ਸਾਰੇ ਕੰਮ ਮੁਕਾ ਕੇ ਪਹਿਲਾਂ, ਛੋਟੇ ਨੂੰ ਕੁੱਛੜ ਲੈ ਸਕੂਲੇ ਜਾਣਾ**
**ਨਾ.ਲੋ ਨਾ.ਲ ਪੜ੍ਹਾਈ ਕਰ ਕੇ, ਹੋਮ-ਵਰਕ ਵਾ.ਲਾ ਫਾਹਾ ਵੱਢਣਾ,**
**ਵੱਡੀ ਭੈਣ ਹੋਵੇ ਮਾਵਾਂ ਜੇਹੀ, ਪਿਆਰਾਂ ਨਾ.ਲ ਰਿਸ਼ਤਾ ਗੰਢਣਾ।**

## ਕੈਪਸ਼ਨ ਮੁਕਾਬਲਾ-547



ਲੱਖ ਉਪਰੋਂ ਕੋਈ ਸੁਹਣਾ ਲੱਗੇ
ਪਰ ਥੋਥੇ ਦਾ ਕੋਈ ਮੁੱਲ ਨਾ ਪਾਵੇ।
ਜ਼ਰਾ ਜਿੰਨੀ ਵੀ ਸੱਟ ਨੀ ਸਹਿੰਦਾ
ਵਾਂਗ ਠੀਕਰੀਆਂ ਖਿੰਡ-ਪੁੰਡ ਜਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

---

ਜ਼ਿੰਦਗੀ ਦੇ ਫਰਜ਼ਾਂ ਥੱਲੇ
ਦੱਬਿਆ ਇਨਸਾਨ ਹੈ,
ਤਿੜਕ ਗਿਆ ਵਜੂਦ ਅੱਜ
ਵਿਕਿਆ ਈਮਾਨ ਹੈ
ਢਹਿ-ਢੇਰੀ ਹੋ ਗਿਆ
ਸੁੰਨਾ-ਸੁੰਨਾ ਸੰਸਾਰ ਜਾਪਦੈ,
ਕਦੋਂ ਮੋੜੇਗਾ ਮੁਹਾਰ
ਵਕਤ ਜਾਵੇ ਰਾਸਤਾ ਨਾਪਦੈ।
**-ਸੇਵਾ ਸਿੰਘ ਨੂਰਪੁਰੀ**

---

ਅੰਦਰੋਂ ਖਾਲੀ, ਉੱਪਰੋਂ ਸੋਹਣੇ,
ਬਣਦੇ ਨ੍ਹੀ ਇਤਬਾਰ ਦੇ ਪਾਤਰ।
ਮੁਸ਼ਕਲਾਂ ਵਿਚ ਬਿਖਰ ਜਾਂਦੇ ਨੇ,
ਲਿਪਾ-ਪੋਚੀ ਵਪਾਰ ਦੀ ਖਾਤਰ।
ਅੰਦਰ ਬਾਹਰ ਦੀ ਮਜ਼ਬੂਤੀ,
ਜ਼ਰੂਰੀ ਹੈ ਸਤਿਕਾਰ ਦੀ ਖਾਤਰ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ ਬਠਿੰਡਾ।***
***ਫੋਨ: 94176-49275***

---

ਰੱਬ ਨਾਲ ਬੁੱਤ ਘਾੜੇ ਨੇ ਗਿਲਾ ਕੀਤਾ
ਤੇਰੇ ਬਣਾਏ ਬੰਦਿਆਂ ਦੀ
ਕਰਨ ਬੇਅਦਬੀ
ਮੇਰੇ ਬਣਾਏ ਬੁੱਤਾਂ ਨੂੰ ਪੂਜਦੇ ਨੇ
ਤਸਵੀਰ ਵਿਚ ਤਾਂ
ਪਾਸਾ ਪਲਟਿਆ ਪਿਆ
ਤੇਰੇ ਬਣਾਏ ਬੰਦੇ ਤੇ
ਮੇਰਾ ਬਣਾਇਆ ਬੁੱਤ
ਆਪਣੀ ਹੋਂਦ ਬਚਾਉਣ ਲਈ ਜੂਝਦੇ ਨੇ।
ਫੇਕ ਦੋਨਾਂ ਵਿਚ ਸਿਰਫ ਇਤਨਾ
ਤੇਰੀ ਬਣਾਈ ਕਾਇਨਾਤ ਸੱਚ
ਬਾਕੀ ਤਾਂ ਪਸਾਰੇ ਸਭ ਝੂਠ ਦੇ ਨੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ, ਪਟਿਆਲਾ***
***ਫੋਨ: 98784-69639***

---

ਕਲਪਿਤ ਅਖੌਤੀ ਜਾਲ ਭਰਮ ਹੈ ਭਾਰੂ
ਸੋਚ ਸੋਚ ਨਿੱਕੀ ਨਿੱਕੀ ਗੱਲ
ਧਰਮ ਵਸ਼
ਹੈਂ ਮੈਂ ਕੀ ਗੁਨਾਹ ਕਰ ਲਿਆ
ਝੂਰ ਝੂਰ ਮਾਨਸਿਕ ਅੰਧੀ ਮੌਤੇ
ਮਰ ਗਿਆ ਹੁੰਦਾ
ਮੈਂ ਹੀ ਮੈਂ ਹਾਂ
ਦਾ ਵੀ ਸੀ ਭਰਮ
ਟੁੱਟਿਆ ਜਦੋਂ ਸੋਚ ਸ਼ਕਤੀ ਪੁੱਜੀ ਇੱਥੇ
ਕੀ, ਕਿਉਂ ਅਤੇ ਕਿਵੇਂ ਦਾ ਮਾਜਰਾ।
***-ਦਰਸ਼ਨ ਪਾਲ ਦੋਸਾਂਝ***

# ਪ੍ਰੀਤਮ ਸਿੰਘ ਕੁਮੇਦਾਨ - ਹਸ਼ਰ ਤੀਕ ਯਾਦ ਰਹੇਗਾ ਤੇਰਾ ਇਸ਼ਕ ਦੇਸ਼ ਪੰਜਾਬ ਦੇ ਨਾਲ

***ਪੰਜਾਬ ਦੇ ਦਰਿਆਈ ਪਾਣੀਆਂ ਦੇ ਹੱਕ ਲਈ ਲਗਾਤਾਰ ਪਿਛਲੀ ਅੱਧੀ ਸਦੀ ਤੋਂ ਆਵਾਜ਼ ਉਠਾਉਂਦੇ ਆ ਰਹੇ ਸ. ਪ੍ਰੀਤਮ ਸਿੰਘ ਕੁਮੇਦਾਨ ਸੌ ਸਾਲ ਦੀ ਉਮਰ ਭੋਗ ਕੇ ਲੰਘੀ 18 ਅਗਸਤ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਨਾਮੀ ਰਿਪੋਰਟਰ ਐਸ ਪੀ ਸਿੰਘ ਨੇ ਪੰਜਾਬ ਦੇ ਇਸ ਸੱਚੇ ਸਪੂਤ ਬਾਰੇ ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਦਿਲਚਸਪ ਜਾਣਕਾਰੀ ਭੇਜੀ ਹੈ।***

ਸੰਨ 2000 ਦੇ ਉਨ੍ਹੀਂ ਦਿਨੀਂ ਮੈਂ* ਇੱਕ ਰਾਸ਼ਟਰੀ ਅੰਗਰੇਜ਼ੀ ਅਖ਼ਬਾਰ ਦੇ ਚੰਡੀਗੜ੍ਹ ਐਡੀਸ਼ਨ ਵਿਚ ਸਹਾਫ਼ਤ ਕਰਨ ਆਇਆ ਜਿਨ੍ਹੀਂ ਦਿਨੀਂ ਇੱਥੇ ਪੱਤਿਆਂ ਦੇ ਰੰਗ ਅਚਾਨਕ ਬਦਲਦੇ ਹਨ। ਉਨ੍ਹਾਂ ਦਿਨਾਂ ਦੇ ਮੇਰੇ ਕਰਮ ਫਰਮਾਂ, ਅੰਗਰੇਜ਼ੀ ਟ੍ਰਿਬਿਊਨ ਵਾਲੇ ਸਰਬਜੀਤ ਧਾਲੀਵਾਲ ਹੋਰਾਂ ਨੇ ਉਸ ਸ਼ਖ਼ਸ ਨਾਲ ਮੈਨੂੰ ਮਿਲਵਾਇਆ ਸੀ ਪਹਿਲੀ ਵਾਰੀ, ਉਨ੍ਹਾਂ ਦੇ ਘਰ ਹੀ। ਦੂਜੀ ਮਿਲਣੀ ਸਮੇਂ ਸ਼ਾਇਦ ਹਮੀਰ ਸਿੰਘ ਵੀ ਨਾਲ ਸਨ। ਜਦੋਂ ਪਤਾ ਲੱਗਿਆ ਕਿ ਮੇਰੀ ਹਕੀਕੀ ਦਿਲਚਸਪੀ ਦਾ ਬਾਇਸ ਬੋਟਨੀ ਹੈ ਤਾਂ ਕਹਿਣ ਲੱਗੇ, 'ਯਾਰ, ਇਹ ਪੱਤੇ ਕਿਉਂ ਰੰਗ ਬਦਲ ਲੈਂਦੇ

**ਐਸ ਪੀ ਸਿੰਘ**
**ਫੋਨ: 98158-08787**

ਨੇ ਇਨ੍ਹੀਂ ਦਿਨੀਂ?' ਮੈਂ ਹਾਲੇ ਜਵਾਨ ਸਾਂ, ਸੋਚਿਆ ਐਨੇ ਵੱਡੇ ਵਿਅਕਤੀ ਕੋਲ ਬੈਠ ਕੇ ਆਪਣੀ ਅਕਲ ਦਾ ਮੁਜ਼ਾਹਰਾ ਕਰਨ ਦਾ ਵਧੀਆ ਮੌਕਾ ਹੈ। 'ਜੀ, ਇੰਝ ਸਮਝ ਲਵੋ ਕਿ ਜਦੋਂ ਦਰਖ਼ਤ ਸੌਂ ਜਾਂਦਾ ਹੈ, dormant ਹੋ ਜਾਂਦਾ ਹੈ ਤਾਂ ਉਹਦੇ ਪੱਤਿਆਂ ਦੇ base ਉੱਤੇ absicisc aicd ਦੀ ਇੱਕ ਗੰਢ ਵੱਜ ਜਾਂਦੀ ਹੈ ਜਿਹੜੀ ਅੱਗੋਂ ਭੋਜਨ ਪਾਣੀ ਬੰਦ ਕਰ ਦੇਂਦੀ ਹੈ ਅਤੇ ਪੱਤੇ ਵਿਚਾਰੇ ਲਾਲ, ਗੁਲਾਬੀ, ਫਿਰ ਪੀਲੇ ਹੋ ਜਾਂਦੇ ਹਨ ਅਤੇ ਝੜ ਜਾਂਦੇ ਹਨ।' ਮੈਂ ਲੁਧਿਆਣਾ ਦੇ ਸਰਕਾਰੀ ਕਾਲਜ ਵਿਚ ਡਾਕਟਰ ਜਨਮ ਸਿੰਘ ਕੂਨਰ ਦਾ ਵਿਦਿਆਰਥੀ ਰਿਹਾ ਸਾਂ। ਇਹ ਸਾਬਤ ਕਰਨਾ ਜ਼ਰੂਰੀ ਸੀ ਕਿ ਉਹ ਵਧੀਆ ਅਧਿਆਪਕ ਸਨ, ਸਾਨੂੰ ਠੀਕ ਪੜ੍ਹਾਇਆ ਸੀ।

'ਬੇੜਾ ਗਰਕ। ਇਹਦਾ ਮਤਲਬ ਭੁੱਖੇ ਤਿਹਾਏ ਪੱਤਿਆਂ ਦੀਆਂ ਫੋਟੋਆਂ ਖਿੱਚੀ ਜਾਂਦੇ ਹਨ। ਪੰਜਾਬ ਨਾਲ ਵੀ ਸੈਂਟਰ ਇਹੀ ਕਰਦਾ ਹੈ-ਕੋਈ ਤਿਜ਼ਾਬ ਜਿਹਾ ਸਾਡੀਆਂ ਜੜ੍ਹਾਂ ਵਿਚ ਪਾਉਂਦਾ ਰਹਿੰਦਾ ਹੈ। ਜਿਹੜਾ ਸੌਂ ਗਿਆ, ਅਵੇਸਲਾ ਹੋ ਗਿਆ, ਮਾਰਿਆ ਗਿਆ।' ਮੇਰੀ botany ਧਰੀ ਧਰਾਈ ਰਹਿ ਗਈ। ਉਨ੍ਹਾਂ ਮੁੱਦੇ ਨੂੰ ਖਿੱਚ ਕੇ ਰਾਜਨੀਤਿਕ ਵਿਗਿਆਨ ਵਾਲੇ ਪਾਲੇ ਵਿਚ ਮੋੜ ਦਿੱਤਾ। ਪ੍ਰੀਤਮ ਸਿੰਘ ਕੁਮੇਦਾਨ ਦਾ ਰੋਮ ਰੋਮ ਪੰਜਾਬ ਪ੍ਰੇਮ ਵਿਚ ਗੁਸਿਆ ਹੋਇਆ ਸੀ। ਖ਼ਬਰ ਮਿਲੀ ਹੈ ਕਿ ਸੈਂਕੜਾ ਬਣਾ ਕੇ ਚੱਲ ਵਸੇ ਹਨ। ਸੈਂਕੜਿਆਂ, ਹਜ਼ਾਰਾਂ, ਲੱਖਾਂ, ਕਰੋੜਾਂ ਦੇ ਮਨਾਂ ਵਿਚ ਤਾਂ ਖ਼ੈਰ ਹਮੇਸ਼ਾਂ ਹਮੇਸ਼ਾਂ ਲਈ ਵਸਦੇ ਰਹਿਣਗੇ।

ਕਿੱਸੇ ਉਹ ਜਵਾਨੀ ਦੇ ਸੁਣਾਉਂਦੇ ਸਨ, ਪਰ ਮੈਂ ਉਨ੍ਹਾਂ ਨੂੰ ਹਮੇਸ਼ਾਂ ਬਜ਼ੁਰਗ ਹੀ ਵੇਖਿਆ। ਫਿਰ ਵੀ ਵਾਰ ਵਾਰ ਇਹ ਭੁੱਲ ਜਾਂਦਾ ਸੀ ਕਿ ਬਜ਼ੁਰਗ ਹਨ। ਦਾੜ੍ਹੀ ਸਿਆਹ ਕਾਲੀ, ਖਿੱਚ ਕੇ ਬੰਨ੍ਹੀ ਹੋਈ, ਰੰਗਦਾਰ ਕਮੀਜ਼ ਅਤੇ ਟਾਈ ਦੀ ਗੰਢ ਇਵੇਂ ਜਿਵੇਂ Oscar Wilde ਦਾ ਫਿਕਰ ਕੀਤਾ ਹੋਵੇ ਕਿ ਭਾਈ ਸਾਰੀ ਸੱਭਿਅਤਾ ਦਾ ਮੁੱਢ ਤਾਂ ਇਸੇ ਗੰਢ ਤੋਂ ਬੱਝਣਾ ਹੈ। ਮੋਬਾਈਲ ਫੋਨ ਹਾਲੇ ਪੱਤਰਕਾਰਾਂ ਦੇ ਹੱਥ ਨਵੇਂ ਨਵੇਂ ਆਏ ਸਨ, ਅਤੇ ਉਨ੍ਹਾਂ ਵਿਚ ਹਾਲੇ ਕੈਮਰਾ ਵੀ ਨਹੀਂ ਸੀ ਆਇਆ। ਇਸ ਲਈ ਜਦੋਂ ਬੋਲਦੇ ਤਾਂ ਇਹ ਖ਼ਿਆਲ ਨਹੀਂ ਸੀ ਆਉਂਦਾ ਕਿ ਫਟਾਫਟ ਰਿਕਾਰਡ ਕਰ ਲਵੋ। ਸਗੋਂ ਧਿਆਨ ਨਾਲ ਸੁਣਨਾ, ਕਾਪੀ ਕੱਢ ਕੇ ਨੋਟ ਕਰਨਾ, ਉਨ੍ਹਾਂ ਤੋਂ ਕਿਸੇ ਛੇਤੀ ਨਾਲ ਉਚਾਰੀ ਗੱਲ ਦੀ ਵਜ਼ਾਹਤ ਨਾਲ ਦੀ ਨਾਲ ਹੀ ਕਰਵਾ ਲੈਣੀ, ਇਸੇ ਵੱਲ ਧਿਆਨ ਰਹਿੰਦਾ ਸੀ। ਹਮੇਸ਼ਾਂ ਇੰਝ ਵਿਚਰਦੇ ਕਿ ਜਿੰਨ੍ਹੀ ਦੇਰ ਤੁਸੀਂ ਕੋਲ ਬੈਠੋ, ਗਿਆਨ ਹਾਸਲ ਕਰਦੇ ਰਹੋ।

ਪੰਜਾਬ ਦੇ ਪਾਣੀਆਂ ਬਾਰੇ, ਚੰਡੀਗੜ੍ਹ ਉਤੇ ਅਧਿਕਾਰ ਬਾਰੇ, ਖਰੜ ਤਹਿਸੀਲ ਕਿਵੇਂ ਪੰਜਾਬ ਕੋਲੋਂ ਖੁੱਸ ਰਹੀ ਸੀ, ਰਾਜਸਥਾਨ ਨੂੰ ਜਾਂਦੇ ਪਾਣੀਆਂ ਬਾਰੇ, ਪਟਿਆਲਾ ਰਿਆਸਤ ਦੇ ਅੰਗਰੇਜ਼ਾਂ ਨਾਲ ਰਿਸ਼ਤਿਆਂ, ਸੈਂਕੜੇ ਹੀ ਸੌਦਿਆਂ ਅਤੇ ਮਖ਼ਸੂਸ ਘਟਨਾਵਾਂ ਬਾਰੇ, ਪੰਜਾਬ ਅਤੇ ਹਿੰਦੁਸਤਾਨ ਵਿਚ ਮਰਦਮ ਸ਼ੁਮਾਰੀਆਂ ਨੂੰ ਲੈਕੇ ਉਠੇ ਤਮਾਮ ਵਿਵਾਦਾਂ ਬਾਰੇ ਉਹ ਤਰੀਕਾਂ, ਅੰਕੜੇ ਅਤੇ ਘਟਨਾਵਾਂ ਤੇ ਸ਼ਖ਼ਸੀਅਤਾਂ ਦੇ ਆਪਸੀ ਮਕੜਜਾਲ ਦੀਆਂ ਗੁੰਝਲਾਂ ਇੰਝ ਬਿਆਨਦੇ, ਜਿਵੇਂ ਰੱਬ ਨੇ ਕਿਸੇ ਇੱਕ ਰੂਹ ਨੂੰ ਚੁਣ ਉਹਦੇ ਅੰਦਰ ਵਿਕੀਪੀਡੀਆ ਫਿੱਟ ਕੀਤਾ ਹੋਵੇ।



2004 ਵਿਚ ਜਦੋਂ ਪੰਜਾਬ ਵਿਧਾਨ ਸਭਾ ਨੇ ਪਾਣੀਆਂ ਬਾਰੇ ਪਿਛਲੇ ਤਮਾਮ ਸਮਝੌਤੇ ਰੱਦ ਕਰਦਾ ਕਾਨੂੰਨ ਪਾਸ ਕੀਤਾ ਤਾਂ ਕੁਮੇਦਾਨ ਹੋਰਾਂ ਨਾਲ ਹਰ ਰੋਜ਼ ਮੁਲਾਕਾਤਾਂ ਦਾ ਇੱਕ ਲੰਮਾ ਸਿਲਸਿਲਾ ਚੱਲਿਆ। ਇਹ ਮੁਲਾਕਾਤਾਂ ਉਦੋਂ ਸ਼ੁਰੂ ਹੋਈਆਂ, ਜਦੋਂ ਇਸ ਸਮਝੌਤੇ ਬਾਰੇ ਹਾਲੇ ਇੱਕ ਵੀ ਖ਼ਬਰ ਨਹੀਂ ਸੀ ਛਪੀ। ਉਧਰੋਂ ਸੁਪਰੀਮ ਕੋਰਟ ਦੇ ਫੈਸਲੇ ਵਿਚਲੀ ਤਰੀਕ ਨੇੜੇ ਆ ਰਹੀ ਸੀ। ਸਿਆਸਤ ਵਿਚ ਪਹਿਲੇ ਹੀ ਕੁੱਝ ਕਸ਼ੀਦਗੀ ਸੀ। ਕਿਸ ਅਫ਼ਸਰ ਨੇ ਉਨ੍ਹਾਂ ਨਾਲ ਕੀ ਗੱਲ ਕੀਤੀ, ਕਿਸ ਅਫ਼ਸਰ ਨੇ ਕਿਹੜੀਆਂ ਕਿਤਾਬਾਂ ਆਰਡਰ ਕੀਤੀਆਂ ਹਨ, ਕਿਸ ਅਫ਼ਸਰ ਨੇ ਉਨ੍ਹਾਂ ਨੂੰ ਫੋਨ ਕਰਕੇ ਕਿਹੜੇ ਅੰਕੜੇ ਪੁੱਛੇ ਹਨ ਅਤੇ ਇਹਦੇ ਬਾਰੇ ਤਹਿਰੀਰੀ ਹਵਾਲੇ ਮੰਗੇ ਹਨ, ਅਤੇ ਕੌਣ ਕਿਸ ਦੇ ਘਰ ਕਿਸ ਕਿਸ ਨਿਮਨ ਅਧਿਕਾਰੀ ਨੂੰ ਨਾਲ ਲੈ ਕੇ ਦੇਰ ਰਾਤ ਮੀਟਿੰਗ ਕਰ ਕੇ ਪਟਿਆਲੇ ਰਵਾਨਾ ਹੋਇਆ ਹੈ, ਇਹ ਸਭ ਬੜੇ ਸ਼ੱਕ ਖੜ੍ਹਾ ਕਰਦੀਆਂ ਘਟਨਾਵਾਂ ਸਨ। ਮੇਰੇ ਹੱਥ ਕੁੱਝ ਕਿਤਾਬਾਂ ਦੀ ਇੱਕ ਲਿਸਟ ਆਈ ਜਿਹੜੀਆਂ ਉਨ੍ਹੀਂ ਦਿਨੀਂ ਹੀ ਪੰਜਾਬ ਦੇ ਇੱਕ ਵੱਡੇ ਅਧਿਕਾਰੀ ਨੇ ਦਿੱਲੀ ਦੇ ਇੱਕ ਪ੍ਰਕਾਸ਼ਕ ਰਾਹੀਂ ਮੰਗਵਾਈਆਂ ਸਨ। ਕੁਮੇਦਾਨ ਸਾਹਿਬ ਕਹਿਣ ਜੇ ਉਹ ਇਹ ਚਾਰ ਕਿਤਾਬਾਂ ਪੜ੍ਹ ਰਿਹਾ ਹੈ ਤਾਂ ਇਹਦਾ ਮਤਲਬ ਉਹ ਇਹ ਸੋਚ ਰਿਹਾ ਹੈ, ਪਰ ਫਲਾਣੀ ਕਿਤਾਬ ਬਾਰੇ ਮੈਨੂੰ ਨਹੀਂ ਪਤਾ। ਮੈਂ ਫਟਾਫਟ ਉਸੇ ਲਿਸਟ ਵਿਚੋਂ ਕੁੱਝ ਕਿਤਾਬਾਂ ਮੰਗਵਾਈਆਂ। ਕੁੱਝ ਦਿਨ ਅਸੀਂ ਕਿਤਾਬਾਂ ਦੀ ਫਰੋਲਾ-ਫਰਾਲੀ ਕਰਦੇ ਰਹੇ। ਮੇਰੇ ਸਵਾਲ ਹੋਰ ਠੋਸ ਹੁੰਦੇ ਗਏ। ਅੰਤ ਮੁੱਖ ਸਕੱਤਰ ਅਤੇ ਹੋਰਨਾਂ ਸੀਨੀਅਰ ਅਧਿਕਾਰੀਆਂ ਨੇ ਮੇਰੇ ਫ਼ੋਨ ਲੈਣੇ ਬੰਦ ਕਰ ਦਿੱਤੇ।

ਮੈਂ ਬਹੁਤ ਸਾਲ ਦਿੱਲੀ ਵਿਚ ਸਹਾਫ਼ਤ ਕੀਤੀ ਸੀ, ਅਦਾਲਤ-ਏ-ਉਜ਼ਮਾ ਵਿਚ ਪੱਤਰਕਾਰੀ ਕਰਦੇ ਕੁੱਝ ਸੀਨੀਅਰ ਸਹਾਫ਼ੀਆਂ ਨੂੰ ਜਾਣਦਾ ਸਾਂ। ਉਹ ਮਦਦ ਕਰ ਰਹੇ ਸਨ, ਮੈਨੂੰ ਦੱਸ ਰਹੇ ਸਨ ਕਿ ਮੁੱਖਮੰਤਰੀ ਦਿੱਲੀ ਵਿਚ ਸੁਪਰੀਮ ਕੋਰਟ ਦੇ ਵੱਡੇ ਵਕੀਲ ਨੂੰ ਵਾਰ ਵਾਰ ਮਿਲ ਰਹੇ ਸਨ ਜਿਹੜਾ ਪਹਿਲਾਂ Soilictor-General ਅਤੇ ਫਿਰ ਦੋ ਵਾਰੀ ਦੇਸ਼ ਦਾ Attorney General ਰਹਿ ਚੁੱਕਿਆ ਸੀ। ਕੁੱਝ ਪੱਕ ਰਿਹਾ ਸੀ, ਕੁੱਝ ਤੰਦਾਂ ਸਾਡੀ ਸਮਝ ਆ ਰਹੀਆਂ ਸਨ, ਕੁੱਝ ਰਹੱਸ ਹਾਲੇ ਪਤਾ ਕਰਨ ਵਾਲੇ ਸਨ। ਅਸੀਂ ਹਰ ਰੋਜ਼ ਘੰਟਿਆਂ ਬੱਧੀ ਮਿਲ ਰਹੇ ਸਾਂ। ਜਦੋਂ ਬਹੁਤ ਸਾਰੇ ਸ਼ੰਕਿਆਂ ਪਿੱਛੇ ਦੀ ਹਕੀਕਤ ਪਰਤ ਦਰ ਪਰਤ ਖੁੱਲ੍ਹਦੀ ਗਈ ਤਾਂ ਮੈਂ ਖ਼ਬਰ ਨੂੰ ਤਹਿਰੀਰੀ ਰੂਪ ਦਿੱਤਾ। ਉਨ੍ਹਾਂ ਨੂੰ ਚਿੰਤਾ ਸੀ ਕਿ ਖ਼ਬਰ ਛਪਣ ਨਾਲ ਕਿੱਧਰੇ ਪੰਜਾਬ ਦਾ ਕੋਈ ਨੁਕਸਾਨ ਤਾਂ ਨਹੀਂ ਹੋ ਜਾਵੇਗਾ? ਇੱਕ ਪੂਰਾ ਦਿਨ, ਬਲਕਿ ਹਕੀਕਤ ਵਿਚ ਦੋ ਦਿਨ, ਖ਼ਬਰ ਸਿਰਫ਼ ਇਸ ਲਈ ਰੋਕ ਲਈ ਗਈ ਕਿਉਂਜੋ ਉਨ੍ਹਾਂ ਨੂੰ ਤੌਖ਼ਲਾ ਖਾਈ ਜਾ ਰਿਹਾ ਸੀ।

'ਜਦੋਂ ਛਪੇਗੀ ਤਾਂ ਪੰਜਾਬ ਸਰਕਾਰ ਦਾ ਪ੍ਰਤੀਕਰਮ ਕੀ ਹੋਵੇਗਾ?'

'ਹਰਿਆਣਾ ਕੀ ਆਖੇਗਾ?'

'ਕੇਂਦਰ ਸਰਕਾਰ ਕੀ ਪੈਂਤੜਾ ਲੈ ਸਕਦੀ ਹੈ?'

'ਤੇਰੀ ਅਖ਼ਬਾਰ ਕਿਹੜਾ ਪੰਜਾਬ ਦੀ ਬੜੀ ਸਕੀ ਹੈ, ਉਹ ਕੀ ਕਰਸੀ?'

'ਸੋਨੀਆ ਗਾਂਧੀ ਟੈਲੀਫੋਨ ਕਰੇਗੀ ਸੀ.ਐਮ ਨੂੰ, ਤਾਂ ਉਹ ਅੱਗੋਂ ਕੀ ਕਹੇਗਾ?'

'ਕਿਤੇ ਵੱਡੀ ਅਦਾਲਤ suo moto ਨੋਟਿਸ ਤਾਂ ਨਹੀਂ ਲੈ ਲਵੇਗੀ?'

ਮੈਂ ਉਨ੍ਹਾਂ ਨਾਲ ਬਹਿਸ ਕੀਤੀ ਕਿ ਪੱਤਰਕਾਰੀ ਦੇ ਐਥਿਕਸ ਮੈਨੂੰ ਇਹ ਇਜਾਜ਼ਤ ਨਹੀਂ ਦੇਂਦੇ ਕਿ ਜਿਸ ਹੱਦ ਤਕ ਮੈਂ ਸੱਚ ਦਾ ਪਤਾ ਲਗਾ ਲਿਆ ਹੈ, ਹੁਣ ਖ਼ਬਰ ਰੋਕੀ ਜਾਵੇ। ਪਾਠਕਾਂ ਤੋਂ ਜਾਣਕਾਰੀ ਦਾ ਹੱਕ ਨਹੀਂ ਖੋਹਿਆ ਜਾ ਸਕਦਾ। ਕਹਿਣ ਲੱਗੇ, 'ਵੇਖ, ਤੂੰ ਏਨੇ ਦਿਨਾਂ ਤੋਂ ਏਨੀ ਮਿਹਨਤ ਕਰ ਰਿਹਾ ਹੈਂ, ਖ਼ਬਰ ਤੇਰੀ ਪੁਖ਼ਤਾ ਹੈ, ਪਰ ਪੰਜਾਬ ਤੇਰਾ ਕੁੱਝ ਲੱਗਦਾ ਹੈ ਕਿ ਨਹੀਂ?'

ਇਹ ਤਾਂ ਅਜਬ ਦੁਬਿਧਾ ਵਾਲੀ ਗੱਲ ਸੀ। ਅਸੀਂ ਉਹ ਸਭ ਮਸੌਦਾ ਤਿਆਰ ਕਰ ਚੁੱਕੇ ਸਾਂ। ਹੁਣ ਤੱਕ ਮੈਂ 'Inidan Express' ਦੇ ਆਪਣੇ ਸੰਪਾਦਕ ਵਿਪਿਨ ਪੱਬੀ ਹੋਰਾਂ ਨੂੰ ਖ਼ਬਰ ਦੇ skeletal framework ਬਾਰੇ ਆਗਾਹ ਕਰ ਚੁੱਕਾ ਸਾਂ ਅਤੇ ਉਹ ਹਰ ਰੋਜ਼ ਪੁੱਛ ਰਹੇ ਸਨ। ਸਿਆਸਤ ਵਿਚ ਇੱਕ ਵੱਡਾ ਮੋੜ ਆਉਣ ਵਾਲਾ ਸੀ ਅਤੇ ਲੋਕਾਂ ਦਾ ਜਾਨਣਾ ਹੱਕ ਸੀ।

'ਮੈਨੂੰ ਇੱਕ ਸਵਾਲ ਪੁੱਛ,' ਉਨ੍ਹਾਂ ਮੈਨੂੰ ਕਿਹਾ। ਫਿਰ ਸਵਾਲ ਵੀ ਆਪ ਦੱਸਿਆ। 'ਜੇ ਤੁਸੀਂ ਹਰਿਆਣਾ ਦੇ ਵਕੀਲ ਹੁੰਦੇ ਅਤੇ ਪੰਜਾਬ ਇੰਝ ਹੀ ਰਿਪੇਰੀਅਨ ਕਾਨੂੰਨ ਵਾਲਾ ਪੈਂਤੜਾ ਲੈਂਦਾ ਤਾਂ ਤੁਸੀਂ ਹਰਿਆਣਾ ਦੇ ਪਾਣੀਆਂ ਉਤੇ ਹੱਕ ਨੂੰ ਸਾਬਤ ਕਰਨ ਲਈ ਕੀ ਦਲੀਲ ਦੇਂਦੇ?' ਮੈਂ ਕਿਹਾ, 'ਜੀ ਦੱਸੋ।' ਕਹਿਣ ਲੱਗੇ, 'ਨਹੀਂ, ਪਹਿਲਾਂ ਤੂੰ ਸਵਾਲ ਪੁੱਛ।' ਆਪਣੀ ਪੁਗਾ ਕੇ ਰਹੇ। ਮੈਂ ਪੂਰਾ ਸਵਾਲ ਉਵੇਂ ਹੀ ਪੁੱਛਿਆ ਜਿਵੇਂ ਉਨ੍ਹਾਂ ਇਸਰਾਰ ਕੀਤਾ ਸੀ।

'ਜੇ ਤੁਸੀਂ ਹਰਿਆਣਾ ਦੇ ਵਕੀਲ ਹੁੰਦੇ ਅਤੇ ਪੰਜਾਬ ਇੰਝ ਹੀ ਰਿਪੇਰੀਅਨ ਕਾਨੂੰਨ ਵਾਲਾ ਪੈਂਤੜਾ ਲੈਂਦਾ ਤਾਂ ਤੁਸੀਂ ਹਰਿਆਣਾ ਦੇ ਪਾਣੀਆਂ ਉਤੇ ਹੱਕ ਨੂੰ ਸਾਬਤ ਕਰਨ ਲਈ ਕੀ ਦਲੀਲ ਦੇਂਦੇ?'

'ਦੇਖ ਐਸ ਪੀ ਸਿੰਘ ਕਾਕਾ, ਮੈਨੂੰ ਪਤਾ ਤਾਂ ਹੈ ਕਿ ਹਰਿਆਣਾ ਨੂੰ ਕੀ ਕਰਨਾ ਚਾਹੀਦਾ ਹੈ ਪਰ ਮੈਨੂੰ ਪੁੱਠਾ ਲਟਕਾ ਕੇ ਉਪਰ ਗਰਮ-ਗਰਮ ਤੇਲ ਪਾ ਦੇਣਾ, ਮੈਂ ਤਾਂ ਵੀ ਕੋਈ ਦਲੀਲ ਹਰਿਆਣਾ ਵਾਲਿਆਂ ਨੂੰ ਨਹੀਂ ਦੱਸਣੀ, ਕਿਉਂਕਿ ਪਾਣੀ ਪੰਜਾਬ ਦੇ ਹਨ ਅਤੇ ਮੈਂ ਮਰਦਾ ਮਰ ਜਾਵਾਂਗਾ ਪਰ ਉਨ੍ਹਾਂ ਦਾ ਵਕੀਲ ਨਹੀਂ ਬਣਾਂਗਾ।'

ਖ਼ਬਰ ਇੱਕ ਦਿਨ ਹੋਰ ਰੋਕ ਲਈ ਗਈ। ਅੰਤ ਦੇਰ ਸ਼ਾਮ ਉਹ ਮੰਨੇ ਕਿ ਹੁਣ ਕੋਈ ਨੁਕਸਾਨ ਨਹੀਂ ਹੋ ਸਕਦਾ। ਮੇਰੇ ਸੰਪਾਦਕ ਸਾਹਿਬ ਤਾਂ ਖ਼ਬਰ ਦਾ ਇੰਤਜ਼ਾਰ ਕਰ ਰਹੇ ਸਨ। ਪਹਿਲੇ ਪੰਨੇ ਉਤੇ ਹੰਗਾਮਾਖੇਜ਼ ਖ਼ਬਰ ਛਪੀ-ਫਲਾਣੀ ਤਰੀਕ ਨੂੰ ਏਨੇ ਵਜੇ ਪੰਜਾਬ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਬੁਲਾਇਆ ਜਾਵੇਗਾ, ਇਹ ਬਿੱਲ ਹੈ, ਬਿੱਲ ਦੀ ਮਨਸ਼ਾ ਇਹ ਹੈ, ਇਸ ਵਕੀਲ ਨੇ ਬਿੱਲ ਦਾ ਖਰੜਾ ਤਿਆਰ ਕੀਤਾ ਹੈ, ਬਿੱਲ ਦਾ ਸਿਰਨਾਵਾਂ ਇਹ ਹੈ, ਬਿੱਲ ਪਾਸ ਹੋਣ ਨਾਲ ਕੇਂਦਰ ਕੀ ਕਰ ਸਕਦਾ ਹੈ...ਵਗੈਰਾ ਵਗੈਰਾ। ਸਰਕਾਰੇ-ਦਰਬਾਰੇ ਤਰਥੱਲੀ ਮੱਚ ਗਈ। ਕੁੱਝ ਹੀ ਘੰਟਿਆਂ ਵਿਚ ਸਰਕਾਰ ਦਾ ਪ੍ਰਤੀਕਰਮ ਆ ਗਿਆ-ਸਭ ਕੋਰਾ ਝੂਠ ਹੈ, ਕੋਈ ਐਸਾ ਬਿੱਲ ਨਹੀਂ। ਸਾਰੀਆਂ ਅਖ਼ਬਾਰਾਂ ਨੇ ਸਰਕਾਰੀ ਪ੍ਰੈਸ ਨੋਟ ਠੋਕ ਵਜਾ ਕੇ ਛਾਪਿਆ। ਇੱਕ ਹਿੰਦੀ ਦੀ ਅਖ਼ਬਾਰ ਨੇ ਸਾਡੀ ਅਖ਼ਬਾਰ ਦਾ ਨਾਮ ਵੀ ਪ੍ਰਕਾਸ਼ਿਤ ਕਰ ਕੇ ਲਿਖਿਆ ਕਿ ਇਹ 'ਝੂਠੀ ਅਤੇ ਸਨਸਨੀਖੇਜ਼ ਖ਼ਬਰ' ਫਲਾਂ ਅਖ਼ਬਾਰ ਨੇ ਛਾਪੀ ਸੀ। ਅਗਲੇ ਦਿਨ ਅਸੀਂ ਇੱਕ ਹੋਰ ਖ਼ਬਰ ਛਾਪੀ ਕਿ ਸਰਕਾਰ ਨਵੇਂ ਕਾਨੂੰਨ ਨੂੰ ਛੱਡ The Northern India Canal and Drainage Act , 1873 ਦੀ ਫਰੋਲਾ-ਫਰਾਲੀ ਵੀ ਕਰ ਰਹੀ ਹੈ। ਸ਼ਾਮ ਤੱਕ ਕੁਮੇਦਾਨ ਸਾਹਿਬ ਮੇਰੇ ਲਈ The Punjab Minor Canals Act, 1905 ਦਾ ਖਰੜਾ ਵੀ ਕੱਢੀ ਬੈਠੇ ਸਨ। ਕਹਿਣ ਲੱਗੇ, 'ਇਹਦੇ ਨਾਲ ਗੱਲ ਨਹੀਂ ਬਣਨੀ।' ਜੀਤ ਮਹਿੰਦਰ ਸਿੰਘ ਸਿੱਧੂ ਇਸੇ Drainage Act ਬਾਰੇ ਗੱਲ ਕਰ ਰਿਹਾ ਸੀ। ਅਸੀਂ ਛੇਤੀ ਸਮਝ ਗਏ, ਸਭ ਕੁੱਝ ਭੁਲੇਖਾ ਪਾਉ ਸੀ।

ਹੁਣ ਹਰ ਰੋਜ਼ ਖ਼ਬਰ ਛਪਣ ਲੱਗੀ। ਮਾਮਲਾ ਭੱਖ ਰਿਹਾ ਸੀ। ਹੋਰ ਕਿਸੇ ਵੀ ਅਖ਼ਬਾਰ ਕੋਲ ਖ਼ਬਰ ਨਹੀਂ ਸੀ। ਅੰਤ ਸਰਕਾਰ ਨੇ ਸਪੈਸ਼ਲ ਸੈਸ਼ਨ ਦਾ ਐਲਾਨ ਕੀਤਾ। ਉਹੀ ਬਿੱਲ, ਉਹੀ ਮਨਸ਼ਾ, ਉਹੀ ਤਰੀਕ ਅਤੇ ਉਹੀ ਦੁਪਹਿਰ 2 ਵਜੇ ਦਾ ਵਕਤ। 'ਝੂਠੀ ਅਤੇ ਸਨਸਨੀਖੇਜ਼ ਖ਼ਬਰ' ਦਾ ਨਾਮ ਹੁਣ The Punjab Termination of Agreement Act, 2004 ਸੀ। ਹਫ਼ਤਾ ਭਰ ਛਪਦੀਆਂ ਰਹੀਆਂ ਮੇਰੀਆਂ ਖ਼ਬਰਾਂ ਬਾਰੇ ਇੱਕ ਲਿਖਤ ਅਲੱਗ ਛਪੀ। ਕੇਂਦਰ ਵਿਚ ਹੰਗਾਮਾ ਹੋ ਗਿਆ। ਮੁੱਖ ਮੰਤਰੀ ਕਹੇ ਕਿ ਸੋਨੀਆ ਗਾਂਧੀ ਨੇ ਮੇਰੇ ਨਾਲ ਬੋਲਚਾਲ ਵੀ ਛੱਡ ਦਿੱਤਾ ਹੈ। ਵਿਪਿਨ ਪੱਬੇ ਹੋਰਾਂ ਨੇ ਮੈਨੂੰ ਫ਼ੋਨ ਕੀਤਾ ਕਿ ਅਗਲੇ ਦਿਨ ਛਪਣ ਵਾਲੇ ਸ਼ੇਖ਼ਰ ਗੁਪਤਾ ਦੇ National Interest ਕਾਲਮ ਵਿਚ ਤੇਰਾ ਤਫ਼ਸੀਲੀ ਜ਼ਿਕਰ ਹੈ। ਅਗਲੇ ਦਿਨ ਮੈਂ ਪੱਬੇ ਹੋਰਾਂ ਨਾਲ ਗੱਲ ਕੀਤੀ ਕਿ ਪ੍ਰੀਤਮ ਸਿੰਘ ਕੁਮੇਦਾਨ ਹੋਰਾਂ ਦੇ ਖੁਲ੍ਹਦਿਲੀ ਨਾਲ ਦਿੱਤੇ ਸਮੇਂ ਅਤੇ ਬਹੁਤ ਸਾਰੀਆਂ ਪੇਚੀਦਗੀਆਂ ਦੀ ਨਿਸ਼ਾਨਦੇਹੀ ਤੋਂ ਬਿਨ੍ਹਾਂ ਇਹ ਸਭ ਮੁਮਕਿਨ ਨਹੀਂ ਸੀ। Pubby said, 'We should do a feature about him. Let's wirte about all his efforts. Showcase him on the front page!' ਅਗਲੇ ਦਿਨ ਕੁਮੇਦਾਨ ਸਾਹਿਬ ਦੀ ਵੱਟ ਕੱਢ ਕੇ ਪਾਈ ਗੰਢ ਵਾਲੀ ਟਾਈ ਵਾਲੀ ਫੋਟੋ ਸਮੇਤ ਉਨ੍ਹਾਂ ਬਾਰੇ ਇੱਕ ਵੱਡਾ ਮਜ਼ਮੂਨ ਅਖ਼ਬਾਰ ਨੇ ਛਾਪਿਆ ਤਾਂ ਦਿਲ ਨੂੰ ਤਸੱਲੀ ਹੋਈ। ਹੁਣ ਕਦੀ ਕਦੀ ਆਪਣੇ ਆਪ ਨੂੰ ਟੀਵੀ 'ਤੇ ਵੇਖਦਾ ਹਾਂ ਤਾਂ ਸੋਚਦਾ ਹਾਂ ਮੈਨੂੰ ਉਨ੍ਹਾਂ ਤੋਂ ਟਾਈ ਦੀ ਗੰਢ ਮਾਰਨੀ ਵੀ ਸਿੱਖ ਲੈਣੀ ਚਾਹੀਦੀ ਸੀ। ਉਨ੍ਹਾਂ ਨਾਲ ਇੱਕ ਲੰਮਾ ਰਿਸ਼ਤਾ ਰਿਹਾ। ਬਾਕੀ ਸੁਹਿਰਦ ਸਹਾਫ਼ੀਆਂ ਵਾਂਗ ਬਹੁਤ ਕੁੱਝ ਸਿੱਖਿਆ, ਪਰ ਹੁਣ ਜਦੋਂ ਉਹ ਗਏ ਹਨ ਤਾਂ ਰਹਿ ਰਹਿ ਕੇ ਉਨ੍ਹਾਂ ਦੇ ਪੰਜਾਬ ਨਾਲ ਇਸ਼ਕ ਦੀ ਇੰਤਹਾ ਵਾਲਾ ਉਹ ਫ਼ਿਕਰਾ ਬੜਾ ਯਾਦ ਆਉਂਦਾ ਹੈ- 'ਮੈਨੂੰ ਪੁੱਠਾ ਲਟਕਾ ਕੇ ਉੱਪਰ ਗਰਮ ਗਰਮ ਤੇਲ ਪਾ ਦੇਣਾ, ਮੈਂ ਤਾਂ ਵੀ ਕੋਈ ਦਲੀਲ...ਪਾਣੀ ਪੰਜਾਬ ਦੇ ਹਨ...ਮੈਂ ਮਰਦਾ ਮਰ ਜਾਵਾਂਗਾ ਪਰ ਉਨ੍ਹਾਂ ਦਾ ਵਕੀਲ ਨਹੀਂ ਬਣਾਂਗਾ।'

***ਸਰਦਾਰ ਪ੍ਰੀਤਮ ਸਿੰਘ ਕੁਮੇਦਾਨ, ਪੰਜਾਬ ਹਸ਼ਰ ਤੀਕ ਤੇਰਾ ਰਿਣੀ ਰਹੇਗਾ।***

# ਪ੍ਰੀਤਮ ਸਿੰਘ ਕੁਮੇਦਾਨ ਦਾ ਖਾਲਿਸਤਾਨ ਬਾਰੇ ਕੀ ਕਹਿਣਾ ਸੀ?

***ਸ.ਪ੍ਰੀਤਮ ਸਿੰਘ ਕੁਮੇਦਾਨ ਨੇ ਖਾਲਿਸਤਾਨ ਬਾਰੇ ਇਹ ਵਿਚਾਰ ਨਿਊਜ਼-18 ਚੈਨਲ ਦੇ ਰਿਪੋਰਟਰ ਨਪਿੰਦਰ ਸਿੰਘ ਨਾਲ ਰਿਫਰੈਂਡਮ-2020 ਬਾਰੇ ਗੱਲ-ਬਾਤ ਕਰਦਿਆਂ ਤਿੰਨ ਕੁ ਸਾਲ ਪਹਿਲਾਂ ਪ੍ਰਗਟਾਏ ਸਨ। ਸ਼ ਕੁਮੇਦਾਨ ਪੰਜਾਬ ਦੇ ਪਾਣੀਆਂ ਦੇ ਮਸਲੇ ਬਾਰੇ ਆਪਣੇ ਵਿਚਾਰ ਬੜੇ ਧੜੱਲੇ ਨਾਲ ਰੱਖਦੇ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਖਾਲਿਸਤਾਨ ਦੀ ਹਕੀਕਤ ਬਾਰੇ ਵਿਚਾਰ ਸਾਂਝੇ ਕੀਤੇ ਹਨ।-ਸੰਪਾਦਕ***

ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ ਮੁਤਾਬਿਕ ਅਮਰੀਕਾ ਆਧਾਰਿਤ ਸੰਸਥਾ 'ਸਿੱਖਸ ਫਾਰ ਜਸਟਿਸ' ਲੰਡਨ ਵਿਚ 12 ਅਗਸਤ 2018 ਨੂੰ ਪਾਕਿਸਤਾਨ ਦੇ ਭਾਰਤ ਤੋਂ ਵੱਖ ਹੋਣ ਦੇ ਨਕਸ਼ੇ-ਕਦਮ 'ਤੇ ਖਾਲਿਸਤਾਨ ਦੀ ਪ੍ਰਾਪਤੀ ਦੇ ਉਦੇਸ਼ ਨੂੰ ਲੈ ਕੇ ਰਾਇਸ਼ੁਮਾਰੀ 'ਰੈਫਰੈਂਡਮ 2020' ਕਰ ਰਹੀ ਹੈ।

ਇਹ ਇਸ ਸੰਸਥਾ ਅਤੇ ਖਾਲਿਸਤਾਨ ਦੇ

**ਪ੍ਰੀਤਮ ਸਿੰਘ ਕੁਮੇਦਾਨ**

ਹੋਰ ਹਮਾਇਤੀਆਂ ਦਾ ਫਰਜ਼ ਬਣਦਾ ਹੈ ਕਿ ਉਹ ਪਹਿਲਾਂ, ਹੁਣੇ ਹੀ, ਦੁਨੀਆਂ ਭਰ ਦੇ ਸਿੱਖਾਂ ਤੇ ਹੋਰ ਲੋਕਾਂ ਨੂੰ ਆਜ਼ਾਦ ਖਾਲਿਸਤਾਨ ਰਾਜ ਦੀ ਪ੍ਰਾਪਤੀ ਤੋਂ ਮਗਰੋਂ ਖਾਲਿਸਤਾਨ ਅਤੇ ਇਸ ਦੇ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਸੰਭਾਵੀ ਮੁਸ਼ਕਿਲਾਂ ਤੇ ਔਖਿਆਈਆਂ ਬਾਰੇ ਦੱਸਣ ਅਤੇ ਇਹ ਵੀ ਦੱਸਣ ਕਿ ਖਾਲਿਸਤਾਨ ਉਨ੍ਹਾਂ ਮੁਸ਼ਕਿਲਾਂ ਤੇ ਸਮੱਸਿਆਵਾਂ ਨੂੰ ਕਿਵੇਂ ਹੱਲ ਕਰੇਗਾ। ਫਰਜ਼ ਕਰੋ ਕਿ ਭਾਰਤ ਫੈਸਲਾ ਕਰਦਾ ਹੈ ਕਿ ਰਾਤੋ-ਰਾਤ 'ਖਾਲਿਸਤਾਨ ਹੁਣੇ ਦਿੱਤਾ ਜਾਂਦਾ ਹੈ' ਅਤੇ ਨਾਲ ਹੀ ਇਹ ਦੱਸ ਦਿੰਦਾ ਹੈ ਕਿ ਹੁਣ ਤੋਂ ਮਗਰੋਂ ਭਾਰਤ ਦਾ ਖਾਲਿਸਤਾਨ ਨਾਲ ਕੋਈ ਸਬੰਧ ਨਹੀਂ ਹੋਵੇਗਾ, ਸਭ ਗੱਲਬਾਤ ਬੰਦ, ਸਾਰੇ ਸਬੰਧ ਖਤਮ। ਖਾਲਿਸਤਾਨ ਨੇਪਾਲ ਵਾਂਗ ਸਭ ਪਾਸਿਆਂ ਤੋਂ ਘਿਰਿਆ ਅਜਿਹਾ ਮੁਲਕ ਹੋਵੇਗਾ, ਜਿਸ ਦੀ ਬਾਕੀ ਦੁਨੀਆਂ ਤੱਕ ਪਹੁੰਚ ਕੇਵਲ ਪਾਕਿਸਤਾਨ ਰਾਹੀਂ ਹੀ ਹੋ ਸਕਦੀ ਹੋਵੇਗੀ। ਭਾਰਤ ਸੰਚਾਰ ਦੇ ਸਾਰੇ ਸਾਧਨ, ਸੜਕਾਂ, ਰੇਲ, ਟੈਲੀਫੋਨ, ਇਥੋਂ ਤੱਕ ਕਿ ਹਵਾਈ ਸੰਪਰਕ ਵੀ ਬੰਦ ਕਰ ਦਿੰਦਾ ਹੈ। ਬਾਰਡਰ ਸੀਲ, ਵੀਜ਼ਾ ਸਿਸਟਮ ਲਾਗੂ ਹੋ ਜਾਂਦਾ ਹੈ।

**ਸੰਭਾਵੀ ਮੁਸ਼ਕਿਲਾਂ ਅਤੇ ਸਮੱਸਿਆਵਾਂ**

ਸਭ ਤੋਂ ਪਹਿਲੀਆਂ ਚੀਜ਼ਾਂ ਜਿਨ੍ਹਾਂ ਬਾਰੇ ਭਾਰਤ ਅਤੇ ਖਾਲਿਸਤਾਨ ਸਰਕਾਰਾਂ ਨੂੰ ਫੈਸਲਾ ਕਰਨਾ ਪਵੇਗਾ, ਉਹ ਇਹ ਹੋਣਗੀਆਂ:

**ਇਲਾਕਾਈ ਵੰਡ:** ਹਿੰਦੂ ਬਹੁਗਿਣਤੀ ਵਾਲੇ ਜ਼ਿਲੇ ਤੇ ਤਹਿਸੀਲਾਂ ਵਿਚੋਂ ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਪਠਾਨਕੋਟ ਤੇ ਫਾਜ਼ਿਲਕਾ ਜ਼ਿਲੇ ਅਤੇ ਅਨੰਦਪੁਰ ਤੇ ਨੰਗਲ ਤਹਿਸੀਲਾਂ ਭਾਰਤ ਨੂੰ ਮਿਲਣਗੇ। ਬਾਕੀ ਰਹਿੰਦਾ ਪੰਜਾਬ ਖਾਲਿਸਤਾਨ ਨੂੰ ਮਿਲ ਜਾਵੇਗਾ। ਨਹਿਰੀ ਹੈੱਡਵਰਕਸ ਅਤੇ ਹਾਈਡਲ ਪਾਵਰ ਪ੍ਰਾਜੈਕਟ, ਜੋ ਇਨ੍ਹਾਂ ਇਲਾਕਿਆਂ ਵਿਚ ਸਥਿਤ ਹਨ, ਭਾਰਤ ਨੂੰ ਮਿਲ ਜਾਣਗੇ। ਰੋਪੜ ਅਤੇ ਹਰੀਕੇ ਹੈੱਡਵਰਕਸ ਖਾਲਿਸਤਾਨ ਨੂੰ ਮਿਲਣਗੇ। ਕੋਈ ਹਾਈਡਲ ਪਾਵਰ ਹਾਊਸ ਖਾਲਿਸਤਾਨ ਵਿਚ ਨਹੀਂ ਹੋਵੇਗਾ।

**ਵੰਡ ਦਾ ਢੰਗ-ਤਰੀਕਾ:** ਇਹ ਪਾਕਿਸਤਾਨ ਦੀ ਤਰਜ਼ 'ਤੇ ਹੋ ਸਕਦੀ ਹੈ, ਜਦੋਂ ਦੋਹਾਂ ਪਾਸਿਆਂ ਤੋਂ ਦਸ ਲੱਖ ਲੋਕ ਮਾਰੇ ਗਏ ਸਨ, ਲੱਖਾਂ ਔਰਤਾਂ ਅਗਵਾ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਨਾਲ ਬਲਾਤਕਾਰ ਕੀਤੇ ਗਏ ਸਨ। ਬਹੁਤ ਸਾਰੀ ਜਾਇਦਾਦ ਅਤੇ ਹੋਰ ਨੁਕਸਾਨ ਹੋਏ ਸਨ। ਹੁਣ ਮਰਜ਼ੀ ਖਾਲਿਸਤਾਨੀਆਂ ਦੀ ਹੈ। ਜੇ ਸ਼ਾਂਤੀਪੂਰਨ ਤਬਾਦਲੇ ਦੀ ਵੀ ਕਲਪਨਾ ਕੀਤੀ ਜਾਂਦੀ ਹੈ, ਕੀ ਕੋਈ ਜਣਾ ਗਾਰੰਟੀ ਦੇ ਸਕਦਾ ਹੈ ਕਿ ਇਹ ਵੰਡ ਤੇ ਰਾਹਾਂ ਦਾ ਅੱਡ-ਅੱਡ ਹੋਣਾ ਹਿੰਸਕ ਨਹੀਂ ਹੋਵੇਗਾ ਅਤੇ ਦੋਹਾਂ ਸਰਕਾਰਾਂ ਦੀਆਂ ਸਰਬੋਤਮ ਕੋਸ਼ਿਸ਼ਾਂ ਦੇ ਬਾਵਜੂਦ ਇਹ ਹਿੰਸਕ ਤੇ ਸਰਕਾਰ ਦੇ ਕੰਟਰੋਲ ਤੋਂ ਬਾਹਰ ਨਹੀਂ ਹੋ ਜਾਵੇਗਾ?

**ਆਬਾਦੀ ਦਾ ਆਦਾਨ-ਪ੍ਰਦਾਨ:** ਜੇ ਇਥੇ ਆਬਾਦੀ ਦਾ ਆਦਾਨ-ਪ੍ਰਦਾਨ ਹੋਣਾ ਹੈ, ਜਿਵੇਂ ਪਾਕਿਸਤਾਨ ਦੇ ਮਾਮਲੇ ਵਿਚ ਹੋਇਆ ਸੀ, 50 ਲੱਖ, ਜ਼ਿਆਦਾਤਰ ਰੱਜੇ ਪੁੱਜੇ, ਸਿੱਖਾਂ ਨੂੰ ਅਥਾਹ ਜਾਇਦਾਦ ਅਤੇ ਸੰਪਤੀ ਭਾਰਤ 'ਚ ਛੱਡ ਕੇ ਖਾਲਿਸਤਾਨ ਵੱਲ ਪਰਵਾਸ ਕਰਨਾ ਪੈ ਸਕਦਾ ਹੈ। ਬਰਾਬਰ ਦੀ ਹਿੰਦੂਆਂ ਦੀ ਗਿਣਤੀ, ਬਹੁਤੇ ਕੰਮਕਾਰੀ ਵਰਗ ਦੇ ਹਰੀਜਨ ਹਿੰਦੂਆਂ ਅਤੇ ਮਜ਼ਦੂਰਾਂ ਨੂੰ ਭਾਰਤ ਜਾਣਾ ਪਵੇਗਾ ਤੇ ਭਾਰਤ ਵਿਚ ਅਮੀਰ ਸਿੱਖਾਂ ਦੁਆਰਾ ਛੱਡੇ ਮਕਾਨਾਂ 'ਤੇ ਕਬਜ਼ਾ ਕਰਨਾ ਪਵੇਗਾ, ਜਿਵੇਂ 1947 ਦੀ ਵੰਡ ਵੇਲੇ ਹੋਇਆ ਸੀ।

*(ਬਾਕੀ ਸਫਾ 21 'ਤੇ)*

ਭਖਦਾ ਮਸਲਾ

# ਧਰਮ, ਬੇਅਦਬੀ ਅਤੇ ਪ੍ਰਗਟਾਅ

***ਹਾਲ ਹੀ ਵਿਚ ਨਾਵਲਕਾਰ ਸਲਮਾਨ ਰਸ਼ਦੀ ਉਤੇ, ਲਿਬਨਾਨ ਮੂਲ ਦੇ ਮੁੰਡੇ ਵੱਲੋਂ ਕੀਤੇ ਜਾਨਲੇਵਾ ਹਮਲੇ ਨੇ 'ਬੇਅਦਬੀ' ਅਤੇ 'ਪ੍ਰਗਟਾਅ ਦੀ ਆਜ਼ਾਦੀ' ਵਿਚਲੇ ਰੱਟੇ ਬਾਰੇ ਚੱਲ ਰਹੀ ਬਹਿਸ ਨੂੰ ਭਖਾ ਦਿੱਤਾ ਹੈ। ਕੀ ਪ੍ਰਗਟਾਅ ਦੀ ਆਜ਼ਾਦੀ ਅਸੀਮ ਹੈ? ਕੀ ਇਸ ਉਤੇ ਕੋਈ ਰੋਕ ਨਹੀਂ ਹੋਣੀ ਚਾਹੀਦੀ? ਜਾਂ ਫਤਵਿਆਂ, ਮਤਿਆਂ, ਕਾਨੂੰਨ ਨਾਲ ਇਸ 'ਤੇ ਰੋਕਾਂ ਲਾਈਆਂ ਜਾ ਸਕਦੀਆਂ ਹਨ ਅਤੇ ਸੀਮਾ ਤੈਅ ਕੀਤੀ ਜਾ ਸਕਦੀ ਹੈ? ਕਈ ਸੁਆਲ ਹਨ, ਜੋ ਦੁਨੀਆਂ ਭਰ ਦੇ ਮੀਡੀਆ ਵਿਚ ਚਰਚਾ 'ਚ ਹਨ।***

**ਪਿਛੋਕੜ:** ਇਸ ਚਰਚਾ ਦਾ ਸੰਬੰਧ, ਤਿੰਨ ਦਹਾਕੇ ਪਹਿਲਾਂ ਛਪੇ, ਸਲਮਾਨ ਰਸ਼ਦੀ ਦੇ ਨਾਵਲ 'ਸੈਤਾਨਿਕ ਵਰਸਜ' ਨਾਲ ਹੈ ਜੋ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਅਤੇ ਵੱਡੀ ਗਿਣਤੀ ਵਿਚ ਵਿਕਿਆ। ਰਸ਼ਦੀ ਭਾਰਤੀ ਮੂਲ ਦਾ ਬਰਤਾਨਵੀ ਸ਼ਹਿਰੀ ਹੈ ਅਤੇ ਅੱਜਕੱਲ੍ਹ ਅਮਰੀਕਾ ਦੇ ਸ਼ਹਿਰ ਨਿਊ ਯਾਰਕ ਵਿਚ ਰਹਿ ਰਿਹੈ। ਸੰਨ 1988 ਵਿਚ ਛਪੇ ਇਸ ਨਾਵਲ ਵਿਚਲੇ ਕਥਿਤ ਬੇਅਦਬੀ ਦੇ ਅੰਸ਼ਾਂ ਦੇ ਪ੍ਰਤੀਕਰਮ ਵਜੋਂ, ਈਰਾਨ ਦੇ ਖੁਮੈਨੀ ਨੇ ਫਤਵਾ ਜਾਰੀ ਕਰਦਿਆਂ, ਰਸ਼ਦੀ ਦੇ ਸਿਰ ਦਾ ਇਨਾਮ ਰੱਖਿਆ ਸੀ। ਭਾਰਤ ਵਿਚ ਰਾਜੀਵ ਗਾਂਧੀ ਸਰਕਾਰ ਵੱਲੋਂ ਇਸ ਨਾਵਲ ਦੀ ਵਿਕਰੀ ਉਤੇ ਰੋਕ ਲਾਈ ਗਈ। ਦੁਨੀਆਂ ਭਰ ਵਿਚ ਮੁਸਲਮਾਨਾਂ


**ਅਵਤਾਰ ਗੋਂਦਾਰਾ**
**559-375-2589**

ਵੱਲੋਂ ਰੋਸ ਮੁਜ਼ਾਹਰੇ ਹੋਏ, ਰਸ਼ਦੀ ਦੇ ਪੁਤਲੇ ਸਾੜੇ ਗਏ, ਅਤੇ ਉਸ ਦੀ ਮੌਤ ਦੀ ਮੰਗ ਕੀਤੀ ਗਈ। ਦਸਾਂ ਵਰ੍ਹਿਆਂ ਬਾਅਦ, ਈਰਾਨੀ ਸਰਕਾਰ ਨੇ ਬੇਸ਼ਕ ਫਤਵਾ ਵਾਪਸ ਲੈ ਲਿਆ, ਪਰ ਧਾਰਮਿਕ ਜਥੇਬੰਦੀਆਂ ਇਸ ਨੂੰ ਜਿੰਦਾ ਰੱਖੀ ਜਾ ਰਹੀਆਂ ਹਨ। ਬਰਤਾਨੀਆਂ ਵਿਚ ਕਈ ਵਰ੍ਹੇ ਪੁਲਿਸ ਸੁਰੱਖਿਆ ਹੇਠ ਕੱਟਣ ਉਪਰੰਤ, ਰਸ਼ਦੀ ਨੇ ਪਿਛਲੇ ਕੁਝ ਸਮੇਂ ਤੋਂ ਆਮ ਵਾਂਗ ਰਹਿਣਾ ਸ਼ੁਰੂ ਕੀਤਾ ਸੀ। ਵਾਕਏ ਵਾਲੇ ਦਿਨ, ਰਸ਼ਦੀ ਨੇ ਨਿਊ ਯਾਰਕ ਦੇ ਸ਼ਹਿਰ ਵਿਖੇ, ਸਮਾਗਮ ਵਿਚ ਭਾਸ਼ਣ ਦੇਣਾ ਸੀ, ਜਿੱਥੇ ਸਰੋਤਿਆਂ ਵਿਚ ਬੈਠੇ ਹਮਲਾਵਰ ਨੇ, ਸਟੇਜ 'ਤੇ ਆ ਕੇ ਰਸ਼ਦੀ 'ਤੇ ਚਾਕੂ ਨਾਲ ਵਾਰ ਕੀਤੇ ਅਤੇ ਉਸ ਨੂੰ ਗੰਭੀਰ ਰੂਪ ਜਖਮੀ ਕਰ ਦਿੱਤਾ। ਇਹ ਇਸ ਕਰਕੇ ਹੋਇਆ ਕਿ ਹਮਲਾਵਰ ਧਿਰ ਨੂੰ, ਲੇਖਕ ਦੇ ਵਿਚਾਰ ਪਸੰਦ ਨਹੀਂ।

ਸੁਆਲ ਪੈਦਾ ਹੁੰਦਾ ਹੈ ਕਿ ਜੇ ਉਨ੍ਹਾਂ ਨੂੰ ਆਪਣੇ ਵਿਚਾਰ ਗੱਜ-ਵੱਜ ਕੇ ਪ੍ਰਚਾਰਨਾ ਚੰਗਾ ਲਗਦਾ ਹੈ ਤਾਂ ਦੂਜੇ ਨੂੰ ਇਹੋ ਹੱਕ ਨਾ ਦੇਣ ਦਾ ਤਾਰਕਿਕ ਆਧਾਰ ਕੀ ਹੈ? ਕੀ ਮਨੁੱਖ ਵਜੋਂ ਇਹ ਹਰ ਇੱਕ ਨੂੰ ਇਹ ਹੱਕ ਮਿਲਣਾ ਚਾਹੀਦਾ ਹੈ ਜਾਂ ਇਸ ਦਾ ਲਾਹਾ ਲੈਣ ਲਈ ਸਿਆਸੀ ਸ਼ਕਤੀ ਦੀ ਲੋੜ ਹੈ? ਵਗੈਰਾ ਵਗੈਰਾ।

**ਨਜ਼ਰੀਆ:** ਇਸ ਵਿਵਾਦ ਵਿਚ ਦੋ ਧਿਰਾਂ ਆਹਮੋ-ਸਾਹਮਣੇ ਹਨ। ਚੱਲ ਰਹੇ ਵਿਵਾਦ ਦੀ ਵਿਰੋਧਤਾਈ 'ਧਾਰਮਿਕ ਵਿਸ਼ਵਾਸ਼ਾਂ' ਦੇ ਕਿੰਤੂਰਹਿਤ ਹੋਣ ਅਤੇ 'ਪ੍ਰਗਟਾਅ ਦੀ ਆਜ਼ਾਦੀ' ਦੇ ਹਰ ਵਰਤਾਰੇ ਉਤੇ ਕਿੰਤੂ ਕਰਨ ਦੇ ਹੱਕ ਵਿਚ ਪਈ ਹੈ। ਧਰਮੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵਿਸ਼ਵਾਸ਼ਾਂ ਉਤੇ ਕਿੰਤੂ ਹੋ ਨਹੀਂ ਸਕਦਾ, ਕਿੰਤੂ ਨਾਮੁਆਫੀਯੋਗ ਗੁਨਾਹ ਹੈ। ਕਿੰਤੂਕਾਰਾਂ ਦਾ ਮੰਨਣਾ ਹੈ ਕਿ ਸੰਵਾਦ ਵਿਚ ਕਿੰਤੂ ਦੀ ਲੋੜ ਹੁੰਦੀ ਹੈ; ਜੇ ਉਹ ਹਰ ਵਰਤਾਰੇ ਉਤੇ ਸੁਆਲ ਹੀ ਨਹੀਂ ਉਠਾ ਸਕਦੇ ਤਾਂ ਗੱਲ ਨਿਖਰੂ ਕਿਵੇਂ, ਪ੍ਰਗਟਾਅ ਦੀ ਆਜ਼ਾਦੀ ਦੀ ਕੀ ਤੁਕ। ਬੰਦੇ ਅਤੇ ਬਾਂਦਰ ਵਿਚ ਇਹੀ ਫਰਕ ਹੁੰਦਾ ਹੈ ਕਿ ਬੰਦਾ ਸੁਆਲ ਕਰਦੈ, ਬਾਂਦਰ ਨਹੀਂ। ਨਜ਼ਰੀਏ ਪੱਖੋਂ, ਸਲਮਾਨ ਰਸ਼ਦੀ ਵਿਗਿਆਨਕ ਪਹੁੰਚ ਦਾ ਮੁੱਦਈ ਹੈ ਅਤੇ ਉਸ ਲਈ ਧਰਮ ਵਿਅਕਤੀ ਦਾ ਨਿੱਜੀ ਮਸਲਾ ਹੈ, ਉਸ ਦੀ ਆਸਥਾ ਹੈ। ਧਰਮੀ ਦੇ ਆਸਥਾ ਰੱਖਣ ਦੇ ਹੱਕ 'ਤੇ ਕਿਸੇ ਨੂੰ ਕੋਈ ਕਿੰਤੂ ਨਹੀਂ ਹੋਣਾ ਚਾਹੀਦਾ। ਸ਼ਰਧਾਵਾਨ ਨੂੰ ਵੀ 'ਵਿਚਾਰਾਂ ਦੀ ਆਜ਼ਾਦੀ' ਹੈ। ਪਰ ਇਹ ਆਜ਼ਾਦੀ ਤਾਂ ਹੀ ਹੱਕੀ ਬਣਦੀ ਹੈ ਜੇ ਉਹ ਵਿਰੋਧੀ ਦੇ 'ਵਿਚਾਰਾਂ ਦੀ ਆਜ਼ਾਦੀ' ਦੇ ਹੱਕ ਨੂੰ ਮਾਨਤਾ ਦਿੰਦਾ ਹੈ, ਭਾਵ ਉਸ ਦੇ ਸੁਆਲ ਕਰਨ, ਕਿੰਤੂ ਕਰਨ ਦੇ ਹੱਕ ਨੂੰ ਮੰਨਦਾ ਹੈ। ਰਸ਼ਦੀ ਦੀ ਧਾਰਨਾ ਹੈ ਕਿ ਜਿਉਂ ਹੀ ਕੋਈ ਵਿਚਾਰ, ਜਨਤਕ ਖੇਤਰ ਵਿਚ ਆ ਜਾਂਦਾ ਹੈ ਜਾਂ ਸਿਆਸੀ/ਸਮਾਜਿਕ ਜਿੰਦਗੀ ਵਿਚ ਦਖਲ ਦਿੰਦਾ ਹੈ, ਉਸ ਦਾ ਸੁਆਲਾਂ ਦੀ ਮਾਰ ਵਿਚ ਆਉਣਾ ਜਰੂਰੀ ਹੈ। ਕਿਸੇ ਗੱਲ ਦੇ ਜਨਤਕ ਹੋਣ ਦਾ ਮਤਲਬ ਹੀ ਇਹ ਹੈ ਕਿ ਉਹ ਨਿੱਜੀ ਨਹੀਂ, ਦੋ ਜਾਂ ਵੱਧ ਵਿਅਕਤੀਆਂ ਦਾ ਮਸਲਾ ਹੈ। ਜੇ ਦੋ ਜਾਂ ਬਹੁਤੇ ਹਨ, ਤਾਂ ਸੰਵਾਦ ਅਤੇ ਵਿਵਾਦ ਨੇ ਖੜਾ ਹੋਣੈ। ਸੁਆਲ ਪੈਦਾ ਹੁੰਦੇ, ਜਿੱਥੇ ਸੰਵਾਦ ਜਾਂ ਵਿਵਾਦ ਹੋਊ, ਉਥੇ ਜੇ ਸੁਆਲ ਅਤੇ ਕਿੰਤੂ ਨਹੀਂ ਹੋਣਗੇ ਤਾਂ ਕੀ ਹੋਵੇਗਾ?

**ਦੋ ਪਹੁੰਚਾਂ:** 'ਪ੍ਰਗਟਾਅ ਦੀ ਆਜ਼ਾਦੀ' ਦਾ ਮਸਲਾ ਸਿਰਫ ਕਾਨੂੰਨੀ ਨਹੀਂ, ਬਹੁਪਰਤੀ ਹੈ। ਆਜ਼ਾਦੀ-ਪੱਖੀਆਂ ਦਾ ਤਰਕ ਹੈ ਕਿ ਇਹ ਬੇਰੋਕ ਹੋਣੀ ਚਾਹੀਦੀ ਹੈ। ਜਿਸ ਦਾ ਜੋ ਜੀਅ ਕਰੇ, ਉਹ ਕਹੇ, ਲਿਖੇ। ਇਕ ਫਿਰਕੇ ਨੂੰ ਦੂਜੇ ਖਿਲਾਫ ਭੜਕਾਵੇ, ਕਿਸੇ ਧਰਮ ਦੀ ਮੀਨ ਮੇਖ ਕਢੇ, ਕਿਸੇ ਸੰਤ ਤੇ ਸ਼ਖਸ਼ੀ ਦੋਸ਼ ਲਾਵੇ, ਹਿੰਸਕ ਤਬਦੀਲੀ ਦੀ ਗੱਲ ਕਰੇ ਜਾਂ ਵੋਟਾਂ ਰਾਹੀਂ। ਜਿੰਨਾਂ ਚਿਰ ਇਹ ਵਿਚਾਰ ਅਮਲ ਵਿਚ ਰੁਪਾਂਤਰ ਨਹੀਂ ਹੁੰਦੇ, ਸਿਰਫ ਪ੍ਰਗਟਾਅ ਤੱਕ ਰਹਿੰਦੇ ਆ, ਕੋਈ ਜ਼ੁਰਮ ਨਹੀਂ। ਇਹ ਅਮਰੀਕੀ ਮਾਡਲ ਹੈ। ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ, 'ਪ੍ਰਗਟਾਅ ਦੀ ਆਜ਼ਾਦੀ' ਦੇ ਹੱਕ ਨੂੰ ਯਕੀਨੀ ਬਣਾਉਂਦੀ ਹੈ। ਅਮਰੀਕਾ ਵਿਚ 'ਕੁਫਰ' ਦੇ ਨਾਂ 'ਤੇ ਕਦੇ ਕੋਈ ਕੇਸ ਦਰਜ ਨਹੀਂ ਹੋਇਆ। ਇਹੀ ਹਾਲ ਮਾਣਹਾਨੀ ਦੇ ਕੇਸਾਂ ਦਾ ਹੈ, ਸ਼ਾਇਦ ਹੀ ਕੋਈ ਕੇਸ ਸਿਰੇ ਲਗਿਆ ਹੋਵੇ। ਇਤਿਹਾਸਕ ਤੌਰ 'ਤੇ ਇਸਾਈ ਧਰਮ ਹੀ ਦੁਨੀਆਂ ਦਾ ਇੱਕੋ ਇੱਕ ਧਰਮ ਹੈ, ਜਿਸ ਅਧੀਨ ਇਸਾਈ ਲੇਖਕਾਂ ਨੇ ਆਪਣੀਆਂ ਲਿਖਤਾਂ ਵਿਚ ਅਤੇ ਵਿਦਵਾਨਾਂ ਨੇ ਪ੍ਰੋਟੈਸਟੈਂਟ ਲਹਿਰ ਦੇ ਰੂਪ ਵਿਚ ਆਪਣੇ ਹੀ ਧਰਮ ਦੀਆਂ ਰੂੜੀਆਂ ਨੂੰ ਰੂੰ ਵਾਂਗ ਪਿੰਜਿਆ। ਬਾਕੀ ਧਰਮਾਂ ਦੇ ਵਿਦਵਾਨਾਂ ਨੇ 'ਅੱਗ ਦਾ ਇਹ ਦਰਿਆ' ਹਾਲੇ ਤਰਨਾ ਹੈ। ਦੂਜਾ ਮਾਡਲ ਬਰਤਾਨੀਆਂ ਦਾ ਹੈ। ਇਸ ਅਧੀਨ 'ਪ੍ਰਗਟਾਅ ਦੀ ਆਜ਼ਾਦੀ' ਅਸੀਮ ਨਹੀਂ, ਇਸ ਉਪਰ ਕਈ ਰੋਕਾਂ ਹਨ। ਦੂਜੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਣ ਦੇ ਨਾਂ 'ਤੇ 'ਕੁਫਰ' ਦਾ ਦੋਸ਼ੀ ਪਾਇਆ ਜਾ ਸਕਦਾ ਹੈ। ਭਾਰਤ ਨੇ ਬਰਤਾਨਵੀ ਮਾਡਲ ਨੂੰ ਸਾਂਭ ਕੇ ਹੀ ਨਹੀਂ ਰਖਿਆ, ਸਗੋਂ ਇਸ ਦੇ ਨਹੁੰ ਹੋਰ ਵੀ ਤਿੱਖੇ ਕੀਤੇ ਹਨ। ਹੁਣ ਕਿਸੇ ਵੀ ਵਿਦਵਾਨ, ਪੱਤਰਕਾਰ, ਸਿਆਸੀ ਕਾਰਕੁੰਨ ਨੂੰ ਸਰਕਾਰ-ਵਿਰੋਧੀ ਵਿਚਾਰਾਂ ਕਰਕੇ, ਫਸਾਇਆ ਜਾ ਸਕਦਾ ਹੈ। 'ਪ੍ਰਗਟਾਅ ਦੀ ਆਜ਼ਾਦੀ' ਦੀ ਕੋਈ ਧਾਰਾ ਜਾਂ ਅਦਾਲਤੀ ਦਖਲ ਉਸ ਦੀ ਮੱਦਦ ਲਈ ਨਹੀਂ ਬਹੁੜਦਾ। ਕਿਸੇ ਦੀ ਕਹੀ ਹੋਈ ਕੋਈ ਗੱਲ, ਕਦੋਂ 'ਕੁਫਰ' ਬਣ ਜਾਵੇ ਜਾਂ 'ਦੇਸ਼-ਧ੍ਰੋਹ', ਕੋਈ ਪਤਾ ਨਹੀਂ। ਇਹ ਬੜਾ ਟੇਢਾ ਮਸਲਾ ਹੈ। 'ਰੋਕ' ਦਾ ਤਾਰਕਿਕ ਆਧਾਰ ਕੀ ਹੋਵੇ, ਇਸ ਬਾਰੇ ਇੱਕ ਰਾਇ ਨਹੀਂ ਬਣਦੀ। ਨਾ ਹੀ ਅਦਾਲਤੀ ਫੈਸਲੇ ਇਕਸੁਰ ਹਨ ਕਿ ਕਿਹੜੀ ਰੋਕ ਵਾਜਬ ਹੈ ਅਤੇ ਕਿਹੜੀ ਨਹੀਂ। ਲੈ-ਦੇ ਕੇ ਇਸ ਦਾ ਨਿਰਣਾ, ਸਮੇਂ ਦੀ ਸਰਕਾਰ ਨੇ ਕਰਨਾ ਹੈ। ਕਿਹੜੀ ਕਿਤਾਬ ਬੰਦ ਕਰਨੀ ਹੈ, ਕਿਹੜੇ ਬੰਦੇ ਨੂੰ ਜੇਲ ਭੇਜਣਾ ਹੈ। ਸਰਕਾਰ ਦੀ ਵਿਆਖਿਆ ਕੀ ਹੋਊ, ਇਸ ਦਾ ਆਧਾਰ ਦੋਸ਼ੀ ਦੇ ਸਰਕਾਰ ਨਾਲ ਸੰਬੰਧਾਂ ਨੇ ਬਣਨਾ ਹੈ। ਕੁਲ ਮਿਲਾ ਕੇ, 'ਪ੍ਰਗਟਾਅ ਦੀ ਆਜ਼ਾਦੀ' ਉਪਰ ਰੋਕਾਂ ਨਾਲ, ਸੰਵਾਦ ਅਤੇ ਵਾਦ-ਵਿਵਾਦ ਦਾ ਘੇਰਾ ਸੁੰਗੜ ਗਿਆ ਹੈ, ਜੋ ਮਾਨਸਿਕ ਵਿਕਾਸ ਅਤੇ ਵਿਗਿਆਨਕ ਸੋਚ ਦੇ ਵਿਕਾਸ ਲਈ ਘਾਤਕ ਹੈ। ਮੁਲਕ ਦੇ ਬੜਬੋਲੇ ਕੁਲੀਨ ਵਰਗ (ਇਲਟਿਏ) ਦਾ ਨੁਮਾਇਆ ਰੋਲ ਹੁੰਦਾ ਹੈ। ਇਸ ਵਿਚ ਪਿਛਾਂਖਿਚੂ ਪੜ੍ਹੇ-ਲਿਖੇ, ਸਿਆਸੀ ਆਗੂ, ਮਾਹਿਰ



ਸਲਮਾਨ ਰਸ਼ਦੀ

ਕਿਹੜੀ ਪਹੁੰਚ ਜਿਆਦਾ ਸਾਰਥਕ ਅਤੇ ਨਿਆਈਂ ਹੈ, ਜਿਸ ਬਾਰੇ ਭਰਵੇਂ ਬਹਿਸ-ਮੁਬਾਸੇ ਦੀ ਅਣਸਰਦੀ ਲੋੜ ਹੈ, ਇਸ ਤੋਂ ਪਾਸਾ ਨਹੀਂ ਵੱਟਣਾ ਚਾਹੀਦਾ।

**ਕੁਲੀਨ ਵਰਗ:** ਹਰ ਮੁਲਕ ਅਤੇ ਸਮਾਜ ਵਿਚ ਕੁਲੀਨ ਵਰਗ ਹੁੰਦਾ ਹੈ, ਜਿਸ ਦਾ ਕੁੱਲੀ, ਗੁੱਲੀ ਅਤੇ ਜੁੱਲੀ ਦਾ ਜੁਗਾੜ ਵਧੀਆ ਚਲਦਾ ਹੈ। ਉਸ ਨੂੰ ਪ੍ਰਬੰਧ ਦੀ ਅਨਿਆਂਕਾਰੀ ਨਾਲ ਕੋਈ ਫਰਕ ਨਹੀਂ ਪੈਂਦਾ। 'ਪ੍ਰਗਟਾਅ ਦੀ ਆਜ਼ਾਦੀ' ਦੇ ਹੱਕ ਦੀ ਵਰਤੋਂ ਅਤੇ ਦੁਰਵਰਤੋਂ ਵਿਚ ਕਿਸੇ ਵੀ ਅਤੇ ਮੀਡੀਆ ਕਰਮੀ ਆ ਜਾਂਦੇ ਹਨ। ਉਹ ਲੋਕਾਂ ਦੀ ਮਾਸੂਮੀਅਤ ਅਤੇ ਲਾਈਲੱਗਤਾ ਦਾ ਪੂਰਾ ਲਾਹਾ ਲੈਂਦੇ ਹਨ। ਦੁਨੀਆਂ ਭਰ ਵਿਚ ਰਸ਼ਦੀ ਦੀ ਜਾਨ ਲੈਣ ਦੀ ਮੰਗ ਕਰਨ ਵਾਲੀ ਭੀੜ, ਆਮ ਲੋਕਾਂ ਦੀ ਭੀੜ ਸੀ। ਜਿੰਨਾਂ ਨੇ ਨਾਂ ਵਿਵਾਦਮਈ ਨਾਵਲ ਦੇਖਿਆ ਅਤੇ ਨਾ ਪੜ੍ਹਿਆ। ਇਸ ਤੋਂ ਪਤਾ ਲਗਦਾ ਹੈ, ਗਲਤ ਵਿਚਾਰਾਂ ਤੋਂ ਪ੍ਰੇਰਿਤ ਬੰਦੇ, ਬੰਦੇ ਘੱਟ, ਪੁਰਜਾ ਜਿਆਦਾ ਹੁੰਦੇ ਹਨ। ਸਮਾਜਸੇਵੀਆਂ ਦਾ ਕਾਰਜ ਇਹ ਬਨਦਾ ਹੈ ਕਿ ਪੁਰਜੇ ਨੂੰ ਬੰਦੇ ਹੋਣ ਦਾ ਅਹਿਸਾਸ ਕਿਵੇਂ ਕਰਾਇਆ ਜਾਵੇ? ਜੇ ਹਮਲਾਵਰ ਨੂੰ ਦੇਖੀਏ ਉਸ ਨੂੰ ਲੱਗਦੈ ਕਿ ਉਸ ਨੇ ਬੜਾ ਮਾਅਰਕਾ ਮਾਰਿਐ। ਪਰ ਜੇ ਮੀਡੀਆ ਨਾਲ ਹੋਈ ਉਸ ਦੀ ਗੱਲ ਸੁਣੀਏ ਤਾਂ ਪਤਾ ਲਗਦਾ ਹੈ ਉਸ ਨੇ ਵੀ ਨਾਵਲ ਦੇ ਸਿਰਫ ਦੋ ਹੀ ਸਫੇ ਪੜ੍ਹੇ ਸੀ। ਹੁਣ ਭਾਰਤ ਦੀ ਵੀ ਸੁਣ ਲਓ। ਸਦੀ ਪਹਿਲਾਂ, ਭਾਰਤ ਵਿਚ ਪੈਗੰਬਰ ਬਾਰੇ ਲਿਖੀ ਦੁਵਰਕੀ ਕਰਕੇ ਦੰਗਾ-ਫਸਾਦ ਹੋਏ ਸਨ। ਕੁਫਰ ਬਾਰੇ ਕੋਈ ਕਾਨੂੰਨ ਨਾ ਹੋਣ ਕਰਕੇ, ਲੇਖਕ ਖਿਲਾਫ ਕੋਈ ਕਾਰਵਾਈ ਤਾਂ ਨਾ ਹੋਈ, ਪਰ ਲੇਖਕ ਦਾ ਇਲਮਦੀਨ ਨਾਂ ਦੇ ਬੰਦੇ ਨੇ ਕਤਲ ਕਰ ਦਿੱਤਾ। ਇਸ ਘਟਨਾ ਉਪਰੰਤ ਅੰਗਰੇਜਾਂ ਨੇ ਈਲੀਟ ਦੀ ਸ਼ਹਿ ਨਾਲ 'ਕੁਫਰ' ਵਿਰੋਧੀ ਦਫਾ 295 ਏ ਬਣਾਇਆ, ਜੋ ਨਿਰਵਿਘਨ ਚਲ ਰਿਹਾ ਹੈ। ਕਾਤਲ ਦੀ ਪੈਰਵੀ ਮੁਹੰਮਦ ਅਲੀ ਜਿਨਾਹ ਨੇ ਕੀਤੀ ਅਤੇ ਇਕਬਾਲ ਨੇ ਮਰਸੀਆ ਲਿਖਿਆ। ਸੁਣਿਐ, ਲਾਹੌਰ ਵਿਚ ਕਾਤਲ ਦੀ ਸਮਾਧ ਹੈ, ਜਿਸ ਨੂੰ ਲੋਕਾਂ ਵਲੋਂ ਬੜੀ ਸ਼ਰਧਾ ਨਾਲ ਪੂਜਿਆ ਜਾਂਦਾ ਹੈ। ਵਿਚਾਰਾਂ ਦੇ ਵਿਰੋਧ ਕਰਕੇ ਹੀ ਗਾਂਧੀ, ਗੋਡਸੇ ਹਥੋਂ ਕਤਲ ਹੋਇਆ, ਜੋ ਇਕ ਧਿਰ ਲਈ ਮਹਾਨ 'ਦੇਸ਼-ਭਗਤ' ਹੈ। ਇੱਥੋਂ ਇੱਕ ਹੋਰ ਗੱਲ ਦਾ ਪਤਾ ਲਗਦਾ ਹੈ ਕਿ ਵਿਚਾਰਾਂ ਦੀ ਆਜ਼ਾਦੀ ਵਿਚ ਇਕੱਲੇ 'ਪ੍ਰਗਟਾਅ' ਦਾ ਹੀ ਰੋਲ ਨਹੀਂ, ਵਿਚਾਰਾਂ ਨੂੰ 'ਗ੍ਰਹਿਣ' ਕਰਨ ਦਾ ਵੀ ਮਹੱਤਵ ਹੈ। ਵਿਅਕਤ ਉਹੀ ਕੁਝ ਹੋਣੈ, ਜੋ ਗ੍ਰਹਿਣ ਕੀਤਾ ਗਿਆ ਹੈ। ਜੇ ਲੋਕਾਂ ਨੂੰ ਸਹੀ ਸਮੇਂ, ਸਹੀ ਅਗਵਾਈ ਨਹੀਂ ਮਿਲਦੀ, ਉਨ੍ਹਾਂ ਨੂੰ ਅਗ੍ਹਾਂਵਧੂ ਵਿਚਾਰਾਂ ਨਾਲ ਲੈਸ ਨਹੀਂ ਕੀਤਾ ਜਾਂਦਾ ਤਾਂ ਬੜਬੋਲੇ ਕੁਲੀਨ ਵਰਗ ਦੁਆਰਾ ਪ੍ਰੋਸੇ ਜਾਂਦੇ ਗਲਤ ਵਿਚਾਰਾਂ ਰਾਹੀਂ ਭੋਲੇ ਲੋਕਾਂ ਦਾ ਵਰਗਲਾਏ ਜਾਣਾ ਤਹਿ ਹੈ।

**ਯੂ ਐਨ ਓ ਦਾ ਅਹਿਦ:**

ਆਲੋਚਨਾਤਕ ਆਵਾਜ਼: ਮਤਾ ਨੰ 11

'ਅਸੀਂ ਅਹਿਦ ਕਰਦੇ ਹਾਂ ਕਿ ਧਾਰਮਿਕ ਮਸਲਿਆਂ ਅਤੇ ਆਸਥਾ ਬਾਰੇ, ਆਲੋਚਨਾਤਮਕ ਆਵਾਜ਼ਾਂ ਅਤੇ ਵਿਚਾਰਾਂ ਨੂੰ, ਭਾਵੇਂ ਉਹ ਕਿੰਨੀਆਂ ਵੀ ਅਪਮਾਨਜਨਕ ਜਾਂ ਗਲਤ ਹੋਣ, ਕਦੇ ਦਬਾਵਾਂਗੇ ਨਹੀਂ। ਅਸੀਂ ਰਾਜਾਂ ਨੂੰ ਜੋਰ ਦੇ ਕੇ ਕਹਾਂਗੇ ਕਿ ਉਹ ਕੁਫਰ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਕਾਨੂੰਨ ਰੱਦ ਕਰਨ, ਕਿਉਂਕਿ ਅਜਿਹੇ ਕਾਨੂੰਨ ਵਿਚਾਰਾਂ ਦੀ ਆਜ਼ਾਦੀ ਦਾ ਹੀ ਗਲਾ ਨਹੀਂ ਘੁਟਦੇ, ਉਹ ਧਾਰਮਿਕ ਮੁੱਦਿਆਂ ਬਾਰੇ ਸਾਰਥਿਕ ਸੰਵਾਦ ਅਤੇ ਬਹਿਸ ਨੂੰ ਵੀ ਰੋਕਦੇ ਹਨ।'

**ਕਾਰਜ:** ਯੂ ਐਨ ਓ ਦਾ ਮਤਾ ਸਰਕਾਰਾਂ ਕਦੋਂ ਲਾਗੂ ਕਰਨਗੀਆਂ, ਇਸ ਦੀ ਨਿਕਟ ਭਵਿੱਖ ਵਿਚ ਕੋਈ ਸੰਭਾਵਨਾ। ਉਂਝ ਵੀ ਇਹ ਸਿਰਫ ਕਾਨੂੰਨੀ ਮਸਲਾ ਨਹੀਂ। ਜਦੋਂ ਵੀ ਕੁਫਰ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਦਾ ਮਸਲਾ ਉਠਦਾ ਹੈ ਤਾਂ ਨਰਾਜ ਧਿਰ ਨੇ ਆਪ ਹੀ ਪੁਲਿਸ, ਜੱਜ ਬਣਨਾ ਹੈ ਅਤੇ ਕਿਸੇ ਦਾ ਜ਼ਿੰਦਗੀ ਦਾ ਫੈਸਲਾ ਕਰਨਾ ਹੈ। ਧਰਮ, ਨਸਲ, ਖਿੱਤੇ ਜਾਤ ਬਰਾਦਰੀਆਂ ਵਿਚ ਪਾਟੇ ਲੋਕਾਂ ਵਿਚ 'ਵਿਚਾਰਾਂ ਦੀ ਆਜ਼ਾਦੀ' ਦਾ ਮਸਲਾ ਸਆਸੀ, ਸਮਾਜਿਕ ਅਤੇ ਸੱਭਿਆਚਾਰਕ ਪੱਧਰ 'ਤੇ ਨਜਿਠਿਆ ਜਾਣਾ ਹੈ। ਫਿਰ ਵੀ ਆਪਣੇ ਪੱਧਰ 'ਤੇ ਇਸ ਸੰਬੰਧੀ ਕੋਸ਼ਿਸ਼ਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ। ਜਿਵੇਂ:

- ਅਗਾਂਹਵਧੂ ਪਾਰਟੀਆਂ/ਜਥੇਬੰਦੀਆਂ ਵਿਚ 'ਕੁਫਰ' ਜਾਂ 'ਧਾਰਮਿਕ ਭਾਵਨਾਵਾਂ ਨੂੰ ਠੇਸ' ਸੰਬੰਧੀ ਆਮ ਰਾਇ ਬਣਾਉਣੀ ਅਤੇ ਅਜਿਹੇ ਕਾਨੂੰਨਾਂ ਨੂੰ ਰੱਦ ਕਰਨ ਦੇ ਕਾਰਜ ਨੂੰ ਸਿਆਸੀ ਅਤੇ ਚੋਣ ਪ੍ਰਚਾਰ ਦਾ ਹਿੱਸਾ ਬਣਾਉਣਾ।
- ਆਮ ਲੋਕਾਂ ਵਿਚ ਜਾਗਰਤੀ ਲਿਆਉਣ ਅਤੇ ਬੜਬੋਲੇ ਵਰਗ ਦੇ ਕੂੜ ਪ੍ਰਚਾਰ ਨੂੰ ਕਾਟ ਕਰਨ ਲਈ, ਰੈਸ਼ਨਲ ਅਤੇ ਵਿਗਿਆਨਕ ਨਜ਼ਰੀਏ ਦੇ ਪ੍ਰਚਾਰ-ਸੰਚਾਰ ਦੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ ਕਰਨਾ। ਯੂਰਪ ਦੀ 'ਜਾਗ੍ਰਤੀ ਲਹਿਰ' ਵਰਗਾ ਕੋਈ ਦੇਸੀ ਰੂਪ ਚਿਤਵਨਾ ਤੇ ਚਲਾਉਣਾ।
- ਇਕੱਲੇ ਪ੍ਰਚਾਰ ਦੀ ਥਾਂ, ਲੋਕਾਂ ਵਿਚ ਸਹੀ ਵਿਚਾਰਾਂ ਨੂੰ ਲਿਜਾਣ ਲਈ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨਾ। ਕਈ ਵਾਰ ਪ੍ਰਚਾਰ ਇੱਕ ਪਾਸੜ ਹੋ ਜਾਂਦਾ ਹੈ। ਲੋਕਾਂ ਨਾਲ ਆਮੋ-ਸਾਹਮਣੇ ਗੱਲ ਕਰਨੀ, ਉਨ੍ਹਾਂ ਦੇ ਮਨਾਂ ਵਿਚ ਪਏ ਸੁਆਲਾਂ ਨੂੰ ਜਾਣਨਾ। ਸਿਰਫ ਸਰੋਤੇ ਬਣਨ ਦੀ ਥਾਂ, ਉਨ੍ਹਾਂ ਨੂੰ ਸੋਚਵਾਨ ਬਣਨ ਲਈ ਪ੍ਰੇਰਿਤ ਤੇ ਸਿੱਖਿਅਤ ਕਰਨਾ।
- ਸਹੀ ਵਿਚਾਰਾਂ ਦੇ ਵਿਸਥਾਰ ਨਾਲ, ਗਲਤ ਵਿਚਾਰਾਂ ਸੁੰਗੜਦੇ ਹਨ ਅਤੇ ਸਹੀ ਵਿਚਾਰਾਂ ਦੀ ਅਣਹੋਂਦ ਵਿਚ, ਗਲਤ ਵਿਚਾਰਾਂ ਨੇ ਫੈਲਣਾ ਹੈ।

-gondarasa@yahoo.com

## ਕਸਵੱਟੀ

### ਮਿੰਨੀ ਕਹਾਣੀ

ਮੁੰਡੇ ਦੇ ਵਿਆਹ ਦੇ ਤੀਜੇ ਦਿਨ ਬਿਮਲਾ ਤੇ ਰਮੇਸ਼ (ਪਤੀ-ਪਤਨੀ) ਨੇ ਅਲਮਾਰੀ ਵਿਚੋਂ ਇਕ ਨਵਾਂ ਬੈਗ ਕੱਢਿਆ ਤੇ ਉਸ 'ਚੋਂ ਸ਼ਗਨਾਂ ਵਾਲੇ ਸਾਰੇ ਲਿਫਾਫੇ ਕੱਢ ਬੈੱਡ 'ਤੇ ਢੇਰੀ ਕਰ ਲਏ ਤਾਂ ਜੋ ਆਪਣੇ ਪੁੱਤਰ ਸੋਨੂੰ ਦੇ ਵਿਆਹ ਵਿਚ ਆਏ ਸ਼ਗਨ ਦਾ ਲੇਖਾ-ਜੋਖਾ ਕਰ ਸਕਣ।

**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਇਸ ਦੌਰਾਨ ਰਮੇਸ਼ ਨੇ ਲਿਫਾਫੇ ਵਿਚ ਆਏ ਸ਼ਗਨ ਦੀ ਰਕਮ ਨੂੰ ਇਕ ਕਾਪੀ 'ਤੇ ਨੋਟ ਕਰਨਾ ਸ਼ੁਰੂ ਕੀਤਾ। ਉਸ ਨੇ ਪੰਜ ਸੌ ਦਾ ਸ਼ਗਨ ਪਾਉਣ ਵਾਲਿਆਂ ਲਈ ਇਕ ਪੇਜ ਲਾਇਆ ਤੇ ਪੰਜ ਸੌ ਤੋਂ ਵੱਧ ਸ਼ਗਨ ਪਾਉਣ ਵਾਲਿਆਂ ਲਈ ਇਕ ਦੂਜਾ ਪੇਜ ਲਾਇਆ।

ਇਸ ਤੋਂ ਇਲਾਵਾ ਪੰਜ ਸੌ ਤੋਂ ਘੱਟ ਵਾਲਿਆਂ ਲਈ ਕਾਪੀ ਦੇ ਅਖੀਰ 'ਚ ਇਕ ਅਲੱਗ ਪੇਜ ਲਾਇਆ। ਲਿਫਾਫਿਆਂ 'ਚ ਆਏ ਸ਼ਗਨ ਦੀ ਰਕਮ ਨੂੰ ਕਾਪੀ 'ਤੇ ਚਾੜ੍ਹਨ ਤੋਂ ਬਾਅਦ ਬਿਮਲਾ ਤੇ ਰਮੇਸ਼ ਸ਼ਗਨ ਪਾਉਣ ਵਾਲਿਆਂ ਸੰਬੰਧੀ ਆਪਸ ਵਿਚ ਗੱਲਬਾਤ ਕਰਨ ਲੱਗੇ। ਕਾਫ਼ੀ ਦੇਰ ਤਕ ਉਹ ਦੋਵੇਂ ਰਿਸ਼ਤੇਦਾਰਾਂ ਅਤੇ ਹੋਰ ਮਿਲਣ ਜੁਲਣ ਵਾਲਿਆਂ ਵਲੋਂ ਪਾਏ ਸ਼ਗਨ ਤੇ ਗੱਲਬਾਤ ਕਰ ਮੀਨਮੇਖ ਕੱਢਦੇ ਰਹੇ।

ਇਸ ਦੌਰਾਨ ਬਿਮਲਾ ਰਮੇਸ਼ ਨੂੰ ਮੁਖਾਤਿਬ ਹੁੰਦਿਆਂ, 'ਮੈਂ ਸੋਚਿਆ ਅਗਲੀ ਵਾਰ ਜਦੋਂ ਅਸੀਂ ਆਪਣੇ ਮਿੰਟੂ ਦੇ ਵਿਆਹ ਦੀ ਰਿਸੈਪਸ਼ਨ ਰੱਖਣੀ ਏ, ਤਾਂ ਜਿਹੜੇ ਲੋਕ ਪੰਜ ਸੌ ਤੋਂ ਘੱਟ ਸ਼ਗਨ ਪਾ ਕੇ ਗਏ ਹਨ, ਉਨ੍ਹਾਂ ਨੂੰ ਵਿਆਹ ਵਿਚ ਉੱਕਾ ਬੁਲਾਉਣ ਦੀ ਲੋੜ ਨਈਂ ਤੇ ਨਾ ਹੀ ਅਜਿਹੇ ਲੋਕਾਂ ਦੇ ਕਿਸੇ ਪ੍ਰੋਗਰਾਮ ਵਿਚ ਆਪ ਜਾਣ ਦੀ ਲੋੜ ਹੈ।'

ਰਮੇਸ਼ 'ਤੇਰਾ ਮਤਲਬ ਅਜਿਹੇ ਰਿਸ਼ਤੇਦਾਰਾਂ ਨਾਲ ਅੱਗੇ ਤੋਂ ਵਰਤ ਵਾਰਾ ਈ ਖਤਮ ਕਰ ਦਈਏ।' 'ਹਾਂ' ਬਿਲਕੁਲ ਸਹੀ ਸਮਝਿਆ ਤੁਸੀਂ, ਬਿਮਲਾ ਨੇ ਆਪਣੀ ਗੱਲ ਦੀ ਪ੍ਰੋੜਤਾ ਕਰਦਿਆਂ ਅੱਗੇ ਕਿਹਾ, " ਰਾਜਪੁਰਾ ਵਾਲੇ ਸ਼ਰਮਾ ਜੀ ਹੀ ਵੇਖ ਲੋ ਮੈਂ ਉਨ੍ਹਾਂ ਦੀ ਧੀ ਦੇ ਵਿਆਹ 'ਚ ਪੂਰੇ ਗਿਆਰਾਂ ਸੌ ਪਾ ਕੇ ਆਈ ਸੀ ਪਰ ਉਨ੍ਹਾਂ ਦੇ ਲਿਫਾਫੇ 'ਚੋਂ ਆ ਤਿੰਨ ਸੌ ਈ ਨਿਕਲਿਆ ਏ ਬਸ!"

ਰਮੇਸ਼ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ " ਉਹ ਨਾਲੇ ਲੁਧਿਆਣਾ ਵਾਲੇ ਅਰੋੜਾ ਜੀ ਹੀ ਵੇਖ ਲਓ, ਮੈਂ ਉਨ੍ਹਾਂ ਦੇ ਮੁੰਡੇ ਦੇ ਵਿਆਹ 'ਤੇ ਇਕੱਲਾ ਗਿਆ ਸੀ ਤੇ ਸ਼ਗਨ ਦੇ ਪੂਰੇ ਸਵਾ ਪੰਜ ਸੌ ਪਾ ਕੇ ਆਇਆ ਸਾਂ, ਆਪਣੇ ਵਿਆਹ ਸੋਨੂੰ ਦੇ ਉਨ੍ਹਾਂ ਦਾ ਸਾਰਾ ਟੱਬਰ ਆਇਆ ਤੇ ਖੂਬ ਢੰਗ ਨਾਲ ਰੋਟੀ ਪਾਣੀ ਖਾ ਕੇ ਗਿਆ, ਪਰ ਲਿਫਾਫੇ ਵਿਚੋਂ ਉਨ੍ਹਾਂ ਦੇ ਕੇਵਲ ਚਾਰ ਸੌ ਈ ਨਿਕਲੇ ਹਨ।'

ਫਿਰ ਬਿਮਲਾ ਨੇ ਰਮੇਸ਼ ਨੂੰ ਜਿਵੇਂ ਇਕ ਫੈਸਲਾਕੁਨ ਅੰਦਾਜ਼ ਵਿਚ ਕਿਹਾ, 'ਮਿੰਟੂ ਦੇ ਪਾਪਾ ਮੈਂ ਤਾਂ ਕਹਿੰਦੀ ਹਾਂ ਕਿ ਅਜਿਹੇ ਲੋਕਾਂ ਨੂੰ ਅੱਗੇ ਤੋਂ ਕਿਸੇ ਵੀ ਪ੍ਰੋਗਰਾਮ ਵਿਚ ਸੱਦਣ ਦੀ ਲੋੜ ਨਈਂ..ਦਰਅਸਲ ਇਹ ਲੋਕ ਵਰਤਣ ਦੇ ਲਾਇਕ ਹੀ ਨਹੀਂ...।'

# ਵਿਸ਼ਵ ਗੁਰੂ ਤੇ ਮਹਾਂਸ਼ਕਤੀ ਬਣਨ ਦੇ ਆਪਣੇ ਹੀ ਭਰਮਜਾਲ ਵਿਚ ਫਸੇ ਮੋਦੀਕੇ

**ਸਾਲ 2014 ਵਿਚ ਜਦੋਂ ਤੋਂ ਭਾਰਤ ਵਿਚ ਮੋਦੀ ਸਰਕਾਰ ਬਣੀ ਹੈ, ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਆਗੂ ਮੁਲਕ ਨੂੰ ਵਿਸ਼ਵ ਗੁਰੂ ਬਣਾਉਣ ਦੀਆਂ ਟਾਹਰਾਂ ਮਾਰ ਰਹੇ ਹਨ ਪਰ ਪਿਛਲੇ ਅੱਠ ਵਰ੍ਹਿਆਂ ਦੌਰਾਨ ਮੋਦੀ-ਰਾਜ ਦੀ ਜੋ ਹਕੀਕਤ ਸਾਹਮਣੇ ਆਈ ਹੈ, ਉਸ ਤੋਂ ਭਾਰਤ ਦਾ ਸੰਸਾਰ ਵਿਚ ਤਾਂ ਕੀ, ਦੱਖਣੀ ਏਸ਼ਿਆਈ ਖਿੱਤੇ ਵਿਚ ਜੋ ਹਾਲ ਹੈ, ਉਹ ਹੁਣ ਕਿਸੇ ਤੋਂ ਬਾਹਰਾ ਨਹੀਂ। ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਇਹੀ ਹਕੀਕਤਾਂ ਬਿਆਨ ਕੀਤੀਆਂ ਹਨ।**

ਮੋਦੀ ਭਗਤ ਸ਼ੇਖਰ ਗੁਪਤਾ ਦੀ ਇੰਟਰਨੈਟ ਅਖਬਾਰ 'ਦ ਪਰਿੰਟ' ਵਿਚ ਉਨਤੀ ਸ਼ਰਮਾ ਦੀ ਛਪੀ ਇਕ ਲਿਖਤ (5 ਅਗਸਤ) ਵਿਚ ਰਾਹੁਲ ਗਾਂਧੀ ਦਾ ਇਸ ਲਈ ਮਜ਼ਾਕ ਉਡਾਇਆ ਗਿਆ ਹੈ, ਕਿਉਂਕਿ ਉਸ ਨੇ ਪਰਵੀਨ ਸਾਹਨੀ ਦੀ ਕਿਤਾਬ 'ਆਖਰੀ ਜੰਗ' (The Last War) ਨੂੰ 'ਮਹੱਤਵਪੂਰਨ ਅਤੇ ਸਮੇਂ ਦੇ ਮੁਤਾਬਿਕ' ਦੱਸਿਆ ਹੈ। ਇਸ ਕਿਤਾਬ ਵਿਚ ਸਾਹਨੀ ਨੇ ਭਵਿੱਖਬਾਣੀ ਕੀਤੀ ਹੈ ਕਿ ਆਪਣੀ ਫੌਜੀ ਤਿਆਰੀ ਦੀ ਘਾਟ ਕਾਰਨ ਭਾਰਤ ਨੇੜ ਭਵਿੱਖ ਵਿਚ ਚੀਨ ਨਾਲ ਲੱਗਣ




ਵਾਲੀ ਜੰਗ 10 ਦਿਨ ਵਿਚ ਹਾਰ ਸਕਦਾ ਹੈ। ਚੀਨ, ਲੱਦਾਖ ਅਤੇ ਅਰੁਣਾਚਲ ਪਰਦੇਸ਼ ਉਤੇ ਕਬਜ਼ਾ ਕਰ ਸਕਦਾ ਹੈ, ਜਿਸ ਨੂੰ ਭਾਰਤ ਹੁਣ ਤਕ ਆਪਣਾ ਇਲਾਕਾ

**ਗੁਰਬਚਨ ਸਿੰਘ**
**ਫੋਨ: +91-98156-98451**

ਕਹਿੰਦਾ ਆਇਆ ਹੈ। ਸਾਹਨੀ ਨੇ ਆਪਣੀ ਕਿਤਾਬ ਵਿਚ ਠੋਸ ਤੱਥਾਂ ਦੇ ਆਧਾਰ ਉਤੇ ਇਹ ਦਾਅਵਾ ਵੀ ਕੀਤਾ ਹੈ ਕਿ ਚੀਨ ਜਿਵੇਂ ਅਨੇਕ ਪੱਧਰਾਂ ਉਤੇ ਫੌਜੀ ਹਮਲੇ ਦੀ ਤਿਆਰੀ ਕਰ ਰਿਹਾ ਹੈ, ਭਾਰਤੀ ਫੌਜ ਤਿਆਰੀ ਪੱਖੋਂ ਉਸ ਦੇ ਨੇੜੇ ਤੇੜੇ ਵੀ ਨਹੀਂ। ਫਿਰ ਜਿਵੇਂ ਮੋਦੀਕਿਆਂ ਨੇ ਫੌਜ ਦਾ ਭਗਵਾਂਕਰਨ ਕੀਤਾ ਹੈ, ਇਸ ਨੇ ਫੌਜ ਦੀ ਜੰਗੀ ਸਮੱਰਥਾ ਨੂੰ ਹੋਰ ਵੀ ਘਟਾ ਦਿੱਤਾ ਹੈ। ਮਾਲੀ ਸਾਧਨਾਂ ਦੀ ਘਾਟ ਕਾਰਨ ਅਗਨੀਵੀਰ ਦੇ ਬਹਾਨੇ ਫੌਜ ਦੀ ਕੀਤੀ ਜਾ ਰਹੀ ਕਾਂਟ ਛਾਂਟ ਵੀ ਇਸ ਦੀ ਲੜਾਕੂ ਸ਼ਕਤੀ ਨੂੰ ਪ੍ਰਭਾਵਿਤ ਕਰ ਰਹੀ ਹੈ।

ਮੋਦੀ ਭਗਤਾਂ ਦੇ ਮਨ ਵਿਚ ਰਾਹੁਲ ਗਾਂਧੀ ਦੀ ਦੇਸ਼ ਭਗਤੀ ਪ੍ਰਤੀ ਸ਼ੱਕ ਪੈਦਾ ਕਰਨ ਲਈ ਲੇਖਕ ਨੇ ਕਿਤਾਬ ਦੇ ਟਾਈਟਲ ਉਤੇ ਲਿਖੇ ਰਾਹੁਲ ਗਾਂਧੀ ਦੇ ਇਸ ਕਥਨ ਨੂੰ ਬਹੁਤ ਸਨਸਨੀਖੇਜ਼ ਬਣਾ ਕੇ ਪੇਸ਼ ਕੀਤਾ ਹੈ ਕਿ "ਤੁਸੀਂ ਕਿਤਾਬ ਨਾਲ ਸਹਿਮਤ ਹੋਵੋ ਜਾਂ ਨਾ ਹੋਵੋ ਪਰ ਉਥਲਾਂ-ਪੁਥਲਾਂ ਨਾਲ ਭਰੇ ਇਸ ਦੌਰ ਵਿਚ ਪਰਵੀਨ ਸਾਹਨੀ ਦਾ ਇਹ ਭਰਵਾਂ ਅਤੇ ਝੰਜੋੜ ਕੇ ਰੱਖ ਦੇਣ ਵਾਲੀ ਪੜਚੋਲ ਬੜੀ ਮੌਕੇ ਮੁਤਾਬਿਕ ਅਤੇ ਪੜ੍ਹਨ ਵਾਲੀ ਹੈ।"

ਬੇਸ਼ੱਕ ਕਿਤਾਬ ਵਿਚ ਪੇਸ਼ ਕੀਤੇ ਗਏ ਤੱਥਾਂ ਨੂੰ ਲੈ ਕੇ ਲੇਖਕ ਕਿਤੇ ਵੀ ਉਨ੍ਹਾਂ ਦਾ ਖੰਡਨ ਕਰਨ ਵਿਚ ਸਫਲ ਨਹੀਂ ਹੋ ਸਕੀ, ਬਲਕਿ ਉਸ ਨੇ ਸਾਹਨੀ ਦੀਆਂ ਧਾਰਨਾਵਾਂ ਦੀ ਪੁਸ਼ਟੀ ਜ਼ਰੂਰ ਕੀਤੀ ਹੈ। ਸਾਹਨੀ ਦੀ ਕਿਤਾਬ ਦੇ ਹਵਾਲੇ ਨਾਲ ਲਿਖਤ ਵਿਚ ਦੱਸਿਆ ਗਿਆ ਹੈ ਕਿ 1991 ਵਿਚ ਹੋਈ ਖਾੜੀ ਜੰਗ ਵਾਂਗ ਚੀਨ ਦਾ ਭਾਰਤ ਉਤੇ ਹੋਣ ਵਾਲਾ ਇਹ ਹਮਲਾ ਦੁਨੀਆਂ ਭਰ ਨੂੰ ਹੈਰਾਨ ਕਰ ਦੇਵੇਗਾ। ਕਿਉਂਕਿ ਪਹਿਲੀ ਵਾਰ ਇਸ ਜੰਗ ਵਿਚ ਨਵੀਆਂ ਤਕਨੀਕਾਂ, ਨਕਲੀ ਬੌਧਿਕਤਾ, ਰੋਬੋਟ ਆਧਾਰਿਤ ਬਹੁਪੱਖੀ ਅਪਰੇਸ਼ਨਾਂ ਤੇ ਬੌਧਿਕ ਤੌਰ ਉਤੇ ਵਿਕਸਿਤ ਕੀਤੇ ਗਏ ਨਵੇਂ ਜੰਗੀ ਸੰਕਲਪਾਂ ਦੀ ਵਰਤੋਂ ਕੀਤੀ ਜਾਵੇਗੀ। ਚੀਨ ਇਸ ਜੰਗ ਲਈ ਡੋਕਲਾਮ ਸੰਕਟ (2017) ਤੋਂ ਤਿਆਰੀ ਕਰ ਰਿਹਾ ਹੈ। ਸਾਹਨੀ ਦੀ ਕਿਤਾਬ ਵਿਚ ਦਿੱਤੀ ਜਾਣਕਾਰੀ ਅਨੁਸਾਰ ਚੀਨ ਜੰਗ ਦੇ ਪਹਿਲੇ ਦਿਨ ਹੀ ਸਾਈਬਰ ਸਪੇਸ ਦੀ ਲੜਾਈ ਵਿਚ ਭਾਰਤ ਦਾ ਸਾਰਾ ਸਰਕਾਰੀ ਤਾਣਾ-ਬਾਣਾ ਜਾਮ ਕਰ ਦੇਵੇਗਾ, ਜਿਸ ਦੀ ਉਸ ਨੇ ਪੂਰੀ ਤਿਆਰੀ ਕੀਤੀ ਹੋਈ ਹੈ। ਚੀਨ ਇਹ ਜੰਗ ਰੋਬੋਟਾਂ (ਮਨੁੱਖੀ ਮਸ਼ੀਨਾਂ) ਨਾਲ ਲੜੇਗਾ। ਇਸ ਜੰਗ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਲੜੇਗੀ, ਜਿਸ ਦੀ ਚੀਨ ਨੇ ਮੁਹਾਰਤ ਹਾਸਲ ਕਰ ਰੱਖੀ ਹੈ।




ਲਿਖਤ ਮੁਤਾਬਕ ਸਾਹਨੀ ਨੇ ਚੀਨ ਤੇ ਪਾਕਿਸਤਾਨ ਦੇ ਹੋਏ ਯੁੱਧਨੀਤਕ ਗੱਠਜੋੜ ਬਾਰੇ ਵੀ ਰਾਹੁਲ ਗਾਂਧੀ ਨਾਲ ਚਰਚਾ ਕੀਤੀ ਹੈ। ਸਾਹਨੀ ਦੇ ਕਥਨ ਅਨੁਸਾਰ : "2014 ਤੋਂ ਬਾਅਦ ਸਾਡੀ ਹੁਕਮਰਾਨ ਜਮਾਤ ਨੇ ਭਾਰਤ ਦੇ ਆਲਮੀ ਦ੍ਰਿਸ਼ਟੀਕੋਣ ਨੂੰ ਮਾਨਸਿਕ ਰੋਗ ਦੀ ਹੱਦ ਤਕ ਜਾ ਕੇ ਇਕ ਨੁਕਾਤੀ ਪਾਕਿਸਤਾਨ ਤਕ ਸੀਮਤ ਕਰ ਲਿਆ ਹੈ। ਸਾਡੀ ਲੀਡਰਸ਼ਿਪ ਦੇ ਪਾਕਿਸਤਾਨ ਪ੍ਰਤੀ ਬਣੇ ਮਨੋਰੋਗੀ ਦ੍ਰਿਸ਼ਟੀਕੋਣ ਨੇ ਉਨ੍ਹਾਂ ਦੀ ਸੋਚ ਅਤੇ ਯੁੱਧਨੀਤਕ ਫੈਸਲੇ ਲੈਣ ਦੀ ਸਮਰੱਥਾ ਨੂੰ ਲਕਵਾ ਮਾਰ ਦਿੱਤਾ ਹੈ। ਸਿੱਟੇ ਵਜੋਂ ਮੋਦੀ ਸਰਕਾਰ ਇਹ ਸਮਝਣ ਵਿਚ ਅਸਫਲ ਰਹੀ ਹੈ ਕਿ ਚੀਨ ਤੇ ਪਾਕਿਸਤਾਨ ਵਿਚਲੀ ਲਕੀਰ ਮਿਟ ਗਈ ਹੈ ਅਤੇ ਹੁਣ ਉਹ ਦੋਵੇਂ ਰਲ ਕੇ ਭਾਰਤ ਦੇ ਇਕ ਨਵੇਂ ਸਾਂਝੇ ਦੁਸ਼ਮਣ ਵਜੋਂ ਪ੍ਰਗਟ ਹੋਏ ਹਨ।"

ਦਰਅਸਲ ਮੋਦੀਕਿਆਂ ਨੇ ਜਿਵੇਂ ਪਾਕਿਸਤਾਨ ਤੇ ਮੁਸਲਿਮ ਵਿਰੋਧ ਨੂੰ ਆਪਣੀ ਨੀਚ ਹਿੰਦੂਤਵੀ ਰਾਜਨੀਤੀ ਲਈ ਵਰਤਿਆ ਹੈ, ਇਸ ਨੂੰ ਵੇਖ ਕੇ ਸਿਆਣੇ ਲੋਕ ਪਹਿਲਾਂ ਹੀ ਇਸ ਕਿਸਮ ਦੀਆਂ ਪੇਸ਼ੀਨਗੋਈਆਂ ਕਰ ਰਹੇ ਸਨ ਕਿ ਇਹ ਰਾਜਨੀਤੀ ਦੇਸ ਦਾ ਬੇੜਾ ਗਰਕ ਕਰੇਗੀ। ਪਰ ਮੋਦੀਕਿਆਂ ਨੇ ਆਪਣੀ ਰਾਜ ਕਰਨ ਦੀ ਹਵਸ ਕਾਰਨ ਦੇਸ਼ ਅਤੇ ਲੋਕਾਂ ਦੇ ਭਵਿੱਖ ਨੂੰ ਆਪਣੇ ਰਾਜਨੀਤੀ ਦੇ ਦਾਅ ਉਤੇ ਲਾਅ ਦਿੱਤਾ। ਐਵੇਂ ਸੁਣੀਆਂ-ਸੁਣਾਈਆਂ ਧਾਰਨਾਵਾਂ ਦੇ ਆਧਾਰ ਉਤੇ ਉਹ ਮਹਾਂਸ਼ਕਤੀ ਤੇ ਵਿਸ਼ਵ ਗੁਰੂ ਬਣਨ ਦੇ ਸੁਪਨੇ ਲੈਣ ਲੱਗ ਪਏ। ਬਿਨਾਂ ਕੁਝ ਸੋਚੇ ਸਮਝੇ ਉਨ੍ਹਾਂ ਨੇ 140 ਕਰੋੜ ਲੋਕਾਂ ਦੀ ਹੋਣੀ ਨਾਲ ਖਿਲਵਾੜ ਕਰਦਿਆਂ ਧੜਾਧੜ ਹਥਿਆਰ ਖਰੀਦਣ ਦੇ ਅਨੇਕ ਸੌਦੇ ਕਰ ਲਏ। ਹੁਣ ਜਦੋਂ ਉਨ੍ਹਾਂ ਨੂੰ ਦਰਪੇਸ਼ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਉਹ ਕਰੋੜਾਂ ਲੋਕਾਂ ਦੀ ਭੁੱਖਮਰੀ ਦੀ ਕੀਮਤ ਉਤੇ ਵੀ ਆਪਣੀਆਂ ਲੋਕ ਦੋਖੀ ਨੀਤੀਆਂ ਬਦਲਣ ਨੂੰ ਤਿਆਰ ਨਹੀਂ।

'ਦ ਪ੍ਰਿੰਟ' ਵਿਚ ਹੀ ਸ਼ੁਭਮ ਬੱਤਰਾ ਦੀ ਛਪੀ ਇਕ ਲਿਖਤ ਵਿਚ ਵਪਾਰ ਸਕੱਤਰ ਬੀ.ਵੀ.ਆਰ. ਸੁਭਰਾਮਨੀਅਮ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਜੁਲਾਈ ਵਿਚ ਭਾਰਤ ਦਾ ਵਪਾਰ ਘਾਟਾ 31.02 ਅਰਬ ਡਾਲਰ ਹੋ ਗਿਆ ਹੈ। 2022-23 ਦੇ ਮਾਲੀ ਸਾਲ ਵਿਚ ਪਹਿਲਾਂ ਮਾਲੀ ਘਾਟਾ ਵਧਿਆ, ਫਿਰ ਰੁਪਏ ਦੀ ਕੀਮਤ ਘਟੀ ਤੇ ਹੁਣ ਵਪਾਰ ਘਾਟਾ ਵਧ ਕੇ 31.02 ਅਰਬ ਡਾਲਰ ਹੋ ਗਿਆ ਹੈ, ਜਿਹੜਾ ਕਿ ਜੂਨ ਮਹੀਨੇ ਵਿਚ 26.18 ਅਰਬ ਡਾਲਰ ਸੀ। ਪਿਛਲੇ ਸਾਲ ਇਸੇ ਮਹੀਨੇ ਇਹ ਘਾਟਾ 10 ਅਰਬ ਡਾਲਰ ਸੀ। ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿਚ ਹੀ ਇਹ ਘਾਟਾ 100 ਅਰਬ ਡਾਲਰ ਹੋ ਗਿਆ ਹੈ, ਜਿਹੜਾ ਕਿ ਪਿਛਲੇ ਸਾਲ ਦੇ ਚਾਰ ਮਹੀਨਿਆਂ ਵਿਚ 42 ਅਰਬ ਡਾਲਰ ਸੀ। ਜਿਨਸਾਂ ਦੀਆਂ ਵਧੀਆਂ ਕੀਮਤਾਂ ਤੇ ਰੁਪਏ ਦੀ ਘਟੀ ਕੀਮਤ ਇਸ ਵਪਾਰ ਘਾਟੇ ਨੂੰ ਹੋਰ ਵੀ ਵਧਾ ਰਹੀ ਹੈ। ਆਲਮੀ ਮੰਡੀ ਵਿਚ ਮੰਦਵਾੜਾ ਛਾਇਆ ਹੋਣ ਕਰਕੇ ਬਰਾਮਦਾਂ ਘਟ ਰਹੀਆਂ ਹਨ, ਜਦੋਂ ਕਿ ਦਰਾਮਦਾਂ ਉਸੇ ਹੀ ਦਰ ਨਾਲ ਜਾਰੀ ਹਨ। ਸਾਹਮਣੇ ਵਾਪਰ ਰਹੀ ਹਕੀਕਤ ਤੋਂ ਮੂੰਹ ਮੋੜ ਕੇ ਮੋਦੀਕੇ ਅਜੇ ਤਕ ਇਹ ਮੰਨਣ ਨੂੰ ਤਿਆਰ ਨਹੀਂ ਕਿ ਅਮਰੀਕਾ ਦੀ ਅਗਵਾਈ ਹੇਠਲਾ ਪੱਛਮੀ ਸਾਮਰਾਜ ਨਿਘਾਰ ਦੀ ਅਵਸਥਾ ਵਿਚ ਹੈ ਅਤੇ ਹੁਣ ਉਸ ਦੀ ਚੜ੍ਹਤ ਦੇ ਦਿਨ ਮੁੱਕ ਗਏ ਹਨ। ਪਰ ਮੋਦੀਕੇ ਅਜੇ ਵੀ ਆਪਣਾ ਮਹਾਂਸ਼ਕਤੀ ਦਾ ਭਰਮ ਬਣਾਈ ਰੱਖਣ ਲਈ ਚੀਨ ਨੂੰ ਚਿੜ੍ਹਾਉਣ ਵਾਸਤੇ ਅਮਰੀਕਾ ਨਾਲ ਫੌਜੀ ਮਸ਼ਕਾਂ ਦੇ ਪ੍ਰੋਗਰਾਮ ਬਣਾਉਂਦੇ ਹਨ। ਉਨ੍ਹਾਂ ਦੀਆਂ ਅੱਖਾਂ ਦੇ ਐਨ ਸਾਹਮਣੇ ਰੂਸ ਤੇ ਚੀਨ ਅੰਦਰ ਸਰਕਾਰੀ ਤੇ ਪੂੰਜੀਵਾਦੀ ਅਦਾਰਿਆਂ ਦਾ 'ਸਟੇਟ ਬਿਓਰੋਕਰੈਟਿਕ ਕੈਪੀਟਲਿਜ਼ਮ' ਦੇ ਰੂਪ ਵਿਚ ਹੋਇਆ ਗੱਠਜੋੜ ਨਿੱਜੀ ਪੂੰਜੀਵਾਦ ਆਧਾਰਿਤ ਪੱਛਮੀ ਸਾਮਰਾਜ ਨੂੰ ਪਛਾੜ ਰਿਹਾ ਹੈ। ਇਸ ਦੇ ਬਾਵਜੂਦ ਮੋਦੀਕੇ ਸਰਕਾਰੀ ਪੂੰਜੀ ਨੂੰ ਅਡਾਨੀ-ਅੰਬਾਨੀ ਵਰਗੇ ਨਿੱਜੀ ਹੱਥਾਂ ਵਿਚ ਸੌਂਪ ਕੇ ਆਪਣੀ ਸਫਲਤਾ ਦਾ ਭਰਮ ਪਾਲ ਰਹੇ ਹਨ।

ਪ੍ਰਧਾਨ ਮੰਤਰੀ ਦੇ ਜ਼ਿੰਮੇਵਾਰ ਅਹੁਦੇ ਉਤੇ ਬੈਠਾ ਨਰੇਂਦਰ ਮੋਦੀ ਦੇਸ਼ ਦੇ ਜੰਗੀ ਮੁਹਾਜ਼ ਨੂੰ ਪ੍ਰਭਾਵਿਤ ਕਰਨ ਲਈ ਫੌਜੀ ਜਰਨੈਲਾਂ ਦੀ ਇਕ ਅਹਿਮ ਮੀਟਿੰਗ ਵਿਚ ਅਧਪੜ੍ਹਾਂ ਵਾਂਗ ਸ਼ੁਰਲੀਆਂ ਛੱਡ ਰਿਹਾ ਹੈ ਕਿ, "ਜੰਗ ਵੇਲੇ ਸਾਡੇ ਦੇਸ਼ ਦੇ ਜਵਾਨਾਂ ਕੋਲ ਅਜਿਹੇ ਹਥਿਆਰ ਹੋਣਗੇ, ਜਿਨ੍ਹਾਂ ਬਾਰੇ ਦੁਸ਼ਮਣ ਕਦੇ ਸੋਚ ਵੀ ਨਹੀਂ ਸਕਦਾ ਤੇ ਇਸ ਤੋਂ ਪਹਿਲਾਂ ਕਿ ਉਹ ਹਥਿਆਰਾਂ ਬਾਰੇ ਸੋਚੇ, ਉਹ ਖਤਮ ਹੋ ਜਾਏਗਾ।"

ਲਦਾਖ ਵਿਚੋਂ ਚੀਨੀ ਫੌਜ ਦੀ ਵਾਪਸੀ ਨੂੰ ਲੈ ਕੇ ਪਿਛਲੇ ਹਫਤੇ ਚੀਨ ਤੇ ਭਾਰਤ ਦੇ ਫੌਜੀ ਵਫਦਾਂ ਦੀ ਹੋਈ ਇਕ ਮੀਟਿੰਗ ਤੋਂ ਬਾਅਦ ਜਾਰੀ ਹੋਏ ਸਾਂਝੇ ਪ੍ਰੈਸ ਬਿਆਨ ਬਾਰੇ ਟਿੱਪਣੀ ਕਰਦਿਆਂ ਫੌਜੀ ਮਸਲਿਆਂ ਦੇ ਮਾਹਿਰ ਸੁਸ਼ਾਂਤ ਸਿੰਘ ਦਾ ਕਥਨ ਹੈ, "ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਨਾਲ ਕਿਹਾ ਗਿਆ ਹੈ ਕਿ ਲਦਾਖ ਗੱਲਬਾਤ ਇਕ ਵਾਰ ਫਿਰ ਅਸਫਲ ਹੋ ਗਈ ਹੈ ਅਤੇ ਚੀਨ ਨਵੀਂ ਯਥਾ ਸਥਿਤੀ ਨੂੰ ਬਣਾਈ ਰੱਖਣ ਲਈ ਆਪਣੇ ਹੱਥ ਮਜ਼ਬੂਤ ਕਰ ਰਿਹਾ ਹੈ।"

ਇਕ ਸਾਬਕਾ ਲੈਫਟੀਨੈਂਟ ਜਨਰਲ ਦਾ ਕਹਿਣਾ ਹੈ ਕਿ ਜਦੋਂ ਇਕ ਵਾਰ ਪ੍ਰਧਾਨ ਮੰਤਰੀ ਸਰਬ ਪਾਰਟੀ ਮੀਟਿੰਗ ਵਿਚ ਕਹਿ ਚੁੱਕਾ ਹੈ ਕਿ ਚੀਨ ਦੀ ਸਾਡੇ ਦੇਸ਼ ਵਿਚ ਕੋਈ ਘੁਸਪੈਠ ਹੀ ਨਹੀਂ ਹੋਈ ਤਾਂ ਫਿਰ ਪਿਛਲੇ ਦੋ ਸਾਲਾਂ ਤੋਂ ਦੋਹਾਂ ਦੇਸ਼ਾਂ ਦੇ ਫੌਜੀ ਵਫਦਾਂ ਵਿਚਕਾਰ ਇਹ 208 ਘੰਟੇ ਲੰਬੀ ਗੱਲਬਾਤ ਕਿਉਂ ਚੱਲੀ? ਮੋਦੀ ਦੇ ਦੇਸ਼ ਦੇ ਲੋਕਾਂ ਨਾਲ ਬੋਲੇ ਇਕ ਝੂਠ ਨੇ ਚੀਨ ਨੂੰ ਨਵੀਂ ਯਥਾ ਸਥਿਤੀ ਬਣਾਈ ਰੱਖਣ ਲਈ ਆਧਾਰ ਮੁਹੱਈਆ ਕਰ ਦਿੱਤਾ ਹੈ, ਜਿਸ ਕਰਕੇ ਉਹ ਬਿਨਾਂ ਲੜਿਆਂ ਦੇਸ਼ ਦੀ ਇਕ ਹਜ਼ਾਰ ਵਰਗ ਮੀਲ ਜ਼ਮੀਨ ਉਤੇ ਕਾਬਜ਼ ਹੋ ਗਿਆ ਹੈ।

ਪ੍ਰਵੀਨ ਸਾਹਨੀ ਨੇ ਇਹ ਕਿਤਾਬ ਕਿਸੇ ਮੰਦ ਭਾਵਨਾ ਨਾਲ ਨਹੀਂ ਲਿਖੀ ਬਲਕਿ ਉਹ ਚਾਹੁੰਦਾ ਹੈ ਕਿ ਇਸ ਵੇਲੇ ਚੀਨ ਦੀ ਫੌਜੀ ਤਿਆਰੀ ਨੂੰ ਧਿਆਨ ਵਿਚ ਰੱਖ ਕੇ ਚੀਨ ਤੇ ਪਾਕਿਸਤਾਨ ਨਾਲ ਸੁਲਾਹ ਕਰ ਲਈ ਜਾਵੇ ਅਤੇ ਤਿੰਨੇ ਦੇਸ਼ ਰਲ ਕੇ ਇਸ ਖਿੱਤੇ ਵਿਚ ਅਮਨ ਬਹਾਲੀ ਲਈ ਮਾਹੌਲ ਤਿਆਰ ਕਰਨ। ਜਿਹੜਾ ਬੇਬਹਾ ਧਨ ਫੌਜਾਂ ਉਤੇ ਫਜ਼ੂਲ ਖਰਚਿਆ ਜਾ ਰਿਹਾ ਹੈ, ਉਹ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਬੇਹਤਰ ਬਣਾਉਣ ਲਈ ਖਰਚਿਆ ਜਾਏ। ਪਰ ਵਿਸ਼ਵ ਗੁਰੂ ਤੇ ਮਹਾਂਸ਼ਕਤੀ ਬਣਨ ਦਾ ਭਰਮ ਪਾਲ ਰਹੇ ਮੋਦੀਕੇ ਦੇਸ਼ ਦੇ ਲੋਕਾਂ ਨੂੰ ਖਤਰਨਾਕ ਜੰਗ ਵੱਲ ਧੱਕ ਰਹੇ ਹਨ।

ਪ੍ਰਵੀਨ ਸਾਹਨੀ ਨੇ ਆਪਣੀ ਕਿਤਾਬ 'ਆਖਰੀ ਜੰਗ' ਦਾ ਅੰਤ ਇਸ ਸੁਝਾਅ ਨਾਲ ਕੀਤਾ ਹੈ, "ਇਸ ਲਈ ਭਾਰਤ ਕੋਲ ਇਕ ਹੀ ਚੰਗੀ ਯੁੱਧਨੀਤੀ ਬਚਦੀ ਹੈ ਕਿ ਉਹ ਕਸ਼ਮੀਰ ਮਸਲੇ ਦਾ ਹੱਲ ਕਰ ਕੇ ਪਾਕਿਸਤਾਨ ਨਾਲ ਅਮਨ ਬਹਾਲ ਕਰੇ, ਰੂਸ ਨਾਲ ਆਪਣੇ ਰਿਸ਼ਤਿਆਂ ਨੂੰ ਮਜ਼ਬੂਤ ਕਰੇ ਅਤੇ ਆਪਸੀ ਸਹਿਮਤੀ ਵਾਲੇ ਮਸਲਿਆਂ ਨੂੰ ਲੈ ਕੇ ਚੀਨ ਨਾਲ ਸਾਂਝ ਵਧਾਏ। ਇਸ ਤੋਂ ਬਿਨਾਂ ਅਮਰੀਕਾ ਸਮੇਤ ਸਾਰੇ ਦੇਸ਼ਾਂ ਨਾਲ ਚੰਗੇ ਰਿਸ਼ਤੇ ਬਣਾਉਣੇ ਚਾਹੀਦੇ ਹਨ। ਆਪਣੀਆਂ ਭੂਗੋਲਿਕ ਹਾਲਤਾਂ ਤੇ ਸੀਮਤਾਈਆਂ ਨੂੰ ਵੇਖਦਿਆਂ ਸਿਰਫ ਇਹੋ ਇਕ ਯੁੱਧਨੀਤੀ ਹੈ, ਜਿਹੜੀ ਭਾਰਤ ਨੂੰ ਪ੍ਰਸੰਗਿਕ ਰੱਖੇਗੀ।

# ਪ੍ਰੀਤਮ ਸਿੰਘ ਕੁਮੇਦਾਨ ਦਾ ਖਾਲਿਸਤਾਨ ਬਾਰੇ ਕੀ ਕਹਿਣਾ ਸੀ?

***(ਸਫਾ 19 ਦਾ ਬਾਕੀ)***

ਇੱਥੇ ਭਾਵੇਂ ਹੋਰ ਵੀ ਬਹੁਤ ਸਾਰੀਆਂ ਗੱਲਾਂ, ਸਮੱਸਿਆਵਾਂ ਅਤੇ ਮੁਸ਼ਕਿਲਾਂ ਬਾਰੇ ਦੱਸਣ ਦੀ ਲੋੜ ਹੈ, ਪਰ ਉਨ੍ਹਾਂ ਸੈਂਕੜੇ ਮੁਸ਼ਕਿਲਾਂ ਤੇ ਸਮੱਸਿਆਵਾਂ ਨੂੰ ਪਾਸੇ ਛੱਡ ਕੇ ਅਸੀਂ ਸੰਪਤੀਆਂ ਅਤੇ ਦੇਣਦਾਰੀਆਂ ਦੀ ਵੰਡ ਤੇ ਹੋਰ ਅਜਿਹੀਆਂ ਮਹੱਤਵਪੂਰਨ ਸਮੱਸਿਆਵਾਂ ਬਾਰੇ ਗੌਲਦੇ ਹਾਂ।

ਭਾਰਤ ਸਾਰੇ ਸਿੱਖਾਂ ਨੂੰ ਸੈਨਾ, ਏਅਰਫੋਰਸ, ਕੇਂਦਰੀ ਪੁਲਿਸ ਬਲਾਂ ਅਤੇ ਅਜਿਹੀਆਂ ਹੋਰ ਸੇਵਾਵਾਂ ਸਮੇਤ ਕੇਂਦਰੀ ਸੇਵਾਵਾਂ ਤੋਂ ਮੁਕਤ ਕਰ ਦਿੰਦਾ ਹੈ ਤੇ ਉਨ੍ਹਾਂ ਨੂੰ ਖਾਲਿਸਤਾਨ ਜਾਣ ਲਈ ਕਹਿ ਦਿੰਦਾ ਹੈ। ਖਾਲਿਸਤਾਨ ਨੂੰ ਏਅਰ ਫੋਰਸ ਸਮੇਤ ਸਾਰੇ ਮਿਲਟਰੀ ਸਟੋਰਾਂ ਵਿਚੋਂ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਵਿਚੋਂ ਕਰੀਬ 1% ਹਿੱਸਾ ਮਿਲਦਾ ਹੈ। ਸਿਰਫ ਇੱਕੋ ਹਲਵਾਰਾ ਦਾ ਹਵਾਈ ਅੱਡਾ ਹੀ ਖਾਲਿਸਤਾਨ ਵਿਚ ਰਹਿੰਦਾ ਹੈ।

**ਹਾਈਡਲ ਬਿਜਲੀ:** ਭਾਖੜਾ, ਪੌਂਗ, ਦੇਹਰ ਜੋਗਿੰਦਰ ਨਗਰ ਪਹਿਲਾਂ ਹੀ ਭਾਰਤ ਵਿਚ ਹੋਣਗੇ। ਇਲਾਕਾਈ ਤਬਾਦਲੇ ਨਾਲ ਥੀਨ ਡੈਮ, ਅਨੰਦਪੁਰ ਸਾਹਿਬ, ਹਾਈਡਲ ਚੈਨਲ, ਕੋਟਲਾ, ਗੰਗੂਵਾਲ, ਮੁਕੇਰੀਆਂ ਵੀ ਭਾਰਤ ਨੂੰ ਚਲੇ ਜਾਂਦੇ ਹਨ।

**ਥਰਮਲ ਬਿਜਲੀ:** ਸਾਰੇ ਥਰਮਲ ਪਾਵਰ ਸਟੇਸ਼ਨ ਖਾਲਿਸਤਾਨ ਵਿਚ ਰਹਿੰਦੇ ਹਨ, ਪਰ ਭਾਰਤ ਕੋਲੇ ਦੀ ਸਪਲਾਈ ਬੰਦ ਕਰ ਦਿੰਦਾ ਹੈ। ਕੋਲੇ ਦੀ ਦਰਾਮਦ ਸੰਭਵ ਨਹੀਂ ਹੋਵੇਗੀ। ਖਾਲਿਸਤਾਨ ਵਿਚਲੇ ਸਾਰੇ ਥਰਮਲ ਪਲਾਂਟ ਕੋਲੇ ਦੀ ਉਪਲਬਧੀ ਨਾ ਹੋਣ ਕਾਰਨ ਬੰਦ ਹੋ ਜਾਣਗੇ।

ਨਤੀਜਾ: ਟਿਊਬਵੈੱਲ ਚਲਾਉਣ ਲਈ ਬਿਜਲੀ ਨਹੀਂ ਹੋਵੇਗੀ, ਖਾਲਿਸਤਾਨ ਦੇ ਸਾਰੇ ਟਿਊਬਵੈੱਲ ਨਾਕਾਮ; ਨਾ ਘਰਾਂ ਲਈ ਬਿਜਲੀ ਹੋਵੇਗੀ, ਨਾ ਪੱਖੇ, ਨਾ ਏਅਰਕੰਡੀਸ਼ਨਰ, ਨਾ ਫਰਿੱਜ, ਨਾ ਫੈਕਟਰੀਆਂ ਚਲਾਉਣ ਲਈ ਬਿਜਲੀ। ਖਾਲਿਸਤਾਨ ਵਿਚ ਸਾਰੇ ਨਿਰਮਾਣ ਰੁਕ ਜਾਣਗੇ। ਖਾਲਿਸਤਾਨ ਦੇ ਜਸ਼ਨ ਮਨਾਉਣ ਲਈ ਵੀ ਬਿਜਲੀ ਨਹੀਂ ਹੋਵੇਗੀ।

**ਉਦਯੋਗ:** ਫੈਕਟਰੀਆਂ ਚਲਾਉਣ ਲਈ ਕੋਈ ਬਿਜਲੀ ਨਹੀਂ, ਕੋਈ ਡੀਜ਼ਲ ਨਹੀਂ ਹੋਵੇਗਾ। ਸਾਰੇ ਨਿਰਮਾਣ ਰੁਕ ਜਾਣਗੇ। ਫੈਕਟਰੀਆਂ ਬੰਦ ਹੋ ਜਾਣਗੀਆਂ। ਮਜ਼ਦੂਰ ਘਰਾਂ ਨੂੰ ਚਲੇ ਜਣਗੇ। ਸ਼ੂਗਰ ਮਿੱਲਾਂ ਕੰਮ ਕਰਨਾ ਬੰਦ ਕਰ ਦੇਣਗੀਆਂ। ਗੰਨੇ ਦੀ ਫਸਲ ਖੇਤਾਂ ਵਿਚ ਸੜ ਜਾਵੇਗੀ। ਨਾਜਾਇਜ਼ ਸ਼ਰਾਬ ਬਣਾਉਣ ਲਈ ਬਹੁਤ ਸਾਰਾ ਗੁੜ ਨਹੀਂ ਹੋਵੇਗਾ। ਲੁਧਿਆਣੇ ਦਾ ਸਾਈਕਲ ਉਦਯੋਗ, ਹੌਜ਼ਰੀ ਉਦਯੋਗ ਬੰਦ ਹੋ ਜਾਣਗੇ। ਕੱਚੇ ਮਾਲ ਦੀ ਕੋਈ ਦਰਾਮਦ ਨਹੀਂ ਹੋਵੇਗੀ ਅਤੇ ਪਹਿਲਾਂ ਤੋਂ ਇਕੱਠੇ ਹੋਏ ਸਟਾਕਾਂ ਦੀ ਕੋਈ ਬਰਾਮਦ ਨਹੀਂ ਹੋਵੇਗੀ।

**ਆਵਾਜਾਈ:** ਭਾਰਤ ਸਾਰੇ ਟਰੱਕਾਂ, ਸਿੱਖ ਟਰਾਂਸਪੋਰਟ ਮਾਲਕਾਂ ਅਤੇ ਟਰੱਕ ਡਰਾਈਵਰਾਂ ਨੂੰ ਵਾਪਸ ਖਾਲਿਸਤਾਨ ਭੇਜ ਦੇਵੇਗਾ। ਸੜਕਾਂ 'ਤੇ ਲੱਖਾਂ ਟਰੱਕ ਹੋਣਗੇ, ਪਾਰਕਿੰਗ ਲਈ ਕੋਈ ਜਗ੍ਹਾ ਉਪਲਬਧ ਨਹੀਂ ਹੋਵੇਗੀ। ਟਰੱਕ ਚਲਾਉਣ ਲਈ ਕੋਈ ਡੀਜ਼ਲ ਨਹੀਂ। ਬੱਸਾਂ ਚਲਾਉਣ ਲਈ ਕੋਈ ਡੀਜ਼ਲ ਨਹੀਂ। ਕਾਰਾਂ, ਸਕੂਟਰ ਆਦਿ ਚਲਾਉਣ ਲਈ ਪੈਟਰੋਲ ਨਹੀਂ ਹੋਵੇਗਾ। ਸਾਰੀ ਸੜਕੀ ਆਵਾਜਾਈ ਖੜ੍ਹੀ ਹੋ ਜਾਵੇਗੀ। ਇੱਥੋਂ ਤੱਕ ਕਿ ਦਫਤਰਾਂ ਵਿਚ ਜਾਣ ਲਈ ਵੀ ਵਾਹਨ ਨਹੀਂ ਹੋਣਗੇ। ਲੋਕ ਘਰਾਂ ਵਿਚ ਵਿਹਲੇ ਬੈਠਣਗੇ। ਟੈਲੀਵਿਜ਼ਨ, ਪੱਖੇ ਅਤੇ ਹੋਰ ਘਰੇਲੂ ਕੰਮਾਂ ਲਈ ਬਿਜਲੀ ਨਹੀਂ ਹੋਵੇਗੀ।

**ਸਿੰਜਾਈ:** ਸਿੰਜਾਈ ਲਈ ਕੋਈ ਪਾਣੀ ਉਪਲਬਧ ਨਹੀਂ ਹੋਣਾ। ਪਹਿਲਾਂ ਤੋਂ ਬੀਜੀਆਂ ਫਸਲਾਂ ਸੁੱਕੀਆਂ ਜਾਣਗੀਆਂ। ਨਾ ਕਿਸੇ ਨਵੀਂ ਫਸਲ ਦੀ ਬਿਜਾਈ ਹੋਵੇਗੀ, ਕਿਉਂਕਿ ਨਾ ਪਾਣੀ, ਨਾ ਟਰੈਕਟਰ, ਨਾ ਟਿਊਬਵੈੱਲ, ਨਾ ਡੀਜ਼ਲ ਹੋਣਾ ਹੈ। ਭਾਰਤ ਮਾਧੋਪੁਰ ਹੈਡਵਰਕਸ, ਨੰਗਲ, ਪੌਂਗ ਆਦਿ ਤੋਂ ਨਹਿਰੀ ਪਾਣੀ ਦੀ ਸਪਲਾਈ ਬੰਦ ਕਰ ਦੇਵੇਗਾ; ਜਿਵੇਂ ਅਸੀਂ ਪਹਿਲੀ ਅਪਰੈਲ 1948 ਨੂੰ ਅੱਪਰ ਬਾਰੀ ਦੁਆਬ ਅਤੇ ਦਿਪਾਲਪੁਰ ਨਹਿਰਾਂ ਬੰਦ ਕਰ ਕੇ ਪਾਕਿਸਤਾਨ ਨਾਲ ਕੀਤਾ ਸੀ।

**ਅਨਾਜ:** ਪੰਜਾਬ ਬਾਕੀ ਭਾਰਤ ਨੂੰ ਅਨਾਜ ਸਪਲਾਈ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ। ਪੰਜਾਬ ਹਰ ਸਾਲ ਕੇਂਦਰੀ ਭੰਡਾਰ ਵਿਚ ਕਰੀਬ 3 ਕਰੋੜ ਟੰਨ ਕਣਕ ਅਤੇ ਝੋਨੇ ਦਾ ਯੋਗਦਾਨ ਪਾਉਂਦਾ ਹੈ। ਭਾਰਤ ਖਰੀਦਣ ਤੋਂ ਇਨਕਾਰ ਕਰ ਦੇਵੇਗਾ। ਫਿਰ ਕੋਈ ਖਰੀਦਦਾਰ ਨਹੀਂ ਹੋਵੇਗਾ। ਅਗਲੇ ਸਾਲ ਅਨਾਜ ਵੇਚਣ ਦੀ ਕੋਈ ਸਮੱਸਿਆ ਨਹੀਂ, ਕਿਉਂਕਿ ਖਾਲਿਸਤਾਨ ਵਿਚ ਕੋਈ ਦਾਣਾ ਨਹੀਂ ਉੱਗੇਗਾ।

**ਜਲ ਸਪਲਾਈ:** ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚ ਸਿਸਟਮ ਚੌਪਟ ਹੋ ਜਾਵੇਗਾ, ਕਿਉਂਕਿ ਬਿਜਲੀ ਦੀ ਅਣਹੋਂਦ ਵਿਚ ਸਾਰੇ ਟਿਊਬਵੈੱਲ ਕੰਮ ਕਰਨਾ ਬੰਦ ਕਰ ਦੇਣਗੇ। ਖੂਹ ਅਤੇ ਨਲਕੇ ਸਾਰੇ ਪੰਜਾਬ ਵਿਚ ਪਾਣੀ ਦੇ ਸਥਲ ਬਹੁਤ ਥੱਲੇ ਚਲੇ ਜਾਣ ਕਾਰਨ ਪਹਿਲਾਂ ਹੀ ਬੇਕਾਰ ਹੋਏ ਪਏ ਹਨ। ਨਹਿਰਾਂ ਸੁੱਕੀਆਂ ਹਨ। ਸਾਰੇ ਪੰਜਾਬ ਵਿਚ ਪੀਣ ਵਾਲਾ ਪਾਣੀ ਮਿਲਦਾ ਨਹੀਂ। ਸਾਰੇ ਪੰਜਾਬ ਵਿਚ ਪਾਣੀ ਦੀ ਸਪਲਾਈ ਦਾ ਇੱਕੋ-ਇੱਕ ਸਰੋਤ ਟਿਊਬਵੈਲ ਦਾ ਪਾਣੀ ਹੈ ਅਤੇ ਸਾਰੇ ਰਾਜ ਵਿਚ ਪਾਣੀ ਦੇ ਸਥਲ ਬਹੁਤ ਹੇਠਾਂ ਚਲੇ ਜਾਣ ਕਾਰਨ ਰਾਜ ਵਿਚ ਇਕ ਵੀ ਖੂਹ ਜਾਂ ਨਲਕਾ ਕੰਮ ਨਹੀਂ ਕਰ ਰਿਹਾ।

**ਪਾਕਿਸਤਾਨ ਨਾਲ ਸਬੰਧ:** ਖਾਲਿਸਤਾਨ ਨਾਲ ਚੰਗੇ ਸਬੰਧ ਰੱਖਣ ਵਾਲਾ ਸਿਰਫ ਇਕ ਹੀ ਦੇਸ਼ ਪਾਕਿਸਤਾਨ ਹੋਵੇਗਾ, ਜਿਸ ਦੀ ਸਹਾਇਤਾ 'ਤੇ ਖਾਲਿਸਤਾਨ ਨੂੰ ਨਿਰਭਰ ਕਰਨਾ ਪਏਗਾ। ਪਾਕਿਸਤਾਨ ਪਹਿਲਾਂ ਹੀ ਹਰ ਮੁਹਾਜ਼ 'ਤੇ ਆਪਣੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਮਦਦ ਕਰਨ ਤੋਂ ਇਨਕਾਰ ਕਰ ਸਕਦਾ ਹੈ। ਉਹ ਖਾਲਿਸਤਾਨ ਨੂੰ ਕੋਈ ਸਹਾਇਤਾ ਦੇਣ ਦੇ ਯੋਗ ਨਹੀਂ।

**ਸਿੱਖਸ ਫਾਰ ਜਸਟਿਸ ਨੂੰ ਬੇਨਤੀ:** ਕਿਰਪਾ ਕਰ ਕੇ ਕਿਸੇ ਇਕ ਵੀ ਔਖਿਆਈ ਦਾ ਹੱਲ ਦੱਸੋ ਜਾਂ ਫਿਰ ਇਹ ਤਮਾਸ਼ਾ ਬੰਦ ਕਰ ਦਿਉ ਅਤੇ ਆਪਣੇ ਗੁਰੂਆਂ ਕੋਲੋਂ ਮੁਆਫੀ ਮੰਗ ਲਉ, ਜਿਵੇਂ ਅਸੀਂ ਰੋਜ਼ ਅਰਦਾਸ ਕਰਦੇ ਹਾਂ: 'ਅਬ ਕੀ ਬਾਰ ਬਖਸਿ ਬੰਦੇ ਕਉ' ਅਤੇ ਮੁੜ ਕਦੇ ਉਵੇਂ ਨਾ ਕਹਿਉ। ਅਮਰੀਕਾ ਪਰਤਣ 'ਤੇ ਸਾਰੀ ਦੁਨੀਆਂ ਨੂੰ ਦੱਸੋ, ਜਿਵੇਂ ਕਬੀਰ ਸਾਹਿਬ ਗੁਰਬਾਣੀ 'ਚ ਆਖਦੇ ਹਨ, "ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰ ਸਕੈ ਸਰੀਰੁ॥"

# ਸੱਤਾ ਅਤੇ ਬਲਵੰਡ-ਗੁਰੂ ਘਰ ਦੇ ਕੀਰਤਨੀਏ

ਬਲਵੰਡ ਅਤੇ ਸੱਤੇ ਦੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 966 'ਤੇ ਰਾਗੁ ਰਾਮਕਲੀ ਵਿਚ "ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ" ਦੇ ਸਿਰਲੇਖ ਹੇਠ ਦਰਜ ਹੈ। ਸੱਤਾ ਅਤੇ ਬਲਵੰਡ ਗੁਰੂ ਘਰ ਦੇ ਕੀਰਤਨੀਏ ਸੀ ਜੋ ਗੁਰੂ ਅੰਗਦ ਸਾਹਿਬ ਦੇ ਸਮੇਂ ਤੋਂ ਲੈ ਕੇ ਗੁਰੂ ਦਰਬਾਰ ਵਿਚ ਕੀਰਤਨ ਕਰਦੇ ਆ ਰਹੇ ਸੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਵੀ ਗੁਰੂ ਘਰ ਵਿਚ ਕੀਰਤਨ ਕਰ ਰਹੇ ਸੀ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਉਹ ਭਾਈ ਮਰਦਾਨੇ ਦੇ ਵੰਸ਼ਜ ਸਨ। ਭਾਈ ਕਾਹਨ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਲਿਖਿਆ ਹੈ ਕਿ "ਬਲਵੰਡ ਸ੍ਰੀ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦਾ ਰਬਾਬੀ, ਜੋ ਸੱਤੇ ਨਾਲ ਮਿਲ ਕੇ ਕੀਰਤਨ ਕਰਦਾ ਸੀ, ਭਾਈ ਸੰਤੋਖ ਸਿੰਘ ਨੇ ਬਲਵੰਡ ਅਤੇ ਸੱਤਾ ਭਾਈ ਲਿਖੇ ਹਨ, "ਯਥਾ: ਹੁਤੇ ਡੂਮ ਬਲਵੰਡ ਮਹਾਨਾ। ਸੱਤਾ ਤਿਸ ਕੋ ਅਨੁਜ ਸਜਾਨਾ," (ਗੁਰਪ੍ਰਸੂ ਰਾਸਿ 3,



ਡਾ. ਗੁਰਨਾਮ ਕੌਰ, ਕੈਨੇਡਾ

ਅੰਕ 43) ਪਰ ਬਾਵਾ ਕਿਰਪਾਲ ਸਿੰਘ ਭੱਲਾ ਕ੍ਰਿਤ "ਮਹਿਮਾ ਪ੍ਰਕਾਸ਼," ਜੋ ਸੰਮਤ 1857 ਵਿਚ ਲਿਖਿਆ ਗਿਆ ਹੈ, ਸੱਤੇ ਨੂੰ ਬਲਵੰਡ ਦਾ ਪੁਤ੍ਰ ਪਰਗਟ ਕਰਦਾ ਹੈ, ਯਥਾ: "ਬਲਵੰਡ ਪੁਤ੍ਰ ਸੱਤਾ ਤਹਿ ਆਇ। ਆਨ ਹਜ਼ੂਰ ਰਬਾਬ ਵਜਾਇ।"

'ਵਾਰ' ਗਾਇਨ ਕਰਨ ਦੀ ਇਕ ਵਿਧਾ ਹੈ ਜੋ ਜੋਧਿਆਂ ਦੀ ਬਹਾਦਰੀ ਦੇ ਕਿਸੇ ਕਾਰਨਾਮੇ ਨੂੰ ਦੱਸਣ ਲਈ ਗਾਈ ਜਾਂਦੀ ਹੈ। ਪ੍ਰੋਫੈਸਰ ਸਾਹਿਬ ਸਿੰਘ ਨੇ 'ਦਰਪਣ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ 'ਵਾਰ' ਲਫ਼ਜ਼ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ "ਹੋਰ ਅਨੇਕਾਂ ਸ਼ਬਦਾਂ ਵਾਂਗ ਲਫ਼ਜ਼ 'ਵਾਰ' ਭੀ ਸੰਸਕ੍ਰਿਤ ਬੋਲੀ ਵਿਚੋਂ ਆਪਣੇ ਅਸਲੀ ਰੂਪ ਵਿਚ ਹੀ ਪੰਜਾਬੀ ਵਿਚ ਟਿਕਿਆ ਆ ਰਿਹਾ ਹੈ। ...ਪੰਜਾਬੀ ਸਾਹਿਤ ਵਿਚ 'ਵਾਰ' ਉਸ ਕਵਿਤਾ ਨੂੰ ਆਖੀਦਾ ਹੈ ਜਿਸ ਵਿਚ ਕਿਸੇ ਸੂਰਮੇ ਦੇ ਰਣ-ਭੂਮੀ ਆਦਿਕ ਵਿਚ ਵਿਖਾਏ ਸੂਰਮਤਾ ਦੇ ਕਿਸੇ ਕਰਤੱਵ ਦਾ ਜ਼ਿਕਰ ਕੀਤਾ ਹੋਵੇ। 'ਵਾਰ' ਵਿਚ ਕਿਸੇ ਮਨੁੱਖ ਦਾ ਸਾਰਾ ਜੀਵਨ ਨਹੀਂ ਵਿਖਾਈਦਾ, ਜੀਵਨ ਵਿਚੋਂ ਕੋਈ ਇੱਕੋ ਉੱਘੀ ਝਾਕੀ ਵਿਖਾਈਦੀ ਹੈ।" ਗੁਰੂ ਨਾਨਕ ਦੇਵ ਜੀ ਦੀਆਂ 'ਵਾਰਾਂ' ਬਾਰੇ ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਹਨ ਕਿ "ਸਤਿਗੁਰੂ ਨਾਨਕ ਦੇਵ ਜੀ ਨੇ ਜੰਗਾਂ ਵਿਚ ਹੁੰਦੀ ਇਨਸਾਨੀ ਕੱਟ-ਵੱਢ ਸੁਣਨ ਦੀ ਲੋਕਾਂ ਦੀ ਇਸ ਰੁਚੀ ਨੂੰ ਪਰਮਾਤਮਾ ਅਤੇ ਖ਼ਲਕਤਿ ਦੇ ਪਿਆਰ ਵੱਲ ਪਰਤਣ ਲਈ ਤਿੰਨ 'ਵਾਰਾਂ' ਲਿਖੀਆਂ, ਜੋ ਹੁਣ ਗੁਰੂ ਗ੍ਰੰਥ ਸਾਹਿਬ ਦੇ ਰਾਗ ਮਲਾਰ, ਮਾਝ ਅਤੇ ਆਸਾ ਵਿਚ ਦਰਜ ਹਨ।" ਸੱਤੇ ਅਤੇ ਬਲਵੰਡ ਦੀ 'ਵਾਰ' ਬਾਰੇ ਪ੍ਰੋਫੈਸਰ ਸਾਹਿਬ ਸਿੰਘ ਦਾ ਕਹਿਣਾ ਹੈ ਕਿ "ਗੁਰੂ ਵਿਅਕਤੀਆਂ ਨੇ ਜੋ 'ਵਾਰਾਂ' ਲਿਖੀਆਂ, ਉਹਨਾਂ ਵਿਚ ਭੀ ਸੰਸਾਰ ਦੇ ਆਤਮ ਸੰਗ੍ਰਾਮ ਦੀ ਇੱਕੋ ਝਾਕੀ ਵਿਖਾਈ ਹੋਈ ਹੈ। ਕੀ ਸੱਤੇ ਬਲਵੰਡ ਦੀ ਬਾਣੀ ਵਿਚ ਭੀ ਕੋਈ ਇੱਕੋ ਹੀ ਕੇਂਦਰੀ ਮਜ਼ਮੂਨ ਹੈ, ਜਿਸ ਦੇ ਅਧਾਰ ਤੇ ਇਸ ਨੂੰ 'ਵਾਰ' ਲਿਖਿਆ ਗਿਆ ਹੈ? ਇਸ ਬਾਣੀ ਦੀਆਂ ਕੁੱਲ 8 ਪਉੜੀਆਂ ਹਨ। ਇਸ ਦੀ ਚੌਥੀ ਪਉੜੀ ਪੜ੍ਹ ਕੇ ਵੇਖੋ, ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ ਨਵੇਂ ਰਸਤੇ ਨੂੰ ਵਿਚਾਰ ਕੇ ਸੱਤਾ ਬੜਾ ਹੈਰਾਨ ਹੁੰਦਾ ਹੈ ਤੇ ਲਿਖਦਾ ਹੈ ਕਿ ਦੁਨੀਆ ਦੇ ਲੋਕ ਅਚਰਜ ਹੋ ਕੇ ਆਖਦੇ ਹਨ 'ਗੁਰੂ ਨਾਨਕ ਜਗਤ ਦੇ ਨਾਥ ਨੇ ਹੱਦ ਦਾ ਉੱਚਾ ਬਚਨ ਬੋਲਿਆ ਹੈ, ਉਸ ਨੇ ਹੋਰ ਪਾਸੇ ਵਲੋਂ ਹੀ ਗੰਗਾ ਚਲਾ ਦਿੱਤੀ ਹੈ, ਇਹ ਉਸ ਨੇ ਕੀਹ ਕੀਤਾ ਹੈ'?

ਹੋਰਿਓਂ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ ॥


ਉਹ ਹੈਰਾਨੀ ਵਾਲੀ ਗੱਲ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਬਾਬਾ ਲਹਿਣਾ ਜੀ ਦੇ ਸਿਰ ਉਤੇ ਗੁਰਿਆਈ ਦਾ ਛਤਰ ਧਰ ਕੇ ਉਨ੍ਹਾਂ ਦੀ ਸੋਭਾ ਅਸਮਾਨ ਤੱਕ ਅਪੜਾ ਦਿੱਤੀ। ਗੁਰੂ ਨਾਨਕ ਦੇਵ ਜੀ ਦੀ ਆਤਮਾ ਬਾਬਾ ਲਹਿਣਾ ਜੀ ਦੀ ਆਤਮਾ ਵਿਚ ਇਉਂ ਮਿਲ ਗਈ ਹੈ ਕਿ ਗੁਰੂ ਨਾਨਕ ਨੇ ਆਪਣੇ ਆਪ ਨੂੰ ਆਪਣੇ 'ਆਪੇ' ਬਾਬਾ ਲਹਿਣਾ ਜੀ ਦੇ ਨਾਲ ਸਾਵਾਂ ਕਰ ਲਿਆ ਹੈ-

ਲਹਣੇ ਧਰਿਓਨੁ ਛਤ੍ਰ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥

ਬਲਵੰਡ ਨੇ ਭੀ ਪਹਿਲੀ ਪਉੜੀ ਵਿਚ ਇਸੇ ਨਵੀਂ ਮਰਿਯਾਦਾ ਨੂੰ ਹੈਰਾਨੀ ਨਾਲ ਵੇਖਿਆ ਅਤੇ ਲਿਖਿਆ ਕਿ ਗੁਰੂ ਨਾਨਕ ਸਾਹਿਬ ਨੇ ਧਰਮ ਦਾ ਇਕ ਨਵਾਂ ਰਾਜ ਚਲਾਇਆ ਹੈ, ਆਪਣੇ ਸੇਵਕ ਬਾਬਾ ਲਹਿਣਾ ਜੀ ਨੂੰ ਆਪਣੇ ਵਰਗਾ ਬਣਾ ਕੇ ਗੁਰੂ ਹੁੰਦਿਆਂ ਆਪਣੇ ਚੇਲੇ ਅੱਗੇ ਮੱਥਾ ਟੇਕਿਆ ਹੈ।

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥"

ਇਸੇ ਤਰ੍ਹਾਂ ਇਸ ਬਾਣੀ ਦੇ 'ਵਾਰ' ਹੋਣ ਦੀਆ ਅੱਗੇ ਹੋਰ ਉਦਾਹਰਣਾਂ ਵੀ ਪ੍ਰੋਫੈਸਰ ਸਾਹਿਬ ਸਿੰਘ ਨੇ ਦਿੱਤੀਆਂ ਹਨ। ਪ੍ਰੋਫੈਸਰ ਸਾਹਿਬ ਸਿੰਘ ਦਾ ਮੰਨਣਾ ਹੈ ਕਿ "ਕਿਸੇ ਲਿਖਤ ਨੂੰ ਕੋਈ ਇਕੋ ਹੀ ਲਿਖਾਰੀ ਲਿਖ ਸਕਦਾ ਹੈ, ਇਕ ਰਚਨਾ ਦੇ ਇਕ ਤੋਂ ਵਧੀਕ ਲੇਖਕ ਨਹੀਂ ਹੋ ਸਕਦੇ। ਇਸ ਉਪਰਲੇ ਸਿਰਲੇਖ ਵਿਚ ਦੋ ਨਾਮ ਹਨ-ਬਲਵੰਡ ਅਤੇ ਸੱਤਾ। ਇਸ ਦਾ ਭਾਵ ਇਹ ਹੈ ਕਿ ਇਨ੍ਹਾਂ ਇਕੱਠਿਆਂ ਰਲ ਕੇ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਚ ਇਹ 'ਵਾਰ' 'ਆਖੀ' ਸੀ, ਸੁਣਾਈ ਸੀ। ਇਸ 'ਵਾਰ' ਦੀਆਂ 8 ਪਉੜੀਆਂ ਹਨ। ਪਹਿਲੀਆਂ 3 ਪਉੜੀਆਂ ਦਾ ਕਰਤਾ ਬਲਵੰਡ ਹੈ ਅਤੇ ਅਖ਼ੀਰਲੀਆਂ 5 ਪਉੜੀਆਂ ਦਾ ਕਰਤਾ ਸੱਤਾ ਹੈ।" ਪ੍ਰੋਫੈਸਰ ਸਾਹਿਬ ਸਿੰਘ ਨੇ ਇਸ ਕਥਨ ਦੇ ਹੱਕ ਵਿਚ ਦਲੀਲ ਦਿੰਦਿਆਂ ਕਿਹਾ ਹੈ ਕਿ "ਬਲਵੰਡ ਵੱਲੋਂ ਗੁਰੂ ਨਾਨਕ ਸਾਹਿਬ ਦੀ ਸਿਫ਼ਤਿ-ਸਾਲਾਹ ਪਹਿਲੀ ਪਉੜੀ ਵਿਚ ਕੀਤੀ ਗਈ ਹੈ ਅਤੇ ਫਿਰ ਸੱਤੇ ਵੱਲੋਂ ਚਉਥੀ ਪਉੜੀ ਵਿਚ ਦੁਬਾਰਾ ਗੁਰੂ ਨਾਨਕ ਸਾਹਿਬ ਦੀ ਸਿਫ਼ਤਿ ਤੋਂ ਸ਼ੁਰੂਆਤ ਕੀਤੀ ਗਈ ਹੈ।"



'ਵਾਰ' ਦੀ ਸ਼ੁਰੂਆਤ ਬਲਵੰਡ ਇਸ ਤੱਥ ਤੋਂ ਕਰਦਾ ਹੈ ਕਿ ਜੇ ਕਰਤਾ ਪੁਰਖ, ਕਾਦਰ ਆਪ ਕਿਸੇ ਦਾ ਸਤਿਕਾਰ ਵਧਾਵੇ, ਨਾਮਣਾ ਉੱਚਾ ਕਰੇ ਤਾਂ ਉਸ ਨੂੰ ਤੋਲਣ ਲਈ ਜਾਂ ਮਾਪਣ ਲਈ ਗੱਲ ਨਹੀਂ ਹੋ ਸਕਦੀ। ਇਸ ਦਾ ਭਾਵ ਹੈ ਕਿ ਕਰਤਾ ਪੁਰਖ ਜਦੋਂ ਆਪ ਫੈਸਲਾ ਕਰਕੇ ਵਡਿਆਈ ਦੇਵੇ ਤਾਂ ਉਸ ਦਾ ਹੁਕਮ ਕਿਵੇਂ ਜੋਖਿਆ ਜਾ ਸਕਦਾ ਹੈ ਅਰਥਾਤ ਉਹ ਕੌਣ ਵਿਚਾਰਾ ਹੈ ਜੋ ਗੁਰੂ ਦੀ ਉੱਚੀ ਵਡਿਆਈ ਨੂੰ ਬਿਆਨ ਕਰ ਸਕੇ। ਕਰਤਾ ਪੁਰਖ ਨੇ ਏਨਾ ਉੱਚਾ ਰੁਤਬਾ ਗੁਰੂ ਨੂੰ ਬਖਸ਼ਿਸ਼ ਕੀਤਾ ਹੈ ਕਿ ਕੋਈ ਵਿਅਕਤੀ ਉਸ ਦਾ ਮਾਪ ਤੋਲ ਕੀ ਕਰ ਸਕਦਾ ਹੈ? ਗੁਰੂ ਨਾਨਕ ਸਾਹਿਬ ਵਿਚ ਸਤਿ ਆਦਿ ਦੈਵੀ/ਰੱਬੀ ਗੁਣ ਜੋ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਸਕਣ ਵਾਲੇ ਹਨ, ਇਸ ਤਰ੍ਹਾਂ ਕਾਇਮ ਹਨ ਜਿਵੇਂ ਉਹ ਭੈਣ-ਭਰਾ ਹੋਣ ਅਰਥਾਤ ਉਨ੍ਹਾਂ ਦੇ ਵਿਅਕਤਿਤਵ ਦਾ ਕੁਦਰਤੀ ਹਿੱਸਾ ਹਨ। ਇਨ੍ਹਾਂ ਗੁਣਾਂ ਦੀ ਹੀ ਸਾਂਝ ਭਾਈ ਲਹਿਣਾ ਜੀ ਦੀ ਗੁਰੂ ਨਾਨਕ ਸਾਹਿਬ ਨਾਲ ਹੈ। ਇਸ ਤਰ੍ਹਾਂ ਦੀ ਉੱਚੀ ਸ਼ਖ਼ਸੀਅਤ ਦੇ ਮਾਲਕ ਗੁਰੂ ਨਾਨਕ ਸਾਹਿਬ ਨੇ ਸੱਚ-ਰੂਪ ਕਿਲਾ ਬਣਾ ਕੇ ਅਤੇ ਪੱਕੀ ਨੀਂਹ ਰੱਖ ਕੇ ਗੁਰਮਤਿ ਰਾਜ ਕਾਇਮ ਕੀਤਾ ਅਤੇ ਚਲਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਭਾਈ ਲਹਿਣੇ, ਗੁਰੂ ਅੰਗਦ ਦੇ ਸਿਰ 'ਤੇ ਗੁਰਿਆਈ ਦਾ ਛੱਤ੍ਰ ਧਰਿਆ ਹੈ ਜਿਨ੍ਹਾਂ ਨੇ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਕਰ ਕੇ ਨਾਮ ਰੂਪੀ ਅੰਮ੍ਰਿਤ ਪੀਤਾ ਹੈ। ਗੁਰੂ ਨਾਨਕ ਨੇ ਅਕਾਲ ਪੁਰਖ ਦੀ ਬਖ਼ਸ਼ੀ ਹੋਈ ਗਿਆਨ ਦੀ ਤਲਵਾਰ ਨਾਲ, ਜੋਰ ਨਾਲ ਭਾਈ ਲਹਿਣਾ ਜੀ ਨੂੰ ਉਨ੍ਹਾਂ ਅੰਦਰੋਂ ਪਹਿਲਾ ਜੀਵਨ ਕੱਢ ਕੇ ਨਵੀਂ ਆਤਮਕ ਜ਼ਿੰਦਗੀ ਬਖ਼ਸ਼ੀ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਸਮੇਂ ਵਿਚ ਹੀ ਅਰਦਾਸ ਕੀਤੀ ਅਤੇ ਆਪਣੇ ਸਿੱਖ ਭਾਈ ਲਹਿਣਾ ਜੀ ਅੱਗੇ ਮੱਥਾ ਟੇਕਿਆ। ਆਪਣੇ ਜਿਉਂਦਿਆਂ ਹੀ ਗੁਰਿਆਈ ਦਾ ਤਿਲਕ ਭਾਈ ਲਹਿਣਾ ਜੀ ਦੇ ਮੱਥੇ ਉਤੇ ਲਾ ਦਿੱਤਾ:

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ ॥
——
ਸਹਿ ਟਿਕਾ ਦਿਤੋਸੁ ਜੀਵਦੈ ॥ 1 ॥

ਦੂਸਰੀ ਪਉੜੀ ਵਿਚ ਬਲਵੰਡ ਨੇ ਬਿਆਨ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਥਾਂ ਹੁਣ ਭਾਈ ਲਹਿਣਾ ਜੀ ਅਰਥਾਤ ਗੁਰੂ ਅੰਗਦ ਦੀ ਦੋਹੀ ਸੰਸਾਰ ਵਿਚ ਫੈਲ ਗਈ ਹੈ; ਭਾਵ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਵਡਿਆਈ ਦੀ ਧੁੰਮ ਸਾਰੇ ਸੰਸਾਰ ਵਿਚ ਫੈਲ ਗਈ ਫਿਰ ਜਦੋਂ ਉਨ੍ਹਾਂ ਨੇ ਗੁਰਗੱਦੀ ਦਾ ਤਿਲਕ ਭਾਈ ਲਹਿਣਾ ਜੀ ਨੂੰ ਦੇ ਕੇ ਗੁਰੂ ਅੰਗਦ ਵੱਜੋਂ ਸਾਜਿਆ ਤਾਂ ਗੁਰੂ ਅੰਗਦ ਦੀ ਵਡਿਆਈ ਸਾਰੇ ਸੰਸਾਰ ਵਿਚ ਫੈਲ ਗਈ। ਭਾਈ ਲਹਿਣਾ ਵਿਚ ਗੁਰੂ ਜੋਤਿ ਵੀ ਉਹੀ ਹੈ ਅਤੇ ਉਸ ਜੋਤਿ ਨੂੰ ਪ੍ਰਕਾਸ਼ ਕਰਨ ਦੀ ਗੁਰੂ ਜੁਗਤਿ ਵੀ ਉਹੀ ਹੈ, ਕੇਵਲ ਗੁਰੂ ਦਾ ਸਰੀਰ ਹੀ ਬਦਲਿਆ ਹੈ। ਭਾਈ ਲਹਿਣਾ (ਗੁਰੂ ਅੰਗਦ ਜੀ ਦੇ ਸਰੂਪ ਵਿਚ) ਦੇ ਸਿਰ 'ਤੇ ਰੱਬੀ ਛਤਰ ਝੂਲ ਰਿਹਾ ਹੈ ਅਤੇ ਗੁਰੂ ਨਾਨਕ ਜੀ ਦੀ ਹੱਟੀ ਵਿਚ ਗੁਰੂ ਅੰਗਦ ਗੁਰੂ ਨਾਨਕ ਜੀ ਪਾਸੋਂ ਪ੍ਰਾਪਤ ਕੀਤਾ ਨਾਮ-ਪਦਾਰਥ ਸੰਸਾਰ ਵਿਚ ਵੰਡਣ ਲਈ ਬੈਠੇ ਹਨ। ਉਹ ਗੁਰੂ ਨਾਨਕ ਸਾਹਿਬ ਦੇ ਹੁਕਮ ਨੂੰ ਪਾਲ ਰਹੇ ਹਨ ਅਤੇ ਇਹ ਹੁਕਮ ਪਾਲਣਾ ਯੋਗ ਦੀ ਕਮਾਈ ਅਲੂਣੀ ਸਿਲ ਚੱਟਣ ਵਾਂਗ ਹੈ। ਦਿਨ ਰਾਤ ਗੁਰੂ ਅੰਗਦ ਨਾਮ-ਸ਼ਬਦ ਦਾ ਲੰਗਰ ਵਰਤਾ ਰਹੇ ਹਨ ਭਾਵ ਸੰਗਤਾਂ ਵਿਚ ਨਾਮ ਦਾ ਪ੍ਰਵਾਹ ਚਲਾ ਰਹੇ ਹਨ ਜਿਸ ਵਿਚ ਕੋਈ ਤੋਟ ਨਹੀਂ ਆ ਰਹੀ, ਨਾਮ-ਸ਼ਬਦ ਦਾ ਇਹ ਲੰਗਰ ਆਪ ਵੀ ਖਾ ਰਹੇ ਹਨ ਅਤੇ ਹੋਰਾਂ ਨੂੰ ਵੀ ਵਰਤਾ ਰਹੇ ਹਨ ਅਤੇ ਨਾਮ ਕਮਾਈ ਵਿਚ ਕੋਈ ਘਾਟਾ ਨਹੀਂ ਆ ਰਿਹਾ। ਗੁਰੂ ਦਰਬਾਰ ਵਿਚ ਕਰਤਾ ਪੁਰਖ ਦੀ ਸਿਫ਼ਤਿ-ਸਾਲਾਹ ਦਿਨ ਰਾਤ ਹੁੰਦੀ ਹੈ ਅਤੇ ਅਰਸ਼ਾਂ ਤੋਂ ਨੂਰ ਝਰ ਰਿਹਾ ਹੈ। ਗੁਰੂ ਅੰਗਦ ਦੇਵ ਸੱਚੇ ਪਾਤਿਸ਼ਾਹ ਦੇ ਦਰਸ਼ਨ ਕਰ ਕੇ ਜਨਮ ਜਨਮ ਦੀ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਨੇ ਜੋ ਵੀ ਹੁਕਮ ਕੀਤਾ ਗੁਰੂ ਅੰਗਦ ਨੇ ਉਸ ਨੂੰ ਸੱਚ ਕਰ ਕੇ ਜਾਣਿਆ ਅਤੇ ਗੁਰੂ ਦਾ ਹੁਕਮ ਮੰਨਣ ਤੋਂ ਇਨਕਾਰ ਨਹੀਂ ਕੀਤਾ। ਇਸ ਦੇ ਉਲਟ ਗੁਰੂ ਨਾਨਕ ਸਾਹਿਬ ਦੇ ਪੁੱਤਰਾਂ ਨੇ ਹੁਕਮ ਨਹੀਂ ਮੰਨਿਆ ਅਤੇ ਗੁਰੂ ਵੱਲ ਪਿੱਠ ਦੇ ਕੇ ਹੁਕਮ ਅਦੂਲੀ ਕਰਦੇ ਰਹੇ। ਦਿਲ ਖੋਟਾ ਹੋਣ ਕਰਕੇ ਜੋ ਲੋਕ ਗੁਰੂ ਤੋਂ ਆਕੀ ਹੋਏ ਫਿਰ ਰਹੇ ਹਨ, ਉਹ ਲੋਕ ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਫਿਰਦੇ ਹਨ। ਜੋ ਗੁਰੂ ਨਾਨਕ ਨੇ ਆਖੀ, ਗੁਰੂ ਅੰਗਦ ਨੇ ਕੀਤੀ ਅਤੇ ਉਹੀ ਟਿਕਾਇਆ ਗਿਆ। ਇਸ ਵਿਚ ਕੌਣ ਹਾਰਿਆ ਅਤੇ ਕੌਣ ਜਿੱਤਿਆ? ਭਾਵ ਪੁੱਤਰਾਂ ਅਤੇ ਭਾਈ ਲਹਿਣਾ ਜੀ ਵਿਚੋਂ ਕੌਣ ਹਾਰਿਆ ਅਤੇ ਕੌਣ ਜਿੱਤਿਆ; ਪੁੱਤਰ ਹਾਰੇ ਅਤੇ ਭਾਈ ਲਹਿਣਾ ਜੀ ਜਿੱਤੇ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
——
ਕਉਣੁ ਹਾਰੇ ਕਿਨਿ ਉਵਟੀਐ ॥ 2 ॥

ਜਿਸ ਗੁਰੂ ਅੰਗਦ ਨੇ ਗੁਰੂ ਦੇ ਹੁਕਮ ਦੀ ਪਾਲਣਾ ਕਰਦਿਆਂ ਹੁਕਮ ਅਨੁਸਾਰ ਕੀਤਾ ਉਹ ਮੰਨਣਯੋਗ ਹੋ ਗਏ ਅਰਥਾਤ ਗੁਰੂ ਅੰਗਦ ਦੇਵ ਜੀ ਨੇ ਨਿਮਰਤਾ ਵਿਚ ਰਹਿ ਕੇ ਘਾਲ ਕਮਾਈ ਕੀਤੀ ਅਤੇ ਉਹ ਗੁਰੂ ਸਥਾਪਤ ਹੋ ਗਏ। ਜਿਵਾਂਹ (ਮੁੰਜੀ) ਅਤੇ ਸ਼ਾਲੀ (ਚਾਵਲਾਂ) ਵਿਚੋਂ ਸ੍ਰੇਸ਼ਟ ਕੌਣ ਹੈ? ਮੁੰਜੀ ਹੀ ਚੰਗੀ ਹੈ ਜੋ ਨੀਵੇਂ ਥਾਂ ਰਹਿ ਕੇ ਪਲਦੀ ਹੈ ਭਾਵ ਜੋ ਨਿਮਰਤਾ ਵਿਚ ਰਹਿੰਦਾ ਹੈ ਉਹੀ ਚੰਗਾ ਹੈ। ਗੁਰੂ ਅੰਗਦ ਦੇਵ ਪਾਤਿਸ਼ਾਹ ਧਰਮ ਦਾ ਦੇਵਤਾ ਹੋ ਗਿਆ ਹੈ ਜੋ ਜੀਵਾਂ ਦੀਆ ਅਰਜ਼ੋਈਆਂ ਸੁਣ ਕੇ ਪਰਮਾਤਮਾ ਨਾਲ ਮੇਲ ਕਰਾਉਣ ਦੀ ਵਿਚੋਲਗਿਰੀ ਕਰ ਰਿਹਾ ਹੈ। ਸਤਿਗੁਰੂ ਅੰਗਦ ਦੇਵ ਜੋ ਬਚਨ ਕਰਦਾ ਹੈ ਉਹੋ ਸੱਚਾ ਵਾਹਿਗੁਰੂ ਕਰ ਦਿੰਦਾ ਹੈ ਅਤੇ ਉਹ ਗੱਲ ਤੁਰਤ ਹੋ ਜਾਂਦੀ ਹੈ। ਗੁਰੂ ਅੰਗਦ ਦੀ ਗੁਰਿਆਈ ਦਾ ਐਲਾਨ ਹੋ ਗਿਆ ਹੈ ਕਰਤਾ ਪੁਰਖ ਵਾਹਿਗੁਰੂ ਨੇ ਨਿਸਚੇ ਕਰ ਕੇ ਉਸ ਦੋਹੀ, ਉਸ ਐਲਾਨ ਦੀ ਪੁਸ਼ਟੀ ਕਰ ਦਿੱਤੀ ਹੈ। ਸੈਂਕੜੇ ਸਿੱਖਾਂ-ਸੇਵਕਾਂ ਵਾਲਾ ਗੁਰੂ ਨਾਨਕ ਹੁਣ ਕਾਇਆ ਪਲਟ ਕੇ ਗੁਰੂ ਅੰਗਦ ਸਾਹਿਬ ਦੇ ਸਰੂਪ ਵਿਚ ਗੁਰਗੱਦੀ 'ਤੇ ਬੈਠਾ ਹੈ ਜਿਸ ਦੀ ਸੰਗਤਿ ਦਾ ਹੁਣ ਵਿਸਥਾਰ ਹੋਗਿਆ ਹੈ। ਸੰਗਤਿ ਗੁਰੂ ਅੰਗਦ ਦੇਵ ਜੀ ਦਾ ਦਰਵਾਜ਼ਾ ਮੱਲ ਕੇ ਪ੍ਰੇਮ ਨਾਲ ਸੇਵਾ ਕਰ ਰਹੀ ਹੈ ਜਿਸ ਨਾਲ ਆਤਮਾ ਪਵਿੱਤ੍ਰ ਹੋ ਰਹੀ ਹੈ; ਜਿਸ ਤਰ੍ਹਾਂ ਮਸਕਲੇ ਨਾਲ ਮਲ ਕੇ ਸਾਰਾ ਜੰਗਾਲ ਉਤਰ ਜਾਂਦਾ ਹੈ (ਇਸ ਦਾ ਭਾਵ ਹੈ ਕਿ ਸੇਵਾ ਰਾਹੀਂ ਮਨੁੱਖ ਦੇ ਅੰਦਰੋਂ ਵਿਕਾਰਾਂ ਦੀ ਸਾਰੀ ਮੈਲ ਧੋਤੀ ਜਾਂਦੀ ਹੈ)। ਗੁਰੂ ਨਾਨਕ ਦੇ ਦਰ ਦਾ ਦਰਵੇਸ਼ ਗੁਰੂ ਅੰਗਦ ਨਾਮ ਦੀ ਦਾਤ ਦਾ ਸੁਆਲੀ ਹੈ ਅਤੇ ਪਰਵਦਗਾਰ ਦਾ ਨਾਮ ਜਪਦਿਆਂ ਸੱਚੇ ਨਾਮ ਦੀ ਲਾਲੀ ਚਿਹਰੇ 'ਤੇ ਬਣੀ ਹੋਈ ਹੈ; ਭਾਵ ਉਨ੍ਹਾਂ ਦੇ ਮੁਖੜੇ 'ਤੇ ਨਾਮ-ਸਿਮਰਨ ਦਾ ਨੂਰ ਹੈ। ਬਲਵੰਡ ਕਹਿੰਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੀ ਪਤਨੀ ਖੀਵੀ ਜੀ ਵੀ ਗੁਰੂ ਅੰਗਦ ਦੀ ਤਰ੍ਹਾਂ ਹੀ ਬਹੁਤ ਨੇਕ ਹਨ। ਸੰਗਤਿ ਦੇ ਸਿਰ ਉੱਤੇ ਮਾਤਾ ਖੀਵੀ ਦੀ ਛਾਂ ਬਹੁਤ ਸੰਘਣੀ ਹੈ, ਸੰਗਤਿ ਨੂੰ ਉਨ੍ਹਾਂ ਦਾ ਬਹੁਤ ਆਸਰਾ ਹੈ। ਜਿਵੇਂ ਗੁਰੂ ਅੰਗਦ ਦੇਵ ਜੀ ਸ਼ਬਦ ਦਾ ਲੰਗਰ, ਨਾਮ ਦੀ ਦੌਲਤ ਦਾ ਲੰਗਰ ਵੰਡ ਰਹੇ ਹਨ, ਇਸੇ ਤਰ੍ਹਾਂ ਮਾਤਾ ਖੀਵੀ ਜੀ ਨੇ ਪਰਸ਼ਾਦੇ ਦਾ ਲੰਗਰ ਲਾਇਆ ਹੋਇਆ ਹੈ ਜਿਸ ਵਿਚ ਘਿਉ ਵਾਲੀ ਖੀਰ ਵੰਡੀ ਜਾ ਰਹੀ ਹੈ। ਗੁਰੂ ਦੇ ਦਰ 'ਤੇ ਗੁਰਸਿੱਖਾਂ ਦੇ ਮੁੱਖ ਖਿੜੇ ਹੋਏ ਹਨ ਪਰ ਗੁਰੂ ਵੱਲੋਂ ਮੁਖ ਮੋੜਨ ਵਾਲਿਆਂ ਦੇ ਮੱਥੇ ਪੀਲੇ ਪਏ ਹੋਏ ਹਨ। ਗੁਰੂ ਅੰਗਦ ਨੇ ਜਦੋਂ ਮਰਦਾਂ ਵਾਲੀ ਘਾਲ ਘਾਲੀ ਤਾਂ ਗੁਰੂ ਨਾਨਕ ਦੇ ਦਰ 'ਤੇ ਕਬੂਲ ਹੋਏ। ਮਾਤਾ ਖੀਵੀ ਜੀ ਦਾ ਉਹ ਪਤੀ ਹੈ ਜਿਸ ਨੇ ਸਾਰੀ ਦੁਨੀਆ ਦਾ ਭਾਰ ਚੁੱਕਿਆ ਹੋਇਆ ਹੈ:

ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ ॥
ਧਰਮਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ ॥
——
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥ 3 ॥

"ਬਲਵੰਡ ਖੀਵੀ ਨੇਕ ਜਨ" ਇਥੇ ਬਲਵੰਡ ਦੇ ਨਾਮ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਤਿੰਨ ਪਉੜੀਆਂ ਰਾਇ ਬਲਵੰਡ ਨੇ ਆਖੀਆਂ ਹਨ। ਇਸ ਤੋਂ ਅਗਲੀਆਂ ਪੰਜ ਪਉੜੀਆਂ ਸੱਤੇ ਦੀ ਰਚਨਾ ਮੰਨੀ ਗਈ ਹੈ। ਸੱਤੇ ਨੇ ਗੁਰੂ ਨਾਨਕ ਸਾਹਿਬ ਵੱਲੋਂ ਗੁਰਗੱਦੀ ਗੁਰੂ ਅੰਗਦ ਸਾਹਿਬ ਨੂੰ ਦੇਣ ਦਾ ਜ਼ਿਕਰ ਕੀਤਾ ਹੈ ਕਿ ਦੁਨੀਆ ਕਹਿੰਦੀ ਹੈ ਕਿ ਜਗਤ ਦੇ ਗੁਰੂ ਨਾਨਕ ਨੇ ਹੱਦ ਦਾ ਉੱਚਾ ਬੋਲ ਬੋਲਿਆ ਹੈ ਅਤੇ ਹੋਰ ਪਾਸੇ ਤੋਂ ਹੀ ਗੰਗਾ ਵਹਾ ਦਿੱਤੀ, ਇਹ ਕੀ ਕੀਤਾ? ਗੁਰੂ ਨਾਨਕ ਨੇ ਉਚੀ ਸੁਰਤਿ ਨੂੰ ਮਧਾਣੀ ਬਣਾ ਕੇ, ਮਨ ਰੂਪ ਬਾਸਕ ਨਾਗ ਨੂੰ ਨੇਤ੍ਰੇ ਵਿਚ ਪਾ ਕੇ ਸ਼ਬਦ ਵਿਚ ਰਿੜਕਣਾ ਪਾਇਆ ਹੈ ਭਾਵ ਮਨ ਨੂੰ ਕਾਬੂ ਕਰ ਕੇ ਸ਼ਬਦ ਨੂੰ ਵਿਚਾਰਿਆ ਹੈ। ਇਸ ਤਰ੍ਹਾਂ ਉਨ੍ਹਾਂ ਨੇ ਸ਼ਬਦ-ਸਮੁੰਦਰ ਨੂੰ ਰਿੜਕ ਕੇ ਰੱਬੀ-ਗੁਣ ਰੂਪ ਚੌਦਾਂ ਰਤਨ ਕੱਢੇ ਹਨ ਅਤੇ ਇਨ੍ਹਾਂ ਗੁਣਾਂ ਨਾਲ ਸੰਸਾਰ ਨੂੰ ਸੁਹਣਾ ਬਣਾ ਦਿੱਤਾ ਹੈ। ਗੁਰੂ ਨਾਨਕ ਨੇ ਐਸੀ ਸਮਰੱਥਾ ਦਿਖਾਈ ਕਿ ਪਹਿਲਾਂ ਭਾਈ ਲਹਿਣਾ ਜੀ ਦਾ ਮਨ ਜਿੱਤ ਕੇ ਏਨੀ ਉਚੀ ਆਤਮਾ ਨੂੰ ਪਰਖਿਆ ਅਤੇ ਫਿਰ ਉਨ੍ਹਾਂ ਦੇ ਸਿਰ ਉੱਤੇ ਗੁਰਿਆਈ ਦਾ ਛਤਰ ਰੱਖ ਦਿੱਤਾ ਅਤੇ ਉਨ੍ਹਾਂ ਦੀ ਸੋਭਾ ਅਸਮਾਨਾਂ ਤੱਕ ਚੜ੍ਹਾ ਦਿੱਤੀ। ਇਸ ਤਰ੍ਹਾਂ ਗੁਰੂ ਨਾਨਕ ਦੀ ਆਤਮਾ ਗੁਰੂ ਅੰਗਦ ਦੀ ਆਤਮਾ ਨਾਲ ਇਸ ਤਰ੍ਹਾਂ ਮਿਲ ਕੇ ਇੱਕਮਿਕ ਹੋ ਗਈ ਕਿ ਗੁਰੂ ਨਾਨਕ ਨੇ ਗੁਰੂ ਅੰਗਦ ਨੂੰ ਆਪਣੇ ਆਪੇ ਨਾਲ ਮਿਲਾ ਕੇ ਸਾਵਾਂ ਕਰ ਲਿਆ। ਸਾਰੀ ਸੰਗਤਿ ਵੇਖੋ ਗੁਰੂ ਨਾਨਕ ਨੇ ਜੋ ਕੀਤਾ ਹੈ, ਉਨ੍ਹਾਂ ਨੇ ਆਪਣੇ ਸਿੱਖਾਂ-ਪੁੱਤਰਾਂ ਦੀ ਪਰਖ-ਪੜਚੋਲ ਕਰ ਕੇ ਜਦੋਂ ਸੁਧਾਈ ਕੀਤੀ ਤਾਂ ਗੁਰਗੱਦੀ ਲਈ ਭਾਈ ਲਹਿਣਾ ਜੀ ਨੂੰ ਚੁਣਿਆ:

ਹੋਰਿਓਂ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ ॥
———
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥ 4 ॥

ਸੱਤੇ ਅਨੁਸਾਰ ਜਦੋਂ ਭਾਈ ਲਹਿਣਾ ਜੀ ਨੂੰ ਗੁਰਿਆਈ ਮਿਲੀ ਤਾਂ ਫੇਰੂ ਜੀ ਦੇ ਪੁੱਤਰ (ਗੁਰੂ ਅੰਗਦ ਸਾਹਿਬ) ਨੇ ਆ ਕੇ ਖਡੂਰ ਸਾਹਿਬ ਦੀ ਰੌਣਕ ਵਧਾ ਦਿੱਤੀ ਅਰਥਾਤ ਉਹ ਕਰਤਾਰ ਪੁਰ ਛੱਡ ਕੇ ਖਡੂਰ ਆ ਗਏ। ਸੱਤਾ ਬਿਆਨ ਕਰਦਾ ਹੈ ਕਿ ਹੋਰ ਸੰਸਾਰ ਬਹੁਤ ਗਰੂਰ ਵਿਚ ਫਸਿਆ ਹੋਇਆ ਹੈ ਪ੍ਰੰਤੂ ਗੁਰੂ ਅੰਗਦ ਸਾਹਿਬ ਕੋਲ ਜਪ, ਤਪ, ਸੰਜਮ ਅਤੇ ਹਲੀਮੀ ਆਦਿ ਦੇ ਨੈਤਿਕ ਗੁਣ ਹਨ। ਲਾਲਚ ਮਨੁੱਖ ਨੂੰ ਇਸ ਤਰ੍ਹਾਂ ਤਬਾਹ ਕਰ ਦਿੰਦਾ ਹੈ ਜਿਵੇਂ ਪਾਣੀ ਨੂੰ ਬੂਰ ਖ਼ਰਾਬ ਕਰ ਦਿੰਦਾ ਹੈ। ਗੁਰੂ ਦੀ ਦਰਗਾਹ ਵਿਚ ਨਾਮ ਦੀ ਵਰਖਾ ਹੋਣ ਕਰਕੇ ਗੁਰੂ ਅੰਗਦ ਉੱਤੇ ਨੂਰ ਚਮਕਦਾ ਹੈ। ਗੁਰੂ ਅੰਗਦ ਉਹ ਸੀਤਲ ਸਮੁੰਦਰ ਹੈ ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਪਰਮਾਤਮਾ ਦਾ ਨਾਮ ਹੀ ਨੌਂ ਨਿਧ (ਨੌਂ ਖ਼ਜ਼ਾਨੇ) ਹੈ ਜੋ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿਚ ਭਰਿਆ ਹੋਇਆ ਹੈ। ਜੋ ਮਨੁੱਖ ਗੁਰੂ ਅੰਗਦ ਦੀ ਨਿੰਦਾ ਕਰਦਾ ਹੈ ਉਹ ਆਤਮਕ ਤੌਰ 'ਤੇ ਤਬਾਹ ਹੋ ਜਾਂਦਾ ਹੈ। ਸੰਸਾਰਕ ਲੋਕਾਂ ਨੂੰ ਸਿਰਫ਼ ਨੇੜੇ ਦੇ ਪਦਾਰਥ ਹੀ ਨਜ਼ਰ ਆਉਂਦੇ ਹਨ ਅਰਥਾਤ ਨੇੜੇ ਦੀ ਹੀ ਸੁਝਦੀ ਹੈ ਪ੍ਰੰਤੂ ਗੁਰੂ ਅੰਗਦ ਦੇਵ ਜੀ ਦੀ ਦੂਰ-ਦ੍ਰਿਸ਼ਟੀ ਨੂੰ ਅਗਾਂਹ ਵਾਪਰਨ ਵਾਲਾ ਵੀ ਸਭ ਕੁੱਝ ਦਿਖਾਈ ਦਿੰਦਾ ਹੈ। ਬਾਬਾ ਫੇਰੂ ਦੇ ਪੁੱਤਰ ਨੇ ਆ ਕੇ ਖਡੂਰ ਦੀ ਰੌਣਕ ਸਥਾਪਤ ਕੀਤੀ:

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥
———
ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥ 5 ॥

ਛੇਵੀਂ ਪਉੜੀ ਵਿਚ ਸੱਤਾ ਗੁਰੂ ਅਮਰਦਾਸ, ਤੀਸਰੀ ਨਾਨਕ ਜੋਤਿ ਦੇ ਗੁਰਗੱਦੀ 'ਤੇ ਸਥਾਪਤ ਹੋਣ ਦਾ ਜ਼ਿਕਰ ਕਰਦਾ ਹੈ ਕਿ ਗੁਰਗੱਦੀ ਦਾ ਤਿਲਕ ਉਹੀ ਹੈ, ਗੁਰੂ ਦਾ ਤਖ਼ਤ ਵੀ ਉਹੀ ਹੈ ਅਤੇ ਉਹੀ ਗੁਰੂ ਦਾ ਦਰਬਾਰ ਹੈ। ਪਿਉ (ਗੁਰੂ ਅੰਗਦ) ਅਤੇ ਦਾਦੇ (ਗੁਰੂ ਨਾਨਕ) ਵਾਂਗ ਹੀ ਪੋਤਰਾ ਭਾਵ ਗੁਰੂ

***(ਬਾਕੀ ਅਗਲੇ ਸਫੇ 'ਤੇ)***

# ਲੋਕਤੰਤਰ ਦੀ ਭਾਵਨਾ ਤੋਂ ਹਟਦੇ ਜਾਂਦੇ ਭਾਰਤ ਦੀ ਹਾਲਤ ਭਵਿੱਖ ਲਈ ਸੁਲੱਖਣੀ ਨਹੀਂ ਜਾਪਦੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਸਮਾਜੀ ਖੇਤਰ ਵਿਚ ਅੱਧੀ ਸਦੀ ਧੱਕੇ ਖਾਣ ਪਿੱਛੋਂ ਜਿਹੜੀ ਗੱਲ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਥੋੜ੍ਹੀ-ਬਹੁਤ ਸਮਝ ਪੈਣ ਲੱਗੀ ਹੈ, ਉਹ ਇਹ ਹੈ ਕਿ ਕੋਈ ਚੀਜ਼ ਜਾਂ ਕੋਈ ਨਿਯਮ ਜਿੰਨਾ ਮਰਜ਼ੀ ਚੰਗਾ ਬਣਾਈ ਜਾਓ, ਨਿਰਭਰ ਲਾਗੂ ਕਰਨ ਵਾਲਿਆਂ ਦੀ ਨੀਤ ਉੱਤੇ ਕਰੇਗਾ। ਉਨ੍ਹਾਂ ਦੀ ਨੀਤ ਚੰਗੀ ਹੋਵੇਗੀ ਤਾਂ ਉਹ ਉਸ ਨਿਯਮ ਜਾਂ ਚੀਜ਼ ਨੂੰ ਲੋਕਾਂ ਦੀ ਸੇਵਾ ਲਈ ਵਰਤਣਗੇ, ਪਰ ਜੇ ਨੀਤ ਵਿਚ ਖੋਟ ਆ ਗਿਆ ਤਾਂ ਉਹੀ ਨਿਯਮ ਜਾਂ ਉਹੀ ਚੀਜ਼ ਆਮ ਲੋਕਾਂ ਦਾ ਰਗੜਾ ਕੱਢਣ ਦਾ ਸੰਦ ਵੀ ਸਾਬਤ ਹੋ ਸਕਦੀ ਹੈ। ਮਿਸਾਲ ਵਜੋਂ ਕਿਸੇ ਕੰਪਨੀ ਨੇ ਚਾਕੂ ਬੜਾ ਚੰਗਾ ਬਣਾ ਦਿੱਤਾ, ਅੱਗੋਂ ਉਸ ਦੀ ਵਰਤੋਂ ਸਬਜ਼ੀ ਕੱਟਣ ਲਈ ਵੀ ਕੀਤੀ ਜਾ ਸਕਦੀ ਹੈ ਤੇ ਕਿਸੇ ਸਾਊ ਵਿਅਕਤੀ ਦੀ ਧੌਣ ਵੱਢਣ ਵਾਸਤੇ ਵੀ ਕੀਤੀ ਜਾਣ ਤੋਂ ਰੋਕੀ ਨਹੀਂ ਜਾ ਸਕਦੀ। ਇਸ ਲਈ ਇਹ ਗੱਲ ਅਰਥ ਘੱਟ ਰੱਖਦੀ ਹੈ ਕਿ ਨਿਯਮ ਕੀ ਹਨ, ਸਗੋਂ ਅਰਥ ਵੱਡਾ ਇਹੀ ਹੈ ਕਿ ਉਸ ਨੂੰ ਜਿਸ ਕਿਸੇ ਲੀਡਰ ਨੇ ਵਰਤਣਾ ਹੋਵੇਗਾ, ਉਹ ਆਪਣੀ ਨੀਤੀ ਮੁਤਾਬਕ ਚਾਬੀਆਂ ਘੁਮਾ ਸਕਦਾ ਹੈ।

ਭਾਰਤ ਦਾ ਲੋਕਤੰਤਰ ਵੀ ਏਸੇ ਜਿੱਲ੍ਹਣ ਵਿਚ ਫਸਿਆ ਪਿਆ ਹੈ। ਇਸ ਦੇ ਨਿਯਮ ਬਣਾਉਣ ਵਾਲੇ ਮੁੱਢਲੇ ਲੀਡਰ ਤਾਂ ਗਲਤ ਨਹੀਂ ਸਨ, ਪਰ ਇਸ ਦੀ ਦੁਰਵਰਤੋਂ ਵਾਲੇ ਰਾਹ ਏਨੇ ਹਨ ਕਿ ਮੌਕੇ ਦੇ ਮਾਲਕ ਦੀ ਮਰਜ਼ੀ ਚੱਲਣ ਤੋਂ ਰੋਕਣੀ ਸੰਭਵ ਨਹੀਂ। ਦੇਸ਼ ਦੀ ਵਾਗ ਕਿਸੇ ਡਾਕਟਰ ਮਨਮੋਹਨ ਸਿੰਘ ਵਰਗੇ ਆਗੂ ਦੇ ਹੱਥ ਹੋਵੇ ਤਾਂ ਕਲਰਕ ਵੀ ਉਸ ਦਾ ਕਿਹਾ ਨਹੀਂ ਮੰਨਦੇ, ਪਰ ਨਰਿੰਦਰ ਮੋਦੀ ਵਰਗੇ ਆਗੂ ਹੱਥ ਹੋਵੇ ਤਾਂ ਵੱਡੇ ਤੋਂ ਵੱਡਾ ਬਾਬੂ ਅਤੇ ਹਰ ਛੋਟੀ-ਵੱਡੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੇ ਅਫਸਰ ਉਸ ਦੀ ਫਰਮਾ-ਬਰਦਾਰੀ ਲਈ ਤੀਬਰ ਰਹਿੰਦੇ ਹਨ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਮੌਕੇ ਦੇ ਮਾਲਕ ਦਾ ਕਿਹਾ ਨਾ ਮੰਨਿਆ ਤਾਂ ਰਾਜਧਾਨੀ ਦਿੱਲੀ ਵਿਚ ਟੌਹਰ ਵਾਲੀ ਅਫਸਰੀ ਕਰਦਿਆਂ ਨੂੰ ਅਰੁਣਾਚਲ ਪ੍ਰਦੇਸ਼, ਮਿਜ਼ੋਰਮ ਜਾਂ ਜੰਮੂ-ਕਸ਼ਮੀਰ ਦੇ ਕਿਸੇ ਖਤਰੇ ਵਾਲੇ ਇਲਾਕੇ ਵਿਚ ਰਾਤੋ-ਰਾਤ ਘੱਲਿਆ ਜਾ ਸਕਦਾ ਹੈ। ਇਸ ਬਦਲੀ ਦਾ ਡਰ ਉਨ੍ਹਾਂ ਨੂੰ ਕੇਂਦਰ ਸਰਕਾਰ ਦੀ ਜੀ-ਹਜ਼ੂਰੀ ਕਰਨਾ ਸਿਖਾਉਂਦਾ ਹੈ, ਕਿਉਂਕਿ ਦਿੱਲੀ ਸਣੇ ਕਈ ਰਾਜਾਂ ਦੇ ਸਾਂਝੇ ਕੇਡਰ ਦੇ ਅਫਸਰਾਂ ਦੀਆਂ ਨਿਯੁਕਤੀਆਂ ਕੇਂਦਰ ਸਰਕਾਰ ਨੇ ਕਰਨੀਆਂ ਹੁੰਦੀਆਂ ਹਨ। ਰਾਜਧਾਨੀ ਦਿੱਲੀ ਦੀ ਸਰਕਾਰ ਦੇ ਕੋਲ ਆਪਣੇ ਅਫਸਰਾਂ ਦੀ ਬਦਲੀ ਦਾ ਅਧਿਕਾਰ ਵੀ ਨਹੀਂ, ਓਥੇ ਵੀ ਇਹ ਅਧਿਕਾਰ ਕੇਂਦਰ ਸਰਕਾਰ ਕੋਲ ਹੈ।

ਕਿਹਾ ਜਾ ਸਕਦਾ ਹੈ ਕਿ ਦਿੱਲੀ ਪੂਰਾ ਰਾਜ ਨਹੀਂ, ਪਰ ਪੰਜਾਬ ਵਰਗੇ ਪੂਰੇ ਰਾਜਾਂ ਦੇ ਪ੍ਰਸ਼ਾਸਨ ਦੇ ਅਧਿਕਾਰੀਆਂ, ਆਈ ਏ ਐੱਸ ਅਫਸਰਾਂ, ਉੱਤੇ ਤਾਂ ਕੇਂਦਰ ਦਾ ਕੋਈ ਦਾਬਾ ਨਹੀਂ ਹੋਣਾ, ਇਹ ਪੰਜਾਬ ਸਰਕਾਰ ਦੀ ਮਰਜ਼ੀ ਨਾਲ ਚੱਲਦੇ ਹੋਣਗੇ, ਪਰ ਇਹ ਵੀ ਗੱਲ ਪੂਰੀ ਸੱਚ ਨਹੀਂ। ਕੋਈ ਆਈ ਏ ਐੱਸ ਅਫਸਰ ਪੰਜਾਬ ਸਰਕਾਰ ਦੀ ਸੋਚ ਮੁਤਾਬਕ ਚੱਲਣ ਦੀ ਥਾਂ ਅੜਿੱਕੇ ਪਾਉਣ ਲੱਗ ਜਾਵੇ ਜਾਂ ਨੰਗਾ-ਚਿੱਟਾ ਕੋਈ ਪੁੱਠੇ ਕੰਮ ਕਰੀ ਜਾਵੇ, ਰਾਜ ਸਰਕਾਰ ਉਸ ਦੇ ਖਿਲਾਫ ਕੇਸ ਬਣਾਵੇਗੀ ਤਾਂ ਗ੍ਰਿਫਤਾਰੀ ਬੇਸ਼ੱਕ ਹੋ ਸਕਦੀ ਹੈ, ਅੱਗੋਂ ਕੇਸ ਅਦਾਲਤ ਵਿਚ ਚਲਾਉਣਾ ਹੈ ਜਾਂ ਨਹੀਂ ਚਲਾਉਣਾ, ਇਸ ਦੀ ਮਨਜ਼ੂਰੀ ਕੇਂਦਰ ਸਰਕਾਰ ਤੋਂ ਲੈਣੀ ਪਵੇਗੀ। ਕਈ ਕੇਸ ਅਦਾਲਤਾਂ ਵਿਚ ਜਾ ਕੇ ਇਸੇ ਕਾਰਨ ਸਿਰੇ ਨਹੀਂ ਚੜ੍ਹ ਸਕੇ ਕਿ ਕੇਂਦਰ ਸਰਕਾਰ ਨੇ ਮਨਜ਼ੂਰੀ ਨਹੀਂ ਸੀ ਦਿੱਤੀ, ਇਸ ਲਈ ਜਿਸ ਕਿਸੇ ਅਫਸਰ ਦੀ ਕੇਂਦਰ ਦੇ ਹਾਕਮਾਂ ਨਾਲ ਅੱਖ ਮਿਲੀ ਹੋਵੇ, ਉਹ ਰਾਜ ਸਰਕਾਰ ਨੂੰ ਟਿੱਚ ਜਾਣਦਾ ਹੈ। ਅੰਗਰੇਜ਼ਾਂ ਵੇਲੇ ਆਈ ਸੀ ਐੱਸ ਨਾਂਅ ਦੀ ਇਹ ਸਰਵਿਸ ਬਾਅਦ ਵਿਚ ਆਈ ਏ ਐੱਸ (ਇੰਡੀਅਨ ਐਡਮਨਿਸਟਰੇਟਿਵ ਸਰਵਿਸ) ਬੇਸ਼ਕ ਬਣ ਗਈ, ਮਕਸਦ ਇਸ ਦਾ ਅੰਗਰੇਜ਼ੀ ਰਾਜ ਵਾਲਾ ਹੀ ਰਿਹਾ ਕਿ ਇਸ ਸਰਵਿਸ ਦੇ ਅਫਸਰ ਓਦੋਂ ਲੰਡਨ ਦੇ ਅਤੇ ਆਜ਼ਾਦੀ ਪਿੱਛੋਂ ਦਿੱਲੀ ਦੇ ਇਸ਼ਾਰੇ ਮੁਤਾਬਕ ਚੱਲਣੇ ਹਨ, ਜਿਹੜਾ ਕੇਂਦਰ ਦੇ ਮੁਤਾਬਕ ਨਾ ਚੱਲਿਆ, ਉਸ ਲਈ ਮੁਸ਼ਕਲ ਹੋਵੇਗੀ। ਸਮੁੰਦਰ ਵਿਚ ਰਹਿ ਕੇ ਦਿਨ ਕੱਟਣ ਲਈ ਕਿਸ ਦੇ ਇਸ਼ਾਰੇ ਉੱਤੇ ਚੱਲਣਾ ਹੈ, ਇਹ ਗੱਲ ਅਫਸਰ ਜਾਣਦੇ ਹਨ ਤੇ ਰਾਜ ਸਰਕਾਰ ਦੇ ਜ਼ਿਆਦਾ ਮਾਨਸਿਕ ਭਾਈਵਾਲ ਨਾ ਹੋਣ ਤਾਂ ਇਹ ਅਫਸਰ ਕੇਂਦਰ ਸਰਕਾਰ ਦੇ ਖਿਲਾਫ ਚੱਲਣ ਦੀ ਹਿੰਮਤ ਨਹੀਂ ਕਰ ਸਕਦੇ। ਪੱਛਮੀ ਬੰਗਾਲ ਅਤੇ ਦਿੱਲੀ ਦੇ ਜਿਹੜੇ ਅਫਸਰਾਂ ਨੇ ਏਦਾਂ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਦਾ ਹਸ਼ਰ ਸਾਰਿਆਂ ਨੂੰ ਪਤਾ ਹੈ।

ਅਗਲੀ ਗੱਲ ਇਹ ਕਿ ਅੰਗਰੇਜ਼ਾਂ ਵੱਲੋਂ ਬਣਾਈ ਗਵਰਨਰ ਦੀ ਪਦਵੀ ਰਾਜ ਸਰਕਾਰਾਂ ਦੇ ਸਿਰ ਉੱਤੇ ਕੇਂਦਰ ਦੇ ਹਾਕਮਾਂ ਦਾ ਉਹ ਲੋਹੇ ਦਾ ਕੁੰਡਾ ਹੈ, ਜਿਹੜਾ ਹਾਥੀ ਨੂੰ ਕਾਬੂ ਵਿਚ ਰੱਖਣ ਲਈ ਉਸ ਦੀ ਧੌਣ ਉੱਤੇ ਬੈਠੇ ਹੋਏ ਮਹਾਵਤ ਕੋਲ ਹੁੰਦਾ ਹੈ। ਜਿਹੜੇ ਆਗੂ ਨੂੰ ਸਿਰਫ ਸ਼ਾਨ ਨਾਲ ਬਜ਼ੁਰਗੀ ਹੰਢਾਉਣ ਅਤੇ ਐਸ਼ ਕਰਨ ਦਾ ਮੌਕਾ ਦੇਣਾ ਹੈ, ਉਸ ਨੂੰ ਕੇਂਦਰ ਵਿਚ ਰਾਜ ਕਰਦੀ ਪਾਰਟੀ ਉਸ ਰਾਜ ਦਾ ਗਵਰਨਰ ਲਾਉਂਦੀ ਹੈ, ਜਿੱਥੇ ਆਪਣੀ ਪਾਰਟੀ ਦਾ ਰਾਜ ਹੋਵੇ ਤੇ ਕਹਿ ਦੇਂਦੀ ਹੈ ਕਿ ਕੰਮ ਵਿਚ ਦਖਲ ਨਹੀਂ ਦੇਣਾ, ਓਦਾਂ ਐਸ਼ ਕਰੀ ਜਾਵੀਂ। ਜਿਸ ਰਾਜ ਵਿਚ ਕਿਸੇ ਹੋਰ ਪਾਰਟੀ ਦੀ ਸਰਕਾਰ ਹੋਵੇ ਤੇ ਕੇਂਦਰ ਸਰਕਾਰ ਉਸ ਦੀ ਨਕੇਲ ਕੱਸ ਕੇ ਰੱਖਣੀ ਚਾਹੁੰਦੀ ਹੈ, ਉਸ ਦਾ ਗਵਰਨਰ ਇਹੋ ਜਿਹਾ ਬਣਾਇਆ ਜਾਂਦਾ ਹੈ ਕਿ ਹਰ ਮਾਮਲੇ ਵਿਚ ਲੱਤ ਅੜਾਉਣ ਦੇ ਰਾਹ ਲੱਭ ਸਕਦਾ ਹੋਵੇ। ਪੱਛਮੀ ਬੰਗਾਲ ਵਿਚ ਲਾਇਆ ਜਗਦੀਪ ਧਨਖੜ ਇਹੋ ਕੰਮ ਕਰਦਾ ਸੀ ਅਤੇ ਏਸੇ ਕਾਰਗੁਜ਼ਾਰੀ ਨੇ ਉਸ ਨੂੰ ਤਰੱਕੀ ਦਿਵਾ ਦਿੱਤੀ ਹੈ, ਜਿਸ ਤੋਂ ਕਈ ਹੋਰ ਗਵਰਨਰ ਇਹ ਅਕਲ ਸਿੱਖ ਕੇ ਸੰਬੰਧਤ ਰਾਜਾਂ ਵਿਚ ਕੇਂਦਰ ਨਾਲ ਵਿਰੋਧ ਰੱਖਦੀ ਸਰਕਾਰ ਨਾਲ ਤਲਖੀ ਵਧਾਉਣ ਦਾ ਕੰਮ ਕਰ ਸਕਦੇ ਹਨ। ਪੰਜਾਬ ਵਿਚ ਅਜੇ ਇਹੋ ਜਿਹੇ ਹਾਲਾਤ ਨਹੀਂ, ਪਰ ਭਲਕ ਨੂੰ ਬਣ ਸਕਦੇ ਹਨ। ਸੰਵਿਧਾਨ ਵਿਚ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਜਦੋਂ ਗਵਰਨਰ ਇਹ ਰਿਪੋਰਟ ਕਰ ਦੇਵੇ ਕਿ ਹਾਲਾਤ ਰਾਜ ਸਰਕਾਰ ਦੇ ਵੱਸ ਦੇ ਨਹੀਂ, ਕੇਂਦਰੀ ਸਰਕਾਰ ਉਸ ਰਾਜ ਦੀ ਸਰਕਾਰ ਤੋੜ ਕੇ ਗਵਰਨਰ ਦੇ ਹੱਥ ਕਮਾਨ ਦੇ ਸਕਦੀ ਹੈ। ਕਿਸੇ ਭਲੇ ਸਮੇਂ ਇਹ ਪ੍ਰਬੰਧ ਦੇਸ਼ ਦੀ ਸਾਂਝੀ ਭਲਾਈ ਦਾ ਖਿਆਲ ਰੱਖ ਕੇ ਕੀਤਾ ਹੋਵੇਗਾ, ਪਰ ਇਸ ਦੀ ਦੁਰਵਰਤੋਂ ਇੰਦਰਾ ਗਾਂਧੀ ਨੇ ਸਭ ਤੋਂ ਪਹਿਲਾਂ ਕਾਂਗਰਸ ਨਾਲ ਵਿਰੋਧ ਵਾਲੀ ਕੇਰਲਾ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਤੁੜਵਾ ਕੇ ਕੀਤੀ ਸੀ, ਜਦੋਂ ਉਸ ਦਾ ਬਾਪ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਸੀ ਤੇ ਇੰਦਰਾ ਗਾਂਧੀ ਹਾਲੇ ਪਾਰਟੀ ਪ੍ਰਧਾਨ ਸੀ। ਇਸ ਪਿੱਛੋਂ ਭਾਰਤ ਦੇ ਕਈ ਰਾਜਾਂ ਵਿਚ ਇਸ ਗਵਰਨਰੀ ਅਹੁਦੇ ਦੀ ਦੁਰਵਰਤੋਂ ਕਰ ਕੇ ਕਈ ਸਰਕਾਰਾਂ ਤੋੜੀਆਂ ਗਈਆਂ ਸਨ ਤੇ ਕਈਆਂ ਬਾਰੇ ਅੱਜ ਕੱਲ੍ਹ ਵੀ ਹਰ ਵਕਤ ਚਰਚਾ ਹੁੰਦੀ ਰਹਿੰਦੀ ਹੈ ਕਿ ਉਨ੍ਹਾਂ ਦਾ ਝਟਕਾ ਕਿਸੇ ਵਕਤ ਵੀ ਕੀਤਾ ਜਾ ਸਕਦਾ ਹੈ। ਇਹ ਦਬਕਾ ਰਾਜਾਂ ਦੀਆਂ ਸਰਕਾਰਾਂ ਨੂੰ ਆਪਣੀ ਮਰਜ਼ੀ ਜਾਂ ਸੋਚ ਮੁਤਾਬਕ ਲੋਕਾਂ ਦੇ ਕੰਮ ਕਰਨ ਤੋਂ ਰੋਕਦਾ ਤੇ ਲੋਕਤੰਤਰ ਦੇ ਰਾਹ ਦਾ ਅੜਿੱਕਾ ਬਣਦਾ ਹੈ।

ਏਹੀ ਨਹੀਂ ਕਿ ਅੰਗਰੇਜ਼ ਰਾਜ ਦੌਰਾਨ ਸਰਕਾਰਾਂ ਦੇ ਸਿਰ ਉੱਤੇ ਕੋਈ ਕੁੰਡਾ ਲਟਕਦਾ ਰੱਖਣ ਲਈ ਕੇਂਦਰ ਵਿਚ ਬੈਠਾ ਵਾਇਸਰਾਏ ਜਾਂ ਗਵਰਨਰ ਜਨਰਲ ਰਾਜਾਂ ਦੇ ਗਵਰਨਰਾਂ ਦੀ ਵਰਤੋਂ ਕਰਦਾ ਸੀ, ਸਗੋਂ ਇਹ ਵੀ ਹੈ ਕਿ ਗਵਰਨਰਾਂ ਦੇ ਏਨੇ ਅਧਿਕਾਰ ਸਨ, ਜਿਵੇਂ ਉਹ ਰਾਜੇ ਹੁੰਦੇ ਸਨ। ਸਭ ਤੋਂ ਵੱਡੀ ਖੁੱਲ੍ਹ ਗਵਰਨਰ ਲਈ ਇਹ ਸੀ ਅਤੇ ਅੱਜ ਤੱਕ ਇਹ ਖੁੱਲ੍ਹ ਕਾਇਮ ਹੈ ਕਿ ਗਵਰਨਰ ਦੀ ਪਦਵੀ ਉੱਤੇ ਹੁੰਦਿਆਂ ਉਨ੍ਹਾਂ ਉੱਤੇ ਕੋਈ ਕੇਸ ਨਹੀਂ ਚੱਲ ਸਕਦਾ। ਇਸ ਖੁੱਲ੍ਹ ਦੀ ਵਰਤੋਂ ਨਹੀਂ, ਬਹੁਤ ਸਾਰੇ ਗਵਰਨਰ ਦੁਰਵਰਤੋਂ ਕਰਦੇ ਹਨ। ਦੁਨੀਆ ਭਰ ਦੇ ਦੇਸ਼ਾਂ ਵਿਚ ਰਿਵਾਜ ਹੈ ਕਿ ਦੇਸ਼ ਦੇ ਰਾਜੇ ਜਾਂ ਸੰਵਿਧਾਨਕ ਮੁਖੀ ਵਿਰੁੱਧ ਮੁਕੱਦਮਾ ਨਹੀਂ ਚੱਲ ਸਕਦਾ, ਪਰ ਕਈ ਦੇਸ਼ਾਂ ਵਿਚ ਇਹ ਕਾਨੂੰਨ ਹੁੰਦਿਆਂ ਤੋਂ ਵੀ ਇਸ ਤਰ੍ਹਾਂ ਦੇ ਕੇਸ ਚੱਲੇ ਹਨ ਅਤੇ ਵੱਡੇ ਹਾਕਮਾਂ ਨੂੰ ਸਜ਼ਾਵਾਂ ਹੋਈਆਂ ਹਨ। ਦੱਖਣੀ ਕੋਰੀਆ ਵਿਚ ਪੰਜ ਕੁ ਸਾਲ ਪਹਿਲਾਂ ਓਥੋਂ ਦੀ ਪਹਿਲੀ ਵਾਰੀ ਰਾਸ਼ਟਰਪਤੀ ਅਹੁਦੇ ਤੱਕ ਪਹੁੰਚਣ ਵਾਲੀ ਔਰਤ ਆਗੂ ਪਾਰਕ ਗੁਏਨ ਹੂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕੇਸ ਚਲਾ ਕੇ ਅਹੁਦੇ ਤੋਂ ਲਾਹਿਆ ਅਤੇ ਸਜ਼ਾ ਭੁਗਤਣ ਲਈ ਜੇਲ੍ਹ ਭੇਜ ਦਿੱਤਾ ਗਿਆ ਸੀ। ਭਾਰਤ ਵਿਚ ਇਸ ਤੋਂ ਉਲਟ ਮਿਸਾਲ ਹੈ ਕਿ ਕਈ ਦੋਸ਼ਾਂ ਦੇ ਬਾਵਜੂਦ ਇੱਕ ਬੀਬੀ ਇੱਕ ਰਾਜ ਦੀ ਗਵਰਨਰ ਬਣਾਈ ਗਈ ਅਤੇ ਫਿਰ ਉਸ ਨੂੰ ਰਾਸ਼ਟਰਪਤੀ ਬਣਨ ਦਾ ਮੌਕਾ ਵੀ ਮਿਲ ਗਿਆ ਸੀ। ਉਹ ਏਦਾਂ ਦੀ ਇਕੱਲੀ ਨਹੀਂ, ਹੋਰ ਵੀ ਕਈ ਗਵਰਨਰਾਂ ਦੇ ਖ਼ਿਲਾਫ ਦੋਸ਼ ਲੱਗਦੇ ਰਹੇ, ਪਰ ਬਹੁਤਾ ਕਰ ਕੇ ਕੇਸ ਨਹੀਂ ਸਨ ਚੱਲੇ। ਇਸ ਤਰ੍ਹਾਂ ਰਾਜਾਂ ਵਿਚ ਗਵਰਨਰ ਰਾਜਿਆਂ ਦੇ ਬਰਾਬਰ ਅਧਿਕਾਰਾਂ ਨਾਲ ਸਿਰਫ ਐਸ਼ ਨਹੀਂ ਕਰਦੇ, ਰਾਜ ਸਰਕਾਰ ਨੂੰ ਆਪਣੀ ਮਰਜ਼ੀ ਮਨਾਉਣ ਲਈ ਦਬਕਾਉਣ ਦੀ ਹੱਦ ਤੱਕ ਵੀ ਕਈ ਵਾਰੀ ਚਲੇ ਜਾਂਦੇ ਹਨ। ਫਿਰ ਲੋਕਤੰਤਰ ਵਿਚ ਲੋਕਾਂ ਦੀ ਚੁਣੀ ਸਰਕਾਰ ਲੋਕਾਂ ਦੀ ਨਹੀਂ ਰਹਿੰਦੀ।

ਲੋਕਤੰਤਰ ਦਾ ਅਰਥ ਅਸੀਂ ਇਹ ਸੁਣਦੇ ਹਾਂ ਕਿ ਇਹ ਲੋਕਾਂ ਵੱਲੋਂ ਚੁਣੇ ਲੋਕਾਂ ਰਾਹੀਂ ਆਮ ਲੋਕਾਂ ਦੇ ਭਲੇ ਵਾਸਤੇ ਚੱਲਦਾ ਸਿਸਟਮ ਹੁੰਦਾ ਹੈ। ਜਦੋਂ ਇੱਕ ਭਾਰੂ ਧਿਰ ਦੇਸ਼ ਦੀ ਕਮਾਨ ਸੰਭਾਲ ਕੇ ਬਾਕੀ ਸਾਰੇ ਦੇਸ਼ ਵਿਚ ਆਪਣੀ ਸੋਚ ਦੇ ਮੁਤਾਬਕ ਰਾਜ ਕਰਨ ਵਾਲੀਆਂ ਸਰਕਾਰਾਂ ਬਣਾਉਣ ਦੀ ਇੱਛਾ ਲਾਗੂ ਕਰਨ ਠਿੱਲ੍ਹ ਪਵੇ ਅਤੇ ਉਸਦੇ ਲਾਏ ਗਵਰਨਰ ਤੇ ਉਸ ਦੀ ਅਧੀਨਗੀ ਦੇ ਡਿਸਿਪਲਿਨ ਵਾਲੇ ਆਈ ਏ ਐੱਸ ਅਤੇ ਹੋਰ ਏਦਾਂ ਦੇ ਅਫਸਰ ਉਸ ਤੋਂ ਤ੍ਰਹਿਕਦੇ ਹੋਣ, ਤਾਂ ਇਹ ਅਸਲੀ ਅਰਥਾਂ ਵਾਲਾ ਲੋਕਤੰਤਰ ਨਹੀਂ ਰਹਿੰਦਾ। ਭਾਰਤ ਵਿਚ ਏਦਾਂ ਦੀ ਸੋਚ ਪਹਿਲਾਂ ਸਰਦਾਰ ਪਟੇਲ ਤੇ ਇੰਦਰਾ ਗਾਂਧੀ ਵਰਗਿਆਂ ਦੇ ਵਿਹਾਰ ਤੋਂ ਝਲਕੀ ਸੀ, ਬਾਅਦ ਵਿਚ ਕਈ ਹੋਰ ਏਦਾਂ ਦੇ ਹਾਕਮ ਵੀ ਆਉਂਦੇ-ਜਾਂਦੇ ਰਹੇ, ਪਰ ਇਸ ਸੋਚ ਨਾਲ ਵਿਰੋਧ ਦੀਆਂ ਚੋਖੀਆਂ ਸੁਰਾਂ ਦੇ ਬਾਵਜੂਦ ਇਸ ਨੂੰ ਵਿਹਾਰ ਠੱਲ੍ਹ ਕਦੀ ਨਹੀਂ ਪਈ। ਇਸ ਵਕਤ ਫਿਰ ਇਹ ਮੁੱਦਾ ਨਵੇਂ ਸਿਰੇ ਤੋਂ ਬਹਿਸ ਦਾ ਵਿਸ਼ਾ ਬਣਦਾ ਜਾਪਦਾ ਹੈ, ਪਰ ਜਿੰਨਾ ਪਾਣੀ ਪੁਲ਼ਾਂ ਹੇਠੋਂ ਲੰਘ ਚੁੱਕਾ ਹੈ, ਉਸ ਨਾਲ ਪੈਦਾ ਹੋਈ ਸਥਿਤੀ ਵਿਚ ਲੋਕਤੰਤਰ ਦੇ ਨਾਂਅ ਉੱਤੇ ਹੁੰਦੇ ਇਸ ਗੈਰ-ਲੋਕਤੰਤਰੀ ਵਿਹਾਰ ਨੂੰ ਅੜਿੱਕਾ ਲੱਗਣ ਦੀ ਆਸ ਦਿਨੋ-ਦਿਨ ਮੱਧਮ ਪੈਂਦੀ ਜਾਪਣ ਲੱਗ ਪਈ ਹੈ। ਲੋਕਤੰਤਰ ਨਾਂਅ ਦਾ ਪ੍ਰਬੰਧ ਭਾਰਤ ਵਿਚ ਚਲਾਉਣ ਲਈ ਜਿਨ੍ਹਾਂ ਆਗੂਆਂ ਨੇ ਘਾਲਣਾ ਘਾਲੀ ਸੀ, ਉਨ੍ਹਾਂ ਦੀ ਨੀਤ ਠੀਕ ਸੀ ਤੇ ਸ਼ਲਾਘਾਯੋਗ ਸੀ, ਪਰ ਚੰਗੀ ਨੀਤ ਨਾਲ ਸਿਰਜੇ ਪ੍ਰਬੰਧ ਦੀ ਵਰਤੋਂ ਕਿਹੜੇ ਲੋਕਾਂ ਨੇ ਕਿਸ ਤਰ੍ਹਾਂ ਕਰਨੀ ਹੈ, ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਸੀ। ਅਜੋਕੇ ਭਾਰਤ ਵਿਚ ਕਿਸੇ ਵੀ ਪਾਰਟੀ ਦੇ ਕਿਸੇ ਆਗੂ ਹੱਥ ਦੇਸ਼ ਜਾਂ ਕਿਸੇ ਰਾਜ ਦੀ ਵਾਗ ਦੇ ਦਿੱਤੀ ਜਾਵੇ, ਉਸ ਕੋਲੋਂ ਲੋਕਤੰਤਰੀ ਪ੍ਰਬੰਧ ਨੂੰ ਅਸਲੀ ਅਰਥਾਂ ਵਿਚ ਲਾਗੂ ਕੀਤੇ ਜਾਣ ਦੀ ਗਾਰੰਟੀ ਕਰਨਾ ਮੁਸ਼ਕਲ ਹੁੰਦਾ ਜਾਂਦਾ ਹੈ। ਇਹ ਸਥਿਤੀ ਭਾਰਤ ਦੇ ਭਵਿੱਖ ਲਈ ਸੁਲੱਖਣੀ ਨਹੀਂ।

---

*(ਪਿਛਲੇ ਸਫੇ ਦਾ ਬਾਕੀ)*

ਅਮਰਦਾਸ ਭੀ ਉਸੇ ਕਿਸਮ ਦੇ ਮਾਣ-ਸਨਮਾਨ ਵਾਲਾ ਅਤੇ ਮੰਨਿਆ-ਪ੍ਰਮੰਨਿਆ ਗੁਰੂ ਹੈ। ਇਸ ਦੇ ਮੱਥੇ ਉਤੇ ਭੀ ਉਹੀ ਨੂਰ ਚਮਕ ਰਿਹਾ ਹੈ।

ਗੁਰੂ ਅਮਰਦਾਸ ਨੇ ਭੀ ਆਪਣੇ ਮਨ ਰੂਪ ਨਾਗ ਨੂੰ ਨੇਤ੍ਰੀ ਬਣਾ ਕੇ, ਉੱਚੀ ਸੁਰਤਿ-ਰੂਪ ਸੁਮੇਰ ਪਰਬਤ ਨੂੰ ਮਧਾਣੀ ਬਣਾ ਕੇ ਗੁਰ-ਸ਼ਬਦ ਰੂਪ ਸਮੁੰਦਰ ਨੂੰ ਰਿੜਕਿਆ ਹੈ ਅਤੇ ਉਸ ਵਿਚੋਂ ਰਿੜਕ ਕੇ ਰੱਬੀ ਗੁਣਾਂ ਦੇ ਰੂਪ ਵਿਚ ਚੌਦਾਂ ਰਤਨ ਕੱਢੇ ਹਨ, ਜਿਸ ਨਾਲ ਸੰਸਾਰ ਵਿਚ ਗਿਆਨ ਦਾ ਚਾਨਣ ਵੰਡਿਆ ਹੈ। ਗੁਰੂ ਅਮਰਦਾਸ ਨੇ ਸਹਿਜ-ਅਵਸਥਾ ਦਾ ਘੋੜਾ ਬਣਾ ਕੇ ਉਸ ਉਤੇ ਜਤ ਦੀ ਕਾਠੀ ਪਾਈ ਹੈ ਜੋ ਵਿਕਾਰਾਂ ਨੂੰ ਰੋਕ ਕੇ ਰੱਖਣ ਵਾਲੀ ਸ਼ਕਤੀ ਹੈ। ਸੁੱਚੇ ਕਿਰਦਾਰ ਦਾ ਕਮਾਨ ਕਸਿਆ ਹੈ ਅਤੇ ਕਰਤਾ ਪੁਰਖ ਦੀ ਸਿਫ਼ਤਿ-ਸਾਲਾਹ ਦਾ ਤੀਰ ਫੜਿਆ ਹੈ। ਦੁਨੀਆ ਵਿਕਾਰਾਂ ਦੇ ਘੁੱਪ ਹਨੇਰੇ ਵਿਚ ਗ੍ਰਸਤ ਸੀ ਪ੍ਰੰਤੂ ਗੁਰੂ ਅਮਰਦਾਸ ਰਾਹੀਂ ਗਿਆਨ ਦੀਆਂ ਕਿਰਨਾਂ ਵਾਲਾ ਸੂਰਜ ਚੜ੍ਹ ਪਿਆ; ਜਿਸ ਨੇ ਸੱਤ ਨਾਲ ਹੀ ਖੇਤੀ ਜਮਾਈ ਅਤੇ ਸਤ ਨਾਲ ਹੀ ਉਸ ਦੀ ਰਾਖੀ ਕੀਤੀ। ਗੁਰੂ ਅਮਰਦਾਸ ਦੇ ਲੰਗਰਾਂ ਵਿਚ ਘਿਉ, ਮੈਦਾ ਅਤੇ ਖੰਡ ਵਰਗੇ ਵਧੀਆ ਪਦਾਰਥ ਵਰਤੇ ਜਾਂਦੇ ਹਨ। ਜਿਸ ਮਨੁੱਖ ਨੇ ਆਪਣੇ ਮਨ ਵਿਚ ਗੁਰੂ ਦਾ ਸ਼ਬਦ ਵਸਾ ਲਿਆ ਹੈ ਉਸ ਨੂੰ ਚਹੁੰ ਕੁੰਡਾਂ ਦੀ ਸੋਝੀ ਹੋ ਗਈ ਹੈ। ਗੁਰੂ ਜਿਸ ਉਤੇ ਵੀ ਮਿਹਰ ਦੀ ਨਜ਼ਰ ਕਰਕੇ ਗੁਰੂ ਸ਼ਬਦ ਦੀ ਰਾਹਦਾਰੀ ਬਖ਼ਸ਼ਦਾ ਹੈ ਉਸ ਦਾ ਆਵਾਗਵਨ ਅਰਥਾਤ

ਜਨਮ ਮਰਨ ਦਾ ਚੱਕ੍ਰ ਮੁੱਕ ਜਾਂਦਾ ਹੈ। ਸੱਤੇ ਦਾ ਮੰਨਣਾ ਹੈ ਕਿ ਆਪ ਕਰਤਾ ਪੁਰਖ ਅਵਤਾਰ ਲੈ ਕੇ ਗੁਰੂ ਅਮਰਦਾਸ ਦੇ ਰੂਪ ਵਿਚ ਆਇਆ ਹੈ। ਗੁਰੂ ਅਮਰਦਾਸ ਉਹ ਸੁਮੇਰ ਪਰਬਤ ਹੈ ਜੋ ਵਿਕਾਰਾਂ ਦੇ ਝੱਖੜ ਵਿਚ ਨਹੀਂ ਡੋਲਦਾ, ਅਡੋਲ ਅਤੇ ਅਟੱਲ ਰਹਿੰਦਾ ਹੈ। ਉਹ ਜਾਣੀ-ਜਾਣ ਹੈ ਅਤੇ ਹਰ ਇਕ ਦੇ ਮਨ ਦੀ ਪੀੜ ਨੂੰ ਜਾਣਦਾ ਹੈ। ਸੱਤਾ ਬੇਨਤੀ ਕਰਦਾ ਹੈ ਕਿ ਸੱਚੇ ਪਾਤਿਸ਼ਾਹ ਤੇਰੀ ਸਿਫ਼ਤਿ-ਸਾਲਾਹ ਕਥਨ ਤੋਂ ਬਾਹਰ ਹੈ, ਤੂੰ ਸਮਝ ਵਾਲਾ ਅਤੇ ਆਤਮਕ ਬੁਲੰਦੀਆਂ ਦਾ ਮਾਲਕ ਹੈਂ। ਮੈਨੂੰ ਸੱਤੇ ਨੂੰ ਤੂੰ ਜੋ ਵੀ ਬਖ਼ਸ਼ਿਸ਼ ਕਰੇਂ ਉਹੀ ਚੰਗੀ ਹੈ:

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥
ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥
———
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥6॥

ਗੁਰੂ ਅਮਰਦਾਸ ਜੀ ਗੁਰਗੱਦੀ 'ਤੇ ਗੁਰੂ ਰਾਮਦਾਸ ਨੂੰ ਸਥਾਪਤ ਕਰਦੇ ਹਨ ਅਤੇ ਗੁਰੂ ਗੱਦੀ ਦੇਣ ਦਾ ਪੈਮਾਨਾ ਉਹੀ ਹੈ ਯੋਗਤਾ-ਮੂਲਕ। ਸੱਤਾ ਬਿਆਨ ਕਰਦਾ ਹੈ ਕਿ ਗੁਰੂ ਰਾਮਦਾਸ ਧੰਨ ਹੈ। ਜਿਸ ਕਰਤਾ ਪੁਰਖ ਨੇ ਗੁਰੂ ਰਾਮਦਾਸ ਨੂੰ ਪੈਦਾ ਕੀਤਾ ਉਸੇ ਨੇ ਉਸ ਨੂੰ ਸੁਹਣਾ ਵੀ ਬਣਾਇਆ ਹੈ। ਇਹ ਇੱਕ ਕਰਾਮਾਤ ਹੀ ਹੈ ਜੋ ਪੂਰੀ ਹੋਈ ਕਿ ਸਿਰਜਣਹਾਰ ਵਾਹਿਗੁਰੂ , ਕਰਤਾ ਪੁਰਖ ਨੇ ਆਪਣੇ ਆਪ ਨੂੰ ਗੁਰੂ ਰਾਮਦਾਸ ਵਿਚ ਟਿਕਾਇਆ ਹੈ ਅਰਥਾਤ ਸਿਰਜਣਹਾਰ ਵਾਹਿਗੁਰੂ ਦੀ ਜੋਤਿ ਗੁਰੂ ਰਾਮਦਾਸ ਵਿਚ ਬਿਰਾਜਮਾਨ ਹੈ। ਸਾਰੇ ਸਿੱਖਾਂ ਅਤੇ ਸੰਗਤਾਂ ਨੇ ਗੁਰੂ ਰਾਮਦਾਸ ਨੂੰ ਕਰਤਾ ਪੁਰਖ ਦਾ ਸਰੂਪ ਜਾਣ ਕੇ ਨਮਸਕਾਰ ਕੀਤੀ ਹੈ ਭਾਵ ਉਨ੍ਹਾਂ ਨੂੰ ਅਕਾਲ ਪੁਰਖ ਦਾ ਰੂਪ ਮੰਨ ਕੇ ਗੁਰੂ ਸਵੀਕਾਰ ਕਰ ਲਿਆ ਹੈ ਅਤੇ ਆਪਣਾ ਸਿਰ ਗੁਰੂ ਚਰਨਾਂ ਵਿਚ ਝੁਕਾ ਦਿੱਤਾ ਹੈ। ਸੱਤਾ ਗੁਰੂ ਰਾਮਦਾਸ ਜੀ ਦੀ ਸਿਫ਼ਤਿ-ਸਾਲਾਹ ਕਰਦਾ ਹੈ ਕਿ ਗੁਰੂ ਰਾਮਦਾਸ ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੈਨੂੰ ਤੋਲਿਆ ਨਹੀਂ ਜਾ ਸਕਦਾ, ਤੂੰ ਬੇਅੰਤ ਹੈਂ, ਅਥਾਹ ਸਮੁੰਦਰ ਹੈਂ ਜਿਸ ਦੇ ਆਰਪਾਰ ਦਾ ਅੰਤ ਨਹੀਂ ਪਾਇਆ ਜਾ ਸਕਦਾ। ਜਿਸ ਕਿਸੇ ਨੇ ਵੀ ਪ੍ਰੇਮ ਅਤੇ ਸ਼ਰਧਾ ਨਾਲ ਤੇਰਾ ਹੁਕਮ ਮੰਨਿਆ ਹੈ ਤੂੰ ਉਸ ਨੂੰ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ ਹੈ। ਉਨ੍ਹਾਂ ਦੇ ਅੰਦਰੋਂ ਲੋਭ, ਮੋਹ, ਕਾਮ, ਕ੍ਰੋਧ ਅਤੇ ਹੋਰ ਸਾਰੇ ਵਿਕਾਰ ਤੂੰ ਮਾਰ ਕੇ ਬਾਹਰ ਕੱਢ ਦਿੱਤੇ ਹਨ; ਭਾਵ ਜਿਸ ਪ੍ਰਾਣੀ ਨੇ ਵੀ ਗੁਰੂ ਰਾਮਦਾਸ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਹੈ ਅਤੇ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਨਾਲ ਜੋੜਿਆ ਹੈ, ਉਸ ਦੇ ਅੰਦਰੋਂ ਹਰ ਤਰ੍ਹਾਂ ਦੇ ਵਿਕਾਰ ਖਤਮ ਹੋ ਗਏ ਹਨ। ਸੱਤਾ ਗੁਰੂ ਰਾਮਦਾਸ ਵਿਚ ਆਪਣੀ ਸ਼ਰਧਾ ਪਰਗਟ ਕਰਦਾ ਹੈ ਕਿ ਮੈਂ ਉਸ ਥਾਂ ਤੋਂ ਸਦਕੇ ਜਾਂਦਾ ਹਾਂ ਜਿੱਤੇ ਤੇਰਾ ਵਾਸਾ ਹੈ। ਤੇਰੀ ਸੰਗਤਿ ਸਦੀਵੀ ਕਾਇਮ ਰਹਿਣ ਵਾਲੀ ਹੈ। ਹੇ ਗੁਰੂ ਰਾਮਦਾਸ ਗੁਰੂ ਨਾਨਕ ਵੀ ਤੂੰ ਹੀ ਹੈ, ਲਹਿਣਾ (ਗੁਰੂ ਅੰਗਦ ਦੇਵ) ਵੀ ਤੂੰ ਹੈਂ ਅਤੇ ਗੁਰੂ ਅਮਰਦਾਸ ਵੀ ਤੂੰ ਹੀ ਹੈਂ। ਇਥੇ ਸੱਤੇ ਨੇ ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਰੱਬੀ ਜੋਤਿ ਹੋਣ ਦੇ ਤੱਥ ਦੀ ਪ੍ਰੋੜਤਾ ਕੀਤੀ ਹੈ। ਸੱਤੇ ਦਾ ਮੰਨਣਾ ਹੈ ਕਿ ਜਿਸ ਕਿਸੇ ਨੇ ਵੀ ਗੁਰੂ ਰਾਮਦਾਸ ਦੇ ਦਰਸ਼ਨ-ਦੀਦਾਰੇ ਕੀਤੇ ਹਨ ਉਸ ਦਾ ਮਨ ਸਕੂਨ ਵਿਚ ਹੈ ਅਤੇ ਟਿਕ ਗਿਆ ਹੈ।

ਧੰਨੁ ਧੰਨੁ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
———
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥7॥

ਸੱਤਾ ਆਖਰੀ ਅਤੇ ਅਠਵੀਂ ਪਉੜੀ ਵਿਚ ਬਿਆਨ ਕਰਦਾ ਹੈ ਕਿ ਚਾਰੇ ਗੁਰੂ (ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ) ਆਪਣੇ ਚਹੁੰਆਂ ਜਾਮਿਆਂ ਵਿਚ, ਆਪਣੇ ਆਪਣੇ ਸਮੇਂ ਵਿਚ ਰੋਸ਼ਨ ਹੋਏ ਹਨ ਅਤੇ ਕਰਤਾ ਪੁਰਖ (ਪੰਚਾਇਣ) ਆਪ ਹੀ ਉਨ੍ਹਾਂ ਵਿਚ ਪਰਗਟ ਹੋਇਆ ਹੈ ਅਰਥਾਤ ਗੁਰੂ ਰੱਬ ਦਾ ਹੀ ਸਰੂਪ ਹਨ। ਕਰਤਾ ਪੁਰਖ ਨੇ ਆਪ ਹੀ ਇਸ ਬ੍ਰਹਿਮੰਡ ਜਾਂ ਸ੍ਰਿਸ਼ਟੀ ਨੂੰ ਸਾਜਿਆ ਹੈ, ਆਪਣੇ ਆਪ ਨੂੰ ਇਸ ਵਿਚ ਪਰਗਟ ਕੀਤਾ ਅਤੇ ਆਪ ਹੀ ਗੁਰੂ ਆ ਦਾ ਸਰੂਪ ਹੋ ਕੇ ਇਸ ਦਾ ਆਸਰਾ ਬਣ ਕੇ ਇਸ ਨੂੰ ਟਿਕਾ ਕੇ ਰੱਖਿਆ ਹੈ। ਭਾਵ ਇਸ ਸ੍ਰਿਸ਼ਟੀ ਨੂੰ ਕਰਤਾ ਪੁਰਖ ਨੇ ਆਪ ਹੀ ਆਪਣੇ ਆਪ ਤੋਂ ਪੈਦਾ ਕੀਤਾ ਹੈ ਅਤੇ ਇਸ ਲਈ ਇਹ ਕਰਤਾ ਪੁਰਖ ਦਾ ਹੀ ਪਰਗਟ ਰੂਪ ਹੈ। ਗੁਰੂ ਆਂ ਵਿਚ ਉਸੇ ਕਰਤਾ ਪੁਰਖ ਦੀ ਜੋਤਿ ਵਿਆਪਕ ਹੈ ਅਤੇ ਜੋਤਿ-ਸਰੂਪ ਹੋ ਕੇ ਗੁਰੂ ਸ੍ਰਿਸ਼ਟੀ ਦਾ ਆਸਰਾ ਬਣ ਰਹੇ ਹਨ। ਕਰਤਾ ਪੁਰਖ ਆਪ ਹੀ ਪੱਟੀ ਹੈ, ਆਪ ਹੀ ਕਲਮ ਹੈ ਅਤੇ ਆਪ ਹੀ ਮਨੁੱਖਤਾ ਦੀ ਅਗਵਾਈ ਕਰਨ ਲਈ ਗੁਰੂ -ਰੂਪ ਹੋ ਕੇ ਪੱਟੀ 'ਤੇ ਲਿਖ ਰਿਹਾ ਹੈ। ਇਹ ਸੰਸਾਰ ਆਉਣਾ-ਜਾਣਾ ਹੈ ਅਰਥਾਤ ਸ੍ਰਿਸ਼ਟੀ ਦੇ ਜੀਵ ਪੈਦਾ ਹੋ ਰਹੇ ਹਨ ਅਤੇ ਸੰਸਾਰ ਤੋਂ ਜਾ ਵੀ ਰਹੇ ਹਨ ਪ੍ਰੰਤੂ ਕਰਤਾ ਪੁਰਖ ਆਪਣੀ ਸ੍ਰਿਸ਼ਟੀ ਵਿਚ ਪਰਗਟ ਹੋ ਕੇ ਵੀ ਸਦਾ ਨਵਾਂ-ਨਰੋਆ ਹੈ ਅਰਥਾਤ ਨਿਰੰਜਣ ਅਤੇ ਨਿਰਲੇਪ ਹੈ। ਉਸ ਅਕਾਲ ਪੁਰਖ ਦੇ ਬਖ਼ਸ਼ਿਸ਼ ਕੀਤੇ ਤਖਤ ਦੇ ਉਤੇ ਹੁਣ ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਬਿਰਾਜਮਾਨ ਹਨ ਅਤੇ ਸਤਿਗੁਰੂ ਦਾ ਚੰਦੋਆ ਚਮਕ ਰਿਹਾ ਹੈ। ਭਾਵ ਹੁਣ ਹਰ ਥਾਂ ਗੁਰੂ ਅਰਜਨ ਦੇਵ ਪਾਤਿਸ਼ਾਹ ਦਾ ਤੇਜ-ਪ੍ਰਤਾਪ ਪਸਾਰਾ ਕਰ ਰਿਹਾ ਹੈ। ਸੂਰਜ ਦੇ ਚੜ੍ਹਨ ਤੋਂ ਲੈ ਕੇ ਸੂਰਜ ਦੇ ਛਿਪਣ ਤੱਕ, ਚਾਰੇ ਚੱਕਾਂ ਵਿਚ, ਹਰ ਪਾਸੇ ਗੁਰੂ ਅਰਜਨ ਸਾਹਿਬ ਨੇ ਗਿਆਨ ਦਾ ਚਾਨਣ ਕਰ ਦਿੱਤਾ ਹੈ। ਮਨਮੁਖ, ਆਪਣੇ ਮਨ ਦੇ ਪਿੱਛੇ ਲੱਗ ਕੇ ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਆਗਿਆ ਦਾ ਪਾਲਣ ਨਹੀਂ ਕੀਤਾ, ਗੁਰੂ ਤੋਂ ਬੇਮੁਖ ਹੋ ਕੇ ਚੱਲੇ ਹਨ, ਉਹ ਮਰ ਗਏ ਹਨ, ਆਤਮਕ ਜੀਵਨ ਤੋਂ ਵਿਹੂਣੇ ਹੋ ਕੇ ਜਿਉਂ ਰਹੇ ਹਨ। ਗੁਰੂ ਅਰਜਨ ਦੇਵ ਪਾਤਿਸ਼ਾਹ ਦੀ ਵਡਿਆਈ ਦਿਨ ਦੂਣੀ ਅਤੇ ਰਾਤ ਚੌਗੁਣੀ ਹੋ ਕੇ ਵਧ ਰਹੀ ਹੈ। ਕਰਤਾ ਪੁਰਖ ਨੇ ਗੁਰੂ ਦੇ ਰੂਪ ਵਿਚ ਸੱਚੀ ਸੁਗਾਤ ਦਿੱਤੀ ਹੈ। ਚਾਰੇ ਗੁਰੂ ਆਪਣੇ ਆਪਣੇ ਸਮੇਂ ਵਿਚ ਰੱਬੀ ਜੋਤਿ ਦੇ ਰੂਪ ਵਿਚ ਰੋਸ਼ਨ ਹੋਏ ਅਤੇ ਅਕਾਲ ਪੁਰਖ ਉਨ੍ਹਾਂ ਦੇ ਰੂਪ ਵਿਚ ਪਰਗਟਹੋਇਆ:

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥
ਆਪੀਨ੍ਹੈ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ॥
———
ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥8॥

ਅਸੀਂ ਦੇਖ ਸਕਦੇ ਹਾਂ ਕਿ ਬਲਵੰਡ ਅਤੇ ਸੱਤੇ ਨੇ ਆਪਣੀ ਵਾਰ ਵਿਚ ਸਾਰੇ ਗੁਰੂ ਸਾਹਿਬਾਨ ਵਿਚ ਇਕੋ ਗੁਰੂ ਜੋਤਿ ਅਤੇ ਇੱਕੋ ਗੁਰੂ ਜੁਗਤਿ ਹੋਣ ਦੇ ਸਿਧਾਂਤ, ਅਤੇ ਗੁਰਗੱਦੀ ਦੀ ਚੋਣ ਦਾ ਸਿਧਾਂਤ ਯੋਗਤਾ-ਮੂਲਕ ਹੋਣ ਨੂੰ ਬਾ-ਖ਼ੂਬੀ ਬਿਆਨਿਆ ਹੈ।

# ਨਿਤੀਸ਼, ਭਾਜਪਾ ਅਤੇ ਨਵੀਂ ਸਿਆਸੀ ਸਫਬੰਦੀ

ਆਖਿਰਕਾਰ ਭਾਰਤੀ ਜਨਤਾ ਪਾਰਟੀ ਬਿਹਾਰ ਦੀ ਸੱਤਾ ਤੋਂ ਬਾਹਰ ਹੋ ਗਈ। ਜਿਸ ਪਾਰਟੀ ਦਾ ਸਿਧਾਂਤ ਕਿਸੇ ਵੀ ਸ਼ਰਤ 'ਤੇ ਸੱਤਾ 'ਚ ਆਉਣਾ ਅਤੇ ਬਣੇ ਰਹਿਣਾ ਹੋਵੇ, ਉਸ ਦੀ ਇਸ ਤਰ੍ਹਾਂ ਨਾਲ ਸੱਤਾ 'ਚੋਂ ਵਿਦਾਈ, ਉਸ ਲਈ ਵੱਡਾ ਝਟਕਾ ਹੈ ਪਰ ਇਹ ਬਹੁਤ ਘੱਟ ਲੋਕਾਂ ਨੂੰ ਦਿਖਾਈ ਦੇ ਰਿਹਾ ਹੈ ਕਿ ਇਸ ਝਟਕੇ ਦਾ ਪਿਛੋਕੜ ਉਸੇ ਸਮੇਂ ਤਿਆਰ ਹੋ ਗਿਆ ਸੀ, ਜਦੋਂ ਨਿਤੀਸ਼ ਕੁਮਾਰ ਨੇ ਬਿਹਾਰ 'ਚ ਜਾਤੀ ਗਣਨਾ ਦਾ ਫੈਸਲਾ ਕਰ ਲਿਆ ਸੀ। ਭਾਰਤੀ ਜਨਤਾ ਪਾਰਟੀ ਇਸ ਫੈਸਲੇ ਦੇ ਸਖਤ ਖਿਲਾਫ ਸੀ ਅਤੇ ਨਿਤੀਸ਼ ਕੁਮਾਰ ਬਿਹਾਰ ਦੇ ਲੋਕਾਂ ਨਾਲ ਬਹਾਨੇਬਾਜ਼ੀ ਕਰਦੇ ਹੋਏ ਇਸ ਨੂੰ ਲਗਾਤਾਰ ਟਾਲਣ ਦੀ ਕੋਸ਼ਿਸ਼ ਕਰ ਰਹੇ

ਉਪੇਂਦਰ ਪ੍ਰਸਾਦ

ਸਨ। ਉਦੋਂ ਲਾਲੂ ਯਾਦਵ ਨੇ ਹੀ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਭਾਜਪਾ ਦੇ ਵਿਰੋਧ ਕਾਰਨ ਨਿਤੀਸ਼ ਜਾਤੀ ਗਣਨਾ ਨਹੀਂ ਕਰਵਾ ਰਹੇ। ਲਗਦਾ ਹੈ, ਇਹ ਸੂਚਨਾ ਲਾਲੂ ਯਾਦਵ ਨੂੰ ਖੁਦ ਨਿਤੀਸ਼ ਤੋਂ ਜਾਂ ਨਿਤੀਸ਼ ਨਾਲ ਜੁੜੇ ਕਿਸੇ ਖਾਸ ਵਿਅਕਤੀ ਤੋਂ ਮਿਲੀ ਹੋਵੇਗੀ।

ਬਿਹਾਰ ਵਿਧਾਨ ਸਭਾ ਨੇ ਦੋ ਵਾਰ ਦੇਸ਼ ਭਰ 'ਚ ਜਾਤੀ ਜਨ-ਗਣਨਾ ਕਰਵਾਉਣ ਦੀ ਕੋਸ਼ਿਸ਼ ਲਈ ਵਿਧਾਨ ਸਭਾ 'ਚ ਮਤਾ ਪਾਸ ਕੀਤਾ ਸੀ ਅਤੇ ਉਹ ਵੀ ਸਰਬਸੰਮਤੀ ਨਾਲ। ਭਾਜਪਾ ਨੇ ਵੀ ਉਸ ਪ੍ਰਸਤਾਵ ਦੇ ਪੱਖ 'ਚ ਵੋਟਾਂ ਪਾਈਆਂ ਸਨ ਪਰ ਜਾਤੀ ਜਨ-ਗਣਨਾ ਉਹ ਚਾਹੁੰਦੀ ਨਹੀਂ ਸੀ ਅਤੇ ਸੰਸਦ 'ਚ ਉਸ ਦੀ ਸਰਕਾਰ ਨੇ ਸਾਫ ਤੌਰ 'ਤੇ ਕਿਹਾ ਕਿ ਅਸੀਂ ਜਾਤੀ ਜਨ-ਗਣਨਾ ਨਹੀਂ ਕਰਵਾਵਾਂਗੇ। ਸੁਪਰੀਮ ਕੋਰਟ 'ਚ ਵੀ ਉਸ ਨੇ ਸਾਫ ਕੀਤਾ ਕਿ ਜਾਤੀ ਜਨ-ਗਣਨਾ ਨਹੀਂ ਹੋਵੇਗੀ। ਉਧਰ ਨਿਤੀਸ਼ ਖੁਦ ਬਿਹਾਰ ਦੀ ਸਰਬ ਪਾਰਟੀ ਟੀਮ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਜਾਤੀ ਜਨ-ਗਣਨਾ ਦੀ ਮੰਗ ਲੈ ਕੇ ਪਹੁੰਚੇ। ਉਸ ਟੀਮ 'ਚ ਭਾਜਪਾ ਵੀ ਸ਼ਾਮਿਲ ਸੀ। ਪ੍ਰਧਾਨ ਮੰਤਰੀ ਨੇ ਉਸ ਟੀਮ ਨੂੰ ਵੀ ਕਿਹਾ ਕਿ ਅਸੀਂ ਤਾਂ ਜਾਤੀ ਜਨ-ਗਣਨਾ ਨਹੀਂ ਕਰਵਾਵਾਂਗੇ, ਸੂਬਾ ਸਰਕਾਰ ਚਾਹੇ ਤਾਂ ਖੁਦ ਆਪਣੇ ਸੂਬੇ 'ਚ ਕਰਵਾ ਲਵੇ। ਉਸ ਤੋਂ ਬਾਅਦ ਨਿਤੀਸ਼ ਕੁਮਾਰ ਨੇ ਬਿਹਾਰ 'ਚ ਸੂਬਾ ਸਰਕਾਰ ਵਲੋਂ ਹੀ ਜਾਤੀ ਗਣਨਾ ਕਰਵਾਉਣ ਦਾ ਐਲਾਨ ਕਰ ਦਿੱਤਾ ਪਰ ਸਹਿਯੋਗੀ ਭਾਜਪਾ ਨੇ ਅੜਿੱਕਾ ਪਾ ਦਿੱਤਾ। ਉਸ ਨੇ ਸਾਫ ਮਨ੍ਹਾ ਕਰ ਦਿੱਤਾ ਕਿ ਉਹ ਬਿਹਾਰ 'ਚ ਵੀ ਜਾਤੀ ਗਣਨਾ ਦੀ ਇਜਾਜ਼ਤ ਨਹੀਂ ਦੇਵੇਗੀ। ਉਸ ਦੇ ਸੂਬਾ ਪ੍ਰਧਾਨ ਸੰਜੇ ਜੈਸਵਾਲ ਜੋ ਖੁਦ ਓ.ਬੀ.ਸੀ. ਹਨ, ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜਾਤੀਆਂ ਤਾਂ ਸਿਰਫ ਦੋ ਹੀ ਹਨ ਅਮੀਰ ਅਤੇ ਗਰੀਬ। ਇਸ ਲਈ ਜਾਤੀ ਜਨ-ਗਣਨਾ ਦੀ ਕੋਈ ਜ਼ਰੂਰਤ ਨਹੀਂ। ਭਾਜਪਾ ਦਾ ਕੋਈ ਹੋਰ ਨੇਤਾ ਬੋਲਿਆ ਕਿ ਜਾਤੀ ਗਣਨਾ ਕਰਵਾਉਣ ਦੀ ਜ਼ਰੂਰਤ ਨਹੀਂ, ਇਕ ਤੋਂ ਇਕ ਵੱਡੇ ਕੰਮ ਕਰਵਾਉਣ ਲਈ ਪਏ ਹੋਏ ਹਨ, ਸਰਕਾਰ ਉਹ ਕਰਵਾਏਗੀ।



ਕੁੱਲ ਮਿਲਾ ਕੇ ਨਿਤੀਸ਼ ਕੁਮਾਰ ਦੀ ਸਥਿਤੀ ਅਜੀਬ ਬਣ ਗਈ। ਜਾਤੀ ਗਣਨਾ ਦਾ ਫੈਸਲਾ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਹਿਮਤੀ ਮਿਲਣ ਤੋਂ ਬਾਅਦ ਹੀ ਕੀਤਾ ਸੀ ਅਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਪਾਰਟੀ ਹੀ ਉਨ੍ਹਾਂ ਨੂੰ ਇਹ ਕਰਨ ਤੋਂ ਰੋਕ ਰਹੀ ਸੀ। ਭਾਜਪਾ ਦੇ ਸਾਥੀ ਹੋਣ ਕਾਰਨ ਉਹ ਸਾਫ-ਸਾਫ ਕੁਝ ਬੋਲ ਵੀ ਨਹੀਂ ਸਨ ਸਕਦੇ ਅਤੇ ਉਧਰ ਲਾਲੂ ਯਾਦਵ ਅਤੇ ਉਨ੍ਹਾਂ ਦੀ ਪਾਰਟੀ ਜਾਤੀ ਜਨ-ਗਣਨਾ ਦੇ ਮੁੱਦੇ 'ਤੇ ਲਗਾਤਾਰ ਦਬਾਅ ਬਣਾ ਰਹੀ ਸੀ। ਸਥਿਤੀ ਇਹ ਸੀ ਕਿ ਵਿਧਾਨ ਸਭਾ ਦੇ ਵਿਧਾਇਕਾਂ ਦਾ ਬਹੁਮਤ ਜਾਤੀ ਗਣਨਾ ਚਾਹੁੰਦਾ ਸੀ, ਹਾਲਾਂਕਿ ਉਸ ਬਹੁਮਤ 'ਚੋਂ ਅੱਧੇ ਨਾਲੋਂ ਜ਼ਿਆਦਾ ਹਿੱਸਾ ਵਿਰੋਧੀ ਧਿਰ ਦਾ ਸੀ, ਤੇ ਨਿਤੀਸ਼ ਜਾਤੀ ਗਣਨਾ ਦੀ ਸ਼ੁਰੂਆਤ ਨਹੀਂ ਸਨ ਕਰ ਪਾ ਰਹੇ।

ਉਦੋਂ ਲਗਦਾ ਹੈ ਕਿ ਲਾਲੂ-ਤੇਜਸਵੀ ਨਾਲ ਨਿਤੀਸ਼ ਦੀ ਸਹਿਮਤੀ ਬਣ ਗਈ ਸੀ ਕਿ ਭਾਜਪਾ ਵਿਰੋਧ ਕਰੇ ਤਾਂ ਕਰੇ, ਆਰ.ਜੇ.ਡੀ. ਦੇ ਸਮਰਥਨ ਨਾਲ ਨਿਤੀਸ਼ ਜਾਤੀ ਜਨ-ਗਣਨਾ ਜਾਂ ਗਣਨਾ ਕਰਵਾ ਲਵੇਗਾ ਪਰ ਜੇ ਦੋਵੇਂ ਮਿਲ ਕੇ ਉਸੇ ਹਾਲਤ 'ਚ ਕਰਵਾ ਸਕਦੇ ਹਨ, ਜਦੋਂ ਦੋਵੇਂ ਇਕੱਠੇ ਸਰਕਾਰ ਵਿਚ ਹੋਣ। ਲਾਲੂ ਦੇ ਸਮਰਥਨ ਨਾਲ ਉਤਸ਼ਾਹਿਤ ਹੋ ਕੇ ਹੀ ਨਿਤੀਸ਼ ਕੁਮਾਰ ਨੇ ਜਾਤੀ ਗਣਨਾ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। 'ਅਗਰ-ਮਗਰ' ਕਰਦੇ ਹੋਏ ਭਾਜਪਾ ਵੀ ਉਸ ਫੈਸਲੇ ਦੇ ਨਾਲ ਘਿਸੜ ਰਹੀ ਸੀ ਪਰ ਜਦੋਂ ਭਾਜਪਾ ਨੂੰ ਲੱਗਣ ਲੱਗਾ ਕਿ ਹੁਣ ਤਾਂ ਜਾਤੀਆਂ ਦੀਆਂ ਵੱਖਰੀਆਂ-ਵੱਖਰੀਆਂ ਗਿਣਤੀਆਂ ਨੂੰ ਗਿਣ ਹੀ ਲਿਆ ਜਾਵੇਗਾ ਤਾਂ ਉਨ੍ਹਾਂ ਨੇ ਨਿਤੀਸ਼ ਸਰਕਾਰ ਨੂੰ ਡੇਗਣ ਦੀ ਸਾਜ਼ਿਸ਼ ਰਚਣੀ ਸ਼ੁਰੂ ਕਰ ਦਿੱਤੀ। ਇਕ ਰਣਨੀਤੀ ਤਹਿਤ ਬਿਹਾਰ ਤੋਂ ਸੰਸਦ ਮੈਂਬਰ ਗ੍ਰਹਿ ਰਾਜ ਮੰਤਰੀ ਨਿੱਤਿਆਨੰਦ ਰਾਏ ਜੋ ਖੁਦ ਓ.ਬੀ.ਸੀ. ਹਨ, ਤੋਂ ਸੰਸਦ 'ਚ ਕੇਂਦਰ ਸਰਕਾਰ ਵਲੋਂ ਜਾਤੀ ਜਨ-ਗਣਨਾ ਨਾ ਕਰਵਾਉਣ ਦੇ ਫੈਸਲੇ ਦਾ ਐਲਾਨ ਕਰਵਾਇਆ ਗਿਆ।

ਰਾਮਚੰਦਰ ਪ੍ਰਸਾਦ ਸਿੰਘ ਹੋਰ ਕੋਈ ਨਹੀਂ ਸਗੋਂ ਨਿਤੀਸ਼ ਕੁਮਾਰ ਦੇ ਸਭ ਤੋਂ ਖਾਸ ਰਹੇ ਆਰ.ਸੀ.ਪੀ. ਸਿੰਘ ਹੀ ਸਨ ਜੋ ਜੇ.ਡੀ.ਯੂ. ਦੇ ਮੁਖੀ ਵੀ ਰਹਿ ਚੁੱਕੇ ਸਨ। ਭਾਰਤੀ ਜਨਤਾ ਪਾਰਟੀ ਨੇ ਆਰ.ਸੀ.ਪੀ. ਸਿੰਘ ਦੀ ਵਰਤੋਂ ਕਰਕੇ ਨਿਤੀਸ਼ ਕੁਮਾਰ ਨੂੰ ਹੀ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ। ਇਸ ਰਣਨੀਤੀ ਤਹਿਤ ਜੇ.ਡੀ.ਯੂ. ਦੇ 30 ਤੋਂ 35 ਵਿਧਾਇਕਾਂ ਨੂੰ ਨਿਤੀਸ਼ ਨਾਲੋਂ ਤੋੜਨਾ ਸੀ। ਕਾਂਗਰਸ ਤੇ ਕੁਝ ਹੋਰ ਦਲਾਂ ਤੋਂ ਭਾਜਪਾ ਕੁਝ ਹੋਰ ਵਿਧਾਇਕਾਂ ਨੂੰ ਤੋੜ ਲਿਆਉਂਦੀ। ਫਿਰ ਆਰ.ਸੀ.ਪੀ. ਸਿੰਘ ਨੂੰ ਮੁੱਖ ਮੰਤਰੀ ਬਣਾ ਦਿੱਤਾ ਜਾਂਦਾ। ਉਹ ਜੇ.ਡੀ.ਯੂ. ਦੇ ਹੀ ਮੁੱਖ ਮੰਤਰੀ ਹੁੰਦੇ। ਜੇ.ਡੀ.ਯੂ. ਦੇ ਬਹੁਮਤ ਵਿਧਾਇਕਾਂ ਦੇ ਨੇਤਾ ਹੋਣ ਕਾਰਨ ਨਿਤੀਸ਼ ਦੇ ਘੱਟ ਗਿਣਤੀ ਵਿਧਾਇਕਾਂ 'ਤੇ ਦਲਬਦਲ ਕਾਨੂੰਨ ਤਹਿਤ ਮੈਂਬਰਸ਼ਿਪ ਖਤਮ ਕਰਨ ਦੀ ਤਲਵਾਰ ਲਟਕਾ ਦਿੱਤੀ ਜਾਂਦੀ, ਜਿਵੇਂ ਮਹਾਰਾਸ਼ਟਰ 'ਚ ਊਧਵ ਸਮਰਥਕ ਸ਼ਿਵ ਸੈਨਿਕ ਵਿਧਾਇਕਾਂ 'ਤੇ ਲਟਕ ਰਹੀ ਹੈ।

ਉਂਝ, ਭਾਜਪਾ ਆਰ.ਸੀ.ਪੀ. ਸਿੰਘ ਨੂੰ ਸਮਝਣ 'ਚ ਗਲਤੀ ਕਰ ਗਈ। ਉਹ ਏਕਨਾਥ ਸ਼ਿੰਦੇ ਵਾਂਗ ਜ਼ਮੀਨ ਨਾਲ ਜੁੜੇ ਹੋਏ ਨੇਤਾ ਨਹੀਂ ਹਨ ਜੋ ਟੈਕਸੀ ਡਰਾਈਵਰ ਤੋਂ ਉਠ ਕੇ ਰਾਜਨੀਤੀ 'ਚ ਆਏ ਸਨ। ਸੱਚ ਤਾਂ ਇਹ ਹੈ ਕਿ ਆਰ.ਸੀ.ਪੀ. ਸਿੰਘ ਨੇਤਾ ਹੀ ਨਹੀਂ ਹਨ, ਉਨ੍ਹਾਂ 'ਚ ਜੋ ਕੁਝ ਵੀ ਰਾਜਨੀਤਕ ਚਮਕ ਸੀ, ਉਹ ਨਿਤੀਸ਼ ਦੇ ਨਜ਼ਦੀਕੀ ਦੇ ਕਾਰਨ ਹੀ ਸੀ ਅਤੇ ਇੱਥੇ ਹੀ ਭਾਜਪਾ ਮਾਤ ਖਾ ਗਈ। ਉਸ ਨੂੰ ਲੱਗਾ ਸੀ ਕਿ ਆਰ.ਸੀ.ਪੀ. ਨੂੰ ਮੁੱਖ ਮੰਤਰੀ ਬਣਾ ਦੇਣਗੇ ਅਤੇ ਆਰ.ਸੀ.ਪੀ. ਸਰਕਾਰ ਦਾ ਪਹਿਲਾ ਫੈਸਲਾ ਜਾਤੀ ਗਣਨਾ ਪ੍ਰਕਿਰਿਆ ਨੂੰ ਰੋਕ ਦੇਣਾ ਹੋਵੇਗਾ ਪਰ ਨਿਤੀਸ਼ ਕੁਮਾਰ ਨੇ ਸਭ ਕੁਝ ਆਸਾਨੀ ਨਾਲ ਪਲਟ ਦਿੱਤਾ। ਆਰ.ਸੀ.ਪੀ. ਨੂੰ ਦੁਬਾਰਾ ਰਾਜ ਸਭਾ ਦਾ ਮੈਂਬਰ ਨਹੀਂ ਬਣਾਇਆ ਗਿਆ। ਉਨ੍ਹਾਂ ਨੂੰ ਕੇਂਦਰੀ ਮੰਤਰੀ ਦਾ ਅਹੁਦਾ ਛੱਡਣ ਲਈ ਮਜਬੂਰ ਕਰ ਦਿੱਤਾ।

ਜਦੋਂ ਬਿਹਾਰ ਦੇ ਇਕ ਕਸਬੇ 'ਚ ਉਤਸ਼ਾਹੀ ਲੋਕਾਂ ਨੇ ਨਾਅਰਾ ਲਗਾ ਦਿੱਤਾ ਕਿ 'ਸਾਡਾ ਮੁੱਖ ਮੰਤਰੀ ਕੈਸਾ ਹੋ, ਰਾਮਚੰਦਰ ਬਾਬੂ ਜੈਸਾ ਹੋ' ਤਾਂ ਨਿਤੀਸ਼ ਦੇ ਕੰਨ ਖੜ੍ਹੇ ਹੋ ਗਏ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਦੇ ਭ੍ਰਿਸ਼ਟਾਚਾਰ ਦੀ ਫਾਈਲ ਜਨਤਕ ਕਰ ਦਿੱਤੀ ਗਈ ਜੋ ਨਿਤੀਸ਼ ਕੋਲ ਪਹਿਲਾਂ ਹੀ ਪਈ ਸੀ; ਇਸ ਤੋਂ ਬਾਅਦ ਉਨ੍ਹਾਂ ਤੋਂ ਜਵਾਬ ਤਲਬ ਕੀਤਾ ਗਿਆ ਕਿ ਇਸ ਫਾਈਲ 'ਤੇ ਆਪਣੀ ਸਥਿਤੀ ਸਪੱਸ਼ਟ ਕਰੋ। ਇੱਥੇ ਦਿਲਚਸਪ ਇਹ ਹੈ ਕਿ ਜਦੋਂ ਨਿਤੀਸ਼ ਕੁਮਾਰ ਨੇ ਲਾਲੂ ਦਾ ਸਾਥ 2017 'ਚ ਛੱਡਿਆ ਸੀ, ਉਦੋਂ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਤੇਜਸਵੀ ਨੂੰ ਸਥਿਤੀ ਸਪੱਸ਼ਟ ਕਰਨ ਲਈ ਹੀ ਨਿਤੀਸ਼ ਕੁਮਾਰ ਕਹਿ ਰਹੇ ਸਨ। ਫਿਲਹਾਲ, ਇਸ ਵਾਰ ਰਾਮਚੰਦਰ ਬਾਬੂ ਨੇ ਜੇ.ਡੀ.ਯੂ. ਤੋਂ ਅਸਤੀਫਾ ਦਿੰਦੇ ਹੋਏ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ।

ਬਿਹਾਰ ਦੀ ਜਾਤੀ ਗਣਨਾ ਨੇ ਲਾਲੂ ਅਤੇ ਨਿਤੀਸ਼ ਨੂੰ ਇਕ ਮੰਚ 'ਤੇ ਲਿਆ ਖੜ੍ਹਾ ਕੀਤਾ ਸੀ ਅਤੇ ਇਸ ਦੇ ਕਾਰਨ ਲਾਲੂ ਪਰਿਵਾਰ ਦੇ ਖਿਲਾਫ ਈ.ਡੀ. ਦੀ ਕਾਰਵਾਈ ਤੇਜ਼ ਕਰ ਦਿੱਤੀ ਗਈ ਸੀ, ਜ਼ਾਹਿਰ ਹੈ ਕਿ ਲਾਲੂ ਦੇ ਦਲ ਨੂੰ ਵੀ ਜਲਦ ਤੋਂ ਜਲਦ ਸੱਤਾ ਚਾਹੀਦੀ ਸੀ। ਨਿਤੀਸ਼ ਕੁਮਾਰ ਵੀ ਭਾਜਪਾ ਦੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰ ਸਕਦੇ ਸਨ। ਲਾਲੂ ਅਤੇ ਨਿਤੀਸ਼ ਦੀ ਦੂਰੀ ਬਣੀ ਰਹਿੰਦੀ ਤਾਂ ਕਦੇ ਵੀ ਭਾਜਪਾ ਬਿਹਾਰ ਸਰਕਾਰ ਤੋਂ ਬਾਹਰ ਆ ਕੇ ਰਾਸ਼ਟਰਪਤੀ ਸ਼ਾਸਨ ਲਗਵਾ ਕੇ ਜਾਤੀ ਗਣਨਾ ਰੋਕ ਸਕਦੀ ਸੀ। ਇਸ ਲਈ ਨਿਤੀਸ਼ ਕੁਮਾਰ ਨੇ ਆਰ.ਜੇ.ਡੀ. ਦੇ ਨਾਲ ਸੱਤਾ ਦਾ ਗੱਠਜੋੜ ਵੀ ਕਰ ਲਿਆ। ਹੁਣ ਦੇਖਣਾ ਹੋਵੇਗਾ ਕਿ ਭਾਰਤੀ ਜਨਤਾ ਪਾਰਟੀ ਜੇ.ਡੀ.ਯੂ.-ਆਰ.ਜੇ.ਡੀ. ਗੱਠਜੋੜ ਦੀ ਸਰਕਾਰ ਨੂੰ ਜਾਤੀ ਗਣਨਾ ਕਰਨ ਤੋਂ ਰੋਕਣ ਲਈ ਕਿਸ ਤਿਕੜਮ ਦਾ ਇਸਤੇਮਾਲ ਕਰਦੀ ਹੈ।

# ਭਾਰਤੀ ਜਮਹੂਰੀਅਤ ਅਤੇ ਹਿੰਦੂਤਵ

ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਸਿਆਸੀ ਮਾਹਿਰਾਂ ਦੇ ਮਨਾਂ ਵਿਚ ਸਭ ਤੋਂ ਅਹਿਮ ਸਵਾਲ ਇਸ ਦੀ ਜਮਹੂਰੀਅਤ ਦੇ ਭਵਿੱਖ ਬਾਰੇ ਉੱਠ ਰਹੇ ਹਨ। ਕੀ ਭਾਰਤ ਬਹੁਗਿਣਤੀਵਾਦੀ ਹਕੂਮਤ ਦੇ ਖ਼ਤਰਨਾਕ ਰਾਹ 'ਤੇ ਚੱਲ ਪਿਆ ਹੈ? ਕੀ ਸਿਆਸੀ ਹਿੰਦੂਵਾਦ ਜਾਂ ਹਿੰਦੂਤਵ ਆਗਾਮੀ ਸਮੇਂ ਦੌਰਾਨ ਤਾਨਾਸ਼ਾਹੀ ਦਾ ਸੰਦ ਬਣਨ ਵਾਲਾ ਹੈ? ਬਹੁਤ ਸਾਰੇ ਰਾਜਨੀਤੀ ਸ਼ਾਸਤਰੀਆਂ ਨੇ ਭਾਰਤੀ ਲੋਕਤੰਤਰ ਨੂੰ ਇਕ ਕਿਸਮ ਦੇ ਵਿਰੋਧਾਭਾਸ ਵਜੋਂ ਚਿਤਰਿਆ ਹੈ, ਜਿਵੇਂ ਅਣਐਲਾਨੀ ਐਮਰਜੈਂਸੀ, ਨਸਲੀ ਤਾਨਾਸ਼ਾਹੀ, ਚੋਣ ਆਧਾਰਿਤ ਤਾਨਾਸ਼ਾਹੀ ਜਾਂ ਇੱਥੋਂ ਤੱਕ ਕਿ ਉਹ ਪੂਰੀ ਤਰ੍ਹਾਂ ਫਾਸ਼ੀਵਾਦੀ

ਰਾਜੇਸ਼ ਰਾਮਚੰਦਰਨ

ਇਕ-ਪਾਰਟੀ ਸ਼ਾਸਨ ਵਰਗੇ ਸ਼ਬਦ ਘੜਨ ਲੱਗੇ ਹੋਏ ਹਨ। ਉਂਝ, ਭਾਰਤੀ ਸਥਿਤੀ ਦਾ ਡੂੰਘਾਈ ਨਾਲ ਕੀਤਾ ਗਿਆ ਵਿਸ਼ਲੇਸ਼ਣ, ਇਕ ਨਾਕਾਮ ਸਥਾਪਤੀ ਦੇ ਸੱਤਾ ਤੋਂ ਬੇਦਖ਼ਲ ਹੋ ਚੁੱਕੇ ਕੁਲੀਨ ਵਰਗ ਦੀਆਂ ਅਜਿਹੀਆਂ ਬੌਧਿਕ ਕਲਾਬਾਜ਼ੀਆਂ ਨੂੰ ਝੁਠਲਾਉਂਦਾ ਹੈ।

ਉਤਰ ਵਿਚ ਜੰਮੂ ਕਸ਼ਮੀਰ ਉਤੇ ਕਦੇ ਵੀ ਹਿੰਦੂਤਵ ਦੀ ਹਕੂਮਤ ਨਹੀਂ ਹੋ ਸਕਦੀ, ਜ਼ਾਹਰਾ ਤੌਰ 'ਤੇ ਹਿੰਦੂ ਬਹੁਗਿਣਤੀ ਨਾ ਹੋਣ ਕਾਰਨ। ਪੰਜਾਬ ਵਿਚ 40 ਫ਼ੀਸਦੀ ਹਿੰਦੂ ਆਬਾਦੀ ਦੇ ਬਾਵਜੂਦ ਭਾਜਪਾ ਨੂੰ ਵਿਧਾਨ ਸਭਾ ਦੀਆਂ ਕੁੱਲ 117 ਸੀਟਾਂ ਵਿਚੋਂ ਮਹਿਜ਼ 2 ਸੀਟਾਂ ਅਤੇ 6.6 ਫ਼ੀਸਦੀ ਵੋਟਾਂ ਮਿਲੀਆਂ ਹਨ। ਪੰਜਾਬ ਵਿਚ 'ਆਪ' ਦੀ ਧਮਾਕੇਦਾਰ ਜਿੱਤ ਪਾਰਟੀ ਦੀ ਦਿੱਲੀ ਵਿਚ ਤਿਰੰਗੇ ਵਿਚ ਲਿਪਟੀ ਹੋਈ ਚੰਗੀ ਕਾਰਗੁਜ਼ਾਰੀ ਦਾ ਸਿੱਟਾ ਸੀ ਤੇ ਕੌਮੀ ਰਾਜਧਾਨੀ ਵਿਚ ਭਾਜਪਾ ਦਾ ਹਿੰਦੂਤਵ ਮੁੜ ਨਾਕਾਮ ਹੋ ਗਿਆ ਸੀ। 'ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ' ਰਾਹੀਂ ਅੰਜ ਅਚਾਰ ਤੋਂ ਲੈ ਕੇ ਸਿਆਸਤ ਤੱਕ ਸਭ ਕਾਸੇ ਦਾ ਸਾਧਾਰਨੀਕਰਨ ਕਰ ਦਿੱਤਾ ਜਾਂਦਾ ਹੈ। ਦਿਲਚਸਪ ਗੱਲ ਹੈ ਕਿ ਤਾਮਿਲਨਾਡੂ ਵਿਚ ਭਾਜਪਾ ਦੀ ਹਾਲਤ ਇਸ ਦੀ ਜੰਮੂ ਕਸ਼ਮੀਰ ਵਿਚਲੀ ਸਥਿਤੀ ਤੋਂ ਵੀ ਭੈੜੀ ਹੈ ਅਤੇ ਇਸ ਨੇ 2021 ਵਿਚ ਹਾਕਮ ਪਾਰਟੀ ਨਾਲ ਗੱਠਜੋੜ ਦੇ ਬਾਵਜੂਦ ਤਾਮਿਲਨਾਡੂ ਵਿਚ ਮਹਿਜ਼ ਚਾਰ ਸੀਟਾਂ ਜਿੱਤੀਆਂ। ਅੰਨਾ ਡੀਐੱਮਕੇ ਵਿਚ ਕਾਫ਼ੀ ਆਗੂਆਂ ਦਾ ਖ਼ਿਆਲ ਹੈ ਕਿ ਉਨ੍ਹਾਂ ਦੀ ਪਾਰਟੀ ਦੀਆਂ ਸੀਟਾਂ ਘਟ ਕੇ 66 ਰਹਿ ਜਾਣ ਦਾ ਇਕੋ-ਇਕ ਕਾਰਨ ਭਾਜਪਾ ਨਾਲ ਗੱਠਜੋੜ ਕਰਨਾ ਸੀ। ਉਤਰੀ ਭਾਰਤ ਵਿਚ ਬਹੁਤੇ ਲੋਕ ਨਹੀਂ ਜਾਣਦੇ ਕਿ ਤਾਮਿਲਨਾਡੂ ਪ੍ਰਾਚੀਨ ਹਿੰਦੂ ਮੰਦਰਾਂ ਅਤੇ ਧਾਰਮਿਕ ਕਰਮਾਂ-ਕਾਂਡਾਂ ਵਾਲਾ ਸਥਾਨ ਹੈ, ਇਸ ਲਈ ਮੱਥੇ ਉਤੇ ਧਾਰਮਿਕ ਨਿਸ਼ਾਨ ਲਗਾਉਣ (ਤਿਲਕ ਆਦਿ) ਲਾਉਣ ਵਾਲੇ ਕੱਟੜ ਹਿੰਦੂਆਂ ਨੇ ਵੀ ਡੀ.ਐੱਮ.ਕੇ. ਨੂੰ ਵੋਟ ਦਿੱਤੀ ਹੈ।

ਕਰਨਾਟਕ ਨੂੰ ਛੱਡ ਕੇ ਦੱਖਣੀ ਭਾਰਤ ਵਿਚ ਹੋਰ ਕਿਤੇ ਵੀ ਭਾਜਪਾ ਦੀ ਸਰਕਾਰ ਨਹੀਂ ਹੈ। ਕੇਰਲ ਵਿਧਾਨ ਸਭਾ ਦੀਆਂ 2021 ਦੀਆਂ ਚੋਣਾਂ ਵਿਚ ਇਸ ਨੂੰ ਇਕ ਵੀ ਸੀਟ ਨਹੀਂ ਮਿਲੀ। ਉਥੇ ਖੱਬੇ ਮੋਰਚੇ ਦੀ ਵਿਜਿਅਨ ਸਰਕਾਰ ਮੁੱਖ ਤੌਰ 'ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਵਾਜਬ ਰਵੱਈਏ ਕਾਰਨ ਹੀ ਬਚੀ ਹੋਈ ਹੈ ਕਿਉਂਕਿ ਈ.ਡੀ. ਵੱਲੋਂ ਸੋਨੇ ਦੀ ਸਮਗਲਿੰਗ ਦੇ ਮਾਮਲੇ ਵਿਚ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਪਰਿਵਾਰ ਤੋਂ ਪੁੱਛਗਿੱਛ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਭਗਵਾ ਪਾਰਟੀ ਨੂੰ ਆਂਧਰਾ ਪ੍ਰਦੇਸ਼ ਦੀਆਂ 2019 ਦੀਆਂ ਚੋਣਾਂ ਵਿਚ ਵੀ ਕੋਈ ਸੀਟ ਨਹੀਂ ਮਿਲੀ ਤੇ ਤਿਲੰਗਾਨਾ ਦੀਆਂ 2018 ਦੀਆਂ ਚੋਣਾਂ ਵਿਚ ਇਸ ਨੂੰ ਮਹਿਜ਼ ਇਕ ਸੀਟ ਮਿਲੀ ਜਦੋਂਕਿ ਸਿਆਸੀ ਇਸਲਾਮ ਆਧਾਰਿਤ ਪਾਰਟੀ ਮਜਲਿਸ-ਏ-ਇਤਿਹਾਦੁਲ ਮੁਸਲਮੀਨ ਨੇ ਸੱਤ ਸੀਟਾਂ ਜਿੱਤੀਆਂ।

ਪੱਛਮ ਵਿਚ (ਮਹਾਰਾਸ਼ਟਰ 'ਚ) ਪਹਿਲਾਂ ਲੋਕ ਫ਼ਤਵੇ ਨੂੰ ਇਕਹਿਰੀ ਸਭ ਤੋਂ ਵੱਡੀ ਪਾਰਟੀ ਤੋਂ ਚੁਰਾ ਲਏ ਜਾਣ ਅਤੇ ਫਿਰ ਇਕਹਿਰੀ ਸਭ ਤੋਂ ਵੱਡੀ ਪਾਰਟੀ ਵੱਲੋਂ ਨਵੇਂ ਮਰਾਠਾ ਖੇਤਰੀ ਸਰਦਾਰ ਦੀ ਮਦਦ ਨਾਲ ਫ਼ਤਵਾ ਚੁਰਾ ਲਏ ਜਾਣ ਦੀ ਘਟੀਆ ਕਹਾਣੀ ਜ਼ਰੂਰ ਦੇਖਣ ਨੂੰ ਮਿਲੀ ਪਰ ਇਸ ਨੇ ਸਾਬਤ ਕਰ ਦਿੱਤਾ ਕਿ ਭਾਰਤੀ ਜਮਹੂਰੀਅਤ ਪੂਰੀ ਤਰ੍ਹਾਂ ਜ਼ਿੰਦਾ ਹੈ ਤੇ ਦੌਲਤ ਦੇ ਗੰਦੇ ਪਿਆਰ ਵਿਚ ਖ਼ੂਬ ਮਦਮਸਤ ਹੈ। ਪੂਰਬ ਵਿਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਵਿਧਾਨ ਸਭਾ ਦੀਆਂ 292 ਵਿਚੋਂ 213 ਸੀਟਾਂ ਜਿੱਤ ਕੇ ਭਾਜਪਾ ਦੀ 'ਦੀਦੀ-ਓ-ਦੀਦੀ' ਮੁਹਿੰਮ ਦਾ ਕੀਮਾ ਬਣਾ ਕੇ ਰੱਖ ਦਿੱਤਾ।

ਜਦੋਂ ਸਿਆਸੀ ਹਿੰਦੂਵਾਦ ਨੂੰ ਸਿਆਸੀ ਇਸਲਾਮ ਖ਼ਿਲਾਫ਼ ਖੜ੍ਹਾ ਕੀਤਾ ਜਾਂਦਾ ਹੈ, ਜਿਵੇਂ ਤਿਲੰਗਾਨਾ ਜਾਂ ਕੇਰਲ ਦੇ ਕੁਝ ਹਲਕੇ ਜਾਂ ਜਿਥੇ ਕੋਈ ਹੋਰ ਧਾਰਮਿਕ ਵਿਚਾਰਧਾਰਾ ਕੰਮ ਕਰ ਰਹੀ ਹੈ, ਜਿਵੇਂ ਪੰਜਾਬ ਦੀ ਹਾਲੀਆ ਸੰਸਦੀ ਜ਼ਿਮਨੀ ਚੋਣ (ਜਿਸ ਵਿਚ ਧਾਰਮਿਕ ਵੱਖਵਾਦੀ ਆਗੂ ਜੇਤੂ ਰਿਹਾ), ਦੌਰਾਨ ਹਿੰਦੂਤਵ ਅਕਸਰ ਹੀ ਕੋਈ ਕਾਰਕ ਨਹੀਂ ਹੁੰਦਾ। ਸਾਡੇ ਸਿਆਸੀ ਮਾਹਿਰ ਤਾਂ ਸਾਡੇ ਵੋਟਰਾਂ ਨਾਲੋਂ ਵੀ ਵੱਧ ਸਨਕੀ ਹਨ, ਜਦੋਂਕਿ ਵੋਟਰ ਤਬਦੀਲੀ ਚਾਹੁੰਦਾ ਹੈ ਤੇ ਸਿਆਸੀ ਆਦਰਸ਼ਵਾਦ ਦੀ ਮ੍ਰਿਗ ਤ੍ਰਿਸ਼ਨਾ ਦਾ ਪਿੱਛਾ ਕਰ ਰਿਹਾ ਹੈ। ਇਹੋ ਕਾਰਨ ਹੈ ਕਿ ਭਾਜਪਾ ਉਨ੍ਹਾਂ ਸੂਬਿਆਂ ਵਿਚ ਕਿਸੇ ਗਿਣਤੀ ਵਿਚ ਨਹੀਂ ਹੈ, ਜਿਥੇ ਇਹ ਕੋਈ ਤਬਦੀਲੀ ਜਾਂ ਭਰੋਸੇਯੋਗ ਬਦਲ ਪੇਸ਼ ਨਹੀਂ ਕਰ ਸਕਦੀ। ਇਸ ਦਾ ਹਿੰਦੂਤਵ ਜੀਵੰਤ ਵਿਰੋਧੀਆਂ ਦਾ ਟਾਕਰਾ ਨਹੀਂ ਕਰ ਸਕਦਾ। ਇਹੋ ਵਜ੍ਹਾ ਹੈ ਕਿ ਇਹ ਬਹੁਤੇ ਦੱਖਣੀ ਸੂਬਿਆਂ ਵਿਚ ਗੌਣ ਖਿਡਾਰੀ ਬਣ ਜਾਂਦੀ ਹੈ। ਇਥੋਂ ਤੱਕ ਕਿ ਜਿਥੇ ਇਸ ਨੇ ਕਾਂਗਰਸ ਕੋਲੋਂ ਵਿਰੋਧੀ ਧਿਰ ਵਾਲੀ ਥਾਂ ਕਬਜ਼ਾ ਵੀ ਲਈ ਹੈ, ਜਿਵੇਂ ਉੜੀਸਾ; ਉਥੇ ਵੀ ਭਾਜਪਾ ਅਜੇ ਤੱਕ ਕਾਰਗੁਜ਼ਾਰੀ ਦਿਖਾਉਣ ਵਾਲੇ ਮੁੱਖ ਮੰਤਰੀ ਤੋਂ ਲੋਕਾਂ ਦਾ ਭਰੋਸਾ ਨਹੀਂ ਤੋੜ ਸਕੀ।

ਇਥੋਂ ਤੱਕ ਕਿ ਖ਼ਾਨਦਾਨੀ ਸਿਆਸਤ ਵੀ ਕੋਈ ਰੁਕਾਵਟ ਨਹੀਂ ਖੜ੍ਹੀ ਕਰ ਸਕਦੀ, ਜਿਵੇਂ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਜਾਂ ਉੜੀਸਾ ਤੱਕ ਤੋਂ ਸਾਬਤ ਹੁੰਦਾ ਹੈ, ਜਿਥੇ ਨਵੀਨ ਪਟਨਾਇਕ ਦਾ ਚੁਸਤ ਪ੍ਰਸ਼ਾਸਕੀ ਢਾਂਚਾ ਉਨ੍ਹਾਂ ਦੇ ਪਿਤਾ ਬੀਜੂ ਪਟਨਾਇਕ ਦੀ ਵਿਰਾਸਤ ਵਿਚ ਗੜੁੱਚ ਨਜ਼ਰ ਆਉਂਦਾ ਹੈ। ਹਿੰਦੂਤਵ ਉਥੇ ਹੀ ਕੰਮ ਕਰਦਾ ਹੈ, ਜਿਥੇ ਵਿਰੋਧੀ ਕਮਜ਼ੋਰ ਹਨ ਜਾਂ ਉਹ ਸਿਆਸੀ ਟੀਚਿਆਂ ਦੀ ਥਾਂ ਖ਼ੁਦਗਰਜ਼ੀ ਭਰੇ ਜਾਂ ਲਾਲਚੀ ਹਨ। ਨਾਲ ਹੀ ਇਹ ਕਾਂਗਰਸ ਦੇ ਖ਼ਿਲਾਫ਼ ਕੰਮ ਕਰਦਾ ਹੈ, ਜਿਹੜੀ ਪਛਾਣ ਲਈ ਭਟਕ ਰਹੀ ਹੈ। ਰਾਹੁਲ ਗਾਂਧੀ ਨੂੰ ਆਰ.ਐੱਸ.ਐੱਸ. ਅਤੇ ਹਿੰਦੂਤਵ ਦਾ ਟਾਕਰਾ ਕਰਨ ਵਾਲਾ ਇਕੋ-ਇਕ ਵਿਰੋਧੀ ਆਗੂ ਆਖ ਕੇ ਵਡਿਆਉਣਾ ਫੈਸ਼ਨ ਬਣ ਚੁੱਕਾ ਹੈ ਪਰ ਕੀ ਸੱਚਮੁੱਚ ਅਜਿਹਾ ਹੈ? ਉਨ੍ਹਾਂ ਨੂੰ ਆਪਣਾ ਪਰਿਵਾਰਕ ਤੇ ਚੋਣ ਵਿਰਾਸਤ ਵਾਲਾ ਹਲਕਾ (ਯੂ.ਪੀ. ਦਾ ਅਮੇਠੀ) ਛੱਡ ਕੇ ਮੁਸਲਿਮ ਤੇ ਇਸਾਈ ਵੋਟਰਾਂ ਦੇ ਦਬਦਬੇ ਵਾਲੇ ਪਹਾੜੀ ਹਲਕੇ (ਕੇਰਲ ਦਾ ਵਾਇਨਾਡ) ਵਿਚ ਸ਼ਰਨ ਲੈਣੀ ਪਈ ਸੀ। ਇੰਝ ਜੇ ਉਹ ਆਪਣੇ ਆਪ ਨੂੰ ਮੁਸਲਿਮ ਤੇ ਇਸਾਈ ਵੋਟਰਾਂ ਨਾਲ ਜੋੜ ਰਹੇ ਹਨ ਤੇ ਸੰਸਦ ਵਿਚ ਉਨ੍ਹਾਂ ਦੀ ਨੁਮਾਇੰਦਗੀ ਕਰਦੇ ਹਨ ਤਾਂ ਉਹ ਉਸ ਸੰਸਥਾ ਦਾ ਕਿਵੇਂ ਮੁਕਾਬਲਾ ਕਰ ਰਹੇ ਹਨ ਜਿਹੜੀ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੀ ਹੈ?

ਪਛਾਣ ਦੀ ਸਿਆਸਤ ਦੋ-ਧਾਰੀ ਤਲਵਾਰ ਹੁੰਦੀ ਹੈ ਤੇ ਇਹ ਅਕਸਰ ਛੋਟੇ ਫ਼ਿਰਕੂ ਸਮੂਹਾਂ ਦੇ ਮੁਕਾਬਲੇ ਵੱਡੇ ਸਮੂਹਾਂ ਲਈ ਜ਼ਿਆਦਾ ਫ਼ਾਇਦੇਮੰਦ ਸਾਬਤ ਹੁੰਦੀ ਹੈ। ਰਾਹੁਲ, ਵਾਇਨਾਡ ਦੇ ਮੁਸਲਿਮ ਤੇ ਈਸਾਈ ਵੋਟਰਾਂ ਉਤੇ ਨਿਰਭਰ ਹੋ ਕੇ ਸਿਰਫ਼ ਸਿਆਸੀ ਅਤੇ ਵਿਚਾਰਧਾਰਕ ਤੌਰ 'ਤੇ ਧਾਰਮਿਕ ਪਛਾਣ ਦੀ ਸਿਆਸਤ ਨੂੰ ਵਾਜਬ ਠਹਿਰਾ ਰਹੇ ਹਨ ਤੇ ਇਸ ਤਰ੍ਹਾਂ ਉਹ ਆਰ.ਐੱਸ.ਐੱਸ. ਨੂੰ ਵੀ ਤਸਦੀਕ ਕਰ ਰਹੇ ਹਨ ਜੋ ਇਸ ਤਰ੍ਹਾਂ ਦੀ ਸਿਆਸਤ ਦਾ ਸ਼ਾਹ-ਸਵਾਰ ਹੈ।

ਕਾਂਗਰਸ ਲੀਡਰਸ਼ਿਪ ਦੇ ਕੁਲੀਨਵਾਦ ਅਤੇ ਨਿਮਰਤਾ ਨੂੰ ਇਸ ਦੇ ਤਰਕੀਬ ਆਧਾਰਿਤ ਚੋਣ ਜੁਗਾੜ, ਭਾਵ ਪਛਾਣ ਸਿਆਸਤ ਨਾਲ ਮਿਲਾ ਕੇ ਪੇਸ਼ ਕੀਤੇ ਜਾਣ ਨੂੰ ਪੰਜਾਬ ਦੇ ਦਲਿਤ ਵੋਟਰਾਂ ਨੇ ਵੀ ਰੱਦ ਕਰ ਦਿੱਤਾ, ਜਦੋਂ ਉਨ੍ਹਾਂ ਦਲਿਤ ਮੁੱਖ ਮੰਤਰੀ ਨੂੰ ਹਰਾ ਕੇ ਲਾਂਭੇ ਕਰ ਦਿੱਤਾ। ਕਾਂਗਰਸ ਕੋਲ ਹਾਲੇ ਵੀ ਮੱਧ ਵਰਗ ਤੇ ਮਜ਼ਦੂਰ ਜਮਾਤ ਦੀ ਈਰਖਾ ਤੇ ਉਨ੍ਹਾਂ ਦੀਆਂ ਖ਼ਾਹਸ਼ਾਂ ਪੂਰੀਆਂ ਕਰਨ ਸਬੰਧੀ ਕੋਈ ਜਵਾਬ ਨਹੀਂ ਹੈ, ਕਿਉਂਕਿ ਇਨ੍ਹਾਂ ਵੋਟਰਾਂ ਨੂੰ ਕਾਂਗਰਸ ਦੀ ਸਿਆਸਤ ਵਿਚੋਂ ਸਿਰਫ਼ ਉੱਚ ਵਰਗੀ ਉਦਾਰਵਾਦੀਆਂ ਵਾਲੀ ਕੁਲੀਨਵਾਦੀ ਮੌਕਾਪ੍ਰਸਤੀ ਹੀ ਮਿਲਦੀ ਹੈ, ਸਮੇਤ ਰਾਹੁਲ ਦੀ ਸਿਆਸਤ ਦੇ। ਅਜੋਕੀ ਕਾਂਗਰਸ ਦੀ ਸਮੱਸਿਆ ਸਿਰਫ਼ ਇਹੋ ਨਹੀਂ ਹੈ ਕਿ ਇਸ ਦਾ ਮੋਹਰੀ ਪਰਿਵਾਰ ਲਗਾਤਾਰ ਪਾਰਟੀ ਲੀਡਰਾਂ ਅਤੇ ਕਾਂਗਰਸੀ ਕੇਡਰ ਦੀ ਪਹੁੰਚ ਤੋਂ ਬਾਹਰ ਬਣਿਆ ਹੋਇਆ ਹੈ ਸਗੋਂ ਇਸ ਦੀ ਸਮੱਸਿਆ ਲੋਕ ਨੁਮਾਇੰਦਗੀ ਦੀ ਕਮੀ ਵੀ ਹੈ।

ਗਾਂਧੀ ਪਰਿਵਾਰ ਨੇ ਅਜੇ ਤੱਕ ਨੁਮਾਇੰਦਗੀ ਦੇ ਸਵਾਲ ਦਾ ਜਵਾਬ ਨਹੀਂ ਦਿੱਤਾ। ਉਹ ਆਪਣੇ ਵੱਲੋਂ ਹਮੇਸ਼ਾ ਖੇਡੀ ਜਾਂਦੀ ਪਛਾਣ ਸਿਆਸਤ ਦੇ ਪੱਖ ਤੋਂ ਆਖ਼ਿਰ ਕਿਸ ਦੀ ਪ੍ਰਤੀਨਿਧਤਾ ਕਰਦੇ ਹਨ? ਕੀ ਘੱਟਗਿਣਤੀਆਂ ਦੀ? ਮੁਸਲਮਾਨਾਂ ਤੇ ਇਸਾਈਆਂ ਦੀਆਂ ਆਪੋ-ਆਪਣੀਆਂ ਪਾਰਟੀਆਂ ਹਨ ਤੇ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੀ ਲੋੜ ਨਹੀਂ। ਰਾਹੁਲ ਨੂੰ ਮੁਸਲਿਮ ਲੀਗ ਅਤੇ ਕੇਰਲ ਕਾਂਗਰਸ (ਇਸਾਈ ਪਾਰਟੀ, ਨਾ ਕਿ ਇੰਡੀਅਨ ਨੈਸ਼ਨਲ ਕਾਂਗਰਸ ਦੀ ਕੇਰਲ ਇਕਾਈ) ਦੀਆਂ ਵੋਟਾਂ ਦੀ ਜ਼ਿਆਦਾ ਲੋੜ ਹੈ, ਨਾ ਕਿ ਇਨ੍ਹਾਂ ਦੋਵਾਂ ਮੁਸਲਿਮ ਤੇ ਇਸਾਈ ਪਾਰਟੀਆਂ ਨੂੰ ਰਾਹੁਲ ਦੀ ਤਸਦੀਕ ਦੀ ਵੱਧ ਲੋੜ ਹੈ। ਕਾਂਗਰਸ ਨੂੰ ਵੱਡੇ ਲੋਕ ਸਮੂਹ ਦੀ ਨੁਮਾਇੰਦਾ ਪਾਰਟੀ ਬਣਨਾ ਪਵੇਗਾ ਤੇ ਇਸ ਲਈ ਜ਼ਰੂਰੀ ਹੈ ਕਿ ਇਸ ਦਾ ਪ੍ਰਧਾਨ ਕਿਸੇ ਕਿਸਾਨੀ ਜਾਤ ਜਾਂ ਓ.ਬੀ.ਸੀ. ਵਰਗ ਨਾਲ ਸਬੰਧਿਤ ਹੋਵੇ ਕੋਈ ਅਸ਼ੋਕ ਗਹਿਲੋਤ ਜਾਂ ਭੁਪਿੰਦਰ ਹੁੱਡਾ, ਜਿਹੜਾ ਕੁੱਲ-ਵਕਤੀ ਸਿਆਸਤਦਾਨ ਹੋਵੇ। ਭਾਰਤੀ ਜਮਹੂਰੀਅਤ ਨੂੰ ਪਛਾਣ ਦੀ ਸਿਆਸਤ ਦੀ ਥਾਂ ਜ਼ਮੀਨੀ ਪੱਧਰ ਦੀ ਅਤੇ ਨੁਮਾਇੰਦਾ ਸਿਆਸਤ ਦੀ ਭਾਰੀ ਲੋੜ ਹੈ। ਇਥੋਂ ਤੱਕ ਕਿ ਜੇ ਕੋਈ ਠੋਸ ਬਦਲ ਉਮੀਦ ਅਤੇ ਤਬਦੀਲੀ ਦਾ ਭਰੋਸੇਯੋਗ ਸੁਨੇਹਾ ਲੈ ਕੇ ਆਉਂਦਾ ਹੈ ਤਾਂ ਹਿੰਦੀ ਭਾਸ਼ੀ ਖੇਤਰ ਵੀ ਹਿੰਦੂਤਵ ਨੂੰ ਠੋਕਰ ਮਾਰ ਦੇਵੇਗਾ।

# ਭਾਰਤ ਵਿਚ ਜਮਹੂਰੀਅਤ ਨੂੰ ਬਚਾਉਣ ਦਾ ਵਕਤ



**ਸੁੱਚਾ ਸਿੰਘ ਗਿੱਲ**
**ਫੋਨ: +91-98550-82857**

ਭਾਰਤ ਦੀ ਆਰਥਿਕਤਾ ਕੋਵਿਡ-19 ਦੀ ਮਾਰ ਵਿਚੋਂ ਉਭਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੀ ਵਿਕਾਸ ਦਰ ਉਸ ਪੱਧਰ 'ਤੇ ਨਹੀਂ ਪਹੁੰਚ ਰਹੀ ਜਿਸ ਨਾਲ ਆਰਥਿਕਤਾ ਕੋਵਿਡ ਤੋਂ ਪਹਿਲਾਂ ਵਾਲੇ ਮੁਕਾਮ ਤਕ ਪਹੁੰਚ ਸਕੇ। ਸਰਕਾਰ ਭਾਵੇਂ ਇਸ ਦੇ ਉਪਰ ਜਾਣ ਦਾ ਦਾਅਵਾ ਕਰ ਰਹੀ ਹੈ ਪਰ ਵਧ ਰਹੀਆਂ ਕੀਮਤਾਂ, ਅਰਥਾਤ ਮਹਿੰਗਾਈ ਨੇ ਇਸ ਨੂੰ ਘੇਰ ਲਿਆ ਹੈ। ਇਸ ਦੇ ਕੁਝ ਕਾਰਨ ਅੰਦਰੂਨੀ ਅਤੇ ਕੁਝ ਕੌਮਾਂਤਰੀ ਹਨ। ਕੌਮਾਂਤਰੀ ਏਜੰਸੀਆਂ ਦਾ ਅਨੁਮਾਨ ਹੈ ਕਿ ਇਸ ਵਿੱਤੀ ਸਾਲ (2021-22) ਦੌਰਾਨ ਆਰਥਿਕਤਾ 6.2% ਸਾਲਾਨਾ ਦਰ ਨਾਲ ਵਿਕਾਸ ਕਰ ਸਕਦੀ ਹੈ। ਥੋਕ ਕੀਮਤਾਂ ਵਧਣ ਦੀ ਦਰ ਇਸ ਸਮੇਂ 7% ਤੋਂ ਵੱਧ ਹੈ। ਰੁਪਏ ਦਾ ਮੁੱਲ ਡਾਲਰ ਦੇ ਮੁਕਾਬਲੇ ਲਗਾਤਾਰ ਡਿੱਗ ਰਿਹਾ ਹੈ। ਇਸ ਦਾ ਮੁੱਲ ਡਾਲਰ ਦੇ ਮੁਕਾਬਲੇ 7% ਤੋਂ ਵੱਧ ਇੱਕ ਸਾਲ ਵਿਚ ਡਿੱਗ ਪਿਆ ਹੈ। ਸਾਲ ਪਹਿਲਾਂ 75 ਰੁਪਏ ਦਾ ਡਾਲਰ ਮਿਲ ਸਕਦਾ ਸੀ ਪਰ ਹੁਣ ਇੱਕ ਡਾਲਰ 80 ਰੁਪਏ ਤੋਂ ਵੱਧ ਦਾ ਹੋ ਗਿਆ ਹੈ। ਆਮ ਖਪਤ ਦੀਆਂ ਵਸਤੂਆਂ ਰਸੋਈ ਗੈਸ, ਡੀਜ਼ਲ, ਪੈਟਰੋਲ, ਦਾਲਾਂ, ਤੇਲ ਆਦਿ ਦੀਆਂ ਕੀਮਤਾਂ ਵਧਣ ਕਾਰਨ ਆਮ ਵਿਅਕਤੀ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਇਨ੍ਹਾਂ ਵਸਤਾਂ 'ਤੇ ਜੀ.ਐੱਸ.ਟੀ. ਲਗਾਉਣ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਹੋਇਆ ਹੈ। ਮੁਲਕ ਵਿਚ ਬੇਰੁਜ਼ਗਾਰੀ ਦੀ ਦਰ ਨੇ ਪਿਛਲੇ 45 ਸਾਲਾਂ ਦਾ ਰਿਕਾਰਡ ਤਾਂ 2017-18 ਵਿਚ ਹੀ ਤੋੜ ਦਿੱਤਾ ਸੀ ਜਦੋਂ ਇਹ ਦਰ 6.5% ਦਰਜ ਕੀਤੀ ਗਈ ਸੀ। ਕੋਵਿਡ ਸਮੇਂ 2020-21 ਦੌਰਾਨ ਇਹ ਦਰ 22-23% ਤੱਕ ਪਹੁੰਚ ਗਈ ਸੀ।

ਸਰਕਾਰੀ ਅਨੁਮਾਨ ਅਨੁਸਾਰ ਫਰਵਰੀ 2022 ਵਿਚ ਮੁਲਕ ਵਿਚ ਬੇਰੁਜ਼ਗਾਰੀ ਦੀ ਦਰ 8% ਤੋਂ ਵੱਧ ਹੋ ਗਈ ਸੀ। ਇਸ ਬੇਰੁਜ਼ਗਾਰੀ ਦੇ ਦੌਰ ਵਿਚ ਲੱਖਾਂ ਦੀ ਗਿਣਤੀ ਵਿਚ ਕੇਂਦਰ ਅਤੇ ਸੂਬਿਆਂ ਵਿਚ ਸਰਕਾਰੀ ਨੌਕਰੀਆਂ ਖਾਲੀ ਰੱਖੀਆਂ ਗਈਆਂ ਹਨ। ਨੌਜਵਾਨ ਰੁਜ਼ਗਾਰ ਦੀ ਭਾਲ ਵਿਚ ਦਰ ਦਰ ਠੋਕਰਾਂ ਖਾ ਰਹੇ ਹਨ। ਲੱਖਾਂ ਦੀ ਗਿਣਤੀ ਵਿਚ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਮੁਲਕ ਦੀ 68.8% ਆਬਾਦੀ ਕੋਲ ਰਹਿਣ ਵਾਸਤੇ ਰੋਜ਼ਾਨਾ ਦੋ ਡਾਲਰ ਪ੍ਰਤੀ ਵਿਅਕਤੀ ਖਰਚਣ ਲਈ ਵੀ ਸਾਧਨ ਨਹੀਂ ਹਨ। ਪਿਛਲੇ ਸਾਲ ਦੇ ਕੋਵਿਡ-19 ਸੰਕਟ ਕਾਰਨ ਗਰੀਬਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ।

ਦੂਜੇ ਪਾਸੇ ਦੇਸ਼ ਵਿਚ ਕਰੋੜਪਤੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਆਰਥਿਕ ਅਸਮਾਨਤਾ ਤੇਜ਼ੀ ਨਾਲ ਵਧ ਰਹੀ ਹੈ। ਵੱਧ ਰਹੀ ਆਮਦਨ ਦਾ ਫਾਇਦਾ ਥੋੜ੍ਹੇ ਅਮੀਰ ਲੋਕਾਂ ਨੂੰ ਹੀ ਹੋ ਰਿਹਾ ਹੈ। ਇਕ ਅਨੁਮਾਨ ਅਨੁਸਾਰ ਹਰ ਸਾਲ ਵਧ ਰਹੀ ਆਮਦਨ ਦਾ 73% ਹਿੱਸਾ 10% ਉਚ ਵਰਗ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ। ਇਸ ਵਕਤ ਦੇਸ਼ ਦੀ ਕੁੱਲ ਆਮਦਨ ਦਾ 40% ਹਿੱਸਾ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਵਿਚ ਚਲਾ ਗਿਆ ਹੈ। ਹੇਠਲੇ 20% ਲੋਕਾਂ ਕੋਲ ਵਿਕਾਸ ਦਾ ਬੱਸ ਨਾ-ਮਾਤਰ ਜਿਹਾ ਹਿੱਸਾ ਪਹੁੰਚਦਾ ਹੈ। ਇਸ ਕਾਰਨ ਆਬਾਦੀ ਦਾ ਵੱਡਾ ਹਿੱਸਾ ਗਰੀਬੀ ਅਤੇ ਲਾਚਾਰੀ ਦੀ ਜ਼ਿੰਦਗੀ ਜੀਅ ਰਿਹਾ ਹੈ।



ਇਹ ਵਰਤਾਰਾ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਦੇ ਖਿਲਾਫ ਹੈ। ਇਨ੍ਹਾਂ ਸਿਧਾਂਤਾਂ ਮੁਤਾਬਿਕ ਇਹ ਆਸ ਕੀਤੀ ਜਾਂਦੀ ਹੈ ਕਿ ਮੁਲਕ ਦਾ ਆਰਥਿਕ ਢਾਂਚਾ ਇਸ ਪ੍ਰਕਾਰ ਕੰਮ ਕਰੇਗਾ ਜਿਸ ਨਾਲ ਆਰਥਿਕ ਅਸਮਾਨਤਾ ਵਿਚ ਵਾਧਾ ਨਾ ਹੋਵੇ ਅਤੇ ਆਰਥਿਕ ਤਾਕਤ ਦਾ ਥੋੜ੍ਹੇ ਹੱਥਾਂ ਵਿਚ ਕੇਂਦਰੀਕਰਨ ਨਾ ਹੋਵੇ ਪਰ 1990-91 ਤੋਂ ਬਾਅਦ ਮੁਲਕ ਵਿਚ ਅਮੀਰਾਂ ਅਤੇ ਗਰੀਬਾਂ ਵਿਚ ਪਾੜਾ ਲਗਾਤਾਰ ਵਧ ਰਿਹਾ ਹੈ। ਇਸ ਪਾੜੇ ਨੂੰ ਸਰਕਾਰ ਸੋਚੀ ਸਮਝੀ ਨੀਤੀ ਅਨੁਸਾਰ ਵਧਾ ਰਹੀ ਹੈ। ਮੁਲਕ ਦੀ ਸਿਆਸਤ ਸੰਵਿਧਾਨ ਦੇ ਉਲਟ ਆਣ ਖੜ੍ਹੀ ਹੋ ਗਈ ਹੈ।

ਮੁਲਕ ਦਾ ਸੰਵਿਧਾਨ ਮੁਲਕ ਨੂੰ ਜਮਹੂਰੀ, ਧਰਮ ਨਿਰਪੱਖ ਅਤੇ ਸਮਾਜਵਾਦੀ ਗਣਤੰਤਰ ਬਣਾਉਣ ਲਈ ਵਚਨਬੱਧ ਹੈ। ਇਸ ਦਾ ਢਾਂਚਾ ਸੂਬਿਆਂ ਦੀ ਖੁਦਮੁਖਤਾਰੀ ਉਪਰ ਉਸਰਿਆ ਹੋਇਆ ਹੈ। ਇਸ ਦੇ ਬੁਨਿਆਦੀ ਸਿਧਾਂਤ ਵਿਅਕਤੀਆਂ ਦੇ ਬੁਨਿਆਦੀ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਇਸ ਨੂੰ ਚਲਾਉਣ ਵਾਸਤੇ ਲੋਕਾਂ ਵਲੋਂ ਚੁਣੇ ਹੋਏ ਨੁਮਾਇੰਦੇ ਦੇਸ਼ ਅਤੇ ਸੂਬਿਆਂ ਵਿਚ ਮੰਤਰੀ ਮੰਡਲ ਬਣਾਉਂਦੇ ਹਨ। ਕਾਰਜਕਾਰਨੀ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਦੇ ਕਾਰਜਾਂ ਨੂੰ ਵਖਰੇ ਰਖਿਆ ਗਿਆ ਹੈ। ਇਸ ਤੋਂ ਇਲਾਵਾ ਖੁਦਮੁਖਤਾਰ ਮੀਡੀਆ ਨੂੰ ਨਿਰਪੱਖ ਜਾਣਕਾਰੀ ਅਤੇ ਸਰਕਾਰ ਦੀ ਕਾਰਗੁਜ਼ਾਰੀ ਤੇ ਟਿਪਣੀਆਂ ਦੇਣ ਅਤੇ ਵਿਆਖਿਆ ਲਈ ਖੁੱਲ੍ਹ ਦਿੱਤੀ ਗਈ ਹੈ। ਇਸ ਕਰਕੇ ਇਸ ਨੂੰ ਚੌਥੀ ਮਿਲਖ (ਐਸਟੇਟ) ਦਾ ਦਰਜਾ ਵੀ ਦਿੱਤਾ ਜਾਂਦਾ ਹੈ।

ਮੁਲਕ ਦੀ ਜਮਹੂਰੀਅਤ ਬਹੁ-ਪਾਰਟੀ ਸਿਸਟਮ 'ਤੇ ਆਧਾਰਿਤ ਹੈ। ਇਸ ਕਰਕੇ ਹਾਕਮ ਪਾਰਟੀ ਦੇ ਨਾਲ ਵਿਰੋਧੀ ਪਾਰਟੀਆਂ ਦਾ ਮੁਲਕ ਵਿਚ ਅਹਿਮ ਰੋਲ ਹੈ। ਇਹ ਸਿਸਟਮ ਵਿਚਾਰਾਂ ਦੀ ਵੰਨ-ਸਵੰਨਤਾ ਅਤੇ ਵੱਖਰੇ ਵਿਚਾਰ ਰੱਖਣ ਦੀ ਖੁੱਲ੍ਹ ਦਿੰਦਾ ਹੈ। ਹਾਕਮ ਪਾਰਟੀ/ਜਮਾਤ ਨਾਲ ਅਸਹਿਮਤੀ ਦਾ ਅਧਿਕਾਰ ਜਮਹੂਰੀਅਤ ਨੂੰ ਸਿਰਜਣਾਤਮਕ ਬਣਾ ਦਿੰਦਾ ਹੈ। ਵਖਰੇ ਵਿਚਾਰਾਂ ਦੀ ਬਹਿਸ ਨਵੇਂ ਵਿਚਾਰਾਂ ਅਤੇ ਨਵੀਆਂ ਕਿਰਿਆਵਾਂ ਨੂੰ ਜਨਮ ਦਿੰਦੀ ਹੈ। ਇਸ ਨਾਲ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਬਲ ਮਿਲਦਾ ਹੈ। ਇਹ ਮੁਲਕ ਵਿਚ ਭਾਸ਼ਾਈ ਅਤੇ ਸਭਿਆਚਾਰਕ ਵੰਨ-ਸਵੰਨਤਾ ਨੂੰ ਮਾਨਤਾ ਦਿੰਦਾ ਹੈ ਅਤੇ ਇਨ੍ਹਾਂ ਦੇ ਮਿਲਾਪ ਨਾਲ ਸਭਿਆਚਾਰਕ ਵਿਰਸੇ ਨੂੰ ਸੰਭਾਲਦੇ ਹੋਏ ਵਿਕਾਸ ਦੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ। ਮੌਜੂਦਾ ਸੰਵਿਧਾਨ ਮੁਲਕ ਦੀ ਆਜ਼ਾਦੀ ਦੇ ਸੰਗਰਾਮ ਵਿਚ ਸਿਰਜੇ ਲੰਮੇ ਸਮੇਂ ਦੇ ਬਿਰਤਾਂਤ ਵਿਚੋਂ ਪੈਦਾ ਹੋਇਆ ਅਤੇ ਆਜ਼ਾਦੀ ਤੋਂ ਬਾਅਦ ਸੰਵਿਧਾਨ ਘੜਨੀ ਸਭਾ ਵਿਚ ਲੰਮੀਆਂ ਬਹਿਸਾਂ ਤੋਂ ਬਾਅਦ ਲਿਖਤੀ ਰੂਪ ਵਿਚ ਪੈਦਾ ਹੋਇਆ ਜਿਸ ਨੂੰ 26 ਜਨਵਰੀ 1950 ਨੂੰ ਲਾਗੂ ਕਰ ਦਿੱਤਾ ਗਿਆ ਸੀ।

ਪਿਛਲੇ ਕੁਝ ਸਾਲਾਂ ਤੋਂ ਭਾਰਤ ਦੀ ਸਿਆਸਤ ਵਿਚ ਕੁਝ ਐਸੇ ਰੁਝਾਨ ਪੈਦਾ ਹੋ ਗਏ ਹਨ ਜਿਨ੍ਹਾਂ ਦਾ ਖਾਸਾ ਜਮਹੂਰੀਅਤ ਵਿਰੋਧੀ ਹੈ। ਇਸ ਸਬੰਧੀ 1975-77 ਦੀ ਐਮਰਜੈਂਸੀ ਨੇ ਦੇਸ਼ ਦੇ ਲੋਕਾਂ ਦੇ ਜਮਹੂਰੀ ਹੱਕ ਮਨਸੂਖ ਕਰਕੇ ਇਕ ਵੱਡਾ ਝਟਕਾ ਦਿੱਤਾ ਸੀ। ਦੇਸ਼ ਇਸ ਸੰਕਟ ਵਿਚੋਂ 1977 ਦੀਆਂ ਚੋਣਾਂ ਸਮੇਂ ਕਾਂਗਰਸ ਪਾਰਟੀ ਨੂੰ ਕਰਾਰੀ ਹਾਰ ਦੇ ਕੇ ਬਾਹਰ ਨਿਕਲ ਗਿਆ ਸੀ ਪਰ ਹੁਣ ਜਮਹੂਰੀਅਤ ਨੂੰ ਉਖਾੜਨ ਵਾਸਤੇ ਨਵੀਆਂ ਚੁਣੌਤੀਆਂ ਪੈਦਾ ਹੋ ਗਈਆਂ ਹਨ। ਇਨ੍ਹਾਂ ਚਣੌਤੀਆਂ ਨੇ ਸਿਆਸਤ ਵਿਚ ਐਸੇ ਰੁਝਾਨ ਪੈਦਾ ਕੀਤੇ ਹਨ ਜਿਸ ਨਾਲ ਜਮਹੂਰੀਅਤ ਨੂੰ ਲੰਮੇ ਸਮੇਂ ਲਈ ਖਤਰੇ ਪੈਦਾ ਹੋ ਗਏ ਹਨ। ਜਮਹੂਰੀਅਤ ਦੇ ਧਰਮ ਨਿਰਪੱਖ ਖਾਸੇ ਨੂੰ ਖਤਮ ਕੀਤਾ ਜਾ ਰਿਹਾ ਹੈ। ਧਰਮ ਦੇ ਆਧਾਰ 'ਤੇ ਹਿੰਦੂ ਵਿਚਾਰਧਾਰਾ ਦਾ ਪ੍ਰਚਾਰ ਹਾਕਮ ਬੀ.ਜੇ.ਪੀ. ਦੇ ਕਾਰਕੁਨਾਂ ਵਲੋਂ ਸ਼ਰੇਆਮ ਕੀਤਾ ਜਾ ਰਿਹਾ ਹੈ। ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਨਾ ਅਤੇ ਨਾਗਰਿਕਤਾ ਸੋਧ ਐਕਟ ਬਣਾਉਣ ਪਿੱਛੇ ਵੀ ਮਕਸਦ ਕੇਵਲ ਮੁਸਲਮਾਨਾਂ ਖਿਲਾਫ ਮਹੌਲ ਪੈਦਾ ਕਰਨਾ ਹੈ। ਇਸ ਪ੍ਰਚਾਰ ਵਿਚ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੇ ਘਰਾਂ 'ਤੇ ਬੁਲਡੋਜ਼ਰਾਂ ਨੂੰ ਚੜ੍ਹਾਇਆ ਜਾ ਰਿਹਾ ਹੈ। ਬੀ.ਜੇ.ਪੀ. ਦੀਆਂ ਸੂਬਾ ਸਰਕਾਰਾਂ ਇਸ ਕਾਰਜ ਵਿਚ ਭਾਈਵਾਲ ਬਣ ਗਈਆਂ ਹਨ। ਮੁਸਲਿਮ ਭਾਈਚਾਰੇ ਨੂੰ ਦੋ ਨੰਬਰ ਦੇ ਸ਼ਹਿਰੀ ਬਣਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ ਇਸਾਈ ਭਾਈਚਾਰੇ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਨਾਲ ਦੂਜੀਆਂ ਘੱਟ ਗਿਣਤੀਆਂ ਵਿਚ ਸਹਿਮ ਵੀ ਹੈ। ਇਸ ਨਾਲ ਦੇਸ਼ ਦੇ ਕਈ ਸੂਬਿਆਂ ਵਿਚ ਫਿਰਕੂ ਕਸ਼ਮਕਸ਼ ਪੈਦਾ ਹੋ ਗਈ ਹੈ। ਇਸ ਦੇ ਨਾਲ ਹੀ ਸੂਬਿਆਂ ਦੇ ਅਧਿਕਾਰਾਂ ਉਪਰ ਛਾਪੇ ਮਾਰੇ ਜਾ ਰਹੇ ਹਨ। ਪਹਿਲਾਂ 2020 ਵਿਚ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਸਨ ਜਿਨ੍ਹਾਂ ਨੂੰ ਲੰਮੇ ਕਿਸਾਨ ਅੰਦੋਲਨ ਤੋਂ ਬਾਅਦ ਵਾਪਸ ਲਿਆ ਗਿਆ ਸੀ। ਹੁਣ ਬਿਜਲੀ ਸੋਧ ਬਿਲ ਪਾਰਲੀਮੈਂਟ ਵਿਚ ਸੂਬਿਆਂ ਦੀਆਂ ਸਰਕਾਰਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਗੈਰ ਪੇਸ਼ ਕੀਤਾ ਗਿਆ ਹੈ। ਜੀ.ਐੱਸ.ਟੀ. ਲਾਗੂ ਕਰਨ ਨਾਲ ਸੂਬਿਆਂ ਦੀ ਖੁਦਮੁਖਤਾਰੀ ਨੂੰ ਡੂੰਘੀ ਠੇਸ ਪਹੁੰਚੀ ਹੈ। ਇਸ ਸਾਰੇ ਕਾਸੇ ਦੇ ਉਪਰ ਸਰਕਾਰ ਦਾ ਵਿਰੋਧੀਆਂ ਪ੍ਰਤੀ ਵਰਤਾਰਾ ਵਿਤਕਰੇ ਅਤੇ ਬਦਲਾਖੋਰੀ ਵਾਲਾ ਹੈ। ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਨੂੰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਨਾਲ ਗਿਰਾਇਆ ਜਾ ਰਿਹਾ ਹੈ। ਇਹ ਪਹਿਲਾਂ ਗੋਆ ਅਤੇ ਕਰਨਾਟਕ ਵਿਚ ਕੀਤਾ ਗਿਆ ਜਿਸ ਨੂੰ ਮੱਧ ਪ੍ਰਦੇਸ਼ ਵਿਚ ਦੁਹਰਾਇਆ ਗਿਆ ਸੀ ਅਤੇ ਹੁਣ ਮਹਾਰਾਸ਼ਟਰ ਵਿਚ ਲਾਗੂ ਕੀਤਾ ਗਿਆ ਹੈ। ਬੀ.ਜੇ.ਪੀ. ਦੇਸ਼ ਵਿਚ ਵਿਰੋਧੀ ਪਾਰਟੀਆਂ ਰਹਿਤ ਸਿਆਸੀ ਸਿਸਟਮ ਬਣਾਉਣਾ ਚਾਹੁੰਦੀ ਹੈ। ਵਿਰੋਧੀ ਪਾਰਟੀਆਂ ਰਹਿਤ ਜਮਹੂਰੀਅਤ, ਜਮਹੂਰੀਅਤ ਨਹੀਂ ਕਿਆਸੀ ਜਾ ਸਕਦੀ।

ਵਿਭਿੰਨ ਵਿਚਾਰਾਂ ਵਾਲੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਉਪਰ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਦੀਆਂ ਸਖਤ ਧਾਰਾਵਾਂ ਲਗਾ ਕੇ ਜ਼ਮਾਨਤਾਂ ਵੀ ਨਹੀਂ ਹੋਣ ਦਿੱਤੀਆਂ ਜਾ ਰਹੀਆਂ। ਇਹ ਵਰਤਾਰਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸੀ.ਏ.ਏ. ਵਿਰੋਧੀ ਅੰਦੋਲਨਕਾਰੀਆਂ ਲਈ ਅਪਣਾਇਆ ਗਿਆ ਹੈ। ਵਿਰੋਧੀ ਪਾਰਟੀਆਂ ਦੇ ਆਗੂਆਂ ਅਤੇ ਵਿਧਾਇਕਾਂ ਖਿਲਾਫ ਇਨਕਮ ਟੈਕਸ ਦੇ ਐਨਫੋਸਮੈਂਟ ਡਾਇਰੈਕਟੋਰੇਟ, ਸੀ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਨੂੰ ਵਰਤ ਕੇ ਦਲਬਦਲੀ ਕਰਵਾਈ ਜਾ ਰਹੀ ਹੈ। ਉਚ ਅਦਾਲਤਾਂ ਦੇ ਜੱਜਾਂ ਨੂੰ ਸੇਵਾ-ਮੁਕਤੀ ਤੋਂ ਬਾਅਦ ਨੌਕਰੀਆਂ ਦੇਣ ਦਾ ਲਾਲਚ ਅਤੇ ਜਾਂਚ ਏਜੰਸੀਆਂ ਦੀ ਵਰਤੋਂ ਕਰਕੇ ਸਰਕਾਰ ਪੱਖੀ ਕਰ ਲਿਆ ਗਿਆ ਹੈ।

ਮੀਡੀਆ ਦੇ ਵੱਡੇ ਹਿੱਸੇ ਨੂੰ ਵੀ ਸਰਕਾਰ ਨੇ ਡਰਾ ਕੇ ਅਤੇ ਲਾਲਚ ਦੇ ਕੇ ਆਪਣੇ ਨਾਲ ਰਲਾ ਲਿਆ ਹੈ। ਇਸ ਨਾਲ ਜਮਹੂਰੀਅਤ ਵਾਸਤੇ ਅਤੇ ਖਾਸ ਕਰਕੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਖਤਰਾ ਪੈਦਾ ਹੋ ਗਿਆ। ਦੂਸਰਾ ਸਰਕਾਰ ਦਾ ਸਾਰਾ ਧਿਆਨ ਸੱਤਾ ਹਾਸਲ ਕਰਨ ਅਤੇ ਵਿਰੋਧੀਆਂ ਨੂੰ ਡਰਾਉਣ ਵਲ ਲਗਿਆ ਹੋਇਆ ਹੈ। ਇਸ ਕਰਕੇ ਵੱਧ ਰਹੀ ਬੇਰੁਜ਼ਗਾਰੀ, ਕੀਮਤਾਂ ਵਿਚ ਅਥਾਹ ਵਾਧਾ,ਆਰਥਿਕ-ਸਮਾਜਿਕ ਵੱਧ ਰਿਹਾ ਪਾੜਾ, ਵੱਧ ਰਹੀ ਗਰੀਬੀ, ਰੁਪਏ ਦੀ ਵਿਦੇਸ਼ੀ ਮੁਦਰਾ ਵਿਚ ਗਿਰਾਵਟ, ਗਵਾਂਢੀ ਦੇਸ਼ਾਂ ਨਾਲ ਵਿਗੜਦੇ ਸਬੰਧਾਂ ਆਦਿ ਨੂੰ ਸੁਲਝਾਉਣ ਵਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।

ਸਰਕਾਰੀ ਸੰਪਤੀ ਨੂੰ ਕਾਰਪੋਰੇਟ ਘਰਾਣਿਆਂ ਨੂੰ ਸਸਤੇ ਭਾਅ ਤੇ ਵੇਚਿਆ ਜਾ ਰਿਹਾ ਹੈ ਜਿਸ ਨਾਲ ਦੇਸ਼ ਵਿਚ ਅਸਮਾਨਤਾ ਵਧਾਈ ਜਾ ਰਹੀ ਹੈ। ਸਰਕਾਰੀ ਬੈਂਕਾਂ ਵਲੋਂ ਕਾਰਪੋਰੇਟ ਘਰਾਣਿਆਂ ਨੂੰ ਦਿਤੇ ਕਰਜ਼ੇ ਮੁਆਫ ਕੀਤੇ ਜਾ ਰਹੇ ਹਨ। ਦੂਜੇ ਪਾਸੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇਹ ਸਹੂਲਤ ਬਿਲਕੁਲ ਨਹੀਂ ਦਿੱਤੀ ਜਾ ਰਹੀ। ਉਹ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ।

ਭਾਰਤ ਦੀ ਆਜ਼ਾਦੀ ਨੂੰ 75 ਸਾਲ ਹੋ ਗਏ ਹਨ। ਸੂਝਵਾਨ ਸ਼ਹਿਰੀਆਂ ਅਤੇ ਵਿਰੋਧੀ ਪਾਰਟੀਆਂ ਕੋਲੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਦੇਸ਼ ਨੂੰ ਦਰਪੇਸ਼ ਮੁਸ਼ਕਿਲਾਂ ਵਲ ਧਿਆਨ ਦੇਣ ਅਤੇ ਇਸ ਨੂੰ ਸੁਲਝਾਉਣ ਵਾਸਤੇ ਸਰਕਾਰ ਤੇ ਲੋੜੀਂਦਾ ਦਬਾਅ ਪੈਦਾ ਕਰਨ। ਇਸ ਵਾਸਤੇ ਛੋਟੇ-ਮੋਟੇ ਵਿਰੋਧਾਂ ਨੂੰ ਭੁੱਲ ਕੇ ਸਾਂਝੇ ਮੁਹਾਜ਼ ਤਿਆਰ ਕਰਨਾ ਸਮੇਂ ਦੀ ਲੋੜ ਹੈ।

ਸਮੁੱਚੇ ਮੁਲਕ ਅੰਦਰ ਜਮਹੂਰੀਅਤ ਨੂੰ ਨਵਿਆਉਣ ਅਤੇ ਪੱਕਿਆਂ ਕਰਨ ਵਾਸਤੇ ਲਗਾਤਾਰ ਸੰਘਰਸ਼ ਕਰਨੇ ਪੈਣਗੇ। ਇਹ ਸਮਾਂ ਦੇਸ਼ ਸਾਹਮਣੇ ਜਮਹੂਰੀਅਤ ਵਿਰੋਧੀ ਤਾਕਤਾਂ ਨੂੰ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਕੇ ਸਮਝਣ, ਵਿਚਾਰਨ ਅਤੇ ਜਮਹੂਰੀਅਤ ਨੂੰ ਬਚਾਉਣ ਅਤੇ ਦੇਸ਼ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਮੰਗ ਕਰਦਾ ਹੈ।

---

# ਕੁਦਰਤ ਨੱਚਦੀ ਹੈ...

**ਪਰਮਬੀਰ ਕੌਰ**
**ਫੋਨ: +91-98880-98379**

ਜੇ ਭੱਠੀ ਵਾਂਗ ਤਪਦੇ ਦਿਨਾਂ ਵਿਚ ਵੀ ਰਮਣੀਕ ਤੇ ਸੁਹਾਵਣੇ ਚੌਗਿਰਦੇ ਦਾ ਆਨੰਦ ਮਾਣਨ ਦੀ ਤਮੰਨਾ ਹੋਵੇ ਤਾਂ ਸਵੇਰੇ-ਸਵਖਤੇ ਬਾਹਰ ਸੈਰ ਲਈ ਨਿਕਲਣ ਨਾਲੋਂ ਉੱਤਮ ਸਾਧਨ ਹੋਰ ਕੋਈ ਨਹੀਂ। ਇਸ ਵਕਤ ਰੁਮਕਦੀ ਮਨੋਹਰ ਪੌਣ ਸਵਾਗਤ ਕਰਨ ਨੂੰ ਤਤਪਰ ਮਿਲਦੀ ਹੈ। ਇਸ ਜਾਦੂਈ ਮਿਲਣੀ ਦਾ ਅਸਰ ਪਿੱਛੋਂ ਪੂਰਾ ਦਿਨ ਬੰਦੇ ਨੂੰ ਅਨੋਖੇ ਸਕੂਨ ਨਾਲ ਲਬਰੇਜ਼ ਕਰੀ ਰੱਖੇਗਾ।

ਥੋੜ੍ਹਾ ਸਮਾਂ ਪਹਿਲਾਂ ਦੀ ਗੱਲ ਹੈ, ਇਕ ਦਿਨ ਸਵੇਰੇ ਸੈਰ ਕਰਨ ਗਈ ਤਾਂ ਰਾਹ ਵਿਚ ਇਕ ਥਾਂ, ਅਰਸ਼ੀ ਮਹਿਕ ਨਾਲ ਸਰਸ਼ਾਰ ਸੀ। ਉਸ ਦੀ ਬਣਦੀ ਸਿਫ਼ਤ ਕਰਨੀ ਮੇਰੇ ਲਈ ਨਾਮੁਮਕਿਨ ਹੈ। ਇਸ ਦਾ ਸਬਬ ਸੜਕ ਦੇ ਇਕ ਪਾਸੇ ਖਲੋਤੀ, ਅਣਗਿਣਤ ਕਾਸ਼ਨੀ ਫੁੱਲਾਂ ਨਾਲ ਲੱਦੀ ਧਰੇਕ ਸੀ। ਉੱਥੋਂ ਅੱਗੇ ਜਾਣ ਨੂੰ ਦਿਲ ਹੀ ਨਾ ਕਰੇ! ਸੁਗੰਧਿਤ ਆਲੇ-ਦੁਆਲੇ ਦਾ ਲੁਤਫ਼ ਲੈਣ ਲਈ ਮੈਂ ਰਾਹ ਦੇ ਕੰਢੇ ਰੱਖੇ ਬੈਂਚ 'ਤੇ ਕੁਝ ਚਿਰ ਬਹਿਣ ਦਾ ਮਨ ਬਣਾਇਆ।

ਇਹ ਕੀ, ਉੱਥੇ ਪਹਿਲਾਂ ਹੀ ਕੋਈ ਹਸਤੀ ਬਿਰਾਜਮਾਨ ਸੀ। ਝੱਟ ਇਕ ਪਾਸੇ ਹੋ ਕੇ ਉਸ ਨੇ ਮੇਰੇ ਬਹਿਣ ਲਈ ਥਾਂ ਬਣਾ ਦਿੱਤੀ। ਉਸ ਦੇ ਪੂਰੇ ਵਜੂਦ 'ਤੇ ਅਲੌਕਿਕ ਜਿਹਾ ਨੂਰ ਸੀ; ਇਹ ਮੇਰੀ ਵਾਕਫ਼ ਖੁਸ਼ੀ ਸੀ। ਲਉ ਜੀ, ਆਪਣੀ ਕਰੀਬੀ ਦੋਸਤ ਨਾਲ ਅਚਾਨਕ ਇੰਝ ਮੇਲ ਹੋ ਗਿਆ। ਇਹ ਉਹ ਸ਼ਖਸੀਅਤ ਹੈ ਜਿਸ ਨੂੰ ਦੇਖਦੇ ਸਾਰ ਧੁਰ ਅੰਦਰ ਤਕ ਖੇੜਾ ਆ ਜਾਂਦਾ ਹੈ ਪਰ ਉਸ ਵਕਤ ਇਸ ਮੁਲਾਕਾਤ ਨੇ ਅਚੰਭੇ ਵਿਚ ਪਾ ਦਿੱਤਾ; ਸੋ ਕੁਝ ਪਲ ਸੰਭਲਣ ਪਿੱਛੋਂ ਕਿਹਾ, "ਵਾਹ ਕਮਾਲ, ਇਸ ਅਦਭੁਤ ਮਾਹੌਲ ਵਿਚ ਤੁਹਾਨੂੰ ਮਿਲਣ ਦਾ ਵੱਖਰਾ ਈ ਸੁਆਦ ਏ!"

ਇੰਨੀ ਅਹਿਮ ਹਸਤੀ ਸਹਿਜ-ਸੁਭਾਅ ਅਤੇ ਬਿਨਾਂ ਕਿਸੇ ਖਾਸ ਯਤਨ ਹੀ ਮਿਲ ਪਈ ਸੀ; ਮਨ ਵਿਚ ਆਪ-ਮੁਹਾਰੇ ਹੀ ਉਸ ਬਾਰੇ ਵੰਨ-ਸਵੰਨੇ ਵਿਚਾਰਾਂ ਦਾ ਪਰਵਾਹ ਸ਼ੁਰੂ ਹੋ ਗਿਆ। ਖੁਸ਼ੀ ਦੀ ਸੰਗਤ ਮਾਣਦਿਆਂ ਜ਼ਮੀਰ ਵਿਚ ਹਲਕਾ ਤੇ ਸ਼ਾਂਤ ਅਹਿਸਾਸ ਉਤਰ ਆਉਣਾ ਸੁਭਾਵਕ ਸੀ।

ਉਸ ਦੇ ਹਾਵ-ਭਾਵ ਦੇਖ ਕੇ ਜਾਪਿਆ, ਸ਼ਾਇਦ ਉਸ ਕੋਲ ਕੋਈ ਵਿਚਾਰ ਸਾਂਝੇ ਕਰਨ ਦੀ ਫ਼ੁਰਸਤ ਸੀ ਉਸ ਸਮੇਂ। ਮੇਰੇ ਵੱਲ ਨੀਝ ਲਾ ਕੇ ਵੇਖਦੀ ਬੋਲੀ, "ਮੈਨੂੰ ਵੀ ਤੁਹਾਡੇ ਵਰਗਿਆਂ ਨੂੰ ਮਿਲਣਾ ਚੰਗਾ ਲਗਦਾ ਏ!"

"ਲੋਕੀਂ ਤੁਹਾਨੂੰ ਕਿੱਥੇ ਕਿੱਥੇ ਤੇ ਕਿਵੇਂ ਲਭਦੇ ਫਿਰਦੇ ਨੇ; ਕਈ ਤਾਂ ਹਾਲੋ-ਬੇਹਾਲ! ਮੇਰੀ ਖੁਸ਼ਕਿਸਮਤੀ ਜੋ ਅੱਜ ਫਿਰ ਤੁਸੀਂ ਮੈਨੂੰ ਇੰਜ ਸਬਬੀਂ, ਇਸ ਮਹਿਕਦੀ-ਟਹਿਕਦੀ ਧਰੇਕ ਹੇਠਾਂ ਮਿਲ ਪਏ। ਕੁਝ ਦਿਨ ਪਹਿਲਾਂ ਘਾਹ ਵਿਚ ਉੱਗੇ ਨਿੱਕੇ ਜਿਹੇ ਪੀਲੇ ਫੁੱਲ ਕੋਲ ਬੈਠੇ ਮਿਲੇ ਸੀ।" ਮੈਂ ਦਿਲੋਂ ਸ਼ੁਕਰਗੁਜ਼ਾਰ ਸਾਂ।

"ਵਾਹ, ਤੇ ਉਹ ਭੁੱਲ ਗਏ ਜਿਹੜਾ ਮੈਂ ਹਰ ਰੋਜ਼ ਤੁਹਾਡੇ ਘਰ ਕਦੇ ਬੁਲਬੁਲਾਂ, ਮੈਨਾ ਤੇ ਕਦੇ ਨਿੱਕੀਆਂ ਗਾਉਣ ਵਾਲੀਆਂ ਚਿੜੀਆਂ ਨਾਲ ਫੇਰਾ ਪਾਉਣ ਆ ਜਾਂਦੀ ਆਂ? ਕਿੰਨੇ ਖਿੜ ਜਾਂਦੇ ਓ ਤੁਸੀਂ!"

"ਬਿਲਕੁਲ! ਤੁਹਾਡੀ ਦਰਿਆ-ਦਿਲੀ ਦਾ ਮੁੱਲ ਨਹੀਂ ਪਾ ਸਕਦੀ। ਇਕ ਦਿਨ ਤੁਸੀਂ ਸੁਰਖ ਫੁੱਲਾਂ ਨਾਲ ਲੱਦੇ ਗੁਲਮੋਹਰ ਹੇਠੋਂ ਵੀ, ਮੈਨੂੰ ਲੰਘਦੀ ਨੂੰ ਸੈਨਤ ਕੀਤੀ ਸੀ। ਵਿਹਾਰ ਵਿਚ ਇੰਨੀ ਸਾਦਗੀ ਤੇ ਅਪਣੱਤ... ਕੋਈ ਐਵੇਂ-ਕਿਵੇਂ ਦੀ ਬਾਤ ਤਾਂ ਨਹੀਂ।"

"ਮੈਂ ਲੋਕਾਂ ਦੀ ਸੇਵਾ ਵਿਚ ਹਰ ਵਕਤ ਹਾਜ਼ਰ ਹਾਂ ਪਰ ਗੱਲ ਸਭਨਾਂ ਦੇ ਨਿੱਜੀ ਨਜ਼ਰੀਏ ਦੀ ਏ!" ਸੱਚ ਜਾਣੋ, ਉਸ ਵਕਤ ਉਸ ਨੇ ਗੰਭੀਰ ਹੋ ਕੇ ਕਈ ਮਹੱਤਵਪੂਰਨ ਖੁਲਾਸੇ ਕੀਤੇ। ਫਿਰ ਬੋਲੀ, "ਹੁਣ ਦੇਖੋ, ਕਿੰਨੇ ਲੋਕ ਇੱਥੋਂ ਗੁਜ਼ਰ ਚੁੱਕੇ ਨੇ ਤੇ ਕੋਈ ਇਸ ਬੈਂਚ 'ਤੇ ਤੁਹਾਡੇ ਵਾਂਗ ਬਹਿ ਵੀ ਜਾਂਦਾ ਏ ਪਰ ਮੈਨੂੰ ਪਛਾਣਦੇ ਈ ਨਹੀਂ! ਬਹੁਤੇ ਤਾਂ ਕਾਲਪਨਿਕ ਮੁਸੀਬਤਾਂ ਕਰਕੇ ਕਿੰਨੇ ਪਰੇਸ਼ਾਨ-ਹਤਾਸ਼! ਕਈ ਨਿਕਲਣਗੇ ਮੇਰੀ ਤਲਾਸ਼ ਵਿਚ ਪਰ ਅਜਨਬੀਆਂ ਵਾਂਗ ਕੋਲੋਂ ਲੰਘ ਜਾਂਦੇ।" ਉਹ ਹੱਸ ਹੱਸ ਦੋਹਰੀ ਹੋ ਗਈ ਸੀ।

"ਜੀ, ਇਹ ਤਾਂ ਹੈ; ਬਹੁਤਿਆਂ ਨੂੰ ਸ਼ਿਕਾਇਤ ਏ ਕਿ ਤੁਸੀਂ ਉਨ੍ਹਾਂ ਨੂੰ ਮਿਲਦੇ ਹੀ ਨਹੀਂ!" ਮੈਂ ਹੁੰਗਾਰਾ ਭਰਿਆ।

"ਦੇਖੋ, ਮੈਂ ਸਦਾ ਤੁਹਾਡੇ ਆਸ-ਪਾਸ ਹੁੰਦੀ ਆਂ; ਪਰ ਲੋਕੀਂ ਮੈਨੂੰ ਖੋਜਦੇ ਹੀ ਉੱਥੇ ਨੇ ਜਿੱਥੇ ਰਹਿਣਾ ਮੈਨੂੰ ਪਸੰਦ ਨਹੀਂ! ਮੈਨੂੰ ਸਾਦਗੀ, ਸ਼ਾਂਤੀ ਤੇ ਸਹਿਜ ਦੇ ਬੋਲਬਾਲੇ ਵਾਲੀਆਂ ਥਾਵਾਂ ਭਾਉਂਦੀਆਂ ਨੇ। ਸ਼ੋਰ-ਸ਼ਰਾਬੇ ਤੇ ਦਿਖਾਵੇ ਦੀ ਚਕਾਚੌਂਧ ਤੋਂ ਉੱਕਾ ਦੂਰ।" ਇਸ ਵਾਰ ਉਹ ਆਪਣੇ ਖਾਬਾਂ ਦੇ ਸੰਸਾਰ ਵਿਚ ਗੁਆਚ ਗਈ।

"ਵਾਹ, ਤੁਸੀਂ ਤਾਂ ਆਪਣੇ ਚਾਹੁਣ ਵਾਲਿਆਂ ਲਈ ਬਿਲਕੁਲ ਸਪੱਸ਼ਟ ਸੇਧਾਂ ਦੇ ਛੱਡੀਆਂ ਨੇ।" ਮੇਰੇ ਬੋਲਾਂ ਨੇ ਉਸ ਨੂੰ ਵਰਤਮਾਨ ਵਿਚ ਮੋੜ ਲਿਆਂਦਾ।

"ਸਰਲ ਨੂੰ ਗੁੰਝਲਦਾਰ ਬਣਾ ਕੇ ਕੁਝ ਨਹੀਂ ਮਿਲਦਾ। ਮੈਂ ਨਿੱਕੇ ਤੇ ਨਿਗੂਣੇ ਜਾਪਦੇ ਉਸਾਰੂ ਕੰਮ ਕੀਤਿਆਂ ਵੀ ਮਿਲ ਪੈਂਦੀ ਹਾਂ। ਹਰ ਹਾਲ ਸੰਤੁਸ਼ਟ ਰਹਿਣ ਵਾਲਿਆਂ ਦਾ ਸਾਥ ਮੈਂ ਕਦੇ ਨਹੀਂ ਛੱਡਦੀ!" ਖੁਸ਼ੀ ਨੇ ਸੌਖਿਆਂ ਹੀ ਪਤੇ ਦੀ ਗੱਲ ਬਿਆਨ ਕਰ ਦਿੱਤੀ।

ਕੁਝ ਪਲ ਰੁਕ ਕੇ ਬੋਲੀ, "ਦੇਖੋ ਜੀ, ਜੇ ਮਨੋਬਿਰਤੀ ਠੀਕ ਹੋਵੇ ਤਾਂ ਬੰਦਾ ਪਤਝੜ ਵਿਚ ਬਹਾਰ ਦਾ ਆਨੰਦ ਮਾਣ ਸਕਦਾ ਏ; ਤਪਦੇ ਰੇਗਿਸਤਾਨ ਵਿਚ ਹਰੇ ਕਚੂਰ ਰੁੱਖਾਂ ਦੀ ਠੰਢਕ ਮਹਿਸੂਸ ਕਰ ਲਵੇਗਾ; ਮੁਸੀਬਤ ਵੇਲੇ ਉਸ ਨੂੰ ਚੁਣੌਤੀ ਜਾਣ ਕੇ, ਮੁਕਾਬਲਾ ਕਰੇਗਾ ਸਗੋਂ ਹੋਰ ਮਜ਼ਬੂਤ ਹੋ ਕੇ ਉਭਰੇਗਾ; ਕਿਸੇ ਭੈੜੀ ਤੋਂ ਭੈੜੀ ਹਾਲਤ ਵਿਚੋਂ ਵੀ ਕੁਝ ਚੰਗਾ ਖੋਜ ਲਵੇਗਾ ਤੇ ਖਬਰੇ ਹੋਰ ਕਿੰਨਾ ਕੁਝ!"

ਖੁਸ਼ੀ ਦੇ ਚਿਹਰੇ ਦਾ ਜਲੌਅ ਦੇਖਿਆਂ ਬਣਦਾ ਸੀ; ਮੈਂ ਤਾਂ ਬਸ ਅਵਾਕ ਸਾਂ। ਉਹ ਮੁਸਕਰਾਈ, "ਮੈਂ ਸੋਚਦੀ ਹਾਂ ਕਿ ਜੇ ਕੋਈ ਹਰਸ਼ੋ-ਹੁਲਾਸ ਨਾਲ ਵਿਚਰਦਾ, ਇਸ ਧਰਤੀ ਨੂੰ ਚੰਗੇਰੀ ਥਾਂ ਬਣਾਉਣਾ ਲੋਚਦਾ ਹੋਵੇ ਤਾਂ ਉਹ ਆਪਣੇ ਵਿਲੱਖਣ ਤੇ ਵਡਮੁੱਲੇ ਜੀਵਨ ਲਈ ਹਰ ਪਲ ਸ਼ੁਕਰਾਨਾ ਕਰ ਰਿਹਾ ਏ!" ਤੇ ਉਹ ਆਪਣੇ ਆਮ ਅਦ੍ਰਿਸ਼ ਰੂਪ ਵਿਚ ਚਲੀ ਗਈ।

ਅਹਿਸਾਸ ਵਜੋਂ ਅਜੇ ਵੀ ਉਹ ਅੰਗਸੰਗ ਸੀ। ਲੋਪ ਹੋਣ ਤੋਂ ਪਹਿਲਾਂ ਉਸ ਨੇ ਭਰਪੂਰ ਤੇ ਖੁਸ਼ਹਾਲ ਜੀਵਨ ਦੇ ਰਾਜ਼ ਖੋਲ੍ਹ ਦਿੱਤੇ ਸਨ!

## ਕਸ਼ਮੀਰ ਵਿਚ ਪੱਤਰਕਾਰੀ 'ਤੇ ਸ਼ਿਕੰਜਾ-5

# ਜ਼ਬਾਨਬੰਦੀ ਲਈ ਹਰ ਹੀਲਾ-ਵਸੀਲਾ

***ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰੀ ਪੱਤਰਕਾਰ ਸ਼ਾਹਿਦ ਤਾਂਤਰੇ ਨੂੰ ਡਰਾਉਣ ਧਮਕਾਉਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਇਸ ਦਾ ਕਾਰਨ ਉਸ ਵੱਲੋਂ 'ਕਾਰਵਾਂ' ਮੈਗਜ਼ੀਨ ਲਈ ਤਿਆਰ ਕੀਤੀਆਂ ਰਿਪੋਰਟਾਂ ਹਨ। ਉਸ ਦੀ ਇਕ ਵਿਸਤਾਰਤ ਰਿਪੋਰਟ ਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਵਿਚ ਉਸ ਨੇ ਕਸ਼ਮੀਰ ਵਿਚ ਪੱਤਰਕਾਰੀ ਦੀ ਸਟੇਟ ਵੱਲੋਂ ਕੀਤੀ ਜਾ ਰਹੀ ਜ਼ਬਾਨਬੰਦੀ ਬਾਰੇ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਪੇਸ਼ ਕੀਤੀ ਸੀ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਪੇਸ਼ ਹੈ ਇਸ ਰਿਪੋਰਟ ਦੀ ਪੰਜਵੀਂ ਅਤੇ ਆਖਰੀ ਕਿਸ਼ਤ।***



**ਸ਼ਾਹਿਦ ਤਾਂਤਰੇ**

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਛੇ ਸਾਲ ਤੋਂ ਵੱਧ ਸਮੇਂ ਤੱਕ 'ਰਾਈਜ਼ਿੰਗ ਕਸ਼ਮੀਰ' ਲਈ ਕੰਮ ਕਰਨ ਵਾਲੇ ਇਕ ਪੱਤਰਕਾਰ ਜੋ ਆਪਣੀ ਪਛਾਣ ਗੁਪਤ ਰੱਖਣੀ ਚਾਹੁੰਦਾ ਸੀ, ਨੇ ਦੱਸਿਆ ਕਿ ਲੜਾਈ ਦੇ ਖੇਤਰ ਵਿਚ 'ਦਹਿਸ਼ਤਗਰਦ' ਸ਼ਬਦ ਵਰਤਣਾ ਅਕਸਰ ਸੌਖਾ ਨਹੀਂ ਹੁੰਦਾ। ਉਸ ਨੇ ਕਿਹਾ, "ਕਸ਼ਮੀਰ ਵਿਚ ਅਸੀਂ ਦੋ ਬੰਦੂਕਾਂ 'ਚ ਘਿਰੇ ਹੋਏ ਹਾਂ। ਇਕ ਸਰਕਾਰੀ ਲਸ਼ਕਰਾਂ ਦੇ ਹੱਥਾਂ ਵਿਚ ਹੈ ਅਤੇ ਦੂਜੀ ਹਥਿਆਰਬੰਦ ਬਾਗੀਆਂ ਦੇ ਹੱਥਾਂ ਵਿਚ। 1990ਵਿਆਂ ਦੇ ਸ਼ੁਰੂ 'ਚ ਕਸ਼ਮੀਰ ਵਿਚ ਵੱਡੇ ਪੱਧਰ 'ਤੇ ਬਗਾਵਤ ਸ਼ੁਰੂ ਹੋਣ 'ਤੇ 'ਖਾੜਕੂ' (ਮਿਲੀਟੈਂਟ) ਸ਼ਬਦ ਦੀ ਵਰਤੋਂ ਸ਼ੁਰੂ ਹੋਈ ਸੀ। ਉਸ ਵਕਤ ਦੋਵਾਂ ਪਾਸਿਆਂ ਤੋਂ ਦਬਾਓ ਸੀ, ਇਕ ਪਾਸੇ ਉਹ ਮੁਜਾਹਿਦ ਕਹਾਉਣ ਦੀ ਗੱਲ ਕਰ ਰਹੇ ਸਨ ਅਤੇ ਦੂਜੀ ਧਿਰ ਉਨ੍ਹਾਂ ਨੂੰ ਦਹਿਸ਼ਤਗਰਦ ਕਹਿਣ ਲਈ ਜ਼ੋਰ ਪਾ ਰਹੀ ਸੀ। ਕਸ਼ਮੀਰ ਵਿਚ ਅਖਬਾਰਾਂ ਨੇ ਸਰਬਸੰਮਤੀ ਨਾਲ ਸੰਤੁਲਨ ਬਣਾਉਣ ਲਈ ਨਿਰਪੱਖ ਸ਼ਬਦ 'ਖਾੜਕੂ' ਚੁਣਿਆ ਸੀ। ਅਸੀਂ ਪਿਛਲੇ ਤੀਹ ਸਾਲ ਤੋਂ ਇਹ ਸ਼ਬਦ ਲਿਖ ਰਹੇ ਸੀ ਅਤੇ ਦੋਵੇਂ ਧਿਰਾਂ ਇਸ ਨਾਲ ਰਾਜ਼ੀ ਸਨ। ਹੁਣ ਪ੍ਰਸ਼ਾਸਨ ਸਾਨੂੰ ਦਹਿਸ਼ਤਗਰਦ ਸ਼ਬਦ ਵਰਤਣ ਲਈ ਮਜਬੂਰ ਕਰ ਰਿਹਾ ਹੈ।"

'ਰਾਈਜ਼ਿੰਗ ਕਸ਼ਮੀਰ' ਦੇ ਬਾਨੀ ਸੰਪਾਦਕ ਸ਼ੁਜਾਤ ਬੁਖਾਰੀ ਦੇ ਕਤਲ ਦਾ ਜ਼ਿਕਰ ਕਰਦੇ ਹੋਏ (ਉਸ ਨੂੰ 2018 'ਚ ਦਿਨ-ਦਿਹਾੜੇ ਅਣਪਛਾਤੇ ਹਮਲਾਵਰਾਂ ਨੇ ਕਤਲ ਕਰ ਦਿੱਤਾ ਸੀ) ਅਖਬਾਰ ਦੇ ਸਾਬਕਾ ਮੁਲਾਜ਼ਮ ਨੇ ਕਿਹਾ ਕਿ ਪੱਤਰਕਾਰ ਹਮੇਸ਼ਾ ਖਤਰੇ 'ਚ ਸੀ। ਉਸ ਨੇ ਕਿਹਾ, "ਸਾਡੀ ਜ਼ਿੰਦਗੀ ਦੀ ਗਾਰੰਟੀ ਨਹੀਂ। ਨਵੀਂ ਸ਼ਬਦਾਵਲੀ ਸਾਨੂੰ ਖਤਰੇ 'ਚ ਪਾ ਰਹੀ ਹੈ ਅਤੇ ਇਹ ਸ਼ਬਦ ਇੱਥੋਂ ਦੇ ਬਹੁਤ ਸਾਰੇ ਲੋਕਾਂ ਦੀਆਂ ਰੀਝਾਂ ਦੇ ਵਿਰੁੱਧ ਵੀ ਹੈ। ਜਿਵੇਂ ਉਹ ਕਹਿੰਦੇ ਹਨ, ਇਕ ਆਦਮੀ ਲਈ ਦਹਿਸ਼ਤਗਰਦ ਦੂਜੇ ਲਈ ਆਜ਼ਾਦੀ ਦਾ ਪਰਵਾਨਾ ਹੈ। ਇਸ ਸ਼ਬਦ ਦੀ ਵਰਤੋਂ ਕਰਨ ਲਈ ਸਾਨੂੰ ਸਮਾਜਿਕ ਬਾਈਕਾਟ ਦਾ ਸਾਹਮਣਾ ਵੀ ਕਰਨਾ ਪਵੇਗਾ। ਪੱਤਰਕਾਰ ਹੋਣ ਦੇ ਨਾਤੇ, ਸਾਨੂੰ ਸੰਤੁਲਨ ਬਣਾਉਣ ਦੀ ਜ਼ਰੂਰਤ ਹੈ। ਅਸੀਂ ਬਿਰਤਾਂਤ ਦੇ ਦੂਜੇ ਪਾਸੇ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ।"

ਹਾਲਾਂਕਿ, ਨਾਮਕਰਨ ਦੀ ਇਸ ਰੱਦੋਬਦਲ ਨੇ ਜੰਮੂ ਕਸ਼ਮੀਰ ਪ੍ਰਸ਼ਾਸਨ ਨੂੰ ਉਨ੍ਹਾਂ ਪੱਤਰਕਾਰਾਂ ਨੂੰ ਸੰਸਥਾਵਾਂ 'ਚੋਂ ਕਢਵਾਉਣ 'ਚ ਮਦਦ ਕੀਤੀ ਹੈ ਜੋ ਲੀਹ 'ਤੇ ਨਹੀਂ ਆਉਂਦੇ। 15 ਜੁਲਾਈ ਨੂੰ 'ਰਾਈਜ਼ਿੰਗ ਕਸ਼ਮੀਰ' ਦੇ ਮੁੱਖ ਪੰਨੇ ਦੇ ਸੰਪਾਦਕ ਸੱਜਾਦ ਕ੍ਰਾਲਿਆਰੀ ਨੇ 'ਆਰ.ਕੇ. ਲੇਆਊਟ ਐਂਡ ਐਡੀਟਰ' ਨਾਂ ਦੇ ਦਫਤਰ ਦੇ ਵ੍ਹੱਟਸਐਪ ਗਰੁੱਪ ਵਿਚ ਲਿਖਿਆ, "ਅਜਮੇਰ ਸਿੰਘ, ਮੈਂ ਸੰਸਥਾ ਲਈ ਸਮੱਸਿਆ ਨਹੀਂ ਬਣਨਾ ਚਾਹੁੰਦਾ, ਸਾਨੂੰ ਦਹਿਸ਼ਤਗਰਦ ਲਿਖਣ ਲਈ ਮਜਬੂਰ ਕੀਤਾ ਗਿਆ ਸੀ... ਮੈਂ ਸੰਸਥਾ ਦੇ ਹਿਤ ਬਾਰੇ ਸੋਚਦੇ ਹੋਏ ਸੁਹਿਰਦਤਾ ਨਾਲ ਅਸਤੀਫਾ ਦੇ ਰਿਹਾ ਹਾਂ... ਧੰਨਵਾਦ।"

ਅਜਮੇਰ ਸਿੰਘ ਸਾਬਕਾ ਫੌਜੀ ਅਫਸਰ ਅਤੇ 'ਰਾਈਜ਼ਿੰਗ ਕਸ਼ਮੀਰ' ਦੇ ਸਲਾਹਕਾਰ ਸੰਪਾਦਕ ਹਨ। ਮੈਸੇਜ ਪਾਉਣ ਤੋਂ ਬਾਅਦ ਕ੍ਰਾਲਿਆਰੀ ਨੇ ਗਰੁੱਪ ਛੱਡ ਦਿੱਤਾ। ਅਗਲੇ ਦਿਨ ਰਾਈਜ਼ਿੰਗ ਕਸ਼ਮੀਰ ਮੈਨੇਜਮੈਂਟ ਨੇ ਮੀਟਿੰਗ ਬੁਲਾਈ ਅਤੇ ਕ੍ਰਾਲਿਆਰੀ ਨੂੰ ਸੰਸਥਾ ਨਾ ਛੱਡਣ ਲਈ ਮਨਾ ਲਿਆ। ਦੋ ਹਫਤੇ ਬਾਅਦ ਹੀ ਕ੍ਰਾਲਿਆਰੀ ਅਤੇ ਦੋ ਹੋਰ ਸਟਾਫ ਮੈਂਬਰਾਂ ਨੂੰ 'ਨਵੀਂ ਸ਼ਬਦਾਵਲੀ ਨੀਤੀ' ਦੀ ਪਾਲਣਾ ਨਾ ਕਰਨ ਲਈ ਸੰਸਥਾ ਤੋਂ ਬਰਖਾਸਤ ਕਰ ਦਿੱਤਾ ਗਿਆ।

ਬਾਕੀਆਂ ਨੇ ਵੀ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਇਸੇ ਤਰ੍ਹਾਂ ਦੇ ਨਾਜ਼ੁਕ ਮਸਲੇ 'ਤੇ ਕੱਢ ਦਿੱਤਾ



*ਸ੍ਰੀਨਗਰ ਦੇ ਬਾਹਰੀ ਇਲਾਕੇ ਰੰਗਰੇਟ ਦੀ ਇਕ ਪ੍ਰੈੱਸ ਵਿਚ ਇਕ ਅਖਬਾਰ ਦੀ ਛਪਾਈ ਦੀ ਝਲਕ। ਇਸ ਇਲਾਕੇ ਦੇ ਅਖਬਾਰ ਵੱਡੇ ਪੈਮਾਨੇ 'ਤੇ ਸਿਰਫ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੇ ਪ੍ਰੈੱਸ ਬਿਆਨ ਅਤੇ ਭਾਜਪਾ ਦੇ ਬੁਲਾਰਿਆਂ ਦੇ ਬਿਆਨ ਕਵਰ ਕਰ ਰਹੇ ਹਨ। ਕਈ ਪੱਤਰਕਾਰਾਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਨੈਸ਼ਨਲ ਕਾਨਫਰੰਸ ਜਾਂ ਪੀ.ਡੀ.ਪੀ. ਦੇ ਬਿਆਨਾਂ ਅਤੇ ਖੇਤਰ 'ਚ ਹੋਈਆਂ ਹਿੰਸਕ ਝੜਪਾਂ ਬਾਰੇ ਰਿਪੋਰਟ ਕਰਨ ਦੀ ਇਜਾਜ਼ਤ ਨਹੀਂ ਹੈ।*

> ***'ਰਾਈਜ਼ਿੰਗ ਕਸ਼ਮੀਰ' ਦੇ ਇਕ ਸਾਬਕਾ ਮੁਲਾਜ਼ਮ ਜਿਸ ਨੇ ਛੇ ਸਾਲ ਤੋਂ ਅਖਬਾਰ ਲਈ ਕੰਮ ਕੀਤਾ ਸੀ, ਨੇ ਦੱਸਿਆ ਕਿ ਪਿਛਲੇ ਸਾਲਾਂ ਤੋਂ ਇਹ ਅਖਬਾਰ ਬਦਲ ਗਿਆ ਹੈ। ਉਸ ਨੇ ਕਿਹਾ, "ਮੈਂ 2018 ਤੋਂ 'ਰਾਈਜ਼ਿੰਗ ਕਸ਼ਮੀਰ' ਨਾਲ ਜੁੜਿਆ ਹੋਇਆ ਸੀ। 'ਖਾੜਕੂ' ਦੀ ਬਜਾਇ 'ਦਹਿਸ਼ਤਗਰਦ' ਦੀ ਵਰਤੋਂ ਕਰਨ ਤੋਂ ਇਲਾਵਾ ਇਸ ਵਿਚ ਹੋਰ ਬਦਲਾਓ ਵੀ ਕੀਤੇ ਗਏ - ਜਿਵੇਂ ਸਾਨੂੰ ਪਾਕਿਸਤਾਨ ਸ਼ਾਸਿਤ ਕਸ਼ਮੀਰ ਦੀ ਬਜਾਇ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਕਰਨਾ ਪਿਆ। ਇਹ ਸਟਾਫ ਨੂੰ ਠੀਕ ਨਹੀਂ ਲੱਗਿਆ ਅਤੇ ਅਸੀਂ ਸੰਪਾਦਕ ਤੇ ਮਾਲਕ ਨੂੰ ਕਿਹਾ ਕਿ ਜੇ ਅਸੀਂ ਇਹ ਲਿਖਦੇ ਹਾਂ ਤਾਂ ਇਸ ਨਾਲ ਸਾਡੀਆਂ ਜਾਨਾਂ ਨੂੰ ਖਤਰਾ ਹੋ ਸਕਦਾ ਹੈ। ਸਾਡੇ ਇਹ ਕਹਿਣ ਤੋਂ ਬਾਅਦ ਪ੍ਰਬੰਧਕੀ ਅਤੇ ਸੰਪਾਦਕੀ ਟੀਮ ਵਿਚ ਤਲਖੀ ਬਣ ਗਈ।***

ਗਿਆ ਸੀ। ਕਸ਼ਮੀਰ ਵਿਚ ਅਖਬਾਰ ਉਦਯੋਗ ਅਸੰਗਠਿਤ ਹੈ। ਪੱਤਰਕਾਰਾਂ ਨੂੰ ਅਕਸਰ ਰਸਮੀ ਜੁਆਨਿੰਗ ਲੈਟਰ ਨਹੀਂ ਮਿਲਦੇ ਅਤੇ ਉਨ੍ਹਾਂ ਨੂੰ ਰਿਲੀਵਿੰਗ ਲੈਟਰ ਮਿਲਣ ਦੀ ਸੰਭਾਵਨਾ ਵੀ ਘੱਟ ਹੀ ਹੁੰਦੀ ਹੈ। ਉਨ੍ਹਾਂ ਨੂੰ ਮੂੰਹ-ਜ਼ੁਬਾਨੀ ਭਰਤੀ ਕੀਤਾ ਜਾਂਦਾ ਹੈ ਅਤੇ ਮੂੰਹ-ਜ਼ੁਬਾਨੀ ਹੀ ਇਸ ਆਧਾਰ 'ਤੇ ਬਰਖਾਸਤ ਕਰ ਦਿੱਤਾ ਜਾਂਦਾ ਹੈ ਕਿ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਸੰਸਥਾਵਾਂ ਦੇ ਸੰਪਾਦਕਾਂ ਨੂੰ ਜੋ ਅਸਪੱਸ਼ਟ ਆਦੇਸ਼ ਦਿੱਤੇ ਹਨ, ਉਨ੍ਹਾਂ ਦੀ ਉਹ ਮੁਸਤੈਦੀ ਨਾਲ ਪਾਲਣਾ ਨਹੀਂ ਕਰਦੇ।

ਸੰਪਾਦਕੀ ਨੀਤੀ ਵਿਚ ਹਾਲੀਆ ਤਬਦੀਲੀਆਂ ਅਤੇ ਉਨ੍ਹਾਂ ਤਬਦੀਲੀਆਂ ਨੂੰ ਸਵੀਕਾਰ ਨਾ ਕਰਨ ਵਾਲੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ 'ਚ 'ਰਾਈਜ਼ਿੰਗ ਕਸ਼ਮੀਰ' ਹੁਣ ਸਭ ਤੋਂ ਭੈੜੇ ਅਪਰਾਧੀਆਂ ਵਿਚੋਂ ਇਕ ਹੈ। 2021 'ਚ ਇਸ ਸੰਸਥਾ ਨੇ ਸੱਤ ਪੱਤਰਕਾਰਾਂ ਨੂੰ ਬਰਖਾਸਤ ਕੀਤਾ ਜਿਨ੍ਹਾਂ ਵਿਚੋਂ ਕਈਆਂ ਨੇ ਮੈਨੂੰ ਦੱਸਿਆ ਕਿ ਇਹ ਇਸ ਕਰਕੇ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਅਖਬਾਰ ਦੀ ਸੰਪਾਦਕੀ ਨੀਤੀ ਵਿਚ ਤਬਦੀਲੀ ਨੂੰ ਸਵੀਕਾਰ ਨਹੀਂ ਕੀਤਾ।

ਅਗਸਤ 2021 ਵਿਚ 'ਰਾਈਜ਼ਿੰਗ ਕਸ਼ਮੀਰ' ਦੇ ਆਨਲਾਈਨ ਸੰਪਾਦਕ ਵਜੋਂ ਕੰਮ ਕਰਨ ਵਾਲੇ ਇਰਫਾਨ ਅਮੀਨ ਮਲਿਕ ਨੇ ਜੰਮੂ ਕਸ਼ਮੀਰ ਲਈ ਨਵੀਂ ਫਿਲਮ ਨੀਤੀ ਦੀ ਆਲੋਚਨਾ ਕਰਦੇ ਹੋਏ ਟਵੀਟ ਲਿਖਿਆ ਜਿਸ ਅਨੁਸਾਰ ਫਿਲਮ ਨਿਰਮਾਤਾਵਾਂ ਨੂੰ ਸ਼ੂਟਿੰਗ ਦੀ ਮਨਜ਼ੂਰੀ ਲੈਣ ਲਈ ਸਰਕਾਰ ਨੂੰ ਆਪਣੀ ਸਕ੍ਰਿਪਟ ਦਿਖਾਉਣੀ ਪਵੇਗੀ। ਟਵੀਟ ਦੇ ਅੰਜਾਮ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਸਿਰਫ ਦੋ ਮਿੰਟ ਬਾਅਦ ਹੀ ਟਵੀਟ ਹਟਾ ਦਿੱਤਾ। ਇਸ ਤੋਂ ਤੁਰੰਤ ਬਾਅਦ ਉਸ ਨੂੰ ਦੱਖਣੀ ਕਸ਼ਮੀਰ ਦੇ ਤਰਾਲ ਕਸਬੇ ਦੇ ਸਥਾਨਕ ਥਾਣੇ 'ਚ ਤਲਬ ਕਰ ਲਿਆ ਗਿਆ ਜਿੱਥੇ ਉਸ ਤੋਂ ਪੰਜ ਘੰਟੇ ਪੁੱਛਗਿੱਛ ਕੀਤੀ ਗਈ। ਉਸੇ ਦਿਨ 'ਰਾਈਜ਼ਿੰਗ ਕਸ਼ਮੀਰ' ਨੇ ਮਲਿਕ ਨੂੰ ਨੌਕਰੀ ਤੋਂ ਕੱਢਣ ਦਾ ਫੈਸਲਾ ਕਰ ਲਿਆ।

'ਰਾਈਜ਼ਿੰਗ ਕਸ਼ਮੀਰ' ਦੇ ਸਿਆਸੀ ਪੰਨੇ ਦੇ ਕਰਤਾ-ਧਰਤਾ ਉਪ ਸੰਪਾਦਕ ਮੁਹੰਮਦ ਰਫੀ ਨੂੰ 7 ਫਰਵਰੀ 2021 ਦੀ ਅੱਧੀ ਰਾਤ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਰਫੀ ਨੇ ਦੱਸਿਆ, "ਕਈ ਮੌਕਿਆਂ 'ਤੇ ਸਾਡੇ ਨਿਊਜ਼ ਰੂਮ ਵਿਚ ਬਹਿਸ ਭਖ ਗਈ ਸੀ। ਮਾਲਕ, ਅਯਾਜ ਹਾਫਿਜ਼ ਗਨੀ ਅਤੇ ਸਲਾਹਕਾਰ ਸੰਪਾਦਕ ਅਜਮੇਰ ਸਿੰਘ ਚਾਹੁੰਦੇ ਸਨ ਕਿ ਸਥਾਨਕ ਮੁੱਖ ਧਾਰਾ ਦੀ ਸਿਆਸਤ, ਨੈਸ਼ਨਲ ਕਾਨਫਰੰਸ ਅਤੇ ਪੀ.ਡੀ.ਪੀ. ਨੂੰ ਅਖਬਾਰ ਵਿਚੋਂ ਮਿਟਾ ਦਿੱਤਾ ਜਾਵੇ। 'ਰਾਈਜ਼ਿੰਗ ਕਸ਼ਮੀਰ' ਸਥਾਨਕ ਅਖਬਾਰ ਹੈ ਅਤੇ ਇਹ ਜ਼ਰੂਰੀ ਹੈ ਕਿ ਸਥਾਨਕ ਸਿਆਸਤ ਅਖਬਾਰ ਦੇ ਅੰਦਰ ਝਲਕਦੀ ਹੋਵੇ ਪਰ ਇਸ ਦੀ ਬਜਾਇ ਮੈਨੂੰ ਦਿੱਲੀ ਤੋਂ ਭਾਜਪਾ ਦੇ ਬੁਲਾਰਿਆਂ ਦੇ ਬਿਆਨ ਲੈ ਕੇ ਆਉਣ ਲਈ ਕਿਹਾ ਗਿਆ ਸੀ।" ਗਨੀ ਜਨਵਰੀ 2020 'ਚ ਵਿਦੇਸ਼ੀ ਡਿਪਲੋਮੈਟਾਂ ਨੂੰ ਮਿਲਣ ਵਾਲੇ ਮੀਡੀਆ ਕਰਮੀਆਂ ਦੇ ਵਫਦ ਵਿਚ ਵੀ ਸ਼ਾਮਿਲ ਸੀ।

ਰਫੀ ਨੂੰ ਕੱਢਣ ਤੋਂ ਚਾਰ ਦਿਨ ਪਹਿਲਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਜੀ ਕਿਸ਼ਨ ਰੈੱਡੀ ਨੇ ਸੰਸਦ ਨੂੰ ਦੱਸਿਆ ਕਿ ਧਾਰਾ 370 ਖਤਮ ਕਰਨ ਤੋਂ ਬਾਅਦ "ਵੱਖਵਾਦੀਆਂ, ਉਨ੍ਹਾਂ ਦੇ ਖੁੱਲ੍ਹੇ ਵਰਕਰਾਂ, ਪੱਥਰਬਾਜ਼ਾਂ ਆਦਿ ਸਮੇਤ 613 ਲੋਕਾਂ ਨੂੰ ਵੱਖ-ਵੱਖ ਮੌਕਿਆਂ 'ਤੇ ਵੱਖ-ਵੱਖ ਥਾਵਾਂ ਤੋਂ ਹਿਰਾਸਤ ਵਿਚ ਲਿਆ ਗਿਆ।" ਰੈਡੀ ਨੇ ਕਿਹਾ ਕਿ ਹਿਰਾਸਤ 'ਚ ਲਏ ਲੋਕਾਂ 'ਚੋਂ ਹੁਣ ਤੱਕ 430 ਜਣਿਆਂ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ। ਉਸ ਨੇ ਇਹ ਵੀ ਦਾਅਵਾ ਕੀਤਾ ਕਿ "ਜੰਮੂ ਕਸ਼ਮੀਰ ਸਰਕਾਰ ਨੇ ਅੱਗੇ ਕਿਹਾ ਹੈ ਕਿ ਜੰਮੂ ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਕੋਈ ਵੀ ਵਿਅਕਤੀ ਘਰ ਵਿਚ ਨਜ਼ਰਬੰਦ ਨਹੀਂ।" 4 ਫਰਵਰੀ ਨੂੰ ਹੁਰੀਅਤ ਨੇਤਾ ਮੀਰਵਾਇਜ਼ ਉਮਰ ਫਾਰੂਕ ਨੇ ਰੈਡੀ ਦੇ ਬਿਆਨ ਨੂੰ ਗੁਮਰਾਹਕੁਨ ਕਰਾਰ ਦਿੱਤਾ। ਮੀਰਵਾਇਜ਼ ਨੇ ਕਿਹਾ ਕਿ ਅਗਸਤ 2019 ਤੋਂ ਲੈ ਕੇ ਪੁਲਿਸ ਦੀ ਗੱਡੀ ਪੱਕੇ ਤੌਰ 'ਤੇ ਉਸ ਦੇ ਘਰ ਦੇ ਬਾਹਰ ਤਾਇਨਾਤ ਹੈ ਅਤੇ "ਮੈਨੂੰ ਬਾਹਰ ਨਿਕਲਣ ਤੋਂ ਰੋਕ ਦਿੱਤਾ ਗਿਆ ਹੈ। ਜੇਕਰ ਇਹ ਕਦਮ ਨਜ਼ਰਬੰਦੀ ਨਹੀਂ ਤਾਂ ਕੀ ਹੈ? ਜੇ ਮੈਨੂੰ ਘਰ 'ਚ ਨਜ਼ਰਬੰਦ ਨਹੀਂ ਕੀਤਾ ਗਿਆ ਤਾਂ ਮੈਨੂੰ ਘਰੋਂ ਬਾਹਰ ਕਿਉਂ ਨਹੀਂ ਜਾਣ ਦਿੱਤਾ ਜਾ ਰਿਹਾ?" 'ਰਾਈਜ਼ਿੰਗ ਕਸ਼ਮੀਰ' ਦੇ 4 ਫਰਵਰੀ ਦੇ ਅੰਕ ਨੇ ਰੈਡੀ ਦੇ ਬਿਆਨ ਨੂੰ ਦੂਜੇ ਪੰਨੇ 'ਤੇ ਲੀਡ ਸਟੋਰੀ ਵਜੋਂ ਛਾਪਿਆ ਜਿਸ ਵਿਚ ਮੀਰਵਾਇਜ਼ ਦੇ ਬਿਆਨ ਦਾ ਕੋਈ ਜ਼ਿਕਰ ਨਹੀਂ ਸੀ। ਰਫੀ ਨੇ ਦੱਸਿਆ ਕਿ ਉਸ ਨੇ ਮੀਰਵਾਇਜ਼ ਦੇ ਬਿਆਨ ਨਾਲ ਦੂਜੇ ਪੰਨੇ ਨੂੰ ਅੰਤਿਮ ਰੂਪ ਦਿੱਤਾ ਸੀ ਪਰ ਬਾਅਦ ਵਿਚ ਇਸ ਨੂੰ ਹਟਾਉਣ ਲਈ ਕਿਹਾ ਗਿਆ ਸੀ। ਉਸ ਨੇ ਇਨਕਾਰ ਕਰ ਦਿੱਤਾ।

ਰਫੀ ਨੇ ਕਿਹਾ ਕਿ 7 ਫਰਵਰੀ ਦੀ ਰਾਤ ਨੂੰ "ਮੈਨੂੰ ਮਹਿਬੂਬਾ ਮੁਫਤੀ ਅਤੇ ਉਮਰ ਅਬਦੁੱਲਾ ਦੇ ਬਿਆਨ ਹਟਾਉਣ ਅਤੇ ਦਿੱਲੀ ਭਾਜਪਾ ਦੇ ਬੁਲਾਰੇ ਦੇ ਬਿਆਨ ਨੂੰ ਲਾਉਣ ਲਈ ਕਿਹਾ ਗਿਆ। ਮੈਂ ਨਹੀਂ ਮੰਨਿਆ ਤਾਂ ਉਹ ਜ਼ਿੱਦ ਕਰਨ ਲੱਗੇ। ਮੈਂ ਝੁਕਿਆ ਨਹੀਂ, ਆਖਿਰਕਾਰ ਉਨ੍ਹਾਂ ਪੰਨਾ ਬਦਲ ਦਿੱਤਾ। ਮੈਨੂੰ ਬਾਅਦ ਵਿਚ ਐੱਮ.ਐੱਮ.ਐੱਸ. ਆਇਆ ਕਿ ਤੈਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।"





*'ਦਿ ਰਾਈਜ਼ਿੰਗ ਕਸ਼ਮੀਰ' ਅਖਬਾਰ ਦਾ ਪਹਿਲਾ ਪੰਨਾ।*

'ਰਾਈਜ਼ਿੰਗ ਕਸ਼ਮੀਰ' ਦੇ ਇਕ ਸਾਬਕਾ ਮੁਲਾਜ਼ਮ ਜਿਸ ਨੇ ਛੇ ਸਾਲ ਤੋਂ ਅਖਬਾਰ ਲਈ ਕੰਮ ਕੀਤਾ ਸੀ, ਨੇ ਦੱਸਿਆ ਕਿ ਪਿਛਲੇ ਸਾਲਾਂ ਤੋਂ ਇਹ ਅਖਬਾਰ ਬਦਲ ਗਿਆ ਹੈ, "ਮੈਂ 2018 ਤੋਂ 'ਰਾਈਜ਼ਿੰਗ ਕਸ਼ਮੀਰ' ਨਾਲ ਜੁੜਿਆ ਸੀ। 'ਖਾੜਕੂ' ਦੀ ਬਜਾਇ 'ਦਹਿਸ਼ਤਗਰਦ' ਦੀ ਵਰਤੋਂ ਕਰਨ ਤੋਂ ਇਲਾਵਾ ਇਸ ਵਿਚ ਹੋਰ ਬਦਲਾਓ ਵੀ ਕੀਤੇ ਗਏ; ਜਿਵੇਂ ਸਾਨੂੰ ਪਾਕਿਸਤਾਨ ਸ਼ਾਸਿਤ ਕਸ਼ਮੀਰ ਦੀ ਬਜਾਇ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਕਰਨਾ ਪਿਆ। ਇਹ ਸਟਾਫ ਨੂੰ ਠੀਕ ਨਹੀਂ ਲੱਗਿਆ ਅਤੇ ਅਸੀਂ ਸੰਪਾਦਕ ਤੇ ਮਾਲਕ ਨੂੰ ਕਿਹਾ ਕਿ ਜੇ ਅਸੀਂ ਇਹ ਲਿਖਦੇ ਹਾਂ ਤਾਂ ਇਸ ਨਾਲ ਸਾਡੀਆਂ ਜਾਨਾਂ ਨੂੰ ਖਤਰਾ ਹੋ ਸਕਦਾ ਹੈ। ਸਾਡੇ ਇਹ ਕਹਿਣ ਤੋਂ ਬਾਅਦ ਪ੍ਰਬੰਧਕੀ ਅਤੇ ਸੰਪਾਦਕੀ ਟੀਮ ਵਿਚ

### ਆਖਰੀ ਕਿਸ਼ਤ

ਤਲਖੀ ਬਣ ਗਈ ਅਤੇ ਪੰਦਰਾਂ-ਵੀਹ ਦਿਨ ਬਾਅਦ ਚਾਰ ਜਣਿਆਂ ਨੂੰ ਸਰਵਿਸ ਪੀਰੀਅਡ ਜਾਂ ਕੋਈ ਅਗਾਊਂ ਤਨਖਾਹ ਦਿੱਤੇ ਬਿਨਾ ਹੀ ਅਖਬਾਰ 'ਚੋਂ ਕੱਢ ਦਿੱਤਾ।" ਇਸ ਮੁਲਾਜ਼ਮ ਨੇ ਕਿਹਾ ਕਿ ਅਖਬਾਰ ਨੇ ਇਸ ਦਾ ਕਾਰਨ ਸਿਰਫ ਇਹ ਦੱਸਿਆ ਕਿ ਪੱਤਰਕਾਰਾਂ ਦੀ ਵਿਚਾਰਧਾਰਾ ਅਖਬਾਰ ਦੀ ਨੀਤੀ ਦੇ ਫਿੱਟ ਨਹੀਂ ਆਉਂਦੀ।

ਸਾਬਕਾ ਮੁਲਾਜ਼ਮ ਮੁਤਾਬਿਕ ਅਧਿਕਾਰੀਆਂ ਦੇ ਹੁਕਮ ਵਜਾ ਰਹੇ ਸੰਪਾਦਕ ਕਵਰੇਜ ਵਿਚ ਜੋ ਬਦਲਾਓ ਚਾਹੁੰਦੇ ਹਨ, ਉਸ ਦਾ ਕੋਈ ਅੰਤ ਨਹੀਂ, "ਸਾਨੂੰ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਬਾਰੇ ਮੂੰਹ ਜ਼ਬਾਨੀ ਚਿਤਾਵਨੀ ਦਿੱਤੀ ਕਿ ਸਾਨੂੰ ਅਜਿਹੀ ਕੋਈ ਵੀ ਪੋਸਟ ਨਹੀਂ ਪਾਉਣੀ ਚਾਹੀਦੀ ਜੋ ਸੰਪਾਦਕੀ ਲਾਈਨ ਦੇ ਅਨੁਕੂਲ ਨਾ ਹੋਵੇ। ਜੇ ਕੋਈ ਬਦਲਾਓ ਹੁੰਦਾ ਹੈ ਤਾਂ ਸਰਕਾਰ ਸਿਰਫ ਮੂੰਹ-ਜ਼ਬਾਨੀ ਹੁਕਮਾਂ ਦੀ ਵਰਤੋਂ ਕਰਦੀ ਹੈ ਤਾਂ ਜੋ ਕੁਝ ਵੀ ਰਿਕਾਰਡ 'ਤੇ ਨਾ ਜਾਵੇ। ਕਾਗਜ਼ਾਂ ਉੱਪਰ ਜੋ ਕੁਝ ਵੀ ਹੁੰਦਾ ਹੈ, ਉਹ ਇਕ ਜਗ੍ਹਾ ਇਕੱਠਾ ਹੁੰਦਾ ਜਾਵੇਗਾ ਅਤੇ ਦੇਰ-ਸਵੇਰ ਸਾਹਮਣੇ ਆ ਹੀ ਜਾਵੇਗਾ। ਇਸੇ ਲਈ ਉਹ ਇਹ ਯਕੀਨੀ ਬਣਾਉਂਦੇ ਹਨ ਕਿ ਕੋਈ ਨਿਸ਼ਾਨ ਜਾਂ ਸਬੂਤ ਨਾ ਰਹੇ। ਸਾਨੂੰ ਬਸ ਇੰਨਾ ਹੀ ਦੱਸਿਆ ਸੀ ਕਿ 'ਹੁਕਮ ਉੱਪਰੋਂ ਆਏ ਹਨ' ਅਤੇ ਸਾਥੋਂ ਬਿਨਾ ਕੋਈ ਕਿੰਤੂ-ਪ੍ਰੰਤੂ ਕੀਤੇ ਉਨ੍ਹਾਂ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਗਈ ਸੀ।... (ਅਸਲ ਵਿਚ) ਉਨ੍ਹਾਂ ਸਾਨੂੰ ਝੁਕਣ ਲਈ ਕਿਹਾ ਤੇ ਅਸੀਂ ਰੀਂਗਣਾ ਸ਼ੁਰੂ ਕਰ ਦਿੱਤਾ। ਕਸ਼ਮੀਰ ਦੇ ਅਖਬਾਰਾਂ ਵਿਚ ਇਹੋ ਕੁਝ ਹੋ ਰਿਹਾ ਹੈ, ਉਨ੍ਹਾਂ ਨੇ ਰੀਂਗਣਾ ਸ਼ੁਰੂ ਕਰ ਦਿੱਤਾ ਅਤੇ ਹੁਣ ਆਪਣੀਆਂ ਕਬਰਾਂ ਖੁਦ ਪੁੱਟ ਰਹੇ ਹਨ।"

ਸੰਪਾਦਕੀ ਤਬਦੀਲੀਆਂ ਨੂੰ ਤਾਂ ਘੁਸਰ-ਮੁਸਰ ਕਰਕੇ ਅਤੇ ਜ਼ੁਬਾਨੀ ਹੁਕਮਾਂ ਰਾਹੀਂ ਪਹੁੰਚਾਇਆ ਜਾਂਦਾ ਹੈ ਪਰ ਜੰਮੂ ਕਸ਼ਮੀਰ ਸਰਕਾਰ ਦੀ ਮੀਡੀਆ 'ਤੇ ਕਰੜੇ ਕੰਟਰੋਲ ਦੀ ਨੀਤੀ ਅਪਾਰਦਰਸ਼ੀ ਹੈ। 15 ਮਈ 2020 ਨੂੰ ਜੰਮੂ ਐਂਡ ਕਸ਼ਮੀਰ ਡਾਇਰੈਕਟੋਰੇਟ ਆਫ ਇਨਫਰਮੇਸ਼ਨ ਐਂਡ ਪਬਲਿਕ ਰਿਲੇਸ਼ਨ ਨੇ 53 ਪੰਨਿਆਂ ਦੀ ਮੀਡੀਆ ਨੀਤੀ ਜਾਰੀ ਕੀਤੀ ਜਿਸ ਵਿਚ ਦੱਸਿਆ ਗਿਆ ਕਿ ਕਸ਼ਮੀਰ 'ਚ ਪੱਤਰਕਾਰੀ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਇਹ ਨੀਤੀ ਸੋਸ਼ਲ ਮੀਡੀਆ ਸਮੇਤ ਵੱਖ-ਵੱਖ ਮੰਚਾਂ ਉੱਪਰ ਸਰਕਾਰ ਦੀਆਂ 'ਪ੍ਰਾਪਤੀਆਂ' ਦੇ ਨਾਲ-ਨਾਲ ਸਰਕਾਰੀ ਯੋਜਨਾਵਾਂ ਦੇ ਵੇਰਵਿਆਂ ਦਾ ਹੜ੍ਹ ਲਿਆਉਣ ਦਾ ਖਾਕਾ ਦਿੰਦੀ ਹੈ। ਇਹ ਸਮਾਚਾਰ ਸੰਸਥਾਵਾਂ ਨੂੰ ਨਾ ਸਿਰਫ ਸਰਕਾਰ ਦੀਆਂ 'ਵਿਕਾਸ' ਦੀਆਂ ਪ੍ਰਾਪਤੀਆਂ ਨੂੰ ਕੇਂਦਰੀ ਫੋਕਸ ਬਣਾਉਣ ਸਗੋਂ ਉਨ੍ਹਾਂ ਨੂੰ ਆਪਣੀ ਰਿਪੋਰਟਿੰਗ ਨੂੰ ਸਿਰਫ ਇਸੇ ਤੱਕ ਸੀਮਤ ਕਰਨ ਲਈ ਮਜਬੂਰ ਕਰਦੀ ਹੈ।

ਇਸ ਮੀਡੀਆ ਨੀਤੀ ਵਿਚ ਉਨ੍ਹਾਂ ਤਰੀਕਿਆਂ ਬਾਰੇ ਵੀ ਚਰਚਾ ਕੀਤੀ ਗਈ ਹੈ ਜਿਨ੍ਹਾਂ ਨਾਲ ਪ੍ਰਸ਼ਾਸਨ ਮੀਡੀਆ ਸੰਸਥਾਵਾਂ ਨੂੰ ਗੋਡਿਆਂ ਭਾਰ ਕਰ ਸਕਦਾ ਹੈ। ਦਸਤਾਵੇਜ਼ ਵਿਚ ਕਿਹਾ ਗਿਆ ਹੈ, "ਕਿਸੇ ਵੀ ਮੀਡੀਆ ਨੂੰ ਕੋਈ ਵੀ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ ਜੋ ਹਿੰਸਾ ਨੂੰ ਭੜਕਾਉਂਦਾ ਜਾਂ ਭੜਕਾਉਣ ਦਾ ਇਰਾਦਾ ਰੱਖਦਾ ਹੈ, ਜਾਂ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਉੱਪਰ ਸਵਾਲ ਉਠਾਉਂਦਾ ਹੈ ਜਾਂ ਜਨਤਕ ਮਰਿਆਦਾ ਅਤੇ ਵਿਹਾਰ ਦੇ ਪ੍ਰਵਾਨਤ ਮਾਪਦੰਡਾਂ ਦੀ ਉਲੰਘਣਾ ਕਰਦਾ ਹੈ।" ਨੀਤੀ ਕਹਿੰਦੀ ਹੈ ਕਿ ਜੇ ਉਹ ਸਰਕਾਰੀ ਇਸ਼ਤਿਹਾਰ ਛਾਪਣ ਤੋਂ ਇਨਕਾਰ ਕਰਦੇ ਹਨ ਤਾਂ ਪ੍ਰਸ਼ਾਸਨ ਨੂੰ ਪ੍ਰਕਾਸ਼ਨਾਵਾਂ ਨੂੰ ਸਿਰਫ ਛੇ ਮਹੀਨਿਆਂ ਲਈ ਸੂਚੀ 'ਚ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਨੀਤੀ ਸੁਝਾਅ ਦਿੰਦੀ ਹੈ ਕਿ ਜੇ ਮੀਡੀਆ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਤਾਂ

***(ਬਾਕੀ ਅਗਲੇ ਸਫੇ 'ਤੇ)***

ਡੀ.ਆਈ.ਪੀ.ਆਰ. 'ਉਲੰਘਣਾ ਕਰਨ ਵਾਲਿਆਂ' ਨੂੰ ਮੁਅੱਤਲ ਕਰਨ ਲਈ ਅੰਦਰੂਨੀ ਤੰਤਰ ਬਣਾ ਸਕਦਾ ਹੈ। ਹਾਲਾਂਕਿ ਵਿਭਾਗ ਦੇ ਪ੍ਰਸ਼ਾਸਕੀ ਸਕੱਤਰ ਅਤੇ ਗ੍ਰਹਿ ਵਿਭਾਗ ਦੇ ਵਧੀਕ ਸਕੱਤਰ ਦੀ ਅਗਵਾਈ ਵਾਲੀ ਸਮੀਖਿਆ ਕਮੇਟੀ ਕੋਲ ਅਪੀਲ ਕੀਤੀ ਜਾ ਸਕਦੀ ਹੈ ਪਰ ਇਸ਼ਤਿਹਾਰਾਂ ਅਤੇ ਪੈਨਲਿੰਗ ਦਾ ਅੰਤਮ ਅਧਿਕਾਰ ਡੀ.ਆਈ.ਪੀ.ਆਰ. ਕੋਲ ਹੋਵੇਗਾ।

ਇਸ ਤੋਂ ਅੱਗੇ ਨੀਤੀ ਰਵਾਇਤੀ ਪ੍ਰਿੰਟ ਮੀਡੀਆ ਤੋਂ ਬਦਲ ਕੇ ਆਨਲਾਈਨ ਮੀਡੀਆ ਆਊਟਲੈਟਸ ਅਤੇ ਟੈਲੀਵਿਜ਼ਨ ਤੇ ਰੇਡੀਓ ਸਟੇਸ਼ਨਾਂ ਉੱਪਰ ਫੋਕਸ ਕਰਨ ਦੀ ਤਜਵੀਜ਼ ਪੇਸ਼ ਕਰਦੀ ਹੈ, ਮਗਰਲੇ ਲਈ ਇਸ਼ਤਿਹਾਰਾਂ ਦੇ ਬਜਟ ਦਾ ਘੱਟੋ-ਘੱਟ 40 ਫੀਸਦੀ ਰਾਖਵਾਂ ਕਰਦੀ ਹੈ। ਆਨਲਾਈਨ ਸਮਾਚਾਰ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਨੂੰ 'ਖਾਸ ਧਿਆਨ ਦੇਣ ਵਾਲੇ ਖੇਤਰਾਂ' ਦੱਸਿਆ ਗਿਆ ਹੈ ਅਤੇ ਨੀਤੀ ਦੇ 'ਮੁੱਖ ਭਾਗਾਂ' ਵਿਚ ਸੂਚਨਾ ਅਤੇ ਗਲਤ ਸੂਚਨਾ ਦੇ ਪ੍ਰਸਾਰ ਉੱਪਰ ਨਜ਼ਰ ਰੱਖਣ ਲਈ ਡੀ.ਆਈ.ਪੀ.ਆਰ. ਦੁਆਰਾ ਸੋਸ਼ਲ ਮੀਡੀਆ ਸੈੱਲ ਬਣਾਉਣਾ ਸ਼ਾਮਿਲ ਹੈ। ਕਸ਼ਮੀਰ ਵਿਚ ਕੋਈ ਵੱਡਾ ਟੈਲੀਵਿਜ਼ਨ ਜਾਂ ਰੇਡੀਓ ਚੈਨਲ ਨਹੀਂ ਹੈ, ਤੇ ਅਜਿਹੇ ਪ੍ਰਿੰਟ ਮੀਡੀਆ ਦੇ ਇਸ਼ਤਿਹਾਰਾਂ ਨੂੰ ਘਟਾਉਣਾ - ਜਿੱਥੇ ਜ਼ਿਆਦਾਤਰ ਕਸ਼ਮੀਰੀ ਪੱਤਰਕਾਰ ਕੰਮ ਕਰਦੇ ਹਨ - ਮੁਤਵਾਜ਼ੀ ਪ੍ਰੈੱਸ ਉੱਪਰ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਜਾਪਦਾ ਹੈ।

ਮੀਡੀਆ ਨੀਤੀ ਪ੍ਰਸ਼ਾਸਨ ਨੂੰ ਇਹ ਵੀ ਤੈਅ ਕਰਨ ਦਿੰਦੀ ਹੈ ਕਿ ਕਿਸ ਨੂੰ ਬਤੌਰ ਪੱਤਰਕਾਰ ਕਾਨੂੰਨੀ ਸਰਪ੍ਰਸਤੀ ਦਿੱਤੀ ਜਾ ਸਕਦੀ ਹੈ ਅਤੇ ਕਿਸ ਨੂੰ ਨਹੀਂ। ਇਸ ਵਿਚ ਕਿਹਾ ਗਿਆ ਹੈ ਕਿ ਡੀ.ਆਈ.ਪੀ.ਆਰ. ਕਸ਼ਮੀਰ ਵਿਚ ਪੱਤਰਕਾਰਾਂ ਦੀ ਮਾਨਤਾ ਨੂੰ ਮਨਜ਼ੂਰੀ ਦੇਣ 'ਚ 'ਢੁਕਵੇਂ ਅਧਿਕਾਰੀਆਂ' ਨੂੰ ਸ਼ਾਮਿਲ ਕਰੇਗਾ। 'ਇਸੇ ਤਰ੍ਹਾਂ, ਮਾਨਤਾ ਨੂੰ ਅੰਤਿਮ ਰੂਪ ਦਿੰਦੇ ਵਕਤ, ਸਬੰਧਿਤ ਅਧਿਕਾਰੀਆਂ ਦੀ ਮਦਦ ਨਾਲ ਹਰ ਪੱਤਰਕਾਰ ਦੇ ਪਹਿਲੇ ਕੰਮ ਸਮੇਤ ਪਿਛੋਕੜ ਦੀ ਗੰਭੀਰ ਜਾਂਚ ਕੀਤੀ ਜਾਵੇਗੀ।'

ਮੈਂ ਜਿਨ੍ਹਾਂ ਕਈ ਪੱਤਰਕਾਰਾਂ ਨਾਲ ਗੱਲ ਕੀਤੀ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਅਮਲ ਦਾ ਮਤਲਬ ਹੈ, ਜੇ ਉਨ੍ਹਾਂ ਦੇ ਲਿਖੇ ਨਾਲ ਡੀ.ਆਈ.ਪੀ.ਆਰ. ਨੂੰ ਲੱਗੇ ਕਿ ਇਹ ਪ੍ਰਸ਼ਾਸਨ ਦੀ ਆਲੋਚਨਾ ਹੈ ਤਾਂ ਉਨ੍ਹਾਂ ਦੇ ਪ੍ਰੈੱਸ ਸ਼ਨਾਖਤੀ ਕਾਰਡ ਖੁੱਸ ਜਾਣਗੇ। ਜਬਰ ਦੇ ਪਿਛਲੇ ਕੇਸਾਂ ਵਿਚ, ਜਿਵੇਂ ਯੂਸਫ ਵਿਰੁੱਧ ਯੂ.ਏ.ਪੀ.ਏ. ਦਾ ਕੇਸ, ਕਾਨੂੰਨ ਨੂੰ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਜੋ ਪਹਿਲਾ ਕਦਮ ਚੁੱਕਿਆ, ਉਹ ਸੀ ਕਿਸੇ ਦੇ ਪੱਤਰਕਾਰ ਹੋਣ ਉੱਪਰ ਹੀ ਸਵਾਲ ਉਠਾ ਦੇਣਾ।

ਮੀਡੀਆ ਨੀਤੀ ਉਨ੍ਹਾਂ ਪੱਤਰਕਾਰਾਂ ਦੀ ਜ਼ਬਾਨਬੰਦੀ ਲਈ ਅਪਰਾਧਿਕ ਜਾਂਚ ਦੀ ਵਰਤੋਂ ਦਾ ਸਪਸ਼ਟ ਖਾਕਾ ਵੀ ਦਿੰਦੀ ਹੈ ਜਿਨ੍ਹਾਂ ਨੂੰ ਪ੍ਰਸ਼ਾਸਨ 'ਜਾਅਲੀ ਖਬਰਾਂ' ਫੈਲਾਉਣ ਵਾਲੇ ਦੱਸ ਰਿਹਾ ਹੈ। ਨੀਤੀ ਵਿਚ ਕਿਹਾ ਗਿਆ ਹੈ, "ਜਾਅਲੀ ਖਬਰਾਂ, ਅਨੈਤਿਕ ਜਾਂ ਰਾਸ਼ਟਰ ਵਿਰੋਧੀ ਸਰਗਰਮੀਆਂ ਜਾਂ ਸਾਹਿਤਕ ਚੋਰੀ ਵਿਚ ਸ਼ਾਮਿਲ ਕੋਈ ਵੀ ਵਿਅਕਤੀ ਜਾਂ ਸਮੂਹ ਕਾਨੂੰਨ ਦੇ ਤਹਿਤ ਕਾਰਵਾਈ ਨੂੰ ਛੱਡ ਕੇ ਪੈਨਲ ਤੋਂ ਵੀ ਹਟਾ ਦਿੱਤਾ ਜਾਵੇਗਾ।" ਐਸੇ ਕੇਸਾਂ 'ਚ ਇਹ ਭਾਰਤੀ ਦੰਡਾਵਲੀ ਅਤੇ ਸਾਈਬਰ ਕਾਨੂੰਨਾਂ ਦੇ ਤਹਿਤ ਪੱਤਰਕਾਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਵੀ ਗੱਲ ਕਰਦੀ ਹੈ। ਹਾਲਾਂਕਿ, ਨੀਤੀ ਇਹ ਤੈਅ ਕਰਨ ਲਈ ਕਿਸੇ ਅਮਲ ਦਾ ਵੇਰਵਾ ਨਹੀਂ ਦਿੰਦੀ ਕਿ ਜਾਅਲੀ ਖਬਰ ਕੀ ਹੈ, ਨਾ ਹੀ ਇਹ ਉਸ ਅਮਲ 'ਚ ਕਿਸੇ ਰਾਸ਼ਟਰੀ ਜਾਂ ਸਥਾਨਕ ਪੱਤਰਕਾਰ ਸੰਸਥਾ ਦੀ ਸ਼ਮੂਲੀਅਤ, ਜਾਂ ਕਿਸੇ ਰਸਮੀ ਤੱਥ-ਜਾਂਚ ਵਿਵਸਥਾ ਦਾ ਜ਼ਿਕਰ ਕਰਦੀ ਹੈ। ਮੈਂ ਜਿਨ੍ਹਾਂ ਪੱਤਰਕਾਰਾਂ ਨਾਲ ਗੱਲ ਕੀਤੀ ਉਨ੍ਹਾਂ ਨੂੰ ਡਰਾਉਣ-ਧਮਕਾਉਣ ਨਾਲ ਇਸ ਦੇ ਨੀਤੀ ਦੇ ਹੀ ਸ਼ਬਦਾਂ 'ਚ "ਫਿਰਕੂ ਭਾਵਨਾਵਾਂ ਨੂੰ ਭੜਕਾਉਣ ਲਈ ਮੀਡੀਆ ਦੀ ਵਰਤੋਂ ਕਰਨ ਦੀਆਂ ਕੋਸ਼ਿਸ਼ਾਂ ... ਅਤੇ ਭਾਰਤ ਦੀ ਪ੍ਰਭੁਸੱਤਾ ਤੇ ਅਖੰਡਤਾ ਲਈ ਨੁਕਸਾਨਦੇਹ ਹੋਣ ਵਾਲੀ ਕਿਸੇ ਵੀ ਸੂਚਨਾ ਦਾ ਪ੍ਰਚਾਰ ਕਰਨ" ਨਾਲੋਂ ਵੀ ਜ਼ਿਆਦਾ ਖਤਰਨਾਕ ਹੋਣ ਦਾ ਡਰ ਸੀ। ਜੰਮੂ ਅਤੇ ਕਸ਼ਮੀਰ ਡੀ.ਆਈ.ਪੀ.ਆਰ. ਨੇ ਈਮੇਲ ਕੀਤੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

ਪ੍ਰੈੱਸ ਦੀ ਆਜ਼ਾਦੀ ਲਈ ਕੰਮ ਕਰ ਰਹੀ ਅੰਤਰਰਾਸ਼ਟਰੀ ਨਿਗਰਾਨ ਸੰਸਥਾ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਨੇ ਨੀਤੀ ਦੀ ਆਲੋਚਨਾ ਕੀਤੀ ਹੈ ਅਤੇ ਕਿਹਾ ਹੈ ਕਿ ਮੀਡੀਆ ਨੀਤੀ "ਪ੍ਰੈੱਸ ਦੀ ਆਜ਼ਾਦੀ ਲਈ ਗੰਭੀਰ ਖਤਰਾ" ਹੈ ਅਤੇ ਇਹ ਅਧਿਕਾਰੀਆਂ ਨੂੰ ਕਸ਼ਮੀਰ ਵਿਚ ਹਰ ਤਰ੍ਹਾਂ ਦੀ ਅਸਹਿਮਤੀ ਨੂੰ ਕੰਟਰੋਲ ਕਰਨ ਲਈ ਬੇਲਗਾਮ ਸ਼ਕਤੀਆਂ ਦਿੰਦੀ ਹੈ। ਕਸ਼ਮੀਰ ਵਿਚ ਮੀਡੀਆ ਸੈਂਸਰਸ਼ਿਪ ਬਾਰੇ ਵਿਆਪਕ ਤੌਰ 'ਤੇ ਰਿਪੋਰਟ ਕਰਨ ਵਾਲੇ ਸੁਤੰਤਰ ਪੱਤਰਕਾਰ ਰਯਾਨ ਨਕਸ਼ ਨੇ ਜਾਂਚ ਕੀਤੀ ਹੈ ਕਿ ਕਿਵੇਂ ਮੀਡੀਆ ਨੀਤੀ ਦੇ ਲਾਗੂ ਹੋਣ ਨੇ ਦਿੱਲੀ-ਸੰਚਾਲਿਤ ਪ੍ਰਸ਼ਾਸਨ ਨੂੰ ਕਸ਼ਮੀਰ ਦੀ ਪ੍ਰਿੰਟ ਸਪੇਸ ਉੱਪਰ ਹਾਵੀ ਕਰ ਦਿੱਤਾ ਹੈ, ਖਬਰਾਂ ਨੂੰ ਸਰਕਾਰੀ ਲੋਕ ਸੰਪਰਕ ਸਮੱਗਰੀ 'ਚ ਬਦਲ ਦਿੱਤਾ ਹੈ। ਉਸ ਨੇ 'ਨਿਊਜ਼ਲਾਂਡਰੀ' ਵਿਚ ਲਿਖਿਆ, "ਇੰਞ ਜਾਪਦਾ ਹੈ ਕਿ ਨੀਤੀ ਦੀ ਵਿਹਾਰਕ ਸੋਚ ਸਰਕਾਰੀ ਪਹਿਲਕਦਮੀਆਂ ਦੇ ਵੇਰਵਿਆਂ ਨਾਲ ਅਖਬਾਰਾਂ ਦੇ ਪੰਨੇ ਭਰ ਕੇ ਲੋਕਾਂ 'ਚ ਅਸੰਤੋਖ ਦਬਾਉਣ ਲਈ ਇਸ ਨੂੰ ਜਾਦੂਮਈ ਗੋਲੀ ਬਣਾਉਣ ਦੀ ਹੈ ਪਰ ਬਿਨਾ ਫਰਕ ਦਰਸਾਏ ਜਾਂ ਬਿਨਾ ਕੋਈ ਸਪਸ਼ਟੀਕਰਨ ਦਿੱਤੇ ਕਿ ਇਹ ਕੰਮ ਕਿਵੇਂ ਕਰਨਗੀਆਂ।"

ਨਕਸ਼ ਨੇ ਮੈਨੂੰ ਦੱਸਿਆ, "ਨੀਤੀ ਦਾ ਇਹ ਮਾਰਗਦਰਸ਼ਕ ਸਿਧਾਂਤ ਮੰਨਦਾ ਹੈ ਕਿ ਲੋਕ ਸ਼ਾਸਨ ਦੇ ਅਮਲ ਨੂੰ ਸਮਝਣਾ ਨਹੀਂ ਚਾਹੁੰਦੇ ਜਾਂ ਸਮਝਣ 'ਚ ਨਾਕਾਮ ਰਹਿ ਰਹੇ ਹਨ। ਪੱਤਰਕਾਰਾਂ ਤੋਂ ਪ੍ਰਚਾਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਜਨਤਾ ਤੋਂ ਸਰਕਾਰੀ ਦਾਅਵਿਆਂ ਨੂੰ ਬਿਨਾ ਸਵਾਲ ਕੀਤੇ ਮੰਨ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਸਰਕਾਰ ਦੇ ਜਵਾਬਦੇਹੀ ਤੋਂ ਬਚਣ ਅਤੇ ਸ਼ਾਸਨ ਦੇ ਮਸਲਿਆਂ ਵਿਚ ਜਨਤਾ ਦੀ ਭਾਗੀਦਾਰੀ ਤੋਂ ਇਨਕਾਰੀ ਹੋਣ ਦੇ ਸੁਭਾਅ ਨੂੰ ਵੀ ਦਰਸਾਉਂਦਾ ਹੈ।"

ਚਾਲੀ ਸਾਲ ਦੇ ਉਸ ਅਧਿਕਾਰੀ ਨੇ ਦੱਸਿਆ ਕਿ ਰਾਜ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਲੀਡਰਸ਼ਿਪ ਵਾਂਗ ਬਿਰਤਾਂਤ ਵੀ ਮੇਨਲੈਂਡ ਭਾਰਤ ਤੋਂ ਦਰਾਮਦ ਕੀਤੇ ਜਾਣਗੇ। ਉਸ ਨੇ ਕਿਹਾ, "ਰਾਜ ਕਿਸੇ ਵਿਚਾਰਧਾਰਾ ਨੂੰ ਨਹੀਂ ਮੰਨਦਾ ਅਤੇ ਆਪਣੀ ਬਣਤਰ 'ਚ ਰਾਜ ਨੈਤਿਕਤਾ ਵਿਚ ਵਿਸ਼ਵਾਸ ਨਹੀਂ ਕਰਦਾ। ਕਸ਼ਮੀਰ ਵਿਚ ਸਾਡੇ ਕੋਲ ਵਿਵੇਕਾਨੰਦ ਫਾਊਂਡੇਸ਼ਨ ਵਰਗੇ ਥਿੰਕ-ਟੈਂਕ ਹਨ।" ਇਕ ਸੱਜੇ-ਪੱਖੀ ਦਿੱਲੀ-ਆਧਾਰਿਤ ਸੰਸਥਾ ਜੋ ਭਾਜਪਾ ਦੇ ਨੇੜੇ ਹੈ "ਜਿੱਥੇ ਅਸੀਂ ਬੁੱਧੀਜੀਵੀਆਂ ਤੇ ਹੋਰ ਪੱਤਰਕਾਰਾਂ ਦੀਆਂ ਸੇਵਾਵਾਂ ਲੈਂਦੇ ਹਾਂ।" ਸ੍ਰੀਨਗਰ ਦੀਆਂ ਸੜਕਾਂ 'ਤੇ 'ਨਵਾਂ ਕਸ਼ਮੀਰ' ਆਇਆ ਹੈ ਜਾਂ ਨਹੀਂ, ਜਿਵੇਂ ਮੋਦੀ ਨੇ ਧਾਰਾ 370 ਨੂੰ ਖਤਮ ਕਰਨ ਤੋਂ ਬਾਅਦ ਇਕ ਭਾਸ਼ਣ ਵਿਚ ਐਲਾਨ ਕੀਤਾ ਸੀ ਪਰ ਕਸ਼ਮੀਰ ਦੇ ਅਖਬਾਰਾਂ ਵਿਚ ਤਾਂ ਆ ਗਿਆ ਹੈ!

ਧਾਰਾ 370 ਖਤਮ ਕਰਨ ਤੋਂ ਮਹੀਨਿਆਂ ਬਾਅਦ 'ਰਾਈਜ਼ਿੰਗ ਕਸ਼ਮੀਰ' ਦੇ ਸਾਬਕਾ ਮੁੱਖ ਰਿਪੋਰਟਰ ਜੁਨੈਦ ਕਾਟਜੂ ਨੇ ਆਪਣੀ ਰਿਪੋਰਟ ਲੱਭਣੀ ਚਾਹੀ ਜੋ ਉਸ ਨੇ ਪਹਿਲਾਂ ਅਖਬਾਰ ਲਈ ਕੀਤੀ ਸੀ। ਉਸ ਨੂੰ ਹੈਰਾਨੀ ਹੋਈ ਜਦੋਂ ਅਖਬਾਰ ਦੀ ਵੈੱਬਸਾਈਟ ਉੱਪਰ ਉਸ ਨੂੰ ਨਹੀਂ ਮਿਲੀ। ਉਸ ਨੇ ਹੋਰ ਰਿਪੋਰਟਾਂ ਲੱਭਣ ਦੀ ਕੋਸ਼ਿਸ਼ ਕੀਤੀ ਜੋ ਉਸ ਨੇ ਸਾਲਾਂ ਬੱਧੀ ਅਖਬਾਰ ਲਈ ਕੰਮ ਕਰਦਿਆਂ ਕੀਤੀਆਂ ਸਨ ਪਰ ਉਸ ਨੂੰ ਕੋਈ ਵੀ ਰਿਪੋਰਟ ਉੱਥੇ ਨਹੀਂ ਮਿਲੀ। ਪੁੱਛਣ 'ਤੇ 'ਰਾਈਜ਼ਿੰਗ ਕਸ਼ਮੀਰ' ਦੇ ਸੀਨੀਅਰ ਮੁਲਾਜ਼ਮ ਨੇ ਉਸ ਨੂੰ ਦੱਸਿਆ ਕਿ ਅਖਬਾਰ ਵੈਬਸਾਈਟ ਅੱਪਗਰੇਡ ਕਰ ਰਹੀ ਹੈ ਅਤੇ ਆਰਕਾਈਵ ਕੀਤੀਆਂ ਰਿਪੋਰਟਾਂ ਅਜੇ ਅੱਪਲੋਡ ਕੀਤੀਆਂ ਜਾਣੀਆਂ ਹਨ। ਕੁਝ ਸਮਾਂ ਲੱਗੇਗਾ।" ਤੇ ਕਾਟਜੂ ਨੇ ਉਸ ਦੀ ਗੱਲ 'ਤੇ ਯਕੀਨ ਕਰ ਲਿਆ ਪਰ ਉਸ ਦੀਆਂ ਰਿਪੋਰਟਾਂ ਮੁੜ ਕਦੇ ਸਾਹਮਣੇ ਨਹੀਂ ਆਈਆਂ।

ਕਾਟਜੂ ਨੇ ਕਿਹਾ, "ਸਾਨੂੰ ਬਾਅਦ ਵਿਚ ਅਹਿਸਾਸ ਹੋਇਆ ਕਿ ਇਹ ਸਰਕਾਰ ਖਿਲਾਫ ਜਾਂ ਐਸੀ ਕਿਸੇ ਵੀ ਚੀਜ਼ ਨੂੰ ਮਿਟਾਉਣ ਦੀ ਯੋਜਨਾ ਸੀ ਜੋ ਅਧਿਕਾਰੀਆਂ ਦੀ ਭੈੜੀ ਤਸਵੀਰ ਪੇਸ਼ ਕਰਦੀ ਹੋਵੇ। ਇਕ ਰਿਪੋਰਟਰ ਲਈ ਬਾਈਲਾਈਨ ਮਾਇਨੇ ਰੱਖਦੀ ਹੈ। ਜੇ ਮੈਂ ਕਿਤੇ ਨੌਕਰੀ ਲਈ ਅਪਲਾਈ ਕਰਨਾ ਚਾਹੁੰਦਾ ਹਾਂ ਤਾਂ ਮੈਨੂੰ ਆਪਣਾ ਕੰਮ ਦਿਖਾਉਣਾ ਪਵੇਗਾ। ਹੁਣ ਮੈਂ ਕੀ ਦਿਖਾਵਾਂਗਾ?"

ਕਾਟਜੂ ਇਕੱਲਾ ਨਹੀਂ ਹੈ। ਇਉਂ ਲੱਗਦਾ ਹੈ ਕਿ 'ਰਾਈਜ਼ਿੰਗ ਕਸ਼ਮੀਰ' ਦੇ ਸੰਸਥਾਪਕ ਸੰਪਾਦਕ ਮਰਹੂਮ ਸ਼ੁਜਾਤ ਬੁਖਾਰੀ ਦੀਆਂ ਕਈ ਰਿਪੋਰਟਾਂ ਵੀ ਵੈੱਬਸਾਈਟ ਤੋਂ ਗਾਇਬ ਹਨ। ਸਥਾਪਨਾ ਤੋਂ ਬਾਅਦ 'ਰਾਈਜ਼ਿੰਗ ਕਸ਼ਮੀਰ' ਨੇ ਸੈਂਕੜੇ ਪੱਤਰਕਾਰ ਤਿਆਰ ਕੀਤੇ ਅਤੇ ਤੇਜ਼ੀ ਨਾਲ ਇਸ ਖੇਤਰ ਵਿਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਅਖਬਾਰਾਂ ਵਿਚੋਂ ਇਕ ਬਣ ਗਿਆ। ਕਈ ਪੱਤਰਕਾਰ ਜਿਨ੍ਹਾਂ ਨੂੰ ਬੁਖਾਰੀ ਨੇ ਸਿਖਲਾਈ ਦਿੱਤੀ, ਉਹ ਹੁਣ ਵੱਡੇ ਰਾਸ਼ਟਰੀ ਅਖਬਾਰਾਂ ਅਤੇ ਰਸਾਲਿਆਂ ਲਈ ਕੰਮ ਕਰਦੇ ਹਨ ਜਾਂ ਅੰਤਰਰਾਸ਼ਟਰੀ ਨਿਊਜ਼ ਸੰਸਥਾਵਾਂ ਲਈ ਲਿਖਦੇ ਹਨ। ਉਸ ਦੇ ਕੰਮ ਦਾ ਇਕ ਸੰਗ੍ਰਹਿ 'ਫਰੰਟਲਾਈਨ' ਨਾਂ ਦੀ ਕਿਤਾਬ ਦੇ ਰੂਪ 'ਚ ਛਾਪਿਆ ਗਿਆ ਸੀ। ਇਸ ਦਾ ਕੋਈ ਵੀ ਲੇਖ ਹੁਣ ਅਖਬਾਰ ਦੀ ਵੈੱਬਸਾਈਟ ਉੱਪਰ ਨਹੀਂ ਮਿਲਦਾ।

***ਧਾਰਾ 370 ਖਤਮ ਕਰਨ ਤੋਂ ਮਹੀਨਿਆਂ ਬਾਅਦ 'ਰਾਈਜ਼ਿੰਗ ਕਸ਼ਮੀਰ' ਦੇ ਸਾਬਕਾ ਮੁੱਖ ਰਿਪੋਰਟਰ ਜੁਨੈਦ ਕਾਟਜੂ ਨੇ ਆਪਣੀ ਰਿਪੋਰਟ ਲੱਭਣੀ ਚਾਹੀ ਜੋ ਉਸ ਨੇ ਪਹਿਲਾਂ ਅਖਬਾਰ ਲਈ ਕੀਤੀ ਸੀ। ਉਸ ਨੂੰ ਹੈਰਾਨੀ ਹੋਈ ਜਦੋਂ ਅਖਬਾਰ ਦੀ ਵੈੱਬਸਾਈਟ ਉੱਪਰ ਉਸ ਨੂੰ ਨਹੀਂ ਮਿਲੀ। ਉਸ ਨੇ ਹੋਰ ਰਿਪੋਰਟਾਂ ਲੱਭਣ ਦੀ ਕੋਸ਼ਿਸ਼ ਕੀਤੀ ਜੋ ਉਸ ਨੇ ਸਾਲਾਂ ਬੱਧੀ ਅਖਬਾਰ ਲਈ ਕੰਮ ਕਰਦਿਆਂ ਕੀਤੀਆਂ ਸਨ ਪਰ ਉਸ ਨੂੰ ਕੋਈ ਵੀ ਰਿਪੋਰਟ ਉੱਥੇ ਨਹੀਂ ਮਿਲੀ।***

ਇਹ ਨਹੀਂ ਹੈ ਕਿ ਸਿਰਫ 'ਰਾਈਜ਼ਿੰਗ ਕਸ਼ਮੀਰ' ਹੀ ਆਪਣੇ ਆਰਕਾਈਵ ਮਿਟਾ ਰਿਹਾ ਹੈ। ਘਾਟੀ ਦੇ ਸਭ ਤੋਂ ਵੱਧ ਸਰਕੂਲੇਸ਼ਨ ਵਾਲੇ ਅਖਬਾਰ 'ਗ੍ਰੇਟਰ ਕਸ਼ਮੀਰ' ਦਾ ਦੱਖਣੀ-ਕਸ਼ਮੀਰ ਤੋਂ ਸਾਬਕਾ ਪੱਤਰਕਾਰ ਇਰਫਾਨ ਅਮੀਨ ਮਲਿਕ ਵੀ ਆਪਣੀਆਂ ਪਿਛਲੀਆਂ ਸਾਰੀਆਂ ਲਿਖਤਾਂ ਆਨਲਾਈਨ ਆਰਕਾਈਵ ਦੇ ਠੀਕ ਹੋਣ ਦੀ ਇੰਤਜ਼ਾਰ ਕਰਦਿਆਂ ਗੁਆ ਬੈਠਾ। ਉਸ ਨੇ ਦੱਸਿਆ, "ਜਦੋਂ ਮੈਨੂੰ 'ਗ੍ਰੇਟਰ ਕਸ਼ਮੀਰ' ਦੀ ਵੈੱਬਸਾਈਟ 'ਤੇ ਮੇਰੀਆਂ ਰਿਪੋਰਟਾਂ ਨਹੀਂ ਮਿਲੀਆਂ ਤਾਂ ਮੈਨੂੰ ਹੈਰਾਨੀ ਹੋਈ ਅਤੇ ਗੁੱਸਾ ਆਇਆ। ਇਹ ਦੁੱਖ ਦੀ ਗੱਲ ਹੈ ਕਿ ਮੇਰਾ ਸਾਲਾਂ ਦਾ ਕੰਮ ਸਿਰਫ ਇਸ ਕਰਕੇ ਉਪਲਬਧ ਨਹੀਂ ਹੈ ਕਿਉਂਕਿ 'ਗ੍ਰੇਟਰ ਕਸ਼ਮੀਰ' ਦੇ ਕਰਤਿਆਂ-ਧਰਤਿਆਂ ਨੇ ਗੋਡੇ ਟੇਕ ਦਿੱਤੇ। ਮੈਂ ਹੈਰਾਨ ਹਾਂ ਕਿ ਉਨ੍ਹਾਂ ਨੇ ਡੇਟਾਬੇਸ ਤੋਂ ਪੱਤਰਕਾਰਾਂ ਦਾ ਕੰਮ ਮਿਟਾਉਣ ਤੋਂ ਪਹਿਲਾਂ ਉਨ੍ਹਾਂ ਦੀ ਇਜਾਜ਼ਤ ਕਿਉਂ ਨਹੀਂ ਲਈ। ਮੈਂ ਬਹੁਤ ਸਾਰੀਆਂ ਸਟੋਰੀ ਕੀਤੀਆਂ ਸਨ, ਤੇ ਉਹ ਮੇਰੀ ਜਾਇਦਾਦ ਸਨ। ਮੈਂ ਉਨ੍ਹਾਂ ਨੂੰ ਸਖਤ ਮਿਹਨਤ ਅਤੇ ਸੰਘਰਸ਼ ਰਾਹੀਂ ਜਮ੍ਹਾਂ ਕੀਤਾ ਹੈ। ਫਿਲਹਾਲ ਮੈਂ ਕੰਮ ਸਟੋਰੇਜ ਡਿਵਾਈਸ ਉੱਪਰ ਪਾਉਣ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਮੇਰੇ ਕੋਲ ਕੱਲ੍ਹ ਨੂੰ ਆਫਲਾਈਨ ਆਰਕਾਈਵ ਉਪਲਬਧ ਹੋਵੇ।" ਮਲਿਕ ਦੇ ਕੁਝ ਸਾਬਕਾ ਸਾਥੀਆਂ ਨੇ ਵੀ ਦੇਖਿਆ ਕਿ ਉਨ੍ਹਾਂ ਦਾ ਕੰਮ ਵੀ ਆਰਕਾਈਵ ਤੋਂ ਗਾਇਬ ਸੀ। ਉਸ ਨੇ ਕਿਹਾ, "ਸ਼ਾਇਦ ਸਰਕਾਰ ਨੇ 'ਗ੍ਰੇਟਰ ਕਸ਼ਮੀਰ' ਉੱਪਰ ਪਹਿਲਾਂ ਛਪੀਆਂ ਸਾਰੀਆਂ ਰਿਪੋਰਟਾਂ ਨੂੰ ਹਟਾਉਣ ਲਈ ਦਬਾਅ ਪਾਇਆ ਹੋਵੇ ਜੋ ਸਰਕਾਰ ਨੂੰ ਪਸੰਦ ਨਹੀਂ ਹਨ।"

'ਗ੍ਰੇਟਰ ਕਸ਼ਮੀਰ' ਅਤੇ 'ਰਾਈਜ਼ਿੰਗ ਕਸ਼ਮੀਰ' ਸਮੇਤ ਤਿੰਨ ਪ੍ਰਮੁੱਖ ਅਖਬਾਰਾਂ ਲਈ ਕੰਮ ਕਰ ਚੁੱਕੇ ਇਕ ਰਿਪੋਰਟਰ ਨੇ ਕਿਹਾ ਕਿ ਉਸ ਦਾ ਸਾਰਾ ਕੰਮ ਤਿੰਨਾਂ ਹੀ ਅਖਬਾਰਾਂ ਦੀਆਂ ਵੈੱਬਸਾਈਟਾਂ ਤੋਂ ਹਟਾ ਦਿੱਤਾ ਗਿਆ ਹੈ। ਰਿਪੋਰਟਰ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ, "ਇਹ ਜਾਣਬੁੱਝ ਕੇ ਕੀਤਾ ਗਿਆ ਹੈ। ਉਨ੍ਹਾਂ ਨੂੰ ਅਧਿਕਾਰੀਆਂ ਨੇ ਮੂੰਹ ਜ਼ਬਾਨੀ ਅਜਿਹਾ ਕਰਨ ਲਈ ਕਿਹਾ ਗਿਆ ਹੈ ਜਾਂ ਇਸ ਨੂੰ ਹਟਾਉਣ ਦਾ ਕੋਈ ਸਪਸ਼ਟ ਆਦੇਸ਼ ਹੈ ਜਾਂ ਨਹੀਂ, ਇਹ ਸਪਸ਼ਟ ਨਹੀਂ ਹੈ। ਖੈਰ ਇਹ ਤਾਂ ਸਿਰਫ ਮਾਲਕ ਜਾਂ ਪ੍ਰਬੰਧਕ ਹੀ ਜਾਣਦੇ ਹਨ ਕਿ ਸਾਡਾ ਕੰਮ ਕਿਵੇਂ ਅਤੇ ਕਿਉਂ ਮਿਟਾਇਆ ਗਿਆ।" ਰਿਪੋਰਟਰ ਨੇ ਕਿਹਾ ਕਿ ਉਸ ਦਾ ਕੰਮ ਧਾਰਾ 370 ਨੂੰ ਖਤਮ ਕੀਤੇ ਜਾਣ ਦੇ ਸਮੇਂ ਤੱਕ ਆਨਲਾਈਨ ਉਪਲਬਧ ਸੀ ਪਰ ਉਸ ਨੇ ਦੇਖਿਆ ਕਿ ਕੁਝ ਸਮੇਂ ਬਾਅਦ ਇਹ ਗਾਇਬ ਹੋਣਾ ਸ਼ੁਰੂ ਹੋ ਗਿਆ। ਲੇਖਕ ਅਤੇ ਪੱਤਰਕਾਰ ਗੌਹਰ ਨੇ ਮੈਨੂੰ ਦੱਸਿਆ, "ਇਹ ਸਪਸ਼ਟ ਹੈ ਕਿ ਇਹ ਸ਼ਾਸਨ ਵਿਅਕਤੀਗਤ ਅਤੇ ਸਮੂਹਿਕ ਯਾਦਾਂ ਨੂੰ ਮਿਟਾਉਣ, ਇਤਿਹਾਸ ਨੂੰ ਵਿਗਾੜਨ ਅਤੇ ਨਵਾਂ ਇਤਿਹਾਸ ਘੜਨ ਦੇ ਮਿਸ਼ਨ 'ਤੇ ਹੈ ਜੋ ਅਜਿਹਾ ਹੋਵੇ ਕਿ ਕਸ਼ਮੀਰ ਵਿਚ ਉਨ੍ਹਾਂ ਦੀ ਸਭਿਅਤਾ ਅਤੇ ਵਿਚਾਰਧਾਰਕ ਪ੍ਰੋਜੈਕਟ ਦੇ ਅਨੁਕੂਲ ਹੋਵੇ।"

'ਗ੍ਰੇਟਰ ਕਸ਼ਮੀਰ' ਨੇ ਆਪਣੇ ਆਰਕਾਈਵ ਨੂੰ ਬਦਲਣ ਬਾਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। 'ਰਾਈਜ਼ਿੰਗ ਕਸ਼ਮੀਰ' ਦੇ ਮੁਲਾਜ਼ਮਾਂ ਦੀ ਬਰਖਾਸਤਗੀ ਅਤੇ ਇਸ ਦੇ ਆਰਕਾਈਵ ਤੋਂ ਉਨ੍ਹਾਂ ਦੀਆਂ ਪੁਰਾਣੀਆਂ ਰਿਪੋਰਟਾਂ ਦੇ ਗਾਇਬ ਹੋਣ ਬਾਰੇ ਸਵਾਲਾਂ ਦੇ ਜਵਾਬ 'ਚ ਅਖਬਾਰ ਦੇ ਮੁੱਖ ਸੰਪਾਦਕ ਹਾਫਿਜ਼ ਅਯਾਜ਼ ਗਨੀ ਨੇ ਲਿਖਿਆ- "ਸਭ ਤੋਂ ਪਹਿਲਾਂ ਤਾਂ ਸਾਨੂੰ ਤੁਹਾਡੇ ਸਵਾਲਾਂ ਦਾ ਮਕਸਦ ਹੀ ਸਮਝ ਨਹੀਂ ਆ ਰਿਹਾ। ਅਸੀਂ ਤੁਹਾਨੂੰ ਆਪਣੇ ਅਖਬਾਰ ਦੇ ਅੰਦਰੂਨੀ ਮਾਮਲਿਆਂ ਦਾ ਖੁਲਾਸਾ ਕਰਨ ਦੇ ਪਾਬੰਦ ਨਹੀਂ ਹਾਂ। ਅਸੀਂ ਤੁਹਾਡੀ ਪ੍ਰਸਤਾਵਿਤ ਨਿਊਜ਼ ਸਟੋਰੀ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੇ।"

ਜੰਮੂ ਕਸ਼ਮੀਰ ਪ੍ਰਸ਼ਾਸਨ ਦੁਆਰਾ ਖੇਤਰ ਦੇ ਇਤਿਹਾਸ ਨੂੰ ਮਿਟਾਉਣ ਅਤੇ ਇਸ ਦੇ ਮੀਡੀਆ 'ਚ ਹੇਰਾਫੇਰੀ ਦੀ ਸ਼ਾਇਦ ਸਭ ਤੋਂ ਵਧੀਆ ਮਿਸਾਲ 22 ਅਕਤੂਬਰ 2020 ਨੂੰ ਸਾਹਮਣੇ ਆਈ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ '22 ਅਕਤੂਬਰ 1947 ਦੀਆਂ ਯਾਦਾਂ' ਉੱਪਰ ਰਾਸ਼ਟਰੀ ਸੈਮੀਨਾਰ ਅਤੇ ਪ੍ਰਦਰਸ਼ਨੀ' ਦਾ ਉਦਘਾਟਨ ਕਰ ਰਹੇ ਸਨ, ਜਦੋਂ ਪਖਤੂਨ ਮਿਲੀਸ਼ੀਆ ਭਾਰਤ ਵਿਚ ਕਸ਼ਮੀਰ ਦਾ ਰਲੇਵਾਂ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਇੱਥੇ ਦਾਖਲ ਹੋਈ ਸੀ। ਪ੍ਰਦਰਸ਼ਨੀ ਵਿਚ ਉਸ ਦਿਨ (22 ਅਕਤੂਬਰ 1947) ਦੇ ਅਖਬਾਰਾਂ 'ਚ ਛਪੀਆਂ ਤਸਵੀਰਾਂ ਸਨ ਜੋ ਸਿਨਹਾ ਨੇ ਆਪਣੇ ਟਵਿੱਟਰ ਹੈਂਡਲ ਉੱਪਰ ਪੋਸਟ ਕੀਤੀਆਂ। 'ਹਿੰਦੁਸਤਾਨ ਟਾਈਮਜ਼' ਦੇ ਪਹਿਲੇ ਪੰਨੇ ਦੀ ਤਸਵੀਰ ਦੀ ਸੁਰਖੀ ਸੀ- "ਕਸ਼ਮੀਰ ਦਾ ਭਾਰਤ ਨਾਲ ਰਲੇਵਾਂ" ਜਿਸ ਦੀ ਸਿਨਹਾ ਤਾਰੀਫ ਕਰ ਰਹੇ ਜਾਪਦੇ ਸਨ। 'ਹਿੰਦੁਸਤਾਨ ਟਾਈਮਜ਼' ਦੇ ਉਸੇ ਪੰਨੇ ਉੱਪਰ ਇਕ ਹੋਰ ਖਬਰ ਦੀ ਸੁਰਖੀ ਸੀ- "ਰਾਜੇ ਦੇ ਫੈਸਲੇ ਉੱਪਰ ਜਨਮਤ ਸੰਗ੍ਰਹਿ ਛੇਤੀ ਹੀ" ਪਰ ਪ੍ਰਦਰਸ਼ਨੀ 'ਚ ਲਗਾਈ ਗਈ ਇਸ ਤਸਵੀਰ ਨੂੰ ਧੁੰਦਲੀ ਕਰ ਦਿੱਤਾ ਗਿਆ ਸੀ। ***(ਸਮਾਪਤ)***

# ਬੀਤੇ ਦੀਆਂ ਕੁਝ ਬਾਤਾਂ

**ਜੋਧ ਸਿੰਘ ਮੋਗਾ**

77 ਸਾਲ ਪਹਿਲਾਂ ਦੀ ਗੱਲ ਹੈ ਜਦੋਂ ਗੈਂਗਸਟਰ ਸ਼ਬਦ ਸ਼ਾਇਦ ਹੀ ਕਿਸੇ ਦੇ ਮੂੰਹੋਂ ਸੁਣਿਆ ਹੋਵੇਗਾ। ਇਹ ਸਿਰਫ ਅੰਗਰੇਜ਼ੀ ਦੀ ਡਿਕਸ਼ਨਰੀ ਵਿਚ ਹੀ ਲੱਭਦਾ ਸੀ। ਪੰਜਾਬੀ ਅਖਬਾਰਾਂ ਵਿਚ ਗੈਂਗਸਟਰ ਸ਼ਬਦ ਦੀ ਵਰਤੋਂ ਆਮ ਹੋ ਰਹੀ ਹੈ। ਮਾਂ-ਬੋਲੀ ਪੰਜਾਬੀ ਦੀ ਬੁੱਕਲ ਬੜੀ ਜੀ ਆਇਆਂ ਕਹਿਣ ਵਾਲੀ ਹੈ; ਇਸ ਨੇ 'ਗੈਂਗਸਟਰ' ਨੂੰ ਵੀ ਆਪਣੀ ਬੁੱਕਲ ਵਿਚ ਲੈ ਲਿਆ ਹੈ ਅਤੇ ਗੈਂਗਸਟਰ ਹੁਣ ਪੰਜਾਬੀ ਹੋ ਗਿਆ ਹੈ।

ਦੂਜੀ ਗੱਲ, ਜੇ ਪੰਜਾਬੀ ਯੂਨੀਵਰਸਿਟੀ ਦੀ ਡਿਕਸ਼ਨਰੀ ਦੇਖੀਏ ਤਾਂ ਗੈਂਗਸਟਰ ਦੇ ਅਰਥ ਫਸਾਦੀ ਅਤੇ ਬਦਮਾਸ਼ ਲਿਖੇ ਹੋਏ ਹਨ- (ਬਦਮਾਅਸ਼ ਫ਼ਾਰਸੀ ਦਾ ਸ਼ਬਦ ਹੈ ਬਦ-ਮੁਆਸ) ਸੋ ਕਿਸੇ ਨੂੰ ਬਦਮਾਸ਼ ਕਹਿਣਾ ਵਧੀਆ ਨਹੀਂ ਲਗਦਾ, ਗਾਲ੍ਹ ਵਰਗਾ ਲਗਦਾ ਹੈ। ਉਸ ਤਰ੍ਹਾਂ ਵੀ ਆਪਾਂ ਬਹੁਤ ਵਾਰੀ ਭੈੜੀ ਗੱਲ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਕਹਿ ਦਿੰਦੇ ਹਾਂ, ਉਦਾਹਰਨ ਇਕੋ ਹੀ ਬਹੁਤ ਹੈ- ਲੈਟਰੀਨ, ਬਾਥਰੂਮ ਆਦਿ। ਸੋ ਅਖਬਾਰ ਅਤੇ ਆਪਾਂ ਬਦਮਾਸ਼ ਦੀ ਥਾਂ ਗੈਂਗਸਟਰ ਆਖ ਲੈਂਦੇ ਹਾਂ! ਵੈਸੇ ਅੱਜ ਕੱਲ੍ਹ ਦੇ ਕੁਝ ਨੌਜਵਾਨ ਕਿਸੇ ਮਜਬੂਰੀ ਕਾਰਨ ਕੁਰਾਹੇ ਪੈ ਜਾਂਦੇ ਹਨ ਅਤੇ ਆਪਣੇ ਆਪ ਨੂੰ ਬਦਮਾਸ਼ੀ ਦੀ ਥਾਂ ਗੈਂਗਸਟਰ ਕਹਾਉਣ ਵਿਚ ਹੀ ਫ਼ਖ਼ਰ ਸਮਝਦੇ ਹਨ। ਭਾਈ ਕਾਨ੍ਹ ਸਿੰਘ ਜੀ ਨੇ 'ਬੀਬੇ' ਦੇ ਅਰਥ 'ਭਲਾ ਅਤੇ 'ਨੇਕ' ਲਿਖੇ ਹਨ ਪਰ ਮੈਂ 'ਬੀਬਾ' ਉਸ ਨੂੰ ਸਮਝਦਾ ਹਾਂ ਜਿਸ ਵਿਚ ਸਾਰੇ ਗੁਣਾਂ ਦਾ ਸੁਮੇਲ ਹੋਵੇ: ਫ਼ਰਮਾਬਰਦਾਰ, ਆਦਰ ਕਰਨ ਵਾਲਾ, ਭਲਾ ਚਾਹੁਣ ਵਾਲਾ, ਹਮਦਰਦ ਅਤੇ ਸਿਆਣਾ ਵੀ ਹੋਵੇ।

ਚਲੋ ਅਸਲੀ ਗੱਲ ਕਰੀਏ; ਮੋਗੇ ਦੇ ਬੀਬੇ ਗੈਂਗਸਟਰਾਂ ਦੀ... 77 ਸਾਲ ਪਹਿਲਾਂ 1945 ਵਿਚ ਮੈਂ ਦਸਵੀਂ ਦਾ ਇਮਤਿਹਾਨ ਦਿੱਤਾ ਸੀ। ਮੋਗੇ ਵਿਚ ਜਿਸ ਥਾਂ ਅੱਜ ਕੱਲ੍ਹ ਕੈਂਪ ਕੱਪੜਾ ਮਾਰਕੀਟ ਹੈ, ਉੱਥੇ ਰੇਲ ਪਟੜੀ ਦੇ ਨੇੜੇ ਹੀ ਮੋਤੀ ਰਾਮ ਦਾ ਬਾਗ਼ ਸੀ ਅਤੇ ਹਲਟੀ ਲੱਗੀ ਹੋਈ ਸੀ। ਉੱਥੇ ਅਖਾੜਾ ਵੀ ਸੀ ਜਿੱਥੇ ਮੋਗੇ ਦੇ ਨੌਜਵਾਨ ਮੁੰਡੇ ਡੰਡ ਬੈਠਕਾਂ ਮਾਰਦੇ, ਮਾਲਸ਼ਾਂ ਕਰਦੇ, ਘੁਲਦੇ, ਹਲਟੀ ਗੇੜ ਕੇ ਨਹਾਉਂਦੇ ਅਤੇ ਸਰੀਰ ਬਣਾਉਂਦੇ ਸਨ। ਉਸ ਸਮੇਂ ਮੋਗਾ ਛੋਟਾ ਹੀ ਹੁੰਦਾ ਸੀ ਤੇ 'ਮੋਗਾ ਚਾਹ ਜੋਗਾ' ਹੀ ਕਹਾਉਂਦਾ ਸੀ।

ਪੁਰਾਣੇ ਮੋਗੇ ਸਾਡੇ ਦੁੰਨੇ ਕੇ ਅਗਵਾੜ ਵਿਧਵਾ ਬੇਬੇ ਭੋਲੀ ਰਹਿੰਦੀ ਸੀ। ਉਸ ਦਾ ਇਕੋ-ਇਕ ਮੁੰਡਾ ਸ਼ੇਰਾ ਚੰਗਾ ਜਵਾਨ ਸੀ। ਪੂਰੀ ਲਿਸ਼ਕਦੀ ਟਿੰਡ ਅਤੇ ਤਕੜਾ ਪਹਿਲਵਾਨ। ਉਹ ਵੀ ਰੋਜ਼ ਮੋਤੀ ਰਾਮ ਦੇ ਬਾਗ਼ ਵਿਚ ਆ ਕੇ ਘੁਲਦਾ ਅਤੇ ਪੱਠਿਆਂ ਨੂੰ ਦਾਅ ਸਿਖਾਉਂਦਾ। ਹੁਣ ਦੂਜਿਆਂ 'ਤੇ ਉਸ ਦੀ ਸਰਦਾਰੀ ਸੀ। ਆਪਣੇ ਆਪ ਨੂੰ ਕੁਝ ਸਮਝਦਾ ਸੀ। ਬਾਕੀ ਮੁੰਡੇ ਉਸ ਤੋਂ ਡਰਦੇ ਅਤੇ ਝੇਪ ਖਾਂਦੇ ਸਨ। ਉਹ ਆਪਣੇ ਆਪ ਨੂੰ ਵੱਡਾ ਬਦਮਾਸ਼ ਅਖਵਾ ਕੇ ਖੁਸ਼ ਹੁੰਦਾ। ਜੇ ਅੱਜ ਹੁੰਦਾ ਤਾਂ ਆਪਾਂ ਉਸ ਨੂੰ ਗੈਂਗਸਟਰ ਆਖਦੇ। ਉਸ ਨੇ ਆਪਣੇ ਵਰਗੇ ਹੋਰ ਮੁੰਡਿਆਂ ਦੀ ਜੁੰਡਲੀ ਬਣਾ ਲਈ ਜਿਸ ਨੂੰ ਮਰਜ਼ੀ ਫੜ ਕੇ ਕੁੱਟ ਦੇਣਾ ਅਤੇ ਆਪਣਾ ਦਬਦਬਾ ਕਾਇਮ ਰੱਖਣਾ।

ਉਸ ਸਮੇਂ ਮੋਗੇ ਵਿਚ ਤਿੰਨ ਹੀ ਸਕੂਲ ਸਨ: ਆਰੀਆ, ਦੇਵ ਸਮਾਜ ਅਤੇ ਭੁਪਿੰਦਰਾ ਖ਼ਾਲਸਾ। ਪਿੰਡ ਚੜਿੱਕ ਵੱਲੋਂ ਵੀ ਪਿੰਡਾਂ ਦੇ ਮੁੰਡੇ ਇਕੱਠੇ ਹੋ ਕੇ ਖ਼ਾਲਸਾ ਸਕੂਲ ਆਉਂਦੇ ਸਨ। ਉਨ੍ਹਾਂ ਵਿਚ ਵੀ ਦੋ ਭਰਾ ਤਕੜੇ ਖਾਂਦੇ ਪੀਂਦੇ ਘਰ ਦੇ ਹੁੰਦੇ ਸਨ, ਬੜੇ ਖਰਾਂਟ। ਕੌਡੀ ਦੇ ਵਧੀਆ ਖਿਡਾਰੀ ਅਤੇ ਮਸ਼ਹੂਰ ਜਾਫੀ। ਵੱਡਾ ਭਰਾ ਰੱਸੇ ਦੀ ਟੀਮ ਦਾ ਕਪਤਾਨ ਅਤੇ ਸਦਾ ਬੀਂਡੀ ਲਗਦਾ ਸੀ। ਹਰ ਮੈਚ ਵਿਚ ਝੰਡੀ। ਉਸ ਦਾ ਚੰਗਾ ਤਕੜਾ ਗਰੁੱਪ ਸੀ ਅਤੇ ਦਬਦਬਾ ਵੀ। ਇਹ ਗੱਲ ਸ਼ੇਰੇ ਨੂੰ ਰੜਕਦੀ ਰਹਿੰਦੀ ਅਤੇ ਸ਼ੇਰਾ ਪੂਰੀ ਖਾਰ ਖਾਂਦਾ ਸੀ।

ਮਾਰਚ ਆ ਗਿਆ ਅਤੇ ਦਸਵੀਂ ਦੇ ਇਮਤਿਹਾਨ ਵੀ। ਉਸ ਸਮੇਂ ਪੰਜਾਬ ਯੂਨੀਵਰਸਿਟੀ ਲਾਹੌਰ ਵੱਲੋਂ ਤਿੰਨਾਂ ਸਕੂਲਾਂ ਦਾ ਇਕੋ ਹੀ ਸੈਂਟਰ ਹੁੰਦਾ ਸੀ, ਡੀ.ਐੱਮ. ਕਾਲਜ ਦਾ ਸਾਹਮਣਾ ਹਾਲ। ਪੁਲਿਸ ਨਕਲ ਰੋਕਣ ਵਾਸਤੇ ਜਾਂ ਅੱਜ ਵਾਂਗ ਕਰਾਉਣ ਵਾਸਤੇ ਨਹੀਂ ਸੀ ਹੁੰਦੀ। ਨਕਲ ਦਾ ਰਿਵਾਜ ਹੀ ਨਹੀਂ ਸੀ। ਨਕਲ ਦਾ ਰਿਵਾਜ ਆਜ਼ਾਦੀ ਮਿਲਣ ਤੋਂ ਮਗਰੋਂ ਹੀ ਸ਼ੁਰੂ ਹੋਇਆ। ਚੜਿੱਕ ਵਾਲੇ ਵੱਡੇ ਭਰਾ ਦਾ ਵੀ ਦਸਵੀਂ ਦਾ ਇਮਤਿਹਾਨ ਸੀ। ਤਿੰਨ ਪਰਚੇ ਹੋ ਚੁੱਕੇ ਸਨ, ਦੋ ਅਜੇ ਬਾਕੀ ਸਨ। ਉਸ ਦਿਨ ਸ਼ੇਰੇ ਨੇ ਵੱਡੇ ਭਰਾ ਨੂੰ ਕਾਲਜ ਨੇੜੇ ਬਰਫ ਦੇ ਕਾਰਖਾਨੇ ਅੱਗੇ ਜਿੱਥੇ ਅੱਜ ਈਜ਼ੀ ਡੇ ਹੈ, ਘੇਰ ਲਿਆ। ਦੋ ਚਾਰ ਗਾਲ੍ਹਾਂ ਅਤੇ ਫਿਰ ਹੱਥੋ-ਪਾਈ। ਮੁੰਡੇ ਨੇ ਹੱਥ ਜੋੜੇ ਅਤੇ ਮਿੰਨਤ ਕੀਤੀ, "ਬਾਈ, ਮੇਰਾ ਪਰਚਾ ਹੈ ਜਾਣ ਦੇ।" ਸ਼ੇਰਾ ਬਦਮਾਸ਼ ਸੀ ਪਰ ਬੀਬਾ ਸੀ। ਕੁਝ ਸੋਚਿਆ ਹੋਵੇਗਾ। ਸ਼ੇਰੇ ਨੇ ਕਿਹਾ, "ਪੁੱਤ ਤੈਨੂੰ ਲੱਤ ਹੇਠੋਂ ਦੀ ਲੰਘਾਉਣਾ, ਵੱਡਾ ਬਦਮਾਸ਼ ਬਣਿਆ ਫਿਰਦਾ ਏਂ।" ਸ਼ੇਰੇ ਨੇ ਲੱਤ ਉੱਚੀ ਕੀਤੀ, ਉਹ ਵਿਚਾਰਾ ਸਾਰਿਆਂ ਦੇ ਸਾਹਮਣੇ ਸ਼ੇਰੇ ਦੀ ਲੱਤ ਹੇਠੋਂ ਲੰਘ ਗਿਆ। ਸ਼ੇਰੇ ਨੇ ਬੜ੍ਹਕ ਮਾਰੀ ਅਤੇ ਮੂੰਹ ਅੱਗੇ ਘਸੁੰਨ ਰੱਖ ਕੇ ਬੱਕਰਾ ਬੁਲਾਇਆ। ਗੱਲ ਮੁੱਕੀ। ਮੁੰਡੇ ਨੇ ਪਰਚਾ ਦਿੱਤਾ। ਦੂਜਾ, ਆਖਰੀ ਪਰਚਾ ਵੀ ਦਿੱਤਾ। ਮੁੱਕਿਆ ਇਮਤਿਹਾਨ, ਸ਼ੁਕਰ ਹੋਇਆ।

ਹਫਤੇ ਕੁ ਮਗਰੋਂ ਚੜਿੱਕ ਵਾਲਾ ਮੁੰਡਾ ਦੋ ਚਾਰ ਸਾਥੀ ਲੈ ਕੇ ਮੋਗੇ ਆ ਗਿਆ। ਉਨ੍ਹਾਂ ਕੋਲ ਹਾਕੀਆਂ ਹੀ ਸਨ। ਉਹ ਬਲਬੀਰ ਉਲੰਪੀਅਨ ਦਾ ਸਮਾਂ ਸੀ। ਹਾਕੀ ਹੀ ਮੁੱਖ ਖੇਡ ਅਤੇ ਹਥਿਆਰ ਹੁੰਦੀ ਸੀ। ਅੱਜ ਵਾਂਗ ਗੈਂਗਸਟਰਾਂ ਕੋਲ ਬੇਸਬਾਲ, ਬੈਟ, ਪਿਸਤੌਲ, ਚਾਕੂ, ਕਿਰਪਾਨਾਂ ਅਤੇ ਜੀਪਾਂ ਨਹੀਂ ਸੀ ਹੁੰਦੀਆਂ। ਮੁੰਡਿਆਂ ਨੇ ਫਿਰ ਤੁਰ ਕੇ ਸ਼ੇਰੇ ਨੂੰ ਬਾਜ਼ਾਰ ਵਿਚ ਹੀ ਫੜ ਲਿਆ ਤੇ ਚੜਿੱਕ ਵਾਲੇ ਨੇ ਇਕੱਲੇ ਹੀ ਉਸ ਨੂੰ ਢਾਹ ਲਿਆ। ਚੰਗੀ ਖੜਕਾਈ ਕੀਤੀ ਅਤੇ ਕਿਹਾ, "ਪੁੱਤ ਨਹੀਂ, ਤੂੰ ਵੱਡਾ ਏਂ; ਬਾਈ, ਅੱਜ ਤਿੰਨ ਵਾਰੀ ਮੇਰੀ ਲੱਤ ਹੇਠੋਂ ਦੀ ਲੰਘਣਾ ਪੈਣਾ।" ਤਿੰਨ ਵਾਰੀ ਸ਼ੇਰੇ ਨੂੰ ਲੱਤ ਹੇਠੋਂ ਦੀ ਲੰਘਾਇਆ। ਉਸ ਦੀ ਕਮੀਜ਼ ਅਤੇ ਕੱਛਾ ਲਹਾ ਲਿਆ। ਉਹ ਇਕੱਲੇ ਲੰਗੋਟ ਨਾਲ ਭੱਜਣ ਲੱਗਾ ਤਾਂ ਮੁੰਡੇ ਨੇ ਕਿਹਾ, "ਬਾਈ, 'ਕੱਲਾ ਜਾਂਘੀਆ ਚੰਗਾ ਨਹੀਂ ਲਗਦਾ।" ਉਸ ਨੂੰ ਉਸ ਦਾ ਕੱਛਾ ਦੇ ਦਿੱਤਾ ਗਿਆ। ਮੁੰਡਿਆਂ ਨੇ ਹਾਕੀ 'ਤੇ ਉਸ ਦੀ ਕਮੀਜ਼ ਟੰਗ ਕੇ ਫਾਟਕਾਂ ਤੋਂ ਲੈ ਕੇ ਅੱਜ ਦੇ ਦੇਵ ਹੋਟਲ ਤੱਕ ਬਾਜ਼ਾਰ ਵਿਚ ਜਲੂਸ ਕੱਢਿਆ ਅਤੇ ਦੱਸਿਆ: "ਇਹ ਹੈ ਤੁਹਾਡੇ ਮੋਗੇ ਦੇ ਬਦਮਾਸ਼ ਦਾ ਝੰਡਾ।"

ਦੱਸਦੇ ਹਨ ਕਿ ਕੁਝ ਦਿਨ ਮਗਰੋਂ ਮੋਗੇ ਦੇ ਕੁਝ ਸਿਆਣੇ ਬੰਦੇ ਲੈ ਕੇ ਸ਼ੇਰਾ ਚੜਿੱਕ ਗਿਆ। ਸੁਲਾਹ ਕਰਵਾਈ, ਹੱਥ ਮਿਲਾਏ ਅਤੇ ਜੱਫੀ ਵੀ ਪਾਈ ਪਰ ਮੁੜ ਕੇ ਸ਼ੇਰਾ ਮੋਗੇ ਨਹੀਂ ਦਿਸਿਆ, ਆਪਣੇ ਨਾਨਕੀਂ ਚਲਾ ਗਿਆ।

ਉਹ ਸਮਾਂ ਇੰਨਾ ਖਤਰਨਾਕ ਨਹੀਂ ਸੀ। ਗੈਂਗਸਟਰ ਤਾਂ ਸਨ ਪਰ ਨਸ਼ਾਮੁਕਤ। ਘਿਓ ਪੀਂਦੇ ਸਨ, ਮਾਰੂ ਹਥਿਆਰ ਨਹੀਂ ਸਨ ਰੱਖਦੇ। ਅੱਜ ਦੀਆਂ ਖਬਰਾਂ ਪੜ੍ਹ ਕੇ ਬੜਾ ਦੁੱਖ ਹੁੰਦਾ ਹੈ।

# ਵਾਸ-ਪਰਵਾਸ ਨਾਲ ਜੁੜੀਆਂ ਮਨੋ-ਸਮਾਜਿਕ ਸਮੱਸਿਆਵਾਂ ਨੂੰ ਉਭਾਰਦੀਆਂ ਕਹਾਣੀਆਂ 'ਲਟ ਲਟ ਬਲਦਾ ਦੀਵਾ'

ਨਿਰੰਜਣ ਬੋਹਾ
ਫੋਨ: 91-89682-82700

## ਪੁਸਤਕ ਚਰਚਾ

ਲਾਜ ਨੀਲਮ ਸੈਣੀ ਨੂੰ ਮੈਂ ਅਗਾਂਹਵਧੂ ਨਜ਼ਰੀਆ ਰੱਖਣ ਵਾਲੀ ਪਰਵਾਸੀ ਕਵਿਤਰੀ ਵਜੋਂ ਤਾਂ ਚਿਰੋਕਣਾ ਜਾਣਦਾ ਸਾਂ ਪਰ ਪੰਜਾਬੀ ਭਾਸ਼ਾ ਦੀ ਇਕ ਸਮਰੱਥ ਕਹਾਣੀਕਾਰਾ ਵਜੋਂ ਉਸਦੀ ਪਛਾਣ ਮੇਰੇ ਲਈ ਤਿੰਨ-ਚਾਰ ਸਾਲ ਹੀ ਪੁਰਾਣੀ ਹੈ। ਪਰਵਾਸੀ ਪੰਜਾਬੀ ਕਹਾਣੀ ਬਾਰੇ ਸੰਪਾਦਿਤ ਪੁਸਤਕਾਂ ਤੇ ਏਧਰਲੇ ਕੁਝ ਪਰਚਿਆਂ ਵਿਚੋਂ ਜਦੋਂ ਮੈਂ ਉਸ ਦੀਆਂ ਤਿੰਨ-ਚਾਰ ਕਹਾਣੀਆਂ ਪੜ੍ਹੀਆਂ ਤਾਂ ਮੈਨੂੰ ਲੱਗਿਆ ਕਿ ਕਵਿਤਾ ਦੇ ਨਾਲ ਉਸਦੀ ਕਹਾਣੀ ਵਿਚ ਵੀ ਪੂਰਾ ਦਮ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਦਸ ਮੌਲਿਕ ਤੇ ਸੰਪਾਦਿਤ ਪੁਸਤਕਾਂ ਦਾ ਯੋਗਦਾਨ ਪਾਉਣ ਵਾਲੀ ਇਸ ਲੇਖਿਕਾ ਦਾ ਪਲੇਠਾ ਕਹਾਣੀ ਸੰਗ੍ਰਹਿ 'ਲਟ ਲਟ ਬਲਦਾ ਦੀਵਾ' ਹੁਣ ਮੇਰੇ ਕੋਲ ਪੁੱਜਾ ਹੈ ਤਾਂ ਮੈਨੂੰ ਇਸ ਗੱਲ ਦੀ ਵੀ ਪੂਰਨ ਤਸੱਲੀ ਹੋਈ ਹੈ ਕਿ ਪੰਜਾਬੀ ਕਹਾਣੀ ਦੇ ਪਾਠਕਾਂ ਨੂੰ ਵਾਸ-ਪਰਵਾਸ ਨਾਲ ਜੁੜੇ ਮਨੋ ਸਮਾਜਿਕ ਮਸਲਿਆਂ ਦਾ ਤਰਕਸੰਗਤ ਹੱਲ ਸੁਝਾਉਣ ਵਾਲੀ ਇਕ ਹੋਰ ਪਰਪੱਕ ਕਹਾਣੀਕਾਰਾ ਮਿਲ ਗਈ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਜਿੱਥੇ ਕਿਸੇ ਦੇ ਆਪਣੀ ਜਨ-ਭੂਮੀ ਤੋਂ ਵਿਛੜ ਕੇ ਪਰਵਾਸੀ ਬਣਨ ਦੇ ਕਾਰਨਾਂ ਬਾਰੇ ਚਰਚਾ ਕਰਦੀਆਂ ਹਨ ਉੱਥੇ ਆਪਣੀਆਂ ਸਭਿਆਚਾਰਕ ਜੜ੍ਹਾਂ ਨਾਲੋਂ ਟੁੱਟਣ ਕਾਰਨ ਉਨ੍ਹਾਂ ਅੰਦਰ ਪੈਦਾ ਹੋਏ ਮਾਨਸਿਕ ਖਲਾਅ ਨੂੰ ਵੀ ਰੂਪਮਾਨ ਕਰਦੀਆਂ ਹਨ। ਆਪਣੇ ਮੂਲ ਨਾਲੋਂ ਟੁੱਟੇ ਹੋਣ ਦੇ ਅਹਿਸਾਸ ਦੀਆਂ ਪੀੜਾਂ ਨੂੰ ਭੋਗਦੇ ਇਹ ਪਾਤਰ ਬਾਹਰੋਂ ਤਾਂ ਸਾਬਤ ਸਬੂਤੇ ਵਿਖਾਈ ਦੇਂਦੇ ਹਨ ਪਰ ਅੰਦਰੋਂ ਪੂਰੀ ਤਰ੍ਹਾਂ ਟੁੱਟੇ ਤੇ ਬਿਖਰੇ ਹੋਏ ਹਨ। ਉਸ ਦੀਆਂ ਕਹਾਣੀਆਂ ਇਨ੍ਹਾਂ ਨਿਰਾਸ਼ ਹੋਏ ਪਾਤਰਾਂ ਅੰਦਰਲੇ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰਦਿਆਂ ਉਨ੍ਹਾਂ ਅੰਦਰ ਨਵੇਂ ਊਰਜਾਮਈ ਨਜ਼ਰੀਏ ਦਾ ਸੰਚਾਰ ਵੀ ਕਰਦੀਆਂ ਹਨ, ਤਾਂ ਕਿ ਉਹ ਆਪਣੀ ਸਮਾਜਿਕ ਹੋਂਦ ਨੂੰ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਸਾਬਤ ਕਦਮਾਂ ਨਾਲ ਕਰ ਸਕਣ।

ਸੰਗ੍ਰਹਿ ਦੀ ਟਾਈਟਲ ਕਹਾਣੀ 'ਲਟ ਲਟ ਬਲਦਾ ਦੀਵਾ' ਪਰਵਾਸੀ ਭਾਰਤੀਆਂ ਦੇ ਮਨਾਂ ਵਿਚ ਆਪਣੇ ਬੱਚਿਆਂ ਦੇ ਭਵਿੱਖ ਦੀ ਸੁਰੱਖਿਆ ਨੂੰ ਲੈ ਕੇ ਪੈਦਾ ਹੋਏ ਡਰ ਦਾ ਮਨੋ-ਵਿਗਿਆਨਕ ਹੱਲ ਤਲਾਸ਼ ਕਰਨ ਦੇ ਆਹਰ ਵਿਚ ਵਿਖਾਈ ਦਿੰਦੀ ਹੈ। ਕਹਾਣੀ ਵਿਚਲੀ ਵਿਧਵਾ ਔਰਤ ਰੂਬੀ ਦਾ ਜੁਆਨ ਬੇਟਾ ਜਦੋਂ ਸਕੂਲੀ ਪੜ੍ਹਾਈ ਪੂਰੀ ਕਰ ਕੇ ਯੂਨੀਵਰਸਿਟੀ ਵਿਚ ਦਾਖ਼ਲਾ ਲੈਂਦਾ ਹੈ ਤਾਂ ਉਸਦੇ ਮਨ ਵਿਚ ਆਪਣੇ ਬੇਟੇ ਦੇ ਭਵਿੱਖ ਪ੍ਰਤੀ ਪੈਦਾ ਹੋਈਆਂ ਸ਼ੰਕਾਵਾਂ ਉਸ ਦੀ ਮਾਨਸਿਕ ਬੇਚੈਨੀ ਦਾ ਕਾਰਨ ਬਣ ਜਾਂਦੀਆਂ ਹਨ। ਉਸਨੂੰ ਹਰ ਵੇਲੇ ਚਿੰਤਾ ਰਹਿਣ ਲੱਗਦੀ ਹੈ ਕਿ ਕਿਤੇ ਪੱਛਮੀ ਜੀਵਨ ਜਾਂਚ ਦੇ ਵਿਅਕਤੀਗਤ ਰੁਝਾਨ ਉਸ ਦੇ ਪੁੱਤਰ ਦੇ ਭਵਿੱਖ ਨੂੰ ਤਬਾਹ ਹੀ ਨਾ ਕਰ ਦੇਣ। ਉਸਦੀ ਸਹਿਕਰਮੀ ਮੈਰੀ ਆਪਣੇ ਪੁੱਤਰ ਦੇ ਡਰੱਗਜ਼ ਤੇ ਹੇਜ਼ਿੰਗ ਵਰਗੀਆਂ ਬੁਰਾਈਆਂ ਦਾ ਸ਼ਿਕਾਰ ਹੋਣ ਦੀ ਗੱਲ ਕਰਦੀ ਹੈ ਤਾਂ ਉਸਦੀ ਬੇਚੈਨੀ ਆਪਣੀ ਚਰਮ ਸੀਮਾ 'ਤੇ ਪਹੁੰਚ ਜਾਂਦੀ ਹੈ। ਜਦੋਂ ਉਸਦਾ ਪੁੱਤਰ ਇਸ ਸਮੱਸਿਆ ਦਾ ਮਨੋ-ਵਿਗਿਆਨਕ ਹੱਲ ਤਲਾਸ਼ਦਿਆਂ ਉਸਨੂੰ ਯਕੀਨ ਦਿਵਾਉਂਦਾ ਹੈ ਕਿ ਉਹ ਆਪਣੇ ਭਵਿੱਖ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ ਤਾਂ ਉਸਨੂੰ ਚਿੰਤਾ ਵਿਚ ਉਭਰਣ ਲਈ ਵੱਡਾ ਮਾਨਸਿਕ ਬਲ ਮਿਲਦਾ ਹੈ। ਪੁੱਤਰ ਦੇ ਬੋਲਾਂ ਵਿਚੋਂ ਆਪਣੇ ਪਤੀ ਵਰਗੀ ਇਰਾਦੇ ਦੀ ਦ੍ਰਿੜ੍ਹਤਾ ਮਹਿਸੂਸ ਕਰ ਕੇ ਕੇ ਉਸਦੇ ਮਨ ਅੰਦਰਲੇ ਵਿਸ਼ਵਾਸ ਦਾ ਦੀਵਾ ਵੀ ਲਟ ਲਟ ਕਰ ਕੇ ਬਲਣ ਲੱਗ ਪੈਂਦਾ ਹੈ।

ਕਹਾਣੀ 'ਧੂੰਏਂ ਦੇ ਬੱਦਲ' ਪੱਛਮੀ ਮੁਲਕਾਂ ਵਿਚ ਆਪਣੀ ਪਰਵਾਸੀ ਪਛਾਣ ਕਾਰਨ ਦੁਰਕਾਰੇ ਜਾਣ ਵਾਲੇ ਏਸ਼ੀਆਂ ਦੇ ਲੋਕਾਂ ਦੇ ਮਨੋ-ਸੰਤਾਪ ਦਾ ਸਜੀਵ ਚਿਤਰਨ ਕਰਦੀ ਹੈ। 9/11 ਦੇ ਘਟਨਾਕ੍ਰਮ ਤੋਂ ਬਾਅਦ ਅਮਰੀਕਾ ਵਿਚ ਸ਼ੱਕ ਰੂਪੀ ਧੂੰਏਂ ਦੇ ਬੱਦਲ ਏਨੇ ਸੰਘਣੇ ਹੋ ਗਏ ਕਿ ਏਸ਼ੀਆ ਖੇਤਰ ਦੇ ਲੋਕਾਂ ਦੀ ਪਰਵਾਸੀ ਹੋਣ ਦੀ ਸ਼ਨਾਖ਼ਤ ਹੀ ਉਨ੍ਹਾਂ ਲਈ ਵੱਡੀ ਮੁਸੀਬਤ ਬਣ ਗਈ। ਪਛਾਣ ਦੇ ਇਸ ਸੰਕਟ ਕਾਰਨ ਕਹਾਣੀ ਦੇ ਪਾਤਰ ਗੁਰਵੀਰ ਸਿੰਘ ਦੀ ਜਬਰੀ ਦੇਸ਼ ਵਾਪਸੀ ਹੋ ਜਾਂਦੀ ਹੈ ਤਾਂ ਉਸਦੇ ਨਾਲ ਉਸਦੀ ਪਤਨੀ ਕੀਰਤੀ ਨੂੰ ਵੀ ਵਿਛੋੜੇ ਦਾ ਮਹਾਂ ਸੰਤਾਪ ਝੱਲਣਾ ਪੈਂਦਾ ਹੈ। ਉਨ੍ਹਾਂ ਦੋਵਾਂ ਦੇ ਮਨੋ ਸੰਤਾਪ ਦਾ ਅੰਤ ਇੱਥੇ ਹੀ ਨਹੀਂ ਹੋ ਜਾਂਦਾ ਸਗੋ ਤਿੰਨ ਸਾਲ ਬਾਅਦ ਅਮਰੀਕਾ ਵਾਪਸੀ 'ਤੇ ਉਸਨੂੰ ਆਪਣੀ ਮਾਸੂਮ ਧੀ ਦੀ ਮੌਤ ਤੇ ਆਪਣੀ ਪਤਨੀ ਦੇ ਇਕ ਗੁਰਦਾ ਨੁਕਸਾਨੇ ਜਾਣ ਦਾ ਸਦਮਾ ਵੀ ਸਹਿਣ ਕਰਨਾ ਪੈਂਦਾ ਹੈ। ਇਸ ਤਰ੍ਹਾਂ ਇਹ ਕਹਾਣੀ ਕਿਸੇ ਵੀ ਭੋਇੰ-ਖੰਡ ਵਿਚ ਵਾਪਰਨ ਵਾਲੇ ਦਹਿਸ਼ਤੀ ਵਰਤਾਰੇ ਦੇ ਕੁਲ ਆਲਮ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰ ਕੇ ਮਾਨਵਤਾ ਦਾ ਪੱਖ ਇਮਾਨਦਾਰੀ ਨਾਲ ਪੂਰ ਜਾਂਦੀ ਹੈ।

ਕਹਾਣੀ 'ਸਿਟੀਜ਼ਨਸ਼ਿਪ' ਆਪਣੀਆਂ ਸਭਿਆਚਾਰਕ ਜੜ੍ਹਾਂ ਨਾਲੋਂ ਟੁੱਟ ਕੇ ਬਿਗਾਨੇ ਸਭਿਆਚਾਰ ਵਿਚ ਫਿਰ ਤੋਂ ਜੜ੍ਹਾਂ ਲਾਉਣ ਵੇਲੇ ਦੀ ਪਰਵਾਸੀ ਭਾਰਤੀਆਂ ਦੀ ਮਨੋ ਦਸ਼ਾ ਨੂੰ ਰੂਪਮਾਨ ਕਰਦੀ ਹੈ ਤਾਂ ਇਹ ਸੰਤਾਪ ਹੋਰ ਵੀ ਡੂੰਘਾ ਹੋਇਆ ਵਿਖਾਈ ਦਿੰਦਾ ਹੈ। ਕਹਾਣੀ ਦੀ ਬਿਰਤਾਂਤਕਾਰ ਪਾਤਰ ਪਹਿਲੇ ਪੜਾਅ 'ਤੇ ਅਮਰੀਕਾ ਦੀ ਸਿਟੀਜ਼ਨਸ਼ਿਪ ਪ੍ਰਾਪਤੀ ਦੀ ਖਬਰ ਸੁਣ ਕੇ ਬੇਹੱਦ ਖੁਸ਼ ਵਿਖਾਈ ਦਿੰਦੀ ਹੈ ਪਰ ਜਿਉਂ ਜਿਉਂ ਮੇਜ਼ਬਾਨ ਮੁਲਕ ਦੀ ਨਾਗਿਰਕਤਾ ਹਾਸਲ ਕਰਨ ਲਈ ਸਹੁੰ ਚੁੱਕਣ ਦਾ ਦਿਨ ਨੇੜੇ ਆਉਂਦਾ ਹੈ ਤਿਉਂ ਤਿਉਂ ਆਪਣੇ ਮੂਲ ਸਭਿਆਚਾਰ ਨਾਲੋਂ ਟੁੱਟਣ ਦੇ ਅਹਿਸਾਸ ਨਾਲ ਉਸ ਅੰਦਰ ਪੈਦਾ ਹੋਇਆ ਹੇਰਵਾ ਉਸਦੀ ਮਾਨਸਿਕ ਬੇਚੈਨੀ ਵਿਚ ਵਾਧਾ ਕਰਨ ਲੱਗਦਾ ਹੈ। ਕਹਾਣੀ 'ਡਾਰੋਂ ਵਿਛੜੀ ਕੂੰਜ' ਇਸੇ ਵਿਸ਼ੇ ਦੀਆਂ ਹੋਰ ਪਰਤਾਂ ਪਰਤਦੀ ਹੈ। ਨਵਜੋਤ ਨੂੰ ਅਮਰੀਕਾ ਆਏ ਤਿੰਨ ਸਾਲ ਹੋ ਗਏ ਹਨ ਪਰ ਆਪਣੇ ਮਾਪਿਆਂ, ਸਹੇਲੀਆਂ ਤੇ ਪਿੰਡ ਦੀ ਮਿੱਟੀ ਨਾਲ ਜੁੜੇ ਮੋਹ ਦਾ ਉਦਰੇਵਾਂ ਅਕਸਰ ਉਸਦੀ ਮਾਨਸਿਕ ਹਾਲਤ ਡਾਰੋਂ ਵਿਛੜੀ ਕੂੰਜ ਵਰਗੀ ਬਣਾ ਦਿੰਦਾ ਹੈ। ਇਥੋਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਉਸ ਨੂੰ ਪਿਛੋਕੜੀ ਰਿਸ਼ਤਿਆਂ ਨਾਲ ਰਾਬਤਾ ਰੱਖਣ ਦਾ ਵੀ ਸਮਾਂ ਨਹੀਂ ਦਿੰਦੀ ਤਾਂ ਇੱਥੋਂ ਦੀ ਧਰਤੀ ਨੂੰ 'ਨਿਰਮੋਹੀ ਧਰਤੀ' ਕਹਿਣ ਲਈ ਮਜਬੂਰ ਹੋ ਜਾਂਦੀ ਹੈ। ਉਹ ਜਦੋਂ ਵੀ ਡਾਰ ਨਾਲੋਂ ਵਿਛੜੇ ਕਿਸੇ ਪੰਛੀ ਨੂੰ ਇਕੱਲਿਆਂ ਉਡਦਾ ਵੇਖਦੀ ਹੈ ਤਾਂ ਇਕੱਲਤਾ ਦਾ ਅਹਿਸਾਸ ਉਸਦੀ ਮਾਨਸਿਕ ਛਟਪਟਾਹਟ ਵਿਚ ਬਦਲ ਜਾਂਦਾ ਹੈ।

ਕਹਾਣੀ 'ਪਛਤਾਵੇ ਦੀ ਅੱਗ' ਵਿਦੇਸ਼ੀ ਡਾਲਰਾਂ ਦੇ ਲਾਲਚ ਵਿਚ ਆਪਣੇ ਪਿੱਛੇ ਰਹੇ ਮਾਪਿਆਂ ਲਈ ਸਮਾਂ ਨਾ ਕੱਢ ਸਕਣ ਵਾਲੇ ਪਰਵਾਸੀਆਂ ਨੂੰ ਚਿਤਾਵਨੀ ਦਿੰਦੀ ਹੈ ਕਿ ਜੇ ਉਨ੍ਹਾਂ ਇਸ ਲਾਲਚ ਨੂੰ ਨਾ ਤਿਆਗਿਆ ਤਾਂ ਉਨ੍ਹਾਂ ਦੇ ਪੱਲੇ ਇਸ ਕਹਾਣੀ ਦੇ ਪਾਤਰ ਵਾਂਗ ਸਾਰੀ ਉਮਰ ਦਾ ਪਛਤਾਵਾ ਹੀ ਰਹਿ ਜਾਵੇਗਾ। ਕਹਾਣੀ ਵਿਚਲੇ ਜਗਦੀਪ ਨੂੰ ਭਾਰਤ ਵਿਚਲੇ ਬਿਮਾਰ ਪਿਤਾ ਦੀ ਸਾਰ ਲੈਣ ਤੋਂ ਵੱਧ ਫਿਕਰ ਆਪਣੀ ਨਵੀਂ ਕੰਪਨੀ ਦੀ ਸੰਭਾਲ ਦਾ ਹੈ। ਪਿਤਾ ਦੀ ਬਿਮਾਰੀ ਵਧ ਜਾਣ 'ਤੇ ਉਹ ਪਿੰਡ ਜਾਂਦਾ ਹੈ ਤਾਂ ਉਸਦਾ ਪਿਤਾ ਉਸਨੂੰ ਉਡੀਕਦਿਆਂ ਸਦੀਵੀ ਵਿਛੋੜਾ ਦੇ ਚੁੱਕਾ ਹੁੰਦਾ ਹੈ ਤੇ ਮਾਂ ਵੀ ਉਸਦੇ ਹੱਥਾਂ ਵਿਚ ਹੀ ਦਮ ਤੋੜ ਦਿੰਦੀ ਹੈ। ਅਜਿਹੇ ਸਮੇਂ ਉਸਨੂੰ ਤੀਬਰ ਅਹਿਸਾਸ ਹੁੰਦਾ ਹੈ ਕਿ ਚੰਦ ਡਾਲਰਾਂ ਦੇ ਲਾਲਚ ਬਦਲੇ ਉਸ ਰਿਸ਼ਤਿਆਂ ਦਾ ਕਿੰਨਾ ਕੀਮਤੀ ਸਰਮਾਇਆ ਗੁਆ ਲਿਆ ਹੈ।

ਕਹਾਣੀ 'ਚੀਸ' ਸੰਸਾਰ ਅਮਨ ਦੇ ਹੱਕ ਵਿਚ ਉਭਰਣ ਵਾਲੀਆਂ ਅਵਾਜ਼ਾਂ ਦੇ ਹੱਕ ਵਿਚ ਆਪਣੀ ਆਵਾਜ਼ ਮਿਲਾਉਂਦੀ ਹੈ। ਕਿਸੇ ਸਮੇ ਖਾੜਕੂ ਰਹੇ ਕਹਾਣੀ ਦੇ ਪਾਤਰ ਗੁਰਜੋਤ ਦੇ ਅੰਦਰ ਉੱਠੀ ਪਛਤਾਵੇ ਦੀ ਇਹ ਚੀਸ 'ਸਾਨੂੰ ਨਹੀਂ ਚਾਹੀਦਾ ਇਹ ਖੂਨ ਖਰਾਬਾ .....ਨਹੀਂ ਚਾਹੀਦਾ ਕੋਈ ਹੋਰ ਬਟਵਾਰਾ। ਇਸ ਕਹਾਣੀ ਦੇ ਮਾਨਵੀ ਪੱਖ ਨੂੰ ਮਜ਼ਬੂਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ।


ਸੰਗ੍ਰਹਿ ਦੀਆਂ ਕਹਾਣੀਆਂ ਵਿਅਕਤੀਵਾਦ ਨੂੰ ਉਤਸ਼ਾਹਿਤ ਕਰਨ ਵਾਲੀਆਂ ਪੱਛਮੀ ਸਮਾਜਿਕ ਕੀਮਤਾਂ ਦੀ ਕੇਵਲ ਨਿਖੇਧੀ ਹੀ ਨਹੀਂ ਕਰਦੀਆਂ ਸਗੋਂ ਮਨੁੱਖ ਤੇ ਮਨੁੱਖਤਾ ਨੂੰ ਅੱਗੇ ਲੈ ਕੇ ਜਾਣ ਵਿਚ ਸਹਾਈ ਬਣਦੀਆਂ ਉੱਥੋਂ ਦੀਆਂ ਕੀਮਤਾਂ ਦੀ ਰੱਜਵੀਂ ਪ੍ਰਸ਼ੰਸਾ ਵੀ ਕਰਦੀਆਂ ਹਨ। ਕਹਾਣੀ 'ਮੁੜਦਾ ਫੇਰਾ' ਇਸ ਗੱਲ ਦੀ ਦਿਲੋਂ ਪ੍ਰਸ਼ੰਸਕ ਹੈ ਕਿ ਪਰਵਾਸੀ ਹੋਣ ਦੇ ਅਹਿਸਾਸ ਨੇ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਦੀਆਂ ਜਾਤ-ਪਾਤ, ਧਰਮ, ਖੇਤਰ ਤੇ ਭਾਸ਼ਾ ਦੇ ਨਾਂ 'ਤੇ ਪਈਆਂ ਵੰਡੀਆਂ ਨੂੰ ਬਹੁਤ ਕਮਜ਼ੋਰ ਕੀਤਾ ਹੈ। ਭਾਵੇਂ ਪੱਛਮੀ ਮੁਲਕਾਂ ਵਿਚ ਇਹ ਵੰਡੀਆਂ ਪੂਰੀ ਤਰ੍ਹਾ ਖਤਮ ਤਾਂ ਨਹੀਂ ਹੋਈਆਂ ਪਰ ਲੋਕ ਮਾਨਸਿਕਤਾ 'ਤੇ ਪੂਰਬੀ ਮੁਲਕਾਂ ਦੇ ਮੁਕਾਬਲੇ ਇਨ੍ਹਾਂ ਦੀ ਪਕੜ ਬਹੁਤ ਢਿੱਲੀ ਹੈ। ਕਹਾਣੀ ਵਿਚਲੀ ਸਿੱਖ ਕੁੜੀ ਸੁਖਜੀਤ ਤੇ ਅਫਗਾਨੀ ਪਠਾਨ ਮੁੰਡੇ ਮੁਹੰਮਦ ਵਿਚਕਾਰ ਪੈਦਾ ਹੋਈ ਪਿਆਰ ਭਾਵਨਾ ਨਿਰੋਲ ਮਾਨਵੀ ਸਰੋਕਾਰਾਂ ਨਾਲ ਜੁੜੀ ਹੋਈ ਹੈ। ਸੁਖਜੀਤ ਦੇ ਨੇੜਲੇ ਰਿਸ਼ਤੇਦਾਰ ਉਨ੍ਹਾਂ ਦੇ ਵਿਆਹ ਦਾ ਵਿਰੋਧ ਇਸ ਕਰਕੇ ਹੀ ਕਰਦੇ ਹਨ ਕਿ ਉਹ ਆਪਣੇ ਪਿੱਛੇ ਰਹੇ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਵਿਚ ਸੈਟ ਕਰਨ ਲਈ ਉਸਦੀ ਅਮਰੀਕੀ ਨਾਗਰਕਿਤਾ ਨੂੰ ਪੌੜੀ ਨਹੀਂ ਬਣਾ ਸਕੇ। ਪਹਿਲੇ ਪੜਾਅ ਤੇ ਪਿਛੋਕੜੀ ਸੰਸਕਾਰਾਂ ਵਿਚ ਬੱਝੀ ਉਸਦੀ ਮਾਂ ਵੀ ਇਸ ਵਿਆਹ ਦਾ ਵਿਰੋਧ ਕਰਦੀ ਹੈ ਤੇ ਫਿਰ ਆਪਣੀ ਧੀ ਤੇ ਦੋਹਤੀਆਂ ਦਾ ਪਿਆਰ ਉਸਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਕਹਾਣੀ ਆਪਣੇ ਮਾਨਵਤਾ ਪੱਖੀ ਉਦੇਸ਼ ਨੂੰ ਉਸ ਵੇਲੇ ਹੋਰ ਵੀ ਚੰਗੀ ਤਰ੍ਹਾਂ ਸਪੱਸ਼ਟ ਕਰਦੀ ਜਦੋਂ ਸੁਖਜੀਤ ਆਪਣੇ ਪਤੀ ਦਾ ਧਰਮ ਅਪਣਾ ਕੇ ਆਲੀਆ ਬਣ ਜਾਂਦੀ ਹੈ ਤੇ ਉਸਦੇ ਪਤੀ ਦੀ ਦਿਲਚਸਪੀ ਪੰਜਾਬੀ ਭਾਸ਼ਾ ਤੇ ਸਿੱਖ ਧਰਮ ਵਿਚ ਪੈਦਾ ਹੋਣ ਲੱਗਦੀ ਹੈ। ਮੁਹੰਮਦ ਦੇ ਮਾਪਿਆਂ ਵਲੋਂ ਗੁਰਦੁਆਰਾ ਸਾਹਿਬ ਜਾਣ ਦੀ ਇੱਛਾ ਪ੍ਰਗਟਾਏ ਜਾਣ ਨਾਲ ਕਹਾਣੀ ਸਰਵ ਧਰਮ ਸਾਂਝੇ ਸਮਾਜ ਦੇ ਆਦਰਸ਼ਕ ਟੀਚੇ ਵੱਲ ਬੜੀ ਤੇਜ਼ੀ ਨਾਲ ਵਧਦੀ ਹੈ।

ਉਸ ਦੀਆਂ ਕਹਾਣੀਆਂ ਪੱਛਮੀ ਮੁਲਕਾਂ ਦੀ ਨਿੱਜਪ੍ਰਸਤ ਚੇਤਨਾ ਨੂੰ ਆਪਣੇ ਪਾਤਰਾਂ ਦੇ ਪਰਿਵਾਰਕ ਰਿਸ਼ਤਿਆਂ ਵਿਚ ਵਧੇਰੇ ਦਖਲ ਅੰਦਾਜ਼ੀ ਕਰਨ ਦੀ ਆਗਿਆ ਨਹੀਂ ਦਿੰਦੀਆਂ, ਇਸੇ ਲਈ ਇਹ ਪਾਤਰ ਆਪਸੀ ਰਿਸ਼ਤਿਆ ਨੂੰ ਹੰਢਣਸਾਰ ਬਣਾਉਣ ਲਈ ਆਪਣਾ ਯਥਾ ਸੰਭਵ ਯੋਗਦਾਨ ਪਾਉਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਕਹਾਣੀ 'ਧਰਤੀ ਦਾ ਪਰਛਾਵਾਂ' ਵਿਚਲੀ ਰਵੀਨਾ ਆਪਣੇ ਪਤੀ ਦੀ ਅੱਖ 'ਤੇ ਸੱਟ ਲੱਗਣ ਕਾਰਨ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਵੀ ਸੰਭਾਲਦੀ ਹੈ ਤੇ ਉਸਦੀ ਸੇਵਾ ਸੰਭਾਲ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੀ। ਕਰਵਾਚੌਥ ਦੇ ਵਰਤ ਵਾਲੀ ਰਾਤ ਰਮਨ ਦੇ ਚਿਹਰੇ 'ਤੇ ਵਿਖਾਈ ਦਿੰਦੀ ਅਲੋਕਿਕ ਚਮਕ ਰਿਸ਼ਤੇ ਨਿਭਾਉਣ ਦੀ ਯੋਗਤਾ ਦੀ ਪ੍ਰਮਾਣਿਕ ਸਬੂਤ ਬਣਦੀ ਵਿਖਾਈ ਦਿੰਦੀ ਹੈ। ਕਹਾਣੀ 'ਧੂੰਏਂ ਦੇ ਬੱਦਲ' ਵਿਚਲੀ ਕੀਰਤੀ ਦੇ ਵਿਹਾਰ ਵਿਚੋਂ ਵੀ ਕੁਰਬਾਨੀ ਤੇ ਤਿਆਗ ਦੀ ਇਸ ਭਾਵਨਾ ਦੀ ਸ਼ਿੱਦਤ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਕਹਾਣੀ 'ਲੋਕ ਗੀਤਾਂ ਦੀ ਰਾਣੀ ਦੀ ਮਾਂ' ਵਿਸ਼ਵ ਬਾਜ਼ਾਰ ਦੇ ਖਪਤ ਸਭਿਆਚਾਰ ਵਲੋਂ ਸਾਡੀਆਂ ਲੋਕ ਕਲਾਵਾਂ, ਮੂਲ ਸਭਿਆਚਾਰ ਤੇ ਸਮਾਜਿਕ ਰਿਸ਼ਤਿਆਂ ਨੂੰ ਪਹੁੰਚਾਏ ਜਾ ਰਹੇ ਰਹੇ ਨੁਕਸਾਨ ਦਾ ਲੇਖਾ ਜੋਖਾ ਕਰਦਿਆਂ ਆਪਣੇ ਅੰਤ 'ਤੇ ਇਸ ਸਥਿਤੀ ਦਾ ਕਮਾਲ ਦਾ ਪ੍ਰਤੀਉੱਤਰ ਸਿਰਜਦੀ ਹੈ। ਨਿਧੀ ਤੇਰੀ ਮਾਂ ਮਰੀ ਨ੍ਹੀ! ਤੇਰੀ ਮਾਂ ਤਾਂ ਅਮਰ ਹੈ। ਆਹ ਲੋਕ ਗੀਤਾਂ ਦੀ ਜੇੜ੍ਹੀ ਜਾਗੋ ਉਹ ਆਪਣੇ ਪਿੱਛੇ ਛੱਡ ਗਈ ਆ ਨਾ, ਇਹ ਰਹਿੰਦੀ ਦੁਨੀਆਂ ਤਕ ਜਗਮਗ-ਜਗਮਗ ਕਰੂਗੀ ... ਚੱਲ ਕੁੜੇ ਇਕ ਹੋਰ ਗੀਤ ਗਾ, ਮੈਂ ਵੀ ਸੁਣਾ।

ਕਹਾਣੀ 'ਚਿਹਰੇ' ਦੂਸਰੀਆਂ ਕਹਾਣੀਆਂ ਤੋਂ ਹਟ ਕੇ ਬਿਲਕੁਲ ਵੱਖਰੇ ਵਿਸ਼ੇ 'ਤੇ ਕੇਂਦਰਿਤ ਹੈ। ਜੇ ਸਮਾਜਿਕ ਖੇਤਰ ਦੀਆਂ ਵਿਸੰਗਤੀਆਂ ਤੇ ਕੁਹਜ ਨੂੰ ਉਭਾਰਨ ਦਾ ਕੰਮ ਲੇਖਕ ਵਰਗ ਦੇ ਹਿੱਸੇ ਆਇਆ ਹੈ ਤਾਂ ਇਹ ਕਹਾਣੀ ਸਾਹਿਤਕ ਖੇਤਰ ਵਿਚਲੇ ਕੁਹਜ ਲਈ ਇਸ ਵਰਗ ਨੂੰ ਹੀ ਪਾਠਕਾਂ ਦੇ ਕਟਹਿਰੇ ਵਿਚ ਲਿਆ ਖੜ੍ਹਾ ਕਰਦੀ ਹੈ। ਕਹਾਣੀ ਪੰਜਾਬੀ ਲੇਖਕਾਂ ਦੇ ਚਿਹਰਿਆਂ 'ਤੇ ਲਾਏ ਹੋਏ ਦਾਨਸ਼ਵਰੀ ਦੇ ਨਕਾਬ ਉਤਾਰਦਿਆਂ ਇਸ ਤਲਖ ਸੱਚ ਨੂੰ ਬਿਆਨਦੀ ਹੈ ਕਿ ਹੁਣ ਸਾਹਿਤਕ ਖੇਤਰ ਦੇ ਹਮਾਮ ਵਿਚ ਵੀ ਬਹੁਤੇ ਨੰਗੇ ਹੀ ਸ਼ਾਮਿਲ ਹਨ। ਜਿਹੜਾ ਕੰਮ ਏਧਰ ਪੰਜਾਬ ਵਿਚ ਕਥਾਕਾਰ ਜਸਵੀਰ ਭੁੱਲਰ ਨੇ ਨਾਵਲ 'ਖਿੱਦੋ' ਲਿਖ ਕੇ ਕੀਤਾ ਉਹੀ ਕਾਰਜ ਕਰਨ ਦੀ ਦਲੇਰੀ ਉੱਧਰ ਲਾਜ ਨੀਲਮ ਸੈਣੀ ਨੇ ਵੀ ਵਿਖਾਈ ਹੈ। ਇਨ੍ਹਾਂ ਦੋਹਾਂ ਲਿਖਤਾਂ ਦਾ ਕਮਜ਼ੋਰ ਪੱਖ ਇਹ ਹੈ ਕਿ ਆਪਣੇ ਹਿੱਸੇ ਦੇ ਸਾਹਿਤਕ ਫਰਜ਼ ਇਮਾਨਦਾਰੀ ਨਾਲ ਨਿਭਾਅ ਰਹੇ ਪ੍ਰਤੀਬੱਧ ਸਾਹਿਤਕਾਰਾਂ ਦਾ ਪੱਖ ਇਨ੍ਹਾਂ ਵਿਚੋਂ ਕੋਈ ਵੀ ਲਿਖਤ ਠੀਕ ਢੰਗ ਨਾਲ ਨਹੀਂ ਪੂਰਦੀ।

ਸਾਰੀਆਂ ਕਹਾਣੀਆਂ ਆਪਣੇ ਕਥਾ ਰਸ ਕਾਰਨ ਪਾਠਕੀ ਬਿਰਤੀਆਂ ਨੂੰ ਆਪਣੇ ਨਾਲ ਜੋੜਨ ਵਿਚ ਪੂਰੀ ਤਰ੍ਹਾਂ ਸਫ਼ਲ ਹਨ। ਕਹਾਣੀਕਾਰ ਕੋਲ ਮੁਹਾਵਰੇਦਾਰ ਭਾਸ਼ਾ ਹੈ, ਜਿਸ ਦੇ ਜ਼ਰੀਏ ਉਹ ਕਹਾਣੀ ਪਾਠ ਦੇ ਸੁਹਜ ਸੁਆਦ ਵਿਚ ਵਾਧਾ ਕਰਨ ਵਿਚ ਸਫਲ ਰਹੀ ਹੈ। ਇਨ੍ਹਾਂ ਕਹਾਣੀਆਂ ਵਿਚਲੀਆਂ ਮਨੋ-ਸਮਾਜਿਕ ਸਮੱਸਿਆਵਾਂ ਸਾਡੀਆਂ ਜਾਣੀਆਂ ਪਛਾਣੀਆਂ ਹਨ ਪਰ ਇਨ੍ਹਾਂ ਦਾ ਸਮਾਧਾਨ ਕਹਾਣੀਕਾਰ ਨੇ ਆਪਣੇ ਬੁੱਧੀ ਵਿਵੇਕ ਅਨੁਸਾਰ ਹੀ ਕੀਤਾ ਹੈ। ਕਹਾਣੀਆਂ ਵਿਚੋਂ ਇਸ ਗੱਲ ਦੀ ਕਨਸੋਅ ਮਿਲਦੀ ਹੈ ਕਿ ਉਸ ਆਪਣੀਆਂ ਹੱਡ-ਬੀਤੀਆਂ ਨੂੰ ਵੀ ਕਹਾਣੀ ਦੇ ਵਿਸ਼ੇ ਬਣਾਇਆ ਹੈ ਤੇ ਉਸਦੇ ਪਾਤਰਾਂ ਵਲੋਂ ਗ੍ਰਹਿਣ ਕੀਤੇ ਅਨੁਭਵ ਉਸਦੇ ਆਪਣੇ ਮੌਲਿਕ ਅਨੁਭਵ ਹੀ ਹਨ। ਅਜਿਹਾ ਕੀਤੇ ਜਾਣ ਨਾਲ ਕਹਾਣੀ ਦੇ ਵਿਸ਼ਿਆਂ ਦੀ ਭਰੋਸੇਯੋਗਤਾ ਵਿਚ ਹੋਰ ਵਾਧਾ ਹੋਇਆ ਹੈ। ਕਈ ਥਾਈਂ ਉਸਦੀਆਂ ਕਹਾਣੀਆਂ ਜੀਵਨ ਪ੍ਰਤੀ ਭਾਵੁਕ ਤੇ ਆਦਰਸ਼ਵਾਦੀ ਨਜ਼ਰੀਆ ਵੀ ਅਪਨਾਉਂਦੀਆਂ ਹਨ ਪਰ ਕੁੱਲ ਮਿਲਾ ਕੇ ਉਹ ਨਵੀਂ ਕਹਾਣੀ ਦੀਆਂ ਨਵੀਆਂ ਪ੍ਰਵਿਰਤੀਆਂ ਨਾਲ ਆਪਣੀ ਇਕਸੁਰਤਾ ਬਿਠਾਉਣ ਵਿਚ ਸਫ਼ਲ ਰਹੀ ਹੈ। ਮੈਂ ਆਪਣੇ ਵਲੋਂ ਇਸ ਕਹਾਣੀ ਸੰਗ੍ਰਹਿ ਦਾ ਹਾਰਦਿਕ ਸਵਾਗਤ ਕਰਦਾ ਹਾਂ।




## ਭਗਤੋ ਜਾਗੋ, ਦੇਰ ਹੋ ਗਈ

ਭਗਤੋ ਜਾਗੋ, ਸਵੇਰ ਹੋ ਗਈ,
ਤੁਸੀਂ ਹੋ ਸੁੱਤੇ, ਦੇਰ ਹੋ ਗਈ।
ਦਿਮਾਗ ਦੀਆਂ, ਟੱਲੀਆਂ ਖੜਕਾਵੋ,
ਧਰਮਾਂ ਦੇ ਨਾਂ 'ਤੇ, ਹੇਰ ਫੇਰ ਹੋ ਗਈ।

ਪਾਣੀ ਦੀ ਤੇ, ਜਾਤ-ਪਾਤ ਨਾ ਕੋਈ
ਜਾਨ ਮਾਸੂਮ ਦੀ, ਢੇਰ ਹੋ ਗਈ।

ਹਾਥਰਸ ਦੀ, ਬੇਟੀ ਦੀ ਕਹਾਣੀ
ਦੱਬ ਉਹਦੀ ਵੀ, ਲੇਰ ਹੋ ਗਈ।

ਕਿਸਾਨ ਸਿਰ ਚੜ੍ਹੀ, ਕਰਜ਼ੇ ਦੀ ਪੰਡ
ਸੇਰ ਤੋਂ ਓਹ, ਸਵਾ ਸੇਰ ਹੋ ਗਈ।

ਇਕੱਠ ਲੋਹੇ ਦੀ ਲੱਠ ਹੈ ਤਾਕਤ
ਲੱਗਦੈ ਓਹ ਕਿਤੇ, ਘੇਰ ਹੋ ਗਈ

ਬੋਦਲਾਂ ਦੇ ਸੁੱਖਵਿੰਦਰ ਨੂੰ, ਇੰਝ ਲੱਗਦੈ
ਭਗਤਾਂ ਤੋਂ ਅਕਲ, ਮਧੇਰ ਹੋ ਗਈ।

*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360 281 2624*

# ਹੁਣ ਮੈਂ ਸੁਰਖ਼ਰੂ ਆਂ

ਕਹਾਣੀ

***ਪੰਜਾਬੀ ਸਮਾਜ ਅੰਦਰ ਰਿਸ਼ਤਿਆਂ ਦਾ ਆਪਣਾ ਅਤੇ ਵੱਖਰਾ ਮੁਕਾਮ ਹੈ ਪਰ ਹਕੀਕਤ ਇਹ ਵੀ ਹੈ ਕਿ ਮਨੁੱਖ, ਸਮਾਜ ਅੰਦਰ ਇਕੱਲਾ ਨਹੀਂ ਵਿਚਰਦਾ। ਉਸ ਦਾ ਆਲਾ-ਦੁਆਲਾ ਉਸ ਦੇ ਨਾਲ-ਨਾਲ ਤੁਰਦਾ ਹੈ। ਨਤੀਜੇ ਵਜੋਂ ਰਿਸ਼ਤਿਆਂ ਦੁਆਲੇ ਮਨੁੱਖੀ ਜੀਆਂ ਦਾ ਝੁਰਮਟ ਇਨ੍ਹਾਂ ਨੂੰ ਆਪੋ-ਆਪਣੇ ਢੰਗ ਨਾਲ ਦੇਖਦਾ/ਸਮਝਦਾ ਹੈ। ਕਹਾਣੀਕਾਰਾ ਪਵਿੱਤਰ ਕੌਰ ਮਾਟੀ ਨੇ ਆਪਣੀ ਕਹਾਣੀ 'ਹੁਣ ਮੈਂ ਸੁਰਖ਼ਰੂ ਆਂ' ਵਿਚ ਅਜਿਹੇ ਹੀ ਝੁਰਮਟ 'ਤੇ ਝਾਤੀ ਪਾਈ ਹੈ।***

ਮੈਂ ਕੁਰਸੀ 'ਤੇ ਬੈਠੀ ਧੁੱਪ ਸੇਕ ਰਹੀ ਹਾਂ ਨਿੱਕੀ ਜਿਹੀ ਮੈਸੇਜ ਰਿੰਗ ਮੇਰਾ ਧਿਆਨ ਮੋਬਾਈਲ ਵੱਲ ਖਿੱਚ ਲੈਂਦੀ ਹੈ। ਮੋਬਾਈਲ ਦੀ ਸਕਰੀਨ 'ਤੇ ਉਂਗਲਾਂ ਵੱਜਣ ਲੱਗੀਆਂ, ਵ੍ਹਟਸਐਪ ਖੁੱਲ੍ਹਦਾ ਹੈ ਤਾਂ ਦੇਖਦੀ ਹਾਂ ਵੀਰ ਗੈਰੀ ਦਾ ਮੈਸੇਜ ਹੈ।

'ਸਿੰਮੀ ਤੇਰੀ ਭਾਬੀ ਦਾ ਬਰਥ ਡੇਅ ਆ ਅੱਜ, ਤੂੰ ਵਿਸ਼ ਕਰਦੇ ਪਾਪਾ ਬੀਬੀ ਨੂੰ ਆਖ, ਕਾਲ ਕਰ ਲੈਣ। ਕਿਹੜਾ ਟੁੱਟਿਆ ਜਾਣਾ। ਉਹ ਤਾਂ ਪਤਾ ਈ ਆ ਗੁੱਸੇ 'ਚ ਕਮਲੀ ਹੋ ਜਾਂਦੀ ਆ। ਉਂਝ ਉਹਦੇ ਮਨ 'ਚ ਕੁਛ ਨੀ ਨਾਲੇ ਨੌਹਾਂ ਨਾਲੋਂ ਮਾਸ ਵੀ ਕਦੇ ਟੁੱਟਿਆ ਆਪਾਂ ਜੁੜਦੇ ਜੁੜ ਜਾਵਾਂਗੇ। ਸਮਝਾ ਇਨ੍ਹਾਂ ਨੂੰ, ਗੁੱਸਾ ਥੁੱਕ ਦੇਣ।

ਪਵਿੱਤਰ ਕੌਰ ਮਾਟੀ

ਉਹਦੇ ਕਰਕੇ ਈ ਤਾਂ ਆਪਾਂ ਅਮਰੀਕਾ ਬੈਠੇ ਆਂ। ਦੋ ਹੀ ਤਾਂ ਭੈਣ ਭਰਾ ਹਾਂ ਆਪਾਂ। ਇੰਝ ਕਿੰਨਾ ਚਿਰ ਸਰਦਾ। ਸ਼ਾਇਦ ਤੇਰੀ ਭਾਬੀ ਫਿਰ ਬੀਬੀ ਪਾਪਾ ਨੂੰ ਘਰ ਬੁਲਾ ਲਵੇ। ਵੀਕ ਐਂਡ 'ਤੇ ਕੇਕ ਦਾ ਪ੍ਰੋਗਰਾਮ ਰੱਖਿਆ।'

ਮੈਂ ਪਾਪਾ ਤੇ ਬੀਬੀ ਵੱਲ ਦੇਖਿਆ।

'ਚੁਗ ਲੋ, ਚੁਗ ਲੋ ਕਰਮਾਂ ਵਾਲਿਓ ਜਿਹੜਾ ਦਾਣਾ ਪਾਣੀ ਕਰਮਾਂ 'ਚ ਲਿਖਿਆ। ਖੌਰੇ ਕਿੱਥੇ-ਕਿੱਥੇ ਭਟਕਣਾ ਤੁਸੀਂ ਵੀ ਸਾਡੇ ਵਾਂਗ। ਬੀਬੀ ਆਪਣੇ ਤੋਂ ਬਚੀ ਅੱਧੀ ਕੁ ਰੋਟੀ ਨੂੰ ਬਰੀਕ-ਬਰੀਕ ਚੂਰ ਕੇ ਪਲੇਟ 'ਚ ਪਾ ਕੇ ਫਰਸ਼ 'ਤੇ ਇਕ ਪਾਸੇ ਚਿੜੀਆਂ ਵੱਲ ਕਰ ਦਿੰਦੀ ਹੈ। ਰੰਗ-ਬਰੰਗੀਆਂ ਨਿੱਕੀਆਂ-ਨਿੱਕੀਆਂ ਚਿੜੀਆਂ ਬੂਟਿਆਂ ਤੋਂ ਉੱਡ ਕੇ ਪਲੇਟ ਦੁਆਲੇ ਆ ਕੇ ਬੈਠਣ ਲੱਗੀਆਂ।

ਬੀਬੀ ਦੀਆਂ ਅੱਖਾਂ 'ਚ ਖੁਸ਼ੀ ਦਾ ਰੌਂਅ ਚਿੜੀਆਂ ਨੇ ਉਸ ਦੀ ਗੱਲ ਸਮਝ ਲਈ ਸੀ।

ਕਈ ਦਿਨਾਂ ਬਾਅਦ ਨਿਕਲੀ ਕੋਸੀ ਜਿਹੀ ਧੁੱਪ ਨੇ ਗਮਲਿਆਂ ਵਿਚ ਲੱਗੇ ਫੁੱਲ-ਬੂਟਿਆਂ ਨੂੰ ਟਹਿਕਣ ਲਾ ਦਿੱਤਾ ਸੀ।

'ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤ ਨਾ ਜਾਈ ਲਿਖਿਆ।'

ਪਾਪਾ ਗੁਣਗੁਣਾ ਰਹੇ ਸੀ। ਆਪਣੀਆਂ ਬੀਜੀਆਂ ਸਬਜ਼ੀਆਂ ਵੱਲ ਦੇਖ ਕੇ ਖੁਸ਼ ਹੋ ਰਹੇ ਨੇ।

ਮੈਂ ਕਈ ਵਾਰ ਮੈਸੇਜ ਪੜ੍ਹ ਲਿਆ। ਨਾ ਤਾਂ ਬੀਬੀ ਪਾਪਾ ਨੂੰ ਦੱਸਣ ਦੀ ਹਿੰਮਤ ਪੈਂਦੀ ਹੈ ਨਾ ਹੀ ਉਸ ਦਾ ਜਵਾਬ ਦੇਣ ਨੂੰ ਜੀਅ ਕਰਦਾ ਹੈ। ਗੈਰੀ ਵੀਰ 'ਤੇ ਗੁੱਸਾ ਆ ਰਿਹਾ ਹੈ।

ਐਡੀ ਵੱਡੀ ਗੱਲ ਨੂੰ ਉਹ ਆਰਾਮ ਨਾਲ ਵਿਸਾਰ ਗਿਆ। ਉਹਨੂੰ ਆਪਣੇ ਮਾਂ-ਬਾਪ ਦੀ ਹੋਈ ਬੇਇੱਜ਼ਤੀ ਦਾ ਦਰਦ ਕਿਉਂ ਮਹਿਸੂਸ ਨਹੀਂ ਹੋ ਰਿਹਾ? ਇਹ ਉਹੀ ਗੈਰੀ ਆ ਜਿਹਨੂੰ ਪਾਪਾ ਦੇ ਢਿੱਡ 'ਤੇ ਪਏ ਨੂੰ ਹੀ ਨੀਂਦ ਆਉਂਦੀ ਸੀ। ਬੀਬੀ ਸਿਰਫ਼ ਮੇਰੀ ਆ। ਮੈਂ ਗੈਰੀ ਤੋਂ ਸਾਲ ਕੁ ਛੋਟੀ ਆਂ ਮੈਨੂੰ ਬੀਬੀ ਨੇ ਬੋਤਲ ਦੇ ਦੁੱਧ 'ਤੇ ਲਾ ਦਿੱਤਾ ਤੇ ਸਾਰਾ ਦੁੱਧ ਗੈਰੀ ਚੁੰਘਦਾ ਰਿਹਾ। ਵੱਡਾ ਹੋ ਕੇ ਸਾਰਾ ਕੁਝ ਭੁੱਲ ਗਿਆ। ਆਪਣੇ ਫਰਜ਼ ਵੀ। ਦਿਲ ਤਾਂ ਕਰਦਾ ਇਹਨੂੰ ਪੁੱਛਾਂ ਕਿ ਇਹ ਉਹੀ ਬੀਬੀ-ਪਾਪਾ ਨੇ ਕਿ ਹੁਣ ਸੰਦੀਪ ਭਾਬੀ ਹੀ ਤੇਰਾ ਸਭ ਕੁਝ ਹੋ ਗਈ ਏ? ਚੁੱਪ ਹੀ ਚੰਗੀ ਬਸ, ਪਾਪਾ ਦੇ ਕਹਿਣ ਵਾਂਗ, 'ਇੱਕ ਚੁੱਪ ਸੌ ਸੁੱਖ ਭਾਈ ਇਹ ਤਾਂ ਸਮੁੰਦਰ ਆ, ਵੱਡੀ ਮੱਛੀ ਛੋਟੀ ਨੂੰ ਖਾ ਜਾਂਦੀ ਐ। ਇੱਥੇ ਰਿਵਾਜ ਆ ਜਿਹੜਾ ਪਹਿਲਾਂ ਆਉਂਦਾ, ਦੂਜੇ ਰਿਸ਼ਤੇਦਾਰਾਂ ਨੂੰ ਬੁਲਾਉਂਦਾ ਉਹ ਚਾਹੁੰਦਾ ਉਹ ਸਾਰੀ ਉਮਰ ਈਨ ਮੰਨਣ ਜੁੱਤੀ ਥੱਲੇ ਰਹਿਣ।'

ਸੰਦੀਪ ਗੱਲ-ਗੱਲ 'ਤੇ ਆਪਣੀ ਧਾਕ ਜਮਾਉਂਦੀ ਆਈ ਆ ਸ਼ੁਰੂ ਤੋਂ। ਉਹ ਜੋ ਦਿਖਾਉਂਦੀ ਉਹੀ ਦੇਖਦਾ, ਜੋ ਸੁਣਾਉਂਦੀ ਉਹੀ ਸੁਣਦਾ, ਪਰ ਖੁਸ਼ ਫਿਰ ਵੀ ਨਾ ਹੁੰਦੀ। ਸਾਰਾ ਟੱਬਰ ਨੌਕਰਾਂ ਵਾਂਗ ਉਹਦੇ ਅੱਗੇ-ਪਿੱਛੇ ਫਿਰਦੇ। ਬੀਬੀ-ਪਾਪਾ ਅਵੀ ਤੇ ਸਵੀ ਦੀ ਸਾਂਭ-ਸੰਭਾਲ ਤੇ ਘਰ ਦੇ ਕੰਮ ਨੌਕਰਾਂ ਵਾਂਗ ਕਰਦੇ, ਫਿਰ ਵੀ ਉਹਦੀ ਅੱਖ ਤਿਣ ਬਣੇ ਰਹਿੰਦੇ। ਹੁਣ ਜਦੋਂ ਦੀ ਮੈਂ ਅਮਰੀਕਾ ਆਈ ਆਂ, ਉਹ ਬਹਾਨਾ ਲੱਭਦੀ ਸੀ ਕਿ ਇਹ ਕਿਸੇ ਨਾ ਕਿਸੇ ਤਰੀਕੇ ਆਪਣੀ ਧੀ ਕੋਲ ਚਲੇ ਜਾਣ।

ਸੰਦੀਪ ਕਈ ਦਿਨਾਂ ਦੀ ਆਪਣੀ ਮੰਮੀ ਦੇ ਘਰ ਸੀ। ਅਵੀ-ਸਵੀ ਵੀ ਨਾਨਕੇ ਕਦੇ ਆਪਣੇ ਘਰ ਆ ਜਾਂਦੇ। ਗੈਰੀ ਨੇ ਟਰੱਕ 'ਤੇ ਜਾਣਾ ਸੀ। ਉਹ ਪੰਜ ਦਿਨਾਂ ਬਾਅਦ ਘਰ ਆਉਂਦਾ। ਉਨੇ ਦਿਨਾਂ ਲਈ ਰੋਟੀ-ਟੁੱਕ ਘਰੋਂ ਬਣਵਾ ਕੇ ਲੈ ਜਾਂਦਾ। ਬੀਬੀ ਨੂੰ ਦੋ ਦਿਨਾਂ ਤੋਂ ਬੁਖਾਰ ਸੀ। ਚੱਕਰ ਆਈ ਜਾਂਦੇ। ਉਹਨੇ ਸੰਦੀਪ ਨੂੰ ਕਾਲ ਕੀਤੀ। ਉਹਨੇ ਨਾ ਚੁੱਕੀ। ਮੰਮੀ ਨੇ ਸੰਦੀਪ ਦੀ ਮੰਮੀ ਨੂੰ ਫ਼ੋਨ ਕਰ ਕੇ ਕਿਹਾ, 'ਭੈਣ ਜੀ, ਸੰਦੀਪ ਨੂੰ ਭੇਜ ਦਿਓ, ਗੈਰੀ ਨੇ ਟਰੱਕ 'ਤੇ ਜਾਣਾ ਮੇਰੀ ਤਬੀਅਤ ਖ਼ਰਾਬ ਹੈ।'

ਸੰਦੀਪ ਆ ਗਈ ਭਖਦੀ-ਭਖਾਉਂਦੀ।

'ਨਾ ਤੂੰ ਮੇਰੀ ਮਾਂ 'ਤੇ ਕਾਹਦਾ ਰੋਹਬ ਮਾਰਦੀ ਸੀ ਹੁਣ ਤੇਰੀ ਲੋਲੋ ਗਿੱਠ ਦੀ ਹੋਗੀ। ਤੇਰੇ ਪੁੱਤ ਤੋਂ ਵੱਧ ਕਮਾਉਨੀ ਆਂ। ਮੇਰੇ ਘਰੇ ਬੈਠੇ ਮੈਨੂੰ ਈ ਅੱਖਾਂ ਦਿਖਾਉਂਦੇ।'

ਸੰਦੀਪ ਬਾਰੂਦ ਬਣ ਫੁੱਟ ਗਈ। ਸਾਰੇ ਘਰ ਵਿਚ ਬੋਲ-ਬੁਲਾਰਾ ਗੂੰਜਣ ਲੱਗਾ। ਗੈਰੀ ਵੀਰ ਅਜੇ ਟਰੱਕ 'ਤੇ ਲੋਡ ਚੁੱਕਣ ਗਿਆ ਹੋਇਆ ਸੀ। ਉਹਨੇ ਚਾਰ ਘੰਟਿਆਂ ਨੂੰ ਘਰੇ ਮੁੜਨਾ, ਫਿਰ ਰੋਟੀ-ਟੁੱਕ ਚੁੱਕ ਕੇ ਗੱਡੀ ਲੈ ਕੇ ਜਾਣਾ ਸੀ।

ਪਾਪਾ ਨੂੰ ਕੰਨਾਂ ਤੋਂ ਉੱਚੀ ਸੁਣਦਾ ਫਿਰ ਵੀ ਉਹਨੂੰ ਸਾਰੀਆਂ ਗੱਲਾਂ ਸੁਣ ਗਈਆਂ। ਉਹ ਚੁੱਪ



ਕਰਵਾਉਂਦਾ ਰਿਹਾ,

'ਸੰਦੀਪ ਪੁੱਤ ਕਾਹਨੂੰ ਐਵੇਂ ਬੋਲੀ ਜਾਨੀ ਐਂ, ਜਿਹੜੀ ਗੱਲ ਮੂੰਹੋਂ ਨਿਕਲ ਜੇ ਕਦੇ ਮੁੜ ਕੇ ਮੂੰਹ 'ਚ ਨਹੀਂ ਪੈਂਦੀ।'

'ਤੂੰ ਆਪਣਾ ਗਿਆਨ ਆਪਣੇ ਕੋਲ ਰੱਖ। ਜਿਹੜੀ ਤੈਨੂੰ ਉਂਗਲਾਂ ਲਾਉਂਦੀ ਆ, ਮੈਂ ਜਾਣਦੀ ਆਂ।'

ਬੀਬੀ ਵੀ ਰਸੋਈ 'ਚੋਂ ਆ ਕੇ ਬੋਲਣ ਲੱਗੀ, 'ਹੱਦ ਹੋ ਗਈ, ਆਵਦੀ ਜ਼ੁਬਾਨ ਸਾਂਭ'

'ਮੈਂ ਕੀ ਕਿਹਾ ਤੇਰੀ ਮਾਂ ਨੂੰ ਤੇਰੀ ਮਾਂ ਨੇ ਚੁਆਤੀਆਂ ਲਾ ਕੇ ਤੋਰਤਾ।'

'ਮੇਰੀ ਮਾਂ ਨੂੰ ਚੁਆਤੀਆਂ ਲਾਉਣੀ ਕਹਿਨੀ ਆਂ। ਹੁਣੇ ਹੋ ਜੋ ਮੇਰੇ ਘਰੋਂ ਬਾਹਰ ਮੈਂ ਡਾਇਵੋਰਸ ਲੈ ਲੈਣਾ। ਜਾਂ ਤੁਸੀਂ ਇਸ ਘਰ 'ਚ ਰਹੋਗੇ ਜਾਂ ਮੈਂ।'

ਬੀਬੀ ਨੇ ਟੇਬਲ 'ਤੇ ਪਿਆ ਫ਼ੋਨ ਲਾ ਲਿਆ। ਰੋਣ ਲੱਗੀ ਭੁੱਬਾਂ ਮਾਰ-ਮਾਰ। ਸੰਦੀਪ ਨੇ ਝਟਕੇ ਨਾਲ ਮੰਮੀ ਤੋਂ ਫ਼ੋਨ ਖੋਹ ਲਿਆ, ਆਖਰੀ ਗੱਲ ਕਹਿ ਦਿੱਤੀ, 'ਇਸ ਘਰ ਵਿਚ ਜਾਂ ਤੇਰੀ ਮਾਂ ਤੇ ਪਿਓ ਰਹਿਣਗੇ ਜਾਂ ਮੈਂ ਤੇ ਮੇਰੇ ਬੱਚੇ। ਮਰਜ਼ੀ ਤੇਰੀ ਆ।'

ਸੰਦੀਪ ਨੇ ਫ਼ੋਨ ਬੀਬੀ ਅੱਗੇ ਕਰ ਦਿੱਤਾ।

'ਬੀਬੀ।'

'ਹਾਂ ਪੁੱਤ।'

ਬਹੁਤ ਚਿਰ ਪਿੱਛੋਂ ਆਵਾਜ਼ ਆਈ, 'ਬੀਬੀ ਤੂੰ ਆਵਦੀਆਂ ਤੇ ਪਾਪੇ ਦੀਆਂ ਦਵਾਈਆਂ ਤੇ ਹੋਰ ਸਾਮਾਨ ਇਕੱਠਾ ਕਰ ਲੈ।' ਫ਼ੋਨ ਕੱਟਿਆ ਗਿਆ। ਉਹ ਟਰੱਕ ਦਾ ਗੇੜਾ ਲਿਜਾਣ ਤੋਂ ਪਹਿਲਾਂ ਬੀਬੀ-ਪਾਪਾ ਨੂੰ ਮੇਰੇ ਕੋਲ ਛੱਡ ਗਿਆ। ਮੁੜ ਕਦੇ ਸਾਰ ਨਹੀਂ ਲਈ।

ਮੈਂ ਹਰ ਸੰਭਵ ਕੋਸ਼ਿਸ਼ ਕਰਦੀ ਕਿ ਕਦੇ ਉਹ ਇਹ ਮਹਿਸੂਸ ਨਾ ਕਰਨ ਅਸੀਂ ਧੀ ਘਰ ਬੈਠੇ ਹਾਂ। ਮੇਰੇ ਘਰ ਵਾਲੇ ਦਿਲਾਵਰ ਵਲੋਂ ਵੀ ਪੂਰਾ ਸਤਿਕਾਰ ਦਿੱਤਾ ਜਾਂਦਾ। ਪਰ ਮੈਂ ਮਹਿਸੂਸ ਕਰਦੀ ਉਹ ਸਦਮੇ ਨੂੰ ਨਹੀਂ ਭੁਲਾ ਸਕਦੇ। ਬੀਬੀ ਆਖਦੀ, 'ਜਦੋਂ ਅਵੀ ਤੇ ਸਵੀ ਨੂੰ ਪਾਲਣਾ, ਆਵਦੀਆਂ ਨਰਸਿੰਗ ਦੀਆਂ ਕਲਾਸਾਂ ਸੀ। ਗੈਰੀ ਟਰੱਕ 'ਤੇ ਰਹਿੰਦਾ ਉਦੋਂ ਸਾਡੀ ਲੋੜ ਤੀ। ਕਿਚਨ ਤੋਂ ਗਾਰਡਨ-ਗਾਰਬੇਜ ਤਕ ਸਾਰਾ ਕੰਮ ਕਰਦੇ ਹੁਣ ਸਾਡੇ ਗੋਡੇ-ਗਿੱਟੇ ਜੁਆਬ ਦੇਗੇ, ਤੇਰੇ ਪਿਓ ਦੇ ਦਿਲ ਦੀਆਂ ਸਰਜਰੀਆਂ ਹੋ ਗਈਆਂ। ਹੁਣ ਸਾਨੂੰ ਸਾਂਭਣਾ ਪੈਣਾ ਤੀ ਅਸੀਂ ਵਾਧੂ ਹੋਗੇ।'

***

ਮੈਂ ਘਰ ਦੇ ਸਭ ਤੋਂ ਵੱਡੇ ਕਮਰੇ 'ਚ ਬੀਬੀ ਪਾਪਾ ਦਾ ਸਾਮਾਨ ਟਿਕਾਉਣ ਲੱਗੀ। ਪਾਪਾ ਨੇ ਟੋਕਿਆ, 'ਨਾ ਧੀਏ ਨਾ ਇਹ ਰੂਮ ਤੇਰਾ। ਸਾਨੂੰ ਕੋਈ ਛੋਟਾ-ਮੋਟਾ ਰੂਮ ਦੇ-ਦੇ...''

'ਕਿਉਂ ਪਾਪਾ, ਤੁਸੀਂ ਵੱਡੇ ਓ। ਇਹ ਕਮਰਾ ਤੁਹਾਡਾ। ਇਹਦਾ ਬਾਥਰੂਮ ਵੀ ਤੁਹਾਡੇ ਲਈ ਸੁਖਾਲਾ।'

ਪਾਪਾ ਨੇ ਅੱਖਾਂ ਭਰ ਕੇ ਮੇਰੇ ਸਿਰ 'ਤੇ ਹੱਥ ਰੱਖਿਆ, 'ਥੈਂਕਯੂ ਥੈਂਕਯੂ ਸ਼ੇਰਾ ਜੀਉਂਦਾ ਰਹਿ।'

'ਪਾਪਾ ਮੈਂ ਤਾਂ ਕਿਸਮਤ ਵਾਲੀ ਆਂ, ਤੁਸੀਂ ਮੇਰੇ ਨਾਲ ਰਹੋਗੇ। ਮੈਂ ਬਚਪਨ ਇੰਜੁਆਏ ਕਰੂੰਗੀ।'

ਬੀਬੀ ਬੋਲੀ, 'ਅਸੀਂ ਦੋਵੇਂ ਖੁਸ਼ ਆਂ ਜੇਲ੍ਹ ਵਿਚੋਂ ਨਿਕਲ ਆਏ।'

ਕਦੇ ਬੀਬੀ ਸੰਦੀਪ ਜੇਲ੍ਹਰ ਵਲੋਂ ਦਿੱਤੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਸਜ਼ਾਵਾਂ ਦੱਸਣ ਲੱਗਦੀ, 'ਪੁੱਤ ਅਸੀਂ ਤਾਂ ਤੇਰੀ ਉਡੀਕ 'ਚ ਉੱਥੇ ਫਸੇ ਬੈਠੇ ਸੀ। ਜਦ ਪੁੱਤ ਨੀ ਸਿਆਣਦਾ ਪੋਤਿਆਂ ਕੀ ਹਾਰ ਪਾਉਣੇ ਸੀ। ਪੋਤਾ-ਪੋਤੀ ਦੋਵੇਂ ਮਨ ਆਈਆਂ ਕਰਦੇ। ਅੱਧੀ-ਅੱਧੀ ਰਾਤ ਘਰ ਮੁੜਦੇ। ਪੋਤੀ ਜਮ੍ਹਾਂ ਡੱਫਰ ਆ। ਇਨ੍ਹਾਂ ਨੂੰ ਉਦੋਂ ਅਕਲ ਆਊ ਜਦ ਸਿਰ ਸਵਾਹ ਪਾਊ। ਇਹ ਦਿਨ ਰਾਤ ਕੰਮਾਂ 'ਤੇ ਨਿਆਣੇ ਮਨ ਆਈਆਂ ਕਰਦੇ। ਇਕ ਦਿਨ ਜਨਮ ਦਿਨ ਸੀ ਉਹਦਾ। ਸਾਰੀ ਰਾਤ ਪਾਰਟੀ ਤੋਂ ਨਾ ਮੁੜੀ, ਮੁੰਡਿਆਂ ਨਾਲ ਖੜਦੂੰਮ ਪਾਉਂਦੀ ਰਹੀ। ਸਵੇਰੇ ਜਿਹੇ ਲੈ ਕੇ ਆਂਦੀ ਰੱਜੀ ਸ਼ਰਾਬ ਦੀ।'

ਅਸੀਂ ਦੋਵਾਂ ਪਾਸਿਆਂ ਤੋਂ ਫੜ ਕੇ ਰੂਮ 'ਚ ਪਾਇਆ। ਮੇਰਾ ਉੱਦਣ ਦਾ ਬਲੱਡ ਘਟਣ-ਵਧਣ ਲੱਗ ਗਿਆ। ਅਸੀਂ ਕੋਈ ਚੀਜ਼ ਮੰਗਣੀ ਤਾਂ ਸੰਦੀਪ ਨੇ ਗਲ ਪੈ ਜਾਣਾ, 'ਮਾੜਾ ਡਾਲਰ ਰੁੱਖਾਂ ਨੂੰ ਨਹੀਂ ਲੱਗਦੇ। ਦਸ-ਦਸ ਘੰਟੇ ਖੜੀ ਲੱਤ ਰਹਿਣਾ ਪੈਂਦਾ। ਜਦੋਂ ਪੈਨਸ਼ਨ ਲੱਗੀ ਫਿਰ ਗੈਰੀ ਨੂੰ ਕਹੇ, ਇਨ੍ਹਾਂ ਨੂੰ ਆਖ ਅੱਧੀ ਘਰੇ ਦਿਆ ਕਰੋ।'

ਮੈਂ ਕਿਹਾ, 'ਲਓ ਦੱਸੋ ਤੁਸੀਂ ਲਵਾ ਕੇ ਦਿੱਤੀ? ਜਿਉਂਦਾ ਰਹੇ ਤੇਰਾ ਅੰਕਲ ਨਿਹਾਲ ਸਿਹੁੰ ਜਿਸ ਨੇ ਹਿੰਮਤ ਕਰ ਲਵਾ ਦਿੱਤੀ। ਤੁਸੀਂ ਤਾਂ ਸਾਨੂੰ ਵਰਤਣ ਨੂੰ ਕਦੇ ਆਨਾ ਨਹੀਂ ਦਿੱਤਾ।'

ਤੇਰਾ ਪਿਓ ਕਹਿੰਦਾ, 'ਛੱਡ ਕਾਹਨੂੰ ਨਿੱਤ ਕੁੱਤ ਕਲੇਸ਼ ਕਰੀ ਜਾਇਆ ਕਰੂ ਫਿਰ ਅਸੀਂ ਆਏ ਮਹੀਨੇ ਅੱਧੀ ਪੈਨਸ਼ਨ ਫੜਾ ਦੇਣੀ। ਪੁੱਤ ਇਹ ਸਾਰਾ ਕੁਝ ਤੇਰੇ ਲਈ ਹੀ ਝੱਲਿਆ, ਸਾਡਾ ਮਕਸਦ ਸੀ ਕੇਰਾਂ, ਤੂੰ ਸਾਡੇ ਕੋਲ ਆ ਜਾਵੇਂ। ਹੁਣ ਤਾਂ ਬਹੁਤੇ ਹੀ ਖ਼ੂਨ ਦੀ ਪਿਆਸੀ ਹੋ ਗਈ। ਹਰੇਕ ਗੱਲ 'ਚ ਜ਼ਮੀਨ ਦਾ ਜ਼ਿਕਰ ਲੈ ਬੈਠਦੀ। ਗੈਰੀ ਤੇਰੇ ਪਿਓ ਨੂੰ ਸਲਾਹ ਦਿੰਦਾ, 'ਹੈਂ ਪਾਪਾ ਪਿੰਡੋਂ ਜ਼ਮੀਨ ਵੇਚ ਆਈਏ, ਇੱਥੇ ਖਰਚੇ ਬਹੁਤ ਆ। ਥੋਨੂੰ ਕਿਹੜਾ ਭੁੱਲ ਆ। ਹੁਣ ਅਵੀ ਹੁਣਾਂ ਨੂੰ ਵੀ ਅੱਡ-ਅੱਡ ਕਾਰਾਂ ਚਾਹੀਦੀਆਂ। ਅਸੀਂ ਤਾਂ ਛੋਟੀਆਂ ਕਾਰਾਂ ਨਾਲ ਟਾਈਮ ਪਾਸ ਕਰਲੇ, ਇਹ ਇਧਰਲੇ ਜੁਆਕ ਨੇ। ਇਹ ਨੀ ਲਾਈਕ ਕਰਦੇ। ਨਾਲੇ ਸਾਰਾ ਟੱਬਰ ਇੱਧਰ ਆ। ਆਪਾਂ ਕਿਹੜਾ ਜ਼ਮੀਨ ਵਾਹੁਣੀ ਆ ਇੰਡੀਆ ਜਾ ਕੇ। ਮੈਂ ਤਾਂ ਕਹਿਨਾ ਪਾਪਾ ਸਿਆਲਾਂ ਨੂੰ ਚੱਲ ਮੇਰੇ ਨਾਲ ਕੰਮ ਨਿਬੇੜ ਆਈਏ। ਜੋ ਵੱਟਿਆ ਸੋ ਖੱਟਿਆ।'

'ਦੇਖ ਸ਼ੇਰਾ, ਜਿੰਨਾ ਚਿਰ ਮੈਂ ਜਿਉਨਾ ਉਨਾ ਟੈਮ ਤਾਂ ਨਹੀਂ ਇਹ ਕੰਮ ਕਰ ਸਕਦਾ। ਮੇਰੇ ਮਰੇ ਤੋਂ ਭਾਵੇਂ ਦੂਜਾ ਦਿਨ ਨਾ ਪੈਣ ਦਿਓ। ਮੈਂ ਬਹੁਤ ਔਖੇ ਟਾਈਮ ਕੱਟੇ ਆ ਕਦੇ ਇਕ ਮਰਲਾ ਨੀ ਵਿਕਣ ਦਿੱਤਾ। ਉਹ ਮਿੱਟੀ ਤਾਂ ਉੱਥੇ ਪਈ ਈ ਮੁੱਲ ਦਿੱਤੀ ਜਾਂਦੀ ਆ। ਹਰ ਸਾਲ ਤੇਰਾ ਤਾਇਆ ਤੇਰੇ ਖਾਤੇ 'ਚ ਠੇਕੇ ਦੇ ਪੈਸੇ ਪਾ ਦਿੰਦੈ। ਇਥੇ ਤੁਸੀਂ ਏਨੀ ਸੋਹਣੀ ਦੋਹੇਂ ਜੀਅ ਕਮਾਈ ਕਰਦੇ ਓ। ਰੱਜ ਤਾਂ ਜ਼ਮੀਨ ਵੇਚ ਕੀ ਵੀ ਨੀ ਆਉਣਾ। ਜ਼ਮੀਨ ਤਾਂ ਉਦੋਂ ਨਾ ਵੇਚੀ ਸ਼ੇਰਾ ਜਦੋਂ ਪੰਜ ਭਤੀਜੀਆਂ, ਦੋ ਧੀਆਂ ਵਿਆਹੀਆਂ ਮੈਂ ਤੇ ਤੇਰੇ ਤਾਏ ਨੇ ਜਿੰਨੇ ਜੋਗੇ ਸੀ ਅਸੀਂ ਕੀਤਾ। ਸਭ ਦੇ ਦਿਨ ਵਿਹਾਰ, ਦੁੱਖ ਦੇ ਸੁੱਖ ਦੇ ਖੜਦੇ ਰਹੇ। ਜਦੋਂ ਸਿੰਮੀ ਦਾ ਵਿਆਹ ਧਰਿਆ ਉਧਰੋਂ ਦੋ ਫਸਲਾਂ ਮਰਗੀਆਂ ਜੀਰੀ ਤੇ ਕਣਕ ਦੀ। ਵਿਆਹ ਕੀਤਾ, ਥੋਨੂੰ ਪੜ੍ਹਾਇਆ। ਸਭ ਔਖੇ ਟਾਈਮ ਸਿਰ 'ਤੇ ਕੱਟੇ ਪਰ ਸ਼ੇਰਾ ਜ਼ਮੀਨ 'ਚ ਕਿਸੇ ਨੂੰ ਪੈਰ ਨਹੀਂ ਰੱਖਣ ਦਿੱਤਾ। ਕਹਿੰਦੇ ਨੇ ਜੱਟ ਜਿੰਦਣ ਸਿਆੜ 'ਤੇ ਅੰਗੂਠਾ ਲਾਉਣ ਲੱਗ ਪਿਆ ਸਮਝੋ ਲੋਥ ਫਿਰਦੀ। ਹੁਣ ਆਪਾਂ ਏਨੇ ਜੋਗੇ ਆਂ ਆਪਣੇ ਨਾਲ ਲੱਗਦੇ ਹੋਰ ਚਾਰ ਕਿੱਲੇ ਉਸ ਵਿਚ ਜੋੜ ਕੇ ਵਧਾਲੀਏ। ਤੂੰ ਕੱਲਾ ਕਹਿਰਾ ਸੀ ਹੁਣ ਤੇਰਾ ਮੁੰਡਾ ਵੀ ਬਰਾਬਰ ਦਾ ਹੋ ਗਿਆ। ਭਲਕੇ ਇਨ੍ਹਾਂ ਦਾ ਵਿਆਹ ਕਰਨ ਗਿਆਂ ਦੱਸਾਂਗੇ ਕਿੰਨੇ ਕਿਲੇ ਆਉਂਦੇ ਮੁੰਡੇ ਨੂੰ।'

ਜ਼ਮੀਨ ਬਾਰੇ ਪਾਪਾ ਘੰਟਾ ਹੋਰ ਬੋਲ ਸਕਦਾ ਸੀ। ਗੈਰੀ ਖਿਝ ਜਾਂਦਾ ਉੱਠ ਕੇ ਤੁਰ ਜਾਂਦਾ।

***

ਇੰਡੀਆ ਵਾਲਾ ਤਾਇਆ ਬਿਮਾਰ ਹੋ ਗਿਆ। ਪਾਪੇ ਦਾ ਦਿਲ ਕਰਦਾ ਉਹਨੂੰ ਮਿਲ ਕੇ ਆਵੇ।

''ਸਾਲੀ ਸਿਹਤ ਇਜਾਜ਼ਤ ਨੀ ਦਿੰਦੀ ਨਹੀਂ ਤਾਂ ਮਨ ਬਹੁਤ ਕਰਦਾ ਬਾਈ ਨੂੰ ਮਿਲ ਕੇ ਆਵਾਂ, ਜੱਗ ਜਿਉਂਦਿਆਂ ਦੇ ਮੇਲੇ ਹੁੰਦੇ। ਸਾਡਾ ਪਿਓ ਤਾਂ ਛੋਟੇ ਹੁੰਦਿਆਂ ਦਾ ਮਰ ਗਿਆ ਤੀ। ਬਾਈ ਨੇ ਸਿਰ 'ਤੇ ਹਮੇਸ਼ਾ ਪਿਓ ਵਾਲਾ ਹੱਥ ਰੱਖਿਆ। ਕਦੇ ਡੋਲ੍ਹਣ ਨਹੀਂ ਦਿੱਤਾ। ਹੁਣ ਮੇਰਾ ਫ਼ਰਜ਼ ਵੀ ਬਣਦਾ ਕਿ ਮੈਂ ਉਹਨੂੰ ਮਿਲ ਆਵਾਂ।' ਉਹ ਉਦਾਸ ਹੋ ਜਾਂਦਾ।

ਅਸੀਂ ਹੱਲਾਸ਼ੇਰੀ ਦੇ ਥੋੜ੍ਹੇ ਕੁ ਦਿਨਾਂ 'ਚ ਤਿਆਰੀ ਕਰ ਪਾਪੇ ਨੂੰ ਪਿੰਡ ਤੋਰ ਦਿੱਤਾ। ਏਅਰ ਇੰਡੀਆ ਦੀ ਨਾਨ-ਸਟਾਪ ਟਿਕਟ ਲੈ ਕੇ ਪਾਪਾ ਪੰਦਰਾਂ ਘੰਟਿਆਂ 'ਚ ਦਿੱਲੀ ਜਾ ਉਤਰਿਆ।

ਮਹੀਨਾ ਪਾਪੇ ਨੂੰ ਪਤਾ ਨਾ ਲੱਗਾ ਕਿਵੇਂ ਅੱਖ ਝਪਕਦਿਆਂ ਲੰਘ ਗਿਆ। ਤਾਏ ਦਾ ਮੁੰਡਾ ਗੁਰਜੀਤ ਉਹਨੂੰ ਰਿਸ਼ਤੇਦਾਰੀਆਂ, ਗੁਰਦੁਆਰਿਆਂ ਦੇ ਦਰਸ਼ਨ ਕਰਾ ਲਿਆਇਆ, ਸਾਕ ਕਬੀਲੇ 'ਚ ਯਾਰਾਂ ਬੇਲੀਆਂ ਨੂੰ ਮਿਲ ਕੇ ਆਪਣੇ ਭਰਾ ਨੂੰ ਮਿਲ ਕੇ ਉਹ ਉਈਂ ਤਕੜਾ ਹੋ ਗਿਆ।

ਸਾਡੇ ਕੋਲ ਆ ਕੇ ਸਾਰਾ ਦਿਨ ਪਿੰਡ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ, 'ਤੇਰੀ ਬੀਬੀ ਨੂੰ ਸਾਰੇ ਬਹੁਤ ਯਾਦ ਕਰਦੇ ਸੀ, ਕਹਿੰਦੇ ਉਹਨੂੰ ਵੀ ਨਾਲ ਲੈ ਕੇ ਆਉਂਦਾ। ਸੁਰਜੀਤ ਕੌਰ ਤਾਂ ਬਾਅਲੀ ਮੋਹ ਤੋੜ ਹੋਗੀ। ਉਹ ਸਾਨੂੰ ਭੁੱਲਗੀ। ਮੈਂ ਦੱਸਦਾ ਭਾਈ ਅਮਰੀਕਾ ਵਿਚ ਜ਼ਿੰਮੇਵਾਰੀਆਂ ਬਾਅਲੀਆਂ। ਸਿੰਮੀ ਕੰਮ 'ਤੇ ਜਾਂਦੀ। ਦਿਲਾਵਰ ਟਰੱਕ 'ਤੇ ਜਾਂਦਾ। ਉਨ੍ਹਾਂ ਦਾ ਰੋਟੀ-ਟੁੱਕ ਕਰਦੀ ਆ।

ਵੈਸੇ ਇੰਡੀਆ ਤਾਂ ਬੰਦਾ ਦਵਾਈਆਂ-ਬੂਟੀਆਂ ਮੂੰਹ ਈ ਪੁੱਛਿਆ ਜਾਂਦਾ ਬਹੁਤ ਮਹਿੰਗੇ ਇਲਾਜ ਆ ਕੋਈ ਹਾਲ ਸੀ ਤੇਰੇ ਤਾਏ ਦਾ। ਮੈਂ ਮਦਦ ਕਰ ਆਇਆ ਜਿੰਨਾ ਵਿੱਤ ਸੀ।

ਅਮਰੀਕਾ 'ਚ ਇਸ ਗਲੋਂ ਦਾਤੇ ਦਾ ਸ਼ੁਕਰ ਆ ਆਵਦੇ ਛਿੱਡੋਂ ਜਾਏ ਦੁਰਕਾਰ ਦਿੰਦੇ ਨੇ। ਸਰਕਾਰਾਂ ਪ੍ਰਾਹੁਣਿਆਂ ਵਾਂਗੂ ਸਾਂਭਦੀਆਂ, ਮੁਫ਼ਤ ਦਵਾਈਆਂ, ਨਾਲ ਪੈਨਸ਼ਨਾਂ ਬੁਢਾਪੇ ਦੀ ਡੰਗੋਰੀ ਨੇ ਸਰਕਾਰਾਂ।'

ਮੈਂ ਹੱਸ ਪਈ, 'ਪਾਪਾ ਤੁਹਾਡਾ ਵੀ ਪਤਾ ਨਹੀਂ ਲੱਗਦਾ। ਕਦੀ ਆਖਦੇ ਓ ਫਸਗੇ ਇਹ ਜੇਲ੍ਹ ਆ, ਪਿੰਡ 'ਚ ਸਰਦਾਰੀ ਤੀ। ਹੁਣ ਆਖਦੇ ਓ ਏਥੇ ਸਵਰਗ ਆ।'

'ਓ ਭਾਈ ਸਿੰਮੀ ਏਹ ਤਾਂ ਮਨ ਆ ਚੰਦਰਾ ਕਿਤੇ ਟਿਕਦਾ ਨੀ ਉਥੋਂ ਦੇ ਹਾਲਾਤ ਦੇਖ ਆਇਆ ਹੁਣ ਟਿਕ ਗਿਆ। ਹੁਣ ਪੁੱਤ ਮਰਨਾ ਤਾਂ ਇੱਥੇ ਈ ਆ। ਪਿੰਡ ਦੇ ਸਿਵਿਆਂ 'ਚੋਂ ਸਾਂਝ ਮੁੱਕਗੀ। ਦਲੀਪੋ ਬੁੜੀ ਦੇ ਸਸਕਾਰ ਆਲੇ ਦਿਨ ਸਿਵਿਆਂ 'ਚ ਗਿਆ ਮੱਥਾ ਟੇਕ ਆਇਆ ਕਿ ਏਥੇ ਚਹੁੰ ਗਜ਼ਾਂ ਦੀ ਥਾਂ 'ਚ ਮੇਰੀ ਸਾਂਝ ਹੈਨੀ। ਹੁਣ ਤਾਂ ਡੱਬੇ ਜਿਹੇ 'ਚ ਪਾ ਕੇ ਬਟਨ ਦੱਬਣਗੇ।

ਸਿੰਮੀ ਪੁੱਤ ਮੈਂ ਇਕ ਬਹੁਤ ਵੱਡਾ ਕੰਮ ਕਰ ਆਇਆ। ਪਤਾ ਨਹੀਂ ਹੁਣ ਤੁਸੀਂ ਕੀ ਆਖੋਗੇ'' ਪਾਪਾ ਨੇ ਬੈਗ ਜੇਬ 'ਚ ਪਏ ਕਈ ਸਾਰੇ ਕਾਗਜ਼ ਕੱਢੇ।

'ਪਾਪਾ ਇਹ ਕੀ?'

'ਜਿਹੜੀ ਜ਼ਮੀਨ ਪੁੱਤ ਵਾਸਤੇ ਵਿਘਾ-ਵਿਘਾ ਬਣਾਈ ਤੀ।'

ਬੀਬੀ ਘਬਰਾਹਟ ਵਿਚ ਬੋਲੀ, 'ਕੀ ਕਰ ਆਇਆ ਤੂੰ?''

ਮੈਂ ਪੇਪਰ ਵੇਖਦੀ ਰਹੀ। ਬੀਬੀ ਉਹਦੇ ਵੱਲ ਐਂ ਦੇਖ ਰਹੀ ਸੀ ਪਤਾ ਨਹੀਂ ਕੀ ਪਹਾੜ ਸਿੱਟ ਦੇਵੇਗਾ।

'ਗੱਲ ਸੁਣ ਸੁਰਜੀਤ ਕੁਰੇ ਠੰਡੇ ਦਿਮਾਗ ਨਾਲ। ਜਦੋਂ ਮੈਂ ਉਥੇ ਗਿਆ ਤਾਂ ਮੈਨੂੰ ਵੱਡੇ ਬਾਈ ਗੁਰਜੀਤ ਨੇ, ਪਿੰਡ ਦੇ ਕਈਆਂ ਹੋਰਾਂ ਨੇ ਦੱਸਿਆ ਗੈਰੀ ਨੇ ਜ਼ਮੀਨ ਵਿਕਾਊ ਕੀਤੀ ਹੋਈ ਆ।

ਅਖੇ, ''ਜਿਹੜਾ ਰੇਟ ਵੱਧ ਦਊ ਉਸੇ ਨੂੰ ਦੇ ਦੇਣੀ ਆ।'

ਬਾਈ ਮੇਰੇ ਕੋਲ ਰੋਣ ਲੱਗਿਆ, 'ਬਹੁਤਾ ਦੁੱਖ ਤਾਂ ਇਹ ਆ ਭਰਾਵਾ ਤੈਨੂੰ ਪਤਾ ਕੋਈ ਨੀ ਲੱਗਦਾ ਕਿ ਤੇਰਾ ਪੁੱਤ ਕੀ ਕਰੀ ਜਾਂਦਾ ਤੇ ਤੈਨੂੰ ਦੱਸਣ ਦੀ ਸਾਡੀ ਹਿੰਮਤ ਨਾ ਪਵੇ ਗੈਰੀ ਨੇ ਆੜ੍ਹਤੀਏ ਸੇਠ ਤੋਂ ਲੱਖ ਰੁਪਈਆ ਬਿਆਨਾ ਵੀ ਫੜ ਲਿਆ ਸਭ ਨੂੰ ਕਿਹਾ ਹੋਇਆ ਸਾਡੇ ਬੁੜੇ ਨੂੰ ਨਾ ਪਤਾ ਲੱਗੇ।'

'ਫੇਰ ਸੁਰਜੀਤ ਕੌਰੇ ਕੀ ਭਲੀ ਕਰਦਾ ਇਸ ਸਰਵਣ ਪੁੱਤ ਨਾਲ ਜੀਹਨੇ ਤੀਵੀਂ ਆਖੇ ਲੱਗ ਆਪਾਂ ਨੂੰ ਘਰੋਂ ਕੱਢ ਦਿੱਤਾ। ਮੁੜ ਸਾਡੀ ਸਾਰ ਨਾ ਲਈ। ਮਰਦੇ ਆਂ ਕਿ ਜਿਉਂਦੇ। ਮੈਨੂੰ ਮਰਿਆ ਸਮਝ ਬਿਆਨਾ ਕਰਵਾ ਲਿਆ। ਪੈਸੇ-ਪੁਸੇ ਦੇ ਕੇ ਸਭ ਕੁਝ ਜਾਅਲੀ ਚੱਲਦਾ।

ਮੈਂ ਵੀ ਮਰਦੇ ਨੇ ਅੱਕ ਚੱਬਿਆ। ਉਹਨੂੰ ਬੇਦਖਲ ਕਰ ਦਿੱਤਾ ਵਸੀਅਤ ਤੁੜਵਾ ਕੇ ਨਵੀਂ ਬਣਾ ਲਿਆਇਆ।

ਜਿਵੇਂ-ਜਿਵ ਹੁਕਮਿ ਤਿਵੇ-ਤਿਵ ਕਾਰ। ਜਿੰਨਾ ਚਿਰ ਅਸੀਂ ਦੋਵੇਂ ਜੀਅ ਜਿਉਨੇ ਆਂ ਜ਼ਮੀਨ ਸਾਡੀ ਆ। ਉਸ ਤੋਂ ਬਾਅਦ ਗਰੀਬ-ਗੁਰਬੇ ਦੇ ਘਰ ਬਣਨਗੇ, ਸਕੂਲ ਖੁੱਲ੍ਹੂਗਾ, ਗਰੀਬਾਂ ਦੀਆਂ ਧੀਆਂ ਦੇ ਵਿਆਹ ਹੋਣਗੇ ਤੇ ਜਿਹੜੇ ਸੀਰੀ ਨੇ ਸਾਰੀ ਉਮਰ ਮੇਰੇ ਨਾਲ ਕਾਲੇ ਬਲਦ ਵਾਂਗ ਕਮਾਇਆ ਦੋ ਕਿੱਲੇ ਉਹਦੇ ਨਾਂ ਕਰਾਤੇ। ਬਹੁਤ ਵੱਡਾ ਬੋਝ ਮੈਂ ਮਨ ਤੋਂ ਲਾਹ ਆਇਆ।'

ਪਾਪਾ ਨੇ ਬੈਗ ਵਿਚੋਂ ਛੋਟਾ ਬੈਗ ਕੱਢਿਆ, 'ਆਹ ਲੈ ਸੁਰਜੀਤ ਕੌਰੇ।'

'ਇਹ ਕੀ?'' ਬੀਬੀ ਨੇ ਬੈਗ ਫੜਿਆ। ਮੇਰੇ ਅੱਗੇ ਕਰ ਦਿੱਤਾ। ਮੈਂ ਖੋਲਦੀ ਪਾਪੇ ਵੱਲ ਦੇਖਦੀ ਆਂ।

''ਪਾਪਾ ਇਹ ਕੀ ਆ? ਇਹ ਕੀਹਦੀਆਂ?''

ਇਕੋ ਸਾਹ ਕਈ ਸਵਾਲ ਕਰ ਦਿੱਤੇ।

ਪਾਪਾ ਮਿੰਨਾ ਜਿਹਾ ਮੁਸਕਰਾਏ, 'ਜਿਹੜੀ ਸਾਰੀ ਉਮਰ ਉਲਾਂਭੇ ਦਿੰਦੀ ਰਹੀ ਆ, ਅਖੇ ਤੇਰੇ ਘਰੇ ਨਾ ਮੈਂ ਚੱਜ ਦਾ ਪਾਇਆ ਨਾ ਹੰਢਾਇਆ।'

ਬੀਬੀ ਹੈਰਾਨ ਹੋਈ ਵੇਖ ਰਹੀ ਪਾਪਾ ਵੱਲ।

'ਕੀ ਦੇਖਦੀ ਆ ਪਾ ਲਾ, ਪਾ ਲਾ। ਚਾਰ ਤੇਰੀਆਂ ਚਾਰ ਮੇਰੇ ਸਿੰਮੀ ਪੁੱਤ ਦੀਆਂ।'

ਮੈਂ ਬੀਬੀ ਦੀਆਂ ਬਾਹਾਂ ਵਿਚ ਦੋ-ਦੋ ਚੂੜੀਆਂ ਪਾ ਦਿੱਤੀਆਂ।

ਉਹ ਖੁਸ਼ੀ 'ਚ ਖੀਵੀ ਹੋ ਗਈ, 'ਵਾਗਰੂ ਵਾਗਰੂ'' ਕਰਦੀ ਦੇ ਹੰਝੂ ਵਗ ਤੁਰੇ।

'ਹੁਣ ਮੈਂ ਸੁਰਖ਼ਰੂ ਆਂ।' ਪਾਪਾ ਮੈਨੂੰ ਛਾਤੀ ਨਾਲ ਲਾ ਹੱਸਣ ਲੱਗੇ।

# ਸਨ ਸੰਤਾਲੀ ਦੀ ਵੰਡ ਤੇ ਮਾਊਂਟਬੈਟਨ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੈਂ 1947 ਦੀ ਦੇਸ਼ ਵੰਡ ਨਾਲ ਸਬੰਧਤ ਪੁਸਤਕਾਂ ਫਰੋਲ ਰਿਹਾ ਸਾਂ ਤਾਂ ਮੇਰੇ ਹੱਥੋਂ ਡੋਮਨਿਕ ਲੈਪਿਅਰ ਤੇ ਲੈਰੀ ਕਾਲਿਨਜ਼ ਰਚਿਤ 'ਮਾਊਂਟਬੈਟਨ ਤੇ ਭਾਰਤ ਦੀ ਵੰਡ' ਦਾ ਪੰਜਾਬੀ ਅਨੁਵਾਦ (ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਪੰਨੇ 278, ਮੁੱਲ 300 ਰੁਪਏ) ਲੱਗ ਗਿਆ। ਸੁਤੰਤਰਤਾ ਦੀ 75ਵੀਂ ਵਰ੍ਹੇਗੰਢ ਹੋਣ ਕਾਰਨ ਮੈਂ ਇਸਦੀ ਨਵੇਂ ਸਿਰਿਓਂ ਨਜ਼ਰਸਾਨੀ ਕੀਤੀ। ਇਸ ਪੁਸਤਕ ਵਿਚ ਉਸ ਸਮੇਂ ਦੀਆਂ ਮੁੱਖ ਘਟਨਾਵਾਂ ਨਾਲ ਸਬੰਧਤ ਮੁਲਾਕਾਤਾਂ, ਚੁਸ਼ਤੀਆਂ ਤੇ ਚਾਲਬਾਜ਼ੀਆਂ ਦਰਜ ਹਨ ਜਿਨ੍ਹਾਂ ਕਾਰਨ ਅਖੰਡ ਹਿੰਦੁਸਤਾਨ ਦੇ ਵਸਨੀਕਾਂ ਦਾ ਮਣਾਮੂੰਹੀ ਮਾਲੀ ਤੇ ਜਾਨੀ ਨੁਕਸਾਨ ਹੋਇਆ। ਇਹ ਰਚਨਾ ਬਰਤਾਨਵੀ ਸਰਕਾਰ ਦੀਆਂ ਚਲਾਕੀਆਂ ਤੇ ਹਿੰਦੁਸਤਾਨ ਦੇ ਲੀਡਰਾਂ ਦੀ ਕੁਰਸੀ-ਭੁੱਖ ਤੇ ਕਮ-ਅਕਲੀ ਤੋਂ ਵੀ ਪਰਦਾ ਚੁੱਕਦੀ ਹੈ।


ਇਸ ਪੁਸਤਕ ਲਿਖਣ ਲਈ ਲੇਖਕਾਂ ਨੇ ਤਿੰਨ ਲੱਖ ਮੀਲ ਸਫਰ ਕੀਤਾ ਤੇ ਨੌਂ ਸੌ ਕਿੱਲੋ ਦੇ ਸਰਸਰੀ ਸਰਕਾਰੀ ਦਸਤਾਵੇਜ਼ਾਂ, ਰਿਪੋਰਟਾਂ, ਡਾਇਰੀਆਂ, ਮੀਮੋ, ਚਿੱਠੀਆਂ, ਟੇਪਾਂ ਫ਼ਿਲਮਾਂ ਤੇ ਤਸਵੀਰਾਂ ਵੀ ਇਕੱਠੀਆਂ ਕੀਤੀਆਂ। ਇਸ ਉੱਤੇ ਲੇਖਕਾਂ ਦੇ ਇਜ਼ ਪੈਰਿਸ ਬਰਨਿੰਗ? ਅਤੇ 'ਓ ਯੇਰੂਸ਼ਲਮ' ਤੋਂ ਮਿਲੀ ਵੀਹ ਲੱਖ ਤੋਂ ਵੱਧ ਰੁਪਏ ਦੀ ਆਈ ਰਾਇਲਟੀ ਲੱਗ ਗਈ।

ਉਨ੍ਹਾਂ ਇਸ ਪੁਸਤਕ ਨਾਲ ਸਬੰਧਤ ਖੋਜ ਦਾ ਕੰਮ 1971 ਦੀਆਂ ਗਰਮੀਆਂ ਵਿਚ ਸ਼ੁਰੂ ਕੀਤਾ ਅਤੇ ਛੇ ਮਹੀਨੇ ਰਾਜ ਦੇ ਉੱਤਰ-ਅਧਿਕਾਰੀਆਂ ਨਾਲ ਇਕ ਇਕ ਦੇ ਘਰ ਜਾ ਕੇ ਮਿਲਣ ਉੱਤੇ ਲਾਏ। ਇਕ ਪੂਰੀ ਦਿਹਾੜੀ ਰੈਡਕਲਿਫ ਦੇ ਬਰਮਿੰਘਮ ਨੇੜਲੇ ਟਿਕਾਣੇ ਉੱਤੇ ਲੱਗ ਗਈ। ਉਨ੍ਹਾਂ ਲਈ ਲਾਰਡ ਮਾਊਂਟਬੈਟਨ ਦੇ ਇਤਿਹਾਸਕ ਮਿਸ਼ਨ ਨਾਲ ਸਬੰਧਤ ਕਾਗ਼ਜ਼ ਪੱਤਰ ਵੇਖਣੇ ਵੀ ਲਾਜ਼ਮੀ ਸਨ ਕਿਉਂਕਿ ਉਹ ਹਿੰਦੁਸਤਾਨ ਦਾ ਆਖਰੀ ਵਾਇਸਰਾਏ ਤੇ ਸੁਤੰਤਰ ਭਾਰਤ ਦਾ ਪ੍ਰਥਮ ਗਵਰਨਰ ਜਨਰਲ ਸੀ। ਉਨ੍ਹਾਂ ਇਹ ਵੀ ਕੀਤਾ।

ਬਰਤਾਨੀਆ ਤੋਂ ਪਿੱਛੋਂ ਭਾਰਤ-ਪਾਕਿ ਯਾਤਰਾ ਉੱਤੇ ਲੇਖਕਾਂ ਦਾ ਡੇਢ ਸਾਲ ਤੋਂ ਵੱਧ ਸਮਾਂ ਲਗਿਆ, ਪੂਰੇ ਵੀਹ ਮਹੀਨੇ। ਕਸ਼ਮੀਰ ਤੋਂ ਕੰਨਿਆ ਕੁਮਾਰੀ ਅਤੇ ਬੰਗਾਲ ਤੋਂ ਸਿੰਧ ਦੀ ਯਾਤਰਾ ਵਿਚ ਉਹ ਪੁਰਾਣੀਆਂ ਐਂਬੈਸੇਡਰ ਕਾਰਾਂ ਤੇ ਚਮਚਮਾਉਂਦੇ ਰਿਕਸ਼ਿਆਂ ਤੇ ਸਕੂਟਰਾਂ ਵਿਚ ਹੀ ਨਹੀਂ ਬੈਠੇ, ਬੈਲ-ਗੱਡੀਆਂ ਦੀ ਸਵਾਰੀ ਦਾ ਮਜ਼ਾ ਵੀ ਲਿਆ। ਮਹਾਤਮਾ ਗਾਂਧੀ, ਪੰਡਤ ਨਹਿਰੂ, ਸਰਦਾਰ ਪਟੇਲ ਤੇ ਜਿਨਾਹ ਵਰਗੇ ਕਈ ਨੇਤਾਵਾਂ ਦਾ ਅਸਲ ਜਾਨਣ ਲਈ ਉਨ੍ਹਾਂ ਨੇ ਇਨਾਂ ਨੇਤਾਵਾਂ ਦੇ ਰਿਸ਼ਤੇਦਾਰਾਂ, ਚੇਲਿਆਂ, ਸਹਾਇਕਾਂ ਤੇ ਮਿੱਤਰ ਪਿਆਰਿਆਂ ਨਾਲ ਵੀ ਮੁਲਾਕਾਤਾਂ ਕੀਤੀਆਂ ਅਤੇ ਉਨ੍ਹਾਂ ਛੇ ਬੰਦਿਆਂ ਨਾਲ ਵੀ ਚਾਰ ਹਫਤੇ ਲਾਏ। ਜਿਨ੍ਹਾਂ ਨੇ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ ਸੀ।

ਪੁਸਤਕ ਦੇ ਪਹਿਲੇ 160 ਪੰਨੇ ਲਾਰਡ ਮਾਊਂਟਬੈਟਨ ਨਾਲ 22 ਮਾਰਚ ਤੋਂ 15 ਅਗਸਤ 1947 ਤਕ ਕੀਤੀਆਂ ਨਿੱਜੀ ਮਿਲਣੀਆਂ ਦੇ ਹਨ ਤੇ ਅਗਲੇ 112 ਪੰਨੇ ਸੰਪਰਦਾਇਕ/ਫਿਰਕੂ ਸਮੱਸਿਆ ਤੇ ਇਸ ਤੋਂ ਪੈਦਾ ਹੋਣੀ ਸਿਵਲ ਵਾਰ ਨਾਲ ਸਬੰਧਤ ਇਨ੍ਹਾਂ ਵਿਚੋਂ ਆਖਰੀ ਸੱਠ ਪੰਨੇ ਸੱਤਾ ਤਬਦੀਲੀ ਬਾਰੇ ਹਨ ਜਿਨ੍ਹਾਂ ਵਿਚ ਵੱਡੇ ਨੇਤਾਵਾਂ ਦੀ ਬਦਨੀਤੀ ਵੀ ਹੈ, ਕਾਹਲੀ ਵੀ ਤੇ ਚਲੋ ਚਲੀ ਵੀ ਅਤੇ ਸਿੱਟੇ ਵਜੋਂ ਬੇਹਿਸਾਬ ਮਾਲੀ ਤੇ ਜਾਨੀ ਨੁਕਸਾਨ ਹੋਇਆ ਸੀ। ਏਸ ਰਚਨਾ ਅਨੁਸਾਰ ਜਿੰਨੇ ਵਸਨੀਕ ਲਾਹੌਰ ਤੇ ਅੰਮ੍ਰਿਤਸਰ ਦੇ ਸ਼ਹਿਰਾਂ ਵਿਚ ਮਾਰੇ ਗਏ ਇਸ ਤੋਂ ਤਿੰਨ ਗੁਣਾ ਰਾਵਲਪਿੰਡੀ ਦੇ ਪੇਂਡੂ ਇਲਾਕਿਆਂ ਵਿਚ ਲੁੱਟਾਂ-ਖੋਹਾਂ ਕਰਨ ਵਾਲਿਆਂ ਦਾ ਸ਼ਿਕਾਰ ਹੋਏ। ਗੰਭੀਰ ਜ਼ਖ਼ਮੀਆਂ ਦੀ ਗਿਣਤੀ ਸ਼ਹਿਰਾਂ ਵਿਚ ਵੱਧ ਨੋਟ ਹੋਈ। ਸ਼ਾਇਦ ਇਸ ਲਈ ਕਿ ਸ਼ਹਿਰਾਂ ਵਿਚ ਉਨ੍ਹਾਂ ਦੀ ਦੇਖਭਾਲ ਦਾ ਪ੍ਰਬੰਧ ਸੀ ਅਤੇ ਪਿੰਡਾਂ ਵਿਚ ਉੱਕਾ ਹੀ ਨਹੀਂ।

ਸੱਤਾ ਤਬਦੀਲੀ ਸਮੇਂ ਸਿਆਸਤੀ ਰਾਜੇ ਆਖਰੀ ਦਮ ਤਕ ਫੈਸਲਾ ਨਹੀਂ ਕਰ ਸਕੇ ਕਿ ਉਨ੍ਹਾਂ ਨੇ ਭਾਰਤ ਦਾ ਹਿੱਸਾ ਬਣਦਾ ਹੈ ਜਾਂ




ਪਾਕਿਸਤਾਨ ਦਾ ਤੇ ਜਾਂ ਫੇਰ ਕਿਸੇ ਦਾ ਵੀ ਨਹੀਂ। ਉਧਰ ਪੰਡਤ ਨਹਿਰੂ, ਸਰਦਾਰ ਪਟੇਲ ਤੇ ਜਿਨਾਹ ਦੀ ਸੁਰ ਨਾ ਮਿਲਣਾ ਵੀ ਵੱਡੀ ਸਮੱਸਿਆ ਸੀ। ਖਾਸ ਕਰਕੇ ਜਿਨਾਹ ਦੀ ਜ਼ਿੱਦ। ਜਦੋਂ 14 ਅਗਸਤ ਨੂੰ ਪ੍ਰੀਤੀ ਭੋਜਨ ਸਮੇਂ ਦੇ ਖ਼ੁਸ਼ੀ ਦੇ ਨਾਮ ਪੇਸ਼ ਹੋਣੇ ਸਨ ਤੇ ਕੋਈ ਭਾਸ਼ਣ ਨਹੀਂ ਸੀ ਹੋਣਾ ਜਿਨਾਹ ਨੇ ਅਪਣੀ ਜੇਬ ਵਿਚੋਂ ਅਧੀ ਦਰਜਨ ਟਾਈਪ ਕੀਤੇ ਹੋਏ ਕਾਗਜ਼ ਕੱਢੇ ਤੇ ਬੋਲਣਾ ਸ਼ੁਰੂ ਕਰ ਦਿੱਤਾ। ਇਸ ਭੋਜ ਮਗਰੋਂ ਸਵਾਗਤੀ ਸਮਾਗਮ ਹੋਇਆ ਤਾਂ ਇਸ ਵਿਚ ਪਾਕਿਸਤਾਨ ਦੇ ਕੋਈ ਡੇਢ ਹਜ਼ਾਰ ਮੋਹਰੀ ਨਾਗਰਿਕ ਸ਼ਾਮਲ ਸਨ ਜਿਨ੍ਹਾਂ ਵਿਚੋਂ ਕੁਝ ਅਜੀਬ ਜਿਹੇ ਜੰਗਲੀ ਲੱਗ ਰਹੇ ਸਨ।

ਇਕ ਪੜਾਅ ਉੱਤੇ ਯੂਨੀਅਨ ਜੈਕ ਦਾ ਰਸਮੀ ਤੌਰ 'ਤੇ ਝੁਕਾਇਆ ਜਾਣਾ ਵੀ ਸ਼ਾਮਲ ਸੀ ਜਿੱਥੇ ਜਿਨਾਹ ਤੇ ਨਹਿਰੂ ਦੀ ਸੁਰ ਉੱਕਾ ਹੀ ਨਹੀਂ ਸੀ ਮਿਲਦੀ। ਜਿਨਾਹ ਦਾ ਵਤੀਰਾ ਜ਼ਿੱਦੀ ਸੀ ਜਦਕਿ ਪੰਡਤ ਨਹਿਰੂ ਦੀ ਧਾਰਨਾ ਇਹ ਸੀ ਕਿ ਜੇ ਅੰਗਰੇਜ਼ਾਂ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ ਤਾਂ ਉਨ੍ਹਾਂ ਦੀ ਗੱਲ ਮੰਨ ਲੈਣੀ ਚਾਹੀਦੀ ਹੈ ਕਿਉਂਕਿ ਉਹ ਏਸ ਮੌਕੇ ਸਭ ਨੂੰ ਖ਼ੁਸ਼ ਵੇਖਣਾ ਚਾਹੁੰਦੇ ਸਨ। ਪੁਸਤਕ ਵਿਚ ਹੱਦਬੰਦੀ ਦੇ ਮਾਮਲੇ ਵਿਚ ਗੁਰਦਾਸਪੁਰ ਜ਼ਿਲ੍ਹੇ ਦਾ ਕਰਤਾਰਪੁਰ ਸਾਹਿਬ ਵੀ ਮਸਲਾ ਬਣਿਆ ਤੇ ਆਸਾਮ ਦੀ ਚਿਟਾਗਾਓਂ ਪਹਾੜੀ ਵੀ ਜਿੱਥੋਂ ਦੇ ਵਸਨੀਕ ਬੋਧੀ ਸਨ।

ਹਥਲੀ ਪੁਸਤਕ ਵਿਚ ਏਨਾ ਕੁਝ ਹੈ ਕਿ ਉਸਨੂੰ ਤਰਤੀਬ ਦੇਣਾ ਤੇ ਬਿਆਨ ਕਰਨਾ ਸੰਭਵ ਨਹੀਂ। ਇਕ ਮਾਮਲੇ ਵਿਚ ਜਿਉਤਸ਼ੀਆਂ ਦੀ ਰਾਇ ਵੀ ਦਰਜ ਹੈ। ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਖ਼ੁਦ ਇਸ ਰਚਨਾ ਨੂੰ ਪੜ੍ਹਨ ਤੇ ਆਪਣਾ ਨਿਰਣਾ ਕਰਨ। ਪੰਜਾਬੀ ਅਨੁਵਾਦ ਰਸੀਲਾ ਹੈ। ਪੁਸਤਕ ਪੜ੍ਹਨ ਤੇ ਮਾਨਣ ਵਾਲੀ ਹੈ। ਸੁਤੰਤਰਤਾ ਦੇ 75ਵੇਂ ਵਰ੍ਹੇ ਸਮੇਂ ਖਾਸ ਕਰਕੇ।

'ਆਪਣੀ ਆਵਾਜ਼' ਨੂੰ ਜੀ ਆਇਆਂ

ਪੰਜਾਬ ਤੋਂ ਅਮਰੀਕਾ ਦੇ ਵੈਂਨਚੂਰਾ ਸ਼ਹਿਰ ਜਾ ਕੇ ਮੱਲਾਂ ਮਾਰਨ ਵਾਲੇ ਸੁਰਿੰਦਰ ਸਿੰਘ ਸੁੰਨੜ ਨੇ ਪੰਜਾਬੀ ਦਾ ਇਕ ਵਕਤਾ ਮਾਸਕ ਰਸਾਲਾ 'ਆਪਣੀ ਆਵਾਜ਼' ਜਾਰੀ ਕੀਤਾ ਹੈ ਜਿਸ ਵਿਚ ਅਜੋਕੀਆਂ ਮਿਆਰੀ ਰਚਨਾਵਾਂ ਤੋਂ ਬਿਨਾਂ ਪੁਰਾਣਾ ਮਾਖਿਓ ਅਧੀਨ ਪਹਿਲੇ ਸਮਿਆਂ ਦੀਆਂ ਵਧੀਆ ਰਚਨਾਵਾਂ ਵੀ ਦਿੱਤੀਆਂ ਜਾਂਦੀਆਂ ਹਨ ਤੇ ਕਿਸੇ ਸੁਰਗਵਾਸੀ ਮਹਾਂਰਥੀ ਦੀਆਂ ਪ੍ਰਾਪਤੀਆਂ ਅਤੇ ਦੇਣ ਦਾ ਵੇਰਵਾ ਵੀ। ਅਗਸਤ ਮਹੀਨੇ ਦੇ ਅੰਕ ਵਿਚ ਕਰਤਾਰ ਸਿੰਘ ਦੁੱਗਲ ਦੀ ਕਹਾਣੀ ਤ੍ਰਿਸ਼ਨਾ, ਦੀਪਕ ਜੈਤੋਈ ਤੇ ਕਰਤਾਰ ਸਿੰਘ ਬਲੱਗਣ ਦੀਆਂ ਗ਼ਜ਼ਲਾਂ ਅਤੇ ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਦੀ ਦੇਣ ਸਮੇਤ ਸਮੇਂ ਦੀਆਂ ਗੌਲਣਯੋਗ ਗਤੀਵਿਧੀਆਂ ਵੀ ਸ਼ਾਮਲ ਹਨ। ਜਿਵੇਂ ਕੁਰੂਕਸ਼ੇਤਰ ਯੂਨੀਵਰਸਟੀ ਵਿਖੇ ਲੋਕਧਾਰਾ ਵਿਚ ਆ ਰਹੇ ਪਰਿਵਰਤਨ ਵਾਲੀ ਤਿੰਨ ਰੋਜ਼ਾ ਕਾਨਫਰੰਸ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਨੁਵਾਦ ਕਾਰਜਸ਼ਾਲਾ ਦਾ ਵੇਰਵਾ। ਯੋਰਪੀਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਹਾਏ ਨੂੰ ਪੰਜਾਬ ਦਾ ਮਾਣ ਪੁਰਸਕਾਰ ਨਾਲ ਨਿਵਾਜਣਾ ਤੇ ਮੇਰੇ ਮਿੱਤਰ ਗੋਪੀਚੰਦ ਨਾਰੰਗ ਦੇ ਦੇਹਾਂਤ ਦੀ ਖ਼ਬਰ ਵੀ ਇਸ ਅੰਕ ਵਿਚ ਸ਼ਾਮਲ ਹੈ।

**ਅੰਤਿਕਾ**

ਰਜਾਕ ਸ਼ਾਹਦ (ਲਾਹੌਰ)

ਹਿਜਰ ਮਸੀਹਾ ਆ ਬਣਿਆ ਏ ਮੇਰੇ ਲਈ
ਜਦ ਦਾ ਦਰਦ ਦਵਾ ਬਣਿਆ ਏ ਮੇਰੇ ਲਈ
ਵਿਛੜਨ ਵੇਲੇ ਉਹਦੀ
ਅੱਖ 'ਚੋਂ ਨਿਕਲਿਆ ਜੋ
ਉਹ ਅੱਥਰੂ ਦਰਿਆ ਬਣਿਆ ਏ ਮੇਰੇ ਲਈ
ਸਾਰੀ ਉਮਰੇ ਜਿਸਦੇ ਸੁਫਨੇ ਵੇਖੇ ਸਨ
**ਵਸਲ ਉਹਦਾ ਸੁਫਨਾ ਬਣਿਆ ਏ**
**ਮੇਰੇ ਲਈ।**

# ਸ਼ੂਕਦੇ ਤੇ ਮਘਦੇ ਜਜ਼ਬਿਆਂ ਦੀ ਸ਼ਾਇਰੀ – 'ਜ਼ਰਦ ਰੁੱਤ ਦਾ ਹਲਫ਼ੀਆ ਬਿਆਨ'

## ਪੁਸਤਕ ਚਰਚਾ



**ਗੁਰਮੀਤ ਕੜਿਆਲਵੀ**
**ਫੋਨ: 98726-40994**

'ਆਪਣੇ ਖ਼ਿਲਾਫ' ਪੁਸਤਕ ਦੀ ਸ਼ਾਇਰੀ ਨੇ ਮੈਨੂੰ ਹਰਮੀਤ ਵਿਦਿਆਰਥੀ ਦਾ ਪ੍ਰਸ਼ੰਸਕ ਬਣਾਇਆ ਸੀ। ਉਦੋਂ ਹਰਮੀਤ ਦੀ ਕਵਿਤਾ ਵਿਚਲੀ ਬਾਗੀਆਨਾ ਸੁਰ ਚੰਗੀ ਚੰਗੀ ਲੱਗਦੀ ਹੁੰਦੀ। ਫੇਰ ਕਵੀ ਦਰਬਾਰਾਂ 'ਚ ਉਸ ਦੀ ਪੇਸ਼ਕਾਰੀ ਮੇਲਾ ਲੁੱਟ ਲੈਂਦੀ। ਅਜਿਹੀ ਪੇਸ਼ਕਾਰੀ ਦਾ ਹੁਨਰ ਬਹੁਤੇ ਪੰਜਾਬੀ ਕਵੀਆਂ ਕੋਲ ਨਹੀਂ। ਬਹੁਤੇ ਕਵੀ, ਕਵੀ ਦਰਬਾਰਾਂ 'ਚ ਫ਼ੁੱਸ ਪਟਾਕੇ ਵਰਗੀ ਕਵਿਤਾ ਪੜ੍ਹਦੇ ਹਨ। ਹਰਮੀਤ ਜਿੱਥੇ ਵੀ ਕਵਿਤਾ ਪੜ੍ਹਦਾ, ਆਵਦਾ ਰੰਗ ਛੱਡਦਾ।

'ਸਮੁੰਦਰ ਬੁਲਾਉਂਦਾ ਹੈ' ਨਾਲ ਹਰਮੀਤ ਵਿਦਿਆਰਥੀ ਨੇ ਸ਼ਾਇਰੀ ਦਾ ਅਗਲਾ ਪੜਾਅ ਤੈਅ ਕੀਤਾ। ਥੋੜ੍ਹੇ ਪੰਨਿਆਂ ਦੀ ਕਿਤਾਬ ਨੇ ਬਹੁਤੇ ਲੋਕਾਂ ਨੂੰ ਪ੍ਰਭਾਵਿਤ ਕੀਤਾ। ਇਸ ਪੁਸਤਕ ਦੀਆਂ ਕਵਿਤਾਵਾਂ ਦੀ ਸੁਰ ਮੱਧਮ ਪਰ ਗੰਭੀਰ ਸੀ।

'ਉਧੜੀ ਹੋਈ ਮੈਂ' ਹਰਮੀਤ ਦੀ ਕਵਿਤਾ ਦਾ ਨਿਵੇਕਲਾ ਅਧਿਆਏ ਸੀ। ਜੇ ਪਾਠਕ ਹਰਮੀਤ ਤੋਂ ਵੱਡੀਆਂ ਕਵਿਤਾਵਾਂ ਦੀ ਮੰਗ ਕਰਨ ਲੱਗੇ ਤਾਂ ਇਸ 'ਚ 'ਉਧੜੀ ਹੋਈ ਮੈਂ' ਦੀਆਂ ਕਵਿਤਾਵਾਂ ਦਾ ਭਰਵਾਂ ਯੋਗਦਾਨ ਸੀ। ਹੁਣ ਉਹ ਸਮੁੱਚ ਵਿਵਸਥਾ ਦੇ ਨਾਲ ਨਾਲ ਖੁਦ ਨੂੰ ਵੀ ਸਵਾਲ ਕਰਨ ਲੱਗਿਆ ਸੀ ਜੋ ਚੰਗੀ ਕਵਿਤਾ ਦਾ ਉਘੜਵਾਂ ਲੱਛਣ ਹੁੰਦਾ ਹੈ। 'ਆਪਣੇ ਖ਼ਿਲਾਫ' ਤੋਂ ਤੁਰੇ ਹਰਮੀਤ ਨੇ ਆਪਣੀ ਕਾਵਿ ਪ੍ਰਤਿਭਾ ਅਤੇ ਪ੍ਰਤੀਬੱਧਤਾ ਨੂੰ ਅੱਗੇ ਜਾ ਕੇ 'ਜ਼ਰਦ ਰੁੱਤ ਦਾ ਹਲਫ਼ੀਆ ਬਿਆਨ' ਰਾਹੀਂ ਪ੍ਰਮਾਣਿਤ ਕਰਨਾ ਸੀ।

'ਜ਼ਰਦ ਰੁੱਤ ਦਾ ਹਲਫ਼ੀਆ ਬਿਆਨ' ਦੀਆਂ ਲਗਪਗ ਸਮੁੱਚੀਆਂ ਕਵਿਤਾਵਾਂ ਇਕ ਤਰ੍ਹਾਂ ਨਾਲ ਕਵੀ ਦਾ ਸਵੈ-ਕਥਨ ਵੀ ਨੇ ਤੇ ਸੁਪਨਿਆਂ ਨੂੰ ਪੂਰਾ ਕਰਨ ਹਿੱਤ ਲੜੀ ਜਾਣ ਵਾਲੀ ਜੰਗ 'ਚ ਡਟੇ ਰਹਿਣ ਦਾ ਅਹਿਦ ਵੀ। ਉਹ ਆਪਣੇ ਸੁਪਨਿਆਂ ਨੂੰ ਛੋਟਾ ਕਰਨ ਦੇ ਹੱਕ ਵਿਚ ਨਹੀਂ ਬਲਕਿ ਸਫਰ ਨੂੰ ਹੀ ਸੁਪਨਿਆਂ ਜਿੱਡਾ ਵੱਡਾ ਕਰਨ ਦਾ ਮੁੱਦਈ ਹੈ। ਉਹ ਇਹ ਵੀ ਜਾਣਦਾ ਹੈ ਕਿ ਕਾਹਲੇ ਕਦਮੀਂ ਤੁਰਿਆਂ ਰਸਤੇ ਗੁਆਚ ਸਕਦੇ ਹਨ।

ਹਰਮੀਤ ਪੰਜਾਬ ਦੇ ਬਹੁਤ ਸਾਰੇ ਚਿੰਤਕਾਂ/ਲੇਖਕਾਂ ਤੇ ਦਾਨਿਸ਼ਵਰਾਂ ਵਲੋਂ ਲੋਕ ਮਸਲਿਆਂ ਤੋਂ ਪਾਸਾ ਵੱਟ ਕੇ ਲੰਘ ਜਾਣ ਅਤੇ ਉਨ੍ਹਾਂ ਵਲੋਂ ਸਾਜਿਸ਼ੀ ਚੁੱਪ ਧਾਰ ਲੈਣ 'ਤੇ ਉਦਾਸ ਹੁੰਦਾ ਹੈ।

ਆਪਣੀਆਂ ਅੱਖਾਂ 'ਤੇ
ਸਜਾ ਲਈ ਹੈ ਰੰਗੀਨ ਐਨਕ
ਹੁਣ ਮੈਨੂੰ ਨਾ ਪੱਤਝੜ ਦਿਸਦੀ ਹੈ
ਨਾ ਹੀ ਸੜ ਰਿਹਾ ਅਕਾਸ਼
(ਨਜ਼ਮ : ਅੱਜ ਕੱਲ੍ਹ)


ਹਰਮੀਤ ਨੂੰ ਜਿੱਥੇ ਬੁੱਧੀਜੀਵੀਆਂ ਦੀ ਚੁੱਪ ਅਤੇ ਅੱਖਾਂ 'ਤੇ ਲੱਗੀਆਂ ਰੰਗੀਨ ਐਨਕਾਂ ਦੁਖੀ ਕਰਦੀਆਂ, ਉਥੇ ਚੇਤਨ ਲੋਕਾਂ ਦਾ ਨਿਸੱਤੇ ਹੋਣਾ ਹੋਰ ਵੱਧ ਦੁੱਖ ਦਿੰਦਾ ਹੈ:

ਅੱਖਾਂ 'ਚ ਲਿਸ਼ਕਦੀ ਬਗਾਵਤ ਨੂੰ
ਕਾਲੀ ਐਨਕ ਹੇਠ ਲੁਕਾ ਲਵਾਂ
ਬਾਹਰਲੇ ਸ਼ੋਰ ਦੀ ਆਵਾਜ਼ ਵਿਚ
ਦਫ਼ਨ ਕਰ ਦੇਵਾਂ
ਸੀਨੇ ਦੇ ਸ਼ੋਰ ਨੂੰ
ਆਪਣਾ ਪਤਾ ਪੁੱਛਾਂ
ਕਿਸੇ ਹੋਰ ਨੂੰ।
(ਰੁਕਿਓ ਜ਼ਰਾ)

ਸਿਖ਼ਰ ਦੁਪਿਹਰੇ
ਡਾਕੇ ਵੱਜੇ
ਖੌਰੂ ਪਾਇਆ ਉਨ੍ਹਾਂ
ਗਲ਼ੀਆਂ ਦੇ ਵਿਚ ਦਿਓ ਫਿਰਦੇ ਨੇ
ਆਪਾਂ ਵੜ ਗਏ ਅੰਦਰੇ।
(ਸਿਖ਼ਰ ਦੁਪਿਹਰੇ)

ਅਜਿਹਾ ਹੀ ਰੁਦਨ ਹਰਮੀਤ ਦੀ ਇਕ ਭਾਵਪੂਰਤ ਨਜ਼ਮ 'ਸੂਹੇ ਫੁੱਲਾਂ ਦੀ ਉਡੀਕ' 'ਚ ਵੀ ਸੁਣਾਈ ਦਿੰਦਾ ਹੈ। ਜਿਨ੍ਹਾਂ ਧਿਰਾਂ ਨੇ ਲੋਕਾਂ ਦੀ ਲੜਾਈ ਲੜਨੀ ਸੀ, ਉਨ੍ਹਾਂ ਧਿਰਾਂ ਦੇ ਭਾਂਜਵਾਦੀ ਪੈਂਤੜੇ ਅਤੇ ਲੋਕਾਂ ਤੋਂ ਵਿੱਥ ਬਣਾ ਕੇ ਚੱਲਣ ਦੀ ਨੀਤੀ ਕਾਰਨ ਉਹ ਧਿਰਾਂ ਹਾਸ਼ੀਏ 'ਤੇ ਚਲੀਆਂ ਗਈਆਂ। ਇਹ ਸਥਿਤੀ ਦੁਖਾਂਤਕ ਹੈ ਪਰ ਸ਼ਾਇਰ ਮੌਜੂਦਾ ਦੌਰ 'ਚ ਇਨ੍ਹਾਂ ਧਿਰਾਂ ਦੇ ਮੁੜ ਮੁੱਖ ਧਾਰਾ 'ਚ ਆਉਣ ਦੀ ਉਮੀਦ ਨਹੀਂ ਛੱਡਦਾ।

ਖਬਰ ਮਿਲੀ ਹੈ




ਸੂਹੇ ਫੁੱਲ ਮੁਰਝਾ ਚੱਲੇ ਨੇ
ਮਹਿਕਾਂ ਵੰਡਣ ਵਾਲੇ
ਸੋਗ ਬਾਗਾਂ ਵਿਚ ਪਾ ਚੱਲੇ ਨੇ
ਅੱਖਾਂ ਨੂੰ ਜੋ ਭਾਉਂਦੇ ਸਨ
ਆਪਣਾ ਵਕਤ ਵਿਹਾ ਚੱਲੇ ਨੇ

ਦੁੱਖ ਹੋਇਆ ਹੈ
ਪਰ ਸੱਚ ਤਾਂ ਇਹ ਵੀ ਹੈ
ਜੋ ਅੱਖਾਂ ਨੂੰ ਭਾਉਂਦੇ ਸਨ
ਮਹਿਕ ਵਿਹੂਣੇ ਨਿਕਲੇ
ਜਿਨ੍ਹਾਂ ਨੂੰ ਸੰਪੂਰਨ ਸਮਝਿਆ
ਬੌਣੇ ਨਿਕਲੇ, ਊਣੇ ਨਿਕਲੇ
ਸੂਹੇ ਫੁੱਲਾਂ ਬਿਨ ਨਾ ਸਰਨਾ
ਮਾਲੀ ਉੱਤੇ ਨਿਰਭਰ ਰਹਿਣੋ
ਬਚਣਾ ਪੈਣਾ
ਫੁੱਲਾਂ ਦੀ ਖੇਤੀ ਦਾ
ਖੇਤੀ ਖਸਮਾਂ ਸੇਤੀ ਦਾ
ਢੰਗ ਸਮਝਣਾ ਪੈਣਾ
ਭਾਵੇਂ ਸੂਹੇ ਫੁੱਲ
ਮੁਰਝਾ ਚੱਲੇ ਨੇ
ਫੇਰ ਉਗਾਉਣੇ ਪੈਣੇ।

***

ਹਰਮੀਤ ਦੀ ਸਾਰੀ ਕਵਿਤਾ ਸੂਹੇ ਫੁੱਲਾਂ ਦੇ ਖਿੜਨ ਦੀ ਉਮੀਦ ਅਤੇ ਉਡੀਕ ਦੀ ਕਵਿਤਾ ਹੈ। ਉਹ ਲੋਕ ਪੱਖੀ ਧਿਰਾਂ ਦੇ ਹਾਸ਼ੀਏ 'ਤੇ ਚਲੇ ਜਾਣ 'ਤੇ ਵਕਤੀ ਤੌਰ 'ਤੇ ਉਦਾਸ ਬੇਸ਼ੱਕ ਹੋ ਜਾਵੇ, ਨਿਰਾਸ਼ ਕਤਈ ਨਹੀਂ ਹੁੰਦਾ। ਉਹ ਜੁਗਨੂੰਆਂ ਦੇ ਟਿਮਟਮਾਉਂਦੇ ਰਹਿਣ ਦੀ ਕਾਮਨਾ ਕਰਦਾ ਹੈ। ਉਹ ਤਿਤਲੀਆਂ ਦੇ ਰੰਗ-ਬਿਰੰਗੇ ਪਰਾਂ ਜਿਹੇ ਖ਼ੂਬਸੂਰਤ ਦਿਨ ਪਰਤਣ ਦੀ ਆਸ਼ਾ ਰੱਖਣ ਵਾਲਾ ਕਵੀ ਹੈ। ਰੁਕਣਾ ਉਸਦੀ ਜ਼ਾਤ ਲਈ ਮਿਹਣਾ ਹੈ। ਉਹ ਆਪਣੇ ਜੀਣ ਦੇ ਅਰਥ ਜਾਣਦਾ ਹੈ। ਉਹ ਜਾਣਦਾ ਹੈ ਕਿ ਉਹ ਇਕੱਲਾ ਸਫਰ ਨਹੀਂ ਕਰਦਾ, ਉਸਦੇ ਪੁਰਖੇ ਉਸਦੇ ਨਾਲ ਨਾਲ ਚੱਲਦੇ ਨੇ।

...ਹੁਣ ਜਦੋਂ ਮੈਂ
ਆਪਣੇ ਬੱਚਿਆਂ ਦੇ ਸਿਰ 'ਤੇ
ਹੱਥ ਫੇਰਦਾ ਹਾਂ
ਇਕੱਲਾ ਨਹੀਂ ਹੁੰਦਾ ਮੇਰਾ ਹੱਥ
ਮੇਰੇ ਪੁਰਖਿਆਂ ਦੇ ਕਈ ਹੱਥ
ਘੁਲ ਮਿਲ ਜਾਂਦੇ ਹਨ ਇਸ ਵਿਚ
(ਪਿਤਾ ਦਾ ਹੱਥ)

ਹਰਮੀਤ ਜ਼ਿੰਮੇਵਾਰ ਸ਼ਾਇਰ ਹੈ। ਉਹ ਆਪਣੇ ਸਮਾਜਿਕ ਫਰਜ਼ਾਂ ਤੋਂ ਬਖ਼ੂਬੀ ਵਾਕਫ਼ ਹੈ। ਉਸਨੂੰ ਪਤਾ ਹੈ ਕਿ ਉਹ ਤੇ ਉਸਦੇ ਵਰਗ ਦੇ ਕਰੋੜਾਂ ਮਿਹਨਤਕਸ਼ ਲੋਕਾਂ ਨੂੰ ਉਸ ਵਰਗ ਦੇ ਖ਼ਿਲਾਫ ਜੰਗ ਲੜਨੀ ਪੈਣੀ ਹੈ ਜਿਹੜਾ ਵਰਗ ਉਨ੍ਹਾਂ ਦੇ ਹਿੱਸੇ ਦੀਆਂ ਖ਼ੁਸ਼ੀਆਂ, ਹਾਸੇ ਤੇ ਚਾਅ ਡੀਕ ਲਾ ਕੇ ਪੀ ਗਿਆ ਹੈ। ਜ਼ਿੰਮੇਵਾਰ ਤੇ ਚੇਤਨ ਸ਼ਾਇਰ ਇਹ ਜਾਣਦਾ ਹੈ ਕਿ ਇਹ ਜੰਗ ਲੁਟੇਰੇ ਵਰਗ ਨੇ ਮਿਹਨਤਕਸ਼ ਵਰਗ ਦੇ ਲੋਕਾਂ ਦੇ ਮੱਥਿਆਂ 'ਤੇ ਖੁਣ ਦਿੱਤੀ ਹੈ ਤੇ ਹੁਣ ਇਹ ਜੰਗ ਲੜੇ ਬਿਨਾ ਕਿਵੇਂ ਵੀ ਨਹੀਂ ਸਰਨਾ।

ਆਪਣੇ
ਛੋਟੇ ਛੋਟੇ ਸੁਪਨਿਆਂ ਦੀ ਹਿਫ਼ਾਜ਼ਤ ਲਈ
ਭੋਰਾ ਭੋਰਾ ਖਾਹਿਸ਼ਾਂ ਦੀ ਸਲਾਮਤੀ ਲਈ
ਮੈਂ ਇਸ ਜੰਗ ਨੂੰ ਪਿੱਠ ਨਹੀਂ ਦੇਵਾਂਗਾ
ਮੈਂ ਲੜਾਂਗਾ... ਅਸੀਂ ਲੜਾਂਗੇ...।
(ਮੱਥੇ 'ਤੇ ਖੁਣੀ ਜੰਗ)

ਹਰਮੀਤ ਵਿਦਿਆਰਥੀ ਸਫਰ ਨੂੰ ਜਾਂਦੀਆਂ ਪਗਡੰਡੀਆਂ ਲੱਭਦਾ ਫਿਰਦਾ ਜਨੂੰਨੀ ਸ਼ਾਇਰ ਹੈ। ਉਸਦੀ ਨਜ਼ਮ ਉਦਾਸ ਮੌਸਮਾਂ ਵਿਚ ਲਟ-ਲਟ ਬਲਦੇ ਸੂਰਜ ਦੀ ਹਮਸਫਰ ਹੈ। ਉਸਦੀ ਸ਼ਾਇਰੀ ਖਾਬ ਵੇਖਣ ਤੇ ਫਿਰ ਇਨ੍ਹਾਂ ਖ਼ਾਬਾਂ ਨੂੰ ਪੂਰੇ ਕਰਨ ਲਈ ਹਿਕ 'ਚ ਲਾਵਾ ਭਰ ਲੈਣ ਦੇ ਜਨੂੰਨ ਵਾਲੀ ਸ਼ਾਇਰੀ ਹੈ। ਹਰਮੀਤ ਬੁੱਝੇ ਹੌਂਸਲਿਆਂ ਦਾ ਨਹੀਂ, ਸ਼ੂਕਦੇ ਤੇ ਮਘਦੇ ਜਜ਼ਬਿਆਂ ਦਾ ਸ਼ਾਇਰ ਹੈ।

ਹਰਮੀਤ ਵਿਦਿਆਰਥੀ ਕਿਰਤੀ ਤੇ ਮਜ਼ਲੂਮ ਧਿਰਾਂ ਦੇ ਹੱਕਾਂ ਉਪਰ ਸਿਖ਼ਰ ਦੁਪਹਿਰੇ ਵੱਜਦੇ ਡਾਕਿਆਂ ਨੂੰ ਵੇਖ ਕੇ ਅੰਦਰ ਵੜ ਜਾਣ ਵਾਲਾ ਸ਼ਾਇਰ ਨਹੀਂ ਹੈ। ਉਹ ਲੜਦਾ ਹੈ, ਕਲਮ ਦੀ ਨੋਕ ਨਾਲ ਵੀ ਤੇ ਆਪਣੀ ਬੁਲੰਦ ਆਵਾਜ਼ ਨਾਲ ਵੀ। ਸੱਤਾ ਦੀ ਤੇਜ਼ ਧੁੱਪ ਉਸ ਦਾ ਰਾਹ ਨਹੀਂ ਰੋਕ ਸਕਦੀ। ਉਹ ਸਮੇਂ ਦੀ ਹਿੱਕ 'ਤੇ ਲੰਬੀ ਨਜ਼ਮ ਉਕਰਨ ਦੇ ਆਹਰ ਵਿਚ ਰਹਿੰਦਾ ਹੈ।

ਧੁੱਪ ਬਹੁਤ ਹੈ
ਗਰਮ ਹਵਾ
ਚਿਪ ਚਿਪ ਕਰਦਾ ਬਦਨ
ਪਰ ਹੁਣ ਹਵਾ ਨੂੰ ਉਡੀਕਾਂਗਾ ਨਹੀਂ
ਆਪ ਜਾਵਾਂਗਾ ਹਵਾ ਤੱਕ।

'ਜ਼ਰਦ ਰੁੱਤ ਦਾ ਹਲਫ਼ੀਆ ਬਿਆਨ' ਪੁਸਤਕ ਦੀ ਸ਼ਾਇਰੀ ਮੈਨੂੰ ਓਨੀ ਹੀ ਪਿਆਰੀ ਹੈ ਜਿੰਨੀ 'ਆਪਣੇ ਖਿਲਾਫ' ਦੀ ਸ਼ਾਇਰੀ ਪਿਆਰੀ ਸੀ, ਜਿਸ ਨੂੰ ਪੜ੍ਹ ਕੇ ਮੈਂ ਹਰਮੀਤ ਵਿਦਿਆਰਥੀ ਦਾ ਪ੍ਰਸ਼ੰਸਕ ਬਣਿਆ ਸਾਂ।

# ਅਦਾਕਾਰਾ ਮੋਨਾ ਸਿੰਘ ਦੀ ਮਮਤਾ

ਪਿਛਲੇ ਦਿਨਾਂ ਦੌਰਾਨ ਚਰਚਿਤ ਰਹੀ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਭਾਵੇਂ ਬਾਕਸਆਫਿਸ ਉਤੇ ਫਲਾਪ ਸਾਬਤ ਹੋ ਗਈ ਹੈ ਅਤੇ ਇਹ ਆਪਣੇ ਬਜਟ ਦੇ ਹਿਸਾਬ ਨਾਲ ਕੋਈ ਖਾਸ ਕਮਾਈ ਕਰਨ ਵਿਚ ਅਸਫਲ ਰਹੀ ਹੈ ਪਰ ਇਸ ਫਿਲਮ ਵਿਚ ਆਮਿਰ ਖਾਨ ਦੀ ਮਾਂ ਵਾਲੀ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਮੋਨਾ ਸਿੰਘ ਦੀ ਖੂਬ ਤਾਰੀਫ ਹੋ ਰਹੀ ਹੈ। ਉਸ ਨੇ ਫਿਲਮ ਵਿਚ ਜਿੰਨੇ ਸਹਿਜ ਨਾਲ ਮਾਂ ਵਾਲਾ ਕਿਰਦਾਰ ਨਿਭਾਇਆ ਹੈ, ਉਸ ਤੋਂ ਲੋਕ ਮੋਨਾ ਸਿੰਘ ਤੋਂ ਵਾਰੇ-ਵਾਰੇ ਜਾ ਰਹੇ ਹਨ। ਇਹ

**ਆਮਨਾ ਕੌਰ**

ਤਾਰੀਫ ਇਸ ਕਰਕੇ ਵੀ ਗੌਰ ਕਰਨ ਲਾਇਕ ਹੈ ਕਿਉਂਕਿ ਇਸ ਫਿਲਮ ਵਿਚ ਆਮਿਰ ਖਾਨ ਕੁਝ ਖਾਸ ਸਿਰਜਣ ਵਿਚ ਅਸਫਲ ਰਿਹਾ ਹੈ। ਕੁਝ ਲੋਕਾਂ ਨੇ ਤਾਂ ਆਮਿਰ ਖਾਨ ਦੀ ਅਦਾਕਾਰੀ ਉਤੇ ਵੀ ਸਵਾਲ ਕੀਤੇ ਹਨ ਹਾਲਾਂਕਿ ਉਸ ਨੇ ਆਪਣਾ ਸਿੱਖ ਵਾਲਾ ਕਿਰਦਾਰ ਨਿਭਾਉਣ ਲਈ ਬਹੁਤ ਮਿਹਨਤ ਕੀਤੀ ਹੈ। ਕੁਝ ਦਰਸ਼ਕ ਇਹ ਵੀ ਕਹਿ ਰਹੇ ਹਨ ਕਿ ਆਮਿਰ ਖਾਨ ਦੇ ਕਿਰਦਾਰ ਵਿਚੋਂ ਕਈ ਥਾਈਂ ਉਸ ਦੀ ਪਹਿਲਾਂ ਆਈ ਫਿਲਮ 'ਪੀ.ਕੇ.' ਦੇ ਝਉਲੇ ਪੈਂਦੇ ਹਨ। ਖੈਰ! ਫਿਲਮੀ ਆਲੋਚਕ ਦਾਅਵਾ ਕਰਦੇ ਹਨ ਕਿ ਇਸ ਫਿਲਮ ਵਿਚ ਮਾਂ ਦੇ ਨਿਭਾਏ ਕਿਰਦਾਰ ਲਈ ਮੋਨਾ ਸਿੰਘ ਨੂੰ ਚਿਰਾਂ ਤੱਕ ਯਾਦ ਰੱਖਿਆ ਜਾਵੇਗਾ।

ਆਮਿਰ ਖਾਨ ਨਾਲ ਮੋਨਾ ਸਿੰਘ ਦੀ ਇਹ ਦੂਜੀ ਫਿਲਮ ਹੈ। ਇਸ ਤੋਂ ਪਹਿਲਾਂ ਦੋਹਾਂ ਜਣਿਆਂ ਨੇ ਫਿਲਮ '3 ਇਡੀਅਟਸ' ਵਿਚ ਕੰਮ ਕੀਤਾ ਸੀ। ਇਹ ਫਿਲਮ 2009 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਵੀ ਇਤਫਾਕਵੱਸ ਫਿਲਮ ਦੀ ਨਾਇਕਾ ਕਰੀਨਾ ਕਪੂਰ ਹੀ ਸੀ ਅਤੇ ਮੋਨਾ ਸਿੰਘ ਨੇ ਇਸ ਫਿਲਮ ਵਿਚ ਕਰੀਨਾ ਕਪੂਰ ਦੀ ਵੱਡੀ ਭੈਣ ਦੀ ਭੂਮਿਕਾ ਨਿਭਾਈ ਸੀ।

ਬਾਕਸਆਫਿਸ 'ਤੇ ਫਿਲਮ 'ਲਾਲ ਸਿੰਘ ਚੱਢਾ' ਦੀ ਅਸਫਲਤਾ ਤੋਂ ਮੋਨਾ ਸਿੰਘ ਵੀ ਬਹੁਤ ਹੈਰਾਨ ਅਤੇ ਪ੍ਰੇਸ਼ਾਨ ਹੈ। ਯਾਦ ਰਹੇ ਕਿ ਇਹ ਫਿਲਮ ਭਾਰਤ ਵਿਚ ਤਕਰੀਬਨ 50 ਕਰੋੜ ਰੁਪਏ ਦੀ ਕਮਾਈ ਹੀ ਕਰ ਸਕੀ ਹੈ ਜਦਕਿ ਇਸ ਫਿਲਮ ਦਾ ਬਜਟ 180 ਕਰੋੜ ਰੁਪਏ ਦਾ ਹੈ। ਮੋਨਾ ਸਿੰਘ ਦਾ ਕਹਿਣਾ ਹੈ, "ਮੈਂ ਉਸ ਰੂਪ ਵਿਚ ਫਿਲਮੀ ਬੰਦਾ ਨਹੀਂ ਹਾਂ ਅਤੇ ਬਾਕਸਆਫਿਸ ਬਾਰੇ ਵੀ ਮੈਨੂੰ ਬਹੁਤੀ ਸਮਝ ਨਹੀਂ ਹੈ। ਉਂਝ ਵੀ ਮੈਂ ਇਸ ਫਿਲਮ ਨੂੰ ਕਮਾਈ ਦੇ ਪੱਖ ਤੋਂ ਲੈ ਨਹੀਂ ਰਹੀ ਹਾਲਾਂਕਿ ਗੱਡੀ ਅਗਾਂਹ ਰੋੜ੍ਹਨ ਲਈ ਕਮਾਈ ਵੀ ਇਕ ਜ਼ਰੂਰੀ ਪੱਖ ਹੈ ਪਰ ਹੁਣ ਜਦੋਂ ਵੀ ਮੈਂ ਇਸ ਫਿਲਮ ਬਾਰੇ ਸੋਚਦੀ ਹਾਂ ਜਾਂ ਇਸ ਨੂੰ ਵਾਰ-ਵਾਰ ਦੇਖਦੀ ਹਾਂ ਤਾਂ ਬਹੁਤ ਚੰਗਾ-ਚੰਗਾ ਮਹਿਸੂਸ ਕਰਦੀ ਹਾਂ ਕਿ ਮੈਂ ਉਸ ਟੀਮ ਦਾ ਹਿੱਸਾ ਰਹੀ ਹਾਂ ਜਿਸ ਨੇ ਇਹ ਖੂਬਸੂਰਤ ਫਿਲਮ ਬਣਾਈ ਹੈ।"



ਫਿਲਮ 'ਲਾਲ ਸਿੰਘ ਚੱਢਾ' ਵਿਚ ਅਦਾਕਾਰਾ ਮੋਨਾ ਸਿੰਘ।

ਇਸ ਮਾਮਲੇ ਵਿਚ ਮੋਨਾ ਸਿੰਘ ਨੇ ਮਸ਼ਹੂਰ ਫਿਲਮ 'ਮੇਰਾ ਨਾਮ ਜੋਕਰ' ਦਾ ਉਚੇਚਾ ਜ਼ਿਕਰ ਕੀਤਾ ਜੋ ਕਮਾਈ ਪੱਖੋਂ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਅਤੇ ਇਸ ਇਕੋ ਫਿਲਮ ਨੇ ਫਿਲਮ ਦੇ ਨਿਰਦੇਸ਼ਕ ਅਤੇ ਅਦਾਕਾਰ ਰਾਜ ਕਪੂਰ ਨੂੰ ਕਰਜ਼ਈ ਕਰ ਦਿੱਤਾ ਸੀ ਪਰ ਅੱਜ ਇਹ ਫਿਲਮ ਕਲਾਸਿਕ ਮੰਨੀ ਜਾਂਦੀ ਹੈ। ਉਹ ਜ਼ੋਰ ਦੇ ਕੇ ਕਹਿੰਦੀ ਹੈ, "ਜ਼ਾਹਿਰ ਹੈ ਕਿ ਮੈਂ ਇਸ ਫਿਲਮ ਦੇ ਹਾਂ-ਪੱਖਾਂ ਵੱਲ ਵਧੇਰੇ ਧਿਆਨ ਦਿੰਦੀ ਹਾਂ। ਇਹ ਫਿਲਮ ਰਿਲੀਜ਼ ਹੋਣ ਤੋਂ ਬਾਅਦ ਮੈਂ ਜਿਥੇ ਕਿਤੇ ਵੀ ਜਾਂਦੀ ਹਾਂ, ਲੋਕ ਉਡ-ਉਡ ਮਿਲਦੇ ਹਨ।"

ਮੋਨਾ ਸਿੰਘ ਦਾ ਜਨਮ ਚੰਡੀਗੜ੍ਹ ਦਾ ਹੈ। ਉਸ ਦਾ ਜਨਮ 8 ਅਕਤੂਬਰ 1981 ਨੂੰ ਹੋਇਆ। ਉਸ ਦਾ ਪਿਤਾ ਫੌਜ ਵਿਚ ਅਫਸਰ ਸੀ। ਉਹਨੇ 27 ਦਸੰਬਰ 2019 ਨੂੰ ਫਿਲਮਸਾਜ਼ ਸ਼ਿਆਮ ਰਾਜਗੋਪਾਲਨ ਨਾਲ ਵਿਆਹ ਕਰਵਾ ਲਿਆ। ਅਦਾਕਾਰਾ ਵਜੋਂ ਉਸ ਦੀ ਪਛਾਣ ਟੀ.ਵੀ. ਸੀਰੀਅਲ 'ਜੱਸੀ ਜੈਸੀ ਕੋਈ ਨਹੀਂ' ਨਾਲ ਹੋਈ ਜੋ 2003 ਤੋਂ 2006 ਤੱਕ ਚੱਲਿਆ ਸੀ। ਉਸ ਨੇ ਹੋਰ ਵੀ ਕਈ ਟੀ.ਵੀ. ਲੜੀਵਾਰਾਂ ਵਿਚ ਅਦਾਕਾਰੀ ਕੀਤੀ ਜਿਨ੍ਹਾਂ ਵਿਚ 'ਰਾਧਾ ਕੀ ਬੇਟੀਆਂ ਕੁਛ ਕਰ ਦਿਖਾਏਂਗੀ', 'ਕਿਆ ਹੂਆ ਤੇਰਾ ਵਾਅਦਾ', 'ਇਤਨਾ ਕਰੋ ਨਾ ਮੁਝੇ ਪਿਆਰ', 'ਪਿਆਰ ਕੋ ਹੋ ਜਾਨੇ ਦੋ', 'ਕਵਚ: ਕਾਲੀ ਸ਼ਕਤੀਓਂ ਸੇ', 'ਮੌਕਾ-ਏ-ਵਾਰਦਾਤ', 'ਪ੍ਰਸ਼ਪਾ ਇੰਪੋਸੀਬਲ' ਆਦਿ ਸ਼ਾਮਿਲ ਹਨ। 'ਲਾਲ ਸਿੰਘ ਚੱਢਾ' ਅਤੇ '3 ਇਡੀਅਟਸ' ਤੋਂ ਇਲਾਵਾ ਉਸ ਨੇ 'ਉਟ ਪਟਾਂਗ', 'ਜ਼ੈਡ ਪਲੱਸ', 'ਅਮਾਵਸ', 'ਏਕ ਛੋਟੀ ਸੀ ਈਗੋ', 'ਡੌਨ ਭਾਈ ਸਾਹਿਬ' ਫਿਲਮਾਂ ਵਿਚ ਕੰਮ ਕੀਤਾ।

ਮੋਨਾ ਸਿੰਘ ਨੇ ਦੱਸਿਆ ਕਿ ਆਮਿਰ ਖਾਨ ਨੇ ਫਿਲਮ ਦੇਖਦੇ ਸਾਰ ਹੀ ਕਹਿ ਦਿੱਤਾ ਸੀ ਕਿ ਮੇਰਾ ਕਿਰਦਾਰ ਬਹੁਤ ਜ਼ੋਰਦਾਰ ਬਣਿਆ ਹੈ। ਯਾਦ ਰਹੇ ਕਿ ਜਦੋਂ ਮੋਨਾ ਸਿੰਘ ਨੂੰ ਆਮਿਰ ਖਾਨ ਦੀ ਮਾਂ ਦਾ ਕਿਰਦਾਰ ਨਿਭਾਉਣ ਲਈ ਚੁਣਿਆ ਗਿਆ ਸੀ ਤਾਂ ਆਮਿਰ ਖਾਨ ਦੀ ਬੜੀ ਨੁਕਤਾਚੀਨੀ ਹੋਈ ਸੀ ਪਰ ਮੋਨਾ ਸਿੰਘ ਨੇ ਸਾਬਤ ਕਰ ਦਿੱਤਾ ਕਿ ਉਹ ਆਪਣੇ ਕਿਰਦਾਰ ਨਾਲ ਇਨਸਾਫ ਕਰ ਸਕਦੀ ਹੈ।





ਮੋਨਾ ਸਿੰਘ ਦੇ ਦੋ ਵੱਖ ਵੱਖ ਅੰਦਾਜ਼।

ਮੋਨਾ ਸਿੰਘ ਨੂੰ ਇਸ ਗੱਲ ਦਾ ਗਹਿਰਾ ਦੁੱਖ ਹੈ ਕਿ ਫਿਲਮ 'ਲਾਲ ਸਿੰਘ ਚੱਢਾ' ਖਿਲਾਫ ਗਿਣਮਿਥ ਕੇ ਪ੍ਰਚਾਰ ਕੀਤਾ ਗਿਆ। ਉਸ ਮੁਤਾਬਿਕ, ਇਸ ਤਰ੍ਹਾਂ ਤਾਂ ਫਿਲਮ ਸਨਅਤ ਤਬਾਹ ਹੋ ਕੇ ਰਹਿ ਜਾਵੇਗੀ। ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਸਿਆਸਤ ਨੂੰ ਇਸ ਅੰਦਰ ਨਹੀਂ ਘਸੋੜਨਾ ਚਾਹੀਦਾ।

# ਜਾਹਨਵੀ ਕਪੂਰ ਦਾ ਨਵਾਂ ਜਹਾਨ



ਅਦਾਕਾਰਾ ਜਾਹਨਵੀ ਕਪੂਰ ਨੂੰ ਆਸ ਹੈ ਕਿ ਉਸ ਦੀ ਨਵੀਂ ਕਾਮੇਡੀ ਫਿਲਮ 'ਗੁੱਡ ਲੱਕ ਜੈਰੀ' ਵਿਚ ਉਸ ਦੀ ਅਦਾਕਾਰੀ ਦੇਖ ਕੇ ਦਰਸ਼ਕ ਉਸ ਦੀ ਭੋਲੀ ਅਤੇ ਵਿਚਾਰੀ ਦਿੱਖ ਨਾਲੋਂ ਕੁਝ ਵੱਖਰਾ ਮਹਿਸੂਸ ਕਰਨਗੇ। 2018 ਵਿਚ ਰੁਮਾਂਟਿਕ ਡਰਾਮਾ 'ਧੜਕ' ਤੋਂ ਫਿਲਮਾਂ ਦੀ ਦੁਨੀਆ ਵਿਚ ਆਪਣਾ ਸਫਰ ਸ਼ੁਰੂ ਕਰਨ ਵਾਲੀ 25 ਸਾਲਾ ਅਦਾਕਾਰਾ ਹੁਣ ਤੱਕ 'ਰੂਹੀ', 'ਗੁੰਜਨ ਸਕਸੈਨਾ' ਅਤੇ ਨੈਟਫਲਿਕਸ ਦੀ ਸੀਰੀਜ਼ 'ਗੋਸਟ ਸਟੋਰੀਜ਼' ਵਿਚ ਨਜ਼ਰ ਆ ਚੁੱਕੀ ਹੈ। 'ਗੁੱਡ ਲੱਕ ਜੈਰੀ' 2018 ਵਿਚ ਆਈ ਤਾਮਿਲ ਫਿਲਮ 'ਕੋਲਾਮਾਵੂ ਕੋਕਿਲਾ' ਦੀ ਰੀਮੇਕ ਹੈ ਜਿਸ ਵਿਚ ਨਯਨਤਾਰਾ ਤੇ ਯੋਗੀ ਬਾਬੂ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਸਨ। ਫਿਲਮ ਬਾਰੇ ਗੱਲ ਕਰਦਿਆਂ ਜਾਹਨਵੀ ਨੇ ਕਿਹਾ, "ਮੈਂ ਫਿਲਮ ਦੇਖੀ ਤੇ ਇਹ ਮੈਨੂੰ ਬਹੁਤ ਵਧੀਆ ਤੇ ਮਜ਼ਾਹੀਆ ਲੱਗੀ। ਮੈਂ ਨਯਨਤਾਰਾ ਤੇ ਯੋਗੀ ਬਾਬੂ ਦੀ ਪ੍ਰਸ਼ੰਸਕ ਹਾਂ ਤੇ ਇਸ ਫਿਲਮ ਵਿਚ ਨਯਨਤਾਰਾ ਨੇ ਬਹੁਤ ਹੀ ਕਮਾਲ ਦੀ ਭੂਮਿਕਾ ਨਿਭਾਈ ਹੈ। ਮੈਨੂੰ ਲੱਗਦਾ ਹੈ ਕਿ 'ਗੁੱਡ ਲੱਕ ਜੈਰੀ' ਮੇਰੇ ਲਈ ਬਿਲਕੁਲ ਵੱਖਰੇ ਕਿਸਮ ਦਾ ਤਜਰਬਾ ਰਹੀ ਹੈ।"

# ਫਿਲਮ 'ਦੋਬਾਰਾ' ਵੀ ਪਛੜੀ

ਅਦਾਕਾਰਾ ਤਾਪਸੀ ਪੰਨੂ ਦਾ ਕਹਿਣਾ ਹੈ ਕਿ ਹਿੰਦੀ ਫਿਲਮਾਂ ਦੇ ਬਾਈਕਾਟ ਦਾ ਰੁਝਾਨ ਹੁਣ ਮਜ਼ਾਕ ਬਣ ਕੇ ਰਹਿ ਗਿਆ ਹੈ ਜਿਸ ਵਿਚ ਦਰਸ਼ਕਾਂ ਦੀ ਸਮਝ ਅਤੇ ਉਨ੍ਹਾਂ ਦਾ ਪੱਖ ਨਿਗੂਣਾ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਤਾਪਸੀ ਦੀ ਫਿਲਮ 'ਦੋਬਾਰਾ' ਸਿਨੇਮਾਘਰਾਂ ਵਿਚ ਰਿਲੀਜ਼ ਕੀਤੀ ਗਈ ਹੈ ਜਿਸ ਦਾ ਨਿਰਦੇਸ਼ਨ ਅਨੁਰਾਗ ਕਸ਼ਯਪ ਨੇ ਕੀਤਾ ਹੈ। ਤਾਪਸੀ ਪੰਨੂ ਕਹਿਣਾ ਹੈ ਕਿ ਹੁਣ ਉਸ ਨੂੰ ਸੋਸ਼ਲ ਮੀਡੀਆ ਰਾਹੀਂ ਫੈਲਾਈਆਂ ਜਾਣ ਵਾਲੀਆਂ ਖਬਰਾਂ ਤੰਗ ਨਹੀਂ ਕਰਦੀਆਂ।

ਯਾਦ ਰਹੇ ਕਿ ਫਿਲਮ 'ਦੋਬਾਰਾ' ਵੀ ਬਾਕਸਆਫਿਸ 'ਤੇ ਕੋਈ ਕ੍ਰਿਸ਼ਮਾ ਦਿਖਾਉਣ ਵਿਚ ਸਫਲ ਨਹੀਂ ਹੋ ਸਕੀ। ਇਸ ਤੋਂ ਪਹਿਲਾਂ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਅਤੇ ਅਕਸ਼ੈ ਕੁਮਾਰ ਦੀ ਫਿਲਮ 'ਰਕਸ਼ਾ ਬੰਧਨ' ਬਾਕਸਆਫਿਸ 'ਤੇ ਅਸਫਲ ਸਾਬਤ ਹੋਈਆਂ ਹਨ। ਜਦੋਂ ਸੋਸ਼ਲ ਮੀਡੀਆ ਉਤੇ 'ਲਾਲ ਸਿੰਘ ਚੱਢਾ' ਅਤੇ 'ਰਕਸ਼ਾ ਬੰਧਨ' ਦੇ ਬਾਈਕਾਟ ਦਾ ਟਰੈਂਡ ਚਲਾਇਆ ਜਾ ਰਿਹਾ ਸੀ ਤਾਂ ਅਨੁਰਾਗ ਕਸ਼ਯਪ ਨੇ ਮਜ਼ਾਕ ਵਿਚ ਕਿਹਾ ਕਿ ਕੋਈ ਉਸ ਦੀ ਫਿਲਮ (ਦੋਬਾਰਾ) ਦੇ ਬਾਈਕਾਟ ਦਾ ਵੀ ਹੋਕਾ ਦੇਵੇ। ਕੁਝ ਲੋਕ ਹੁਣ ਚੁਟਕੀ ਲੈ ਰਹੇ ਹਨ ਕਿ ਲੋਕਾਂ ਨੇ ਅਨੁਰਾਗ ਦੀ ਇਹ ਗੱਲ ਮੰਨ ਲਈ ਅਤੇ ਸਿਨੇਮਾ ਘਰਾਂ ਅੰਦਰ ਫਿਲਮ ਦੇਖਣ ਹੀ ਨਹੀਂ ਗਏ।



ਨਿਰਦੇਸ਼ਕ ਅਨੁਰਾਗ ਕਸ਼ਯਪ



ਅਦਾਕਾਰਾ ਤਾਪਸੀ ਪੰਨੂ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਮੌਕੇ

# ਪੰਜਵਾਂ ਸਾਲਾਨਾ ਨਗਰ ਕੀਰਤਨ

## 4 ਸਤੰਬਰ 2022 (ਐਤਵਾਰ) ਸਵੇਰੇ 11:30 ਵਜੇ ਤੋਂ 2:30 ਵਜੇ ਤੱਕ

(ਲੇਬਰ ਡੇਅ ਵੀਕਐਂਡ)






## ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ

**25 ਅਗਸਤ ਤੋਂ 27 ਅਗਸਤ 2022 ਤੱਕ**

**ਸ਼ਾਮ 7:30 ਵਜੇ ਤੋਂ ਰਾਤ 8:30 ਵਜੇ ਤੱਕ**

**28 ਅਗਸਤ 2022 (ਐਤਵਾਰ)**

**ਸਵੇਰੇ 12:00 ਤੋਂ 1:00 ਵਜੇ ਤੱਕ**

ਭਾਈ ਧਰਮ ਸਿੰਘ ਹਜ਼ੂਰੀ ਅਰਦਾਸੀਆ ਦਰਬਾਰ ਸਾਹਿਬ ਵਾਲੇ ਨਗਰ ਕੀਰਤਨ ਵਿਚ ਹਾਜ਼ਰੀ ਭਰਨਗੇ

ਰਾਜਾ ਸਵੀਟਸ ਵਲੋਂ ਛੋਲੇ ਭਟੂਰਿਆਂ ਦੇ ਲੰਗਰ ਦੀ ਸੇਵਾ

**ਨਗਰ ਕੀਰਤਨ ਦਾ ਰੂਟ:** ਗੁਰਦੁਆਰਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਐਵੇਨਿਊ ਤੋਂ ਖੱਬੇ, ਅਬੌਰਨ ਰੋਡ ਤੋਂ ਸੱਜੇ, ਰੂਬੀ ਐਵੇਨਿਊ ਤੋਂ ਸੱਜੇ, ਕੁਇੰਬੀ ਰੋਡ ਤੋਂ ਸੱਜੇ ਅਤੇ ਗੁਰਦੁਆਰਾ ਐਵੇਨਿਊ ਤੋਂ ਸੱਜੇ।

**ਹੋਰ ਪਾਰਕਿੰਗ:** ਐਵਰਗਰੀਨ ਵੈਲੀ ਹਾਈ ਸਕੂਲ, ਛਬੋਇਆ ਮਿਡਲ ਸਕੂਲ, ਕੈਰੋਲਿਨ ਕਲਾਰਕ ਐਲੀਮੈਂਟਰੀ ਸਕੂਲ ਅਤੇ ਉਥੋਂ ਫਰੀ ਸ਼ਟਲ ਸਰਵਿਸ

ਪ੍ਰੋਗਰਾਮਾਂ ਦੇ ਇੰਚਾਰਜ: ਸੁਰਜੀਤ ਸਿੰਘ ਬੈਂਸ, ਫੋਨ: 408-394-3595
ਪ੍ਰੋਗਰਾਮਾਂ ਦੇ ਕੋਆਰਡੀਨੇਟਰ: ਜਸਵੀਰ ਸਿੰਘ ਪੁਆਰ, ਫੋਨ: 408-416-7200 ਅਤੇ ਗੁਰਜੰਟ ਸਿੰਘ ਸੰਘਾ, ਫੋਨ: 408-219-6532
ਧਾਰਮਿਕ ਮਾਮਲਿਆਂ ਦੇ ਇੰਚਾਰਜ: ਸੁਖਦੇਵ ਸਿੰਘ ਬੈਣੀਵਾਲ, ਫੋਨ: 408-421-9463
ਸਿਆਸੀ ਮਾਮਲਿਆਂ ਦੇ ਇੰਚਾਰਜ: ਭੁਪਿੰਦਰ (ਬਾਬ) ਸਿੰਘ ਢਿੱਲੋਂ, ਫੋਨ: 408-568-0034, ਨਰਿੰਦਰ ਪਾਲ ਸਿੰਘ, ਫੋਨ: 408-623-4977
ਆਮ ਜਾਣਕਾਰੀ: ਅਮਰਿੰਦਰ ਸਿੰਘ ਝੱਜ, ਫੋਨ: 408-600-7857 ਅਤੇ ਕਿਰਪਾਲ ਸਿੰਘ ਅਟਵਾਲ, ਫੋਨ: 408-835-7712
ਹੈਡ ਗ੍ਰੰਥੀ: ਭਾਈ ਮਹਿੰਦਰ ਸਿੰਘ ਬਾਜਵਾ, ਫੋਨ: 408-274-9373
ਬੂਥ ਰਿਜ਼ਰਵੇਸ਼ਨ: ਖੁਸ਼ਵਿੰਦਰਪਾਲ ਸਿੰਘ, ਫੋਨ: 408-507-1290
ਲੰਗਰ ਸੇਵਾ: ਹਰਜਿੰਦਰ ਸਿੰਘ ਲੱਧੜ, ਫੋਨ: 408-904-9158 ਅਤੇ ਕੁਲਦੀਪ ਸਿੰਘ ਸ਼ੇਰਗਿੱਲ, ਫੋਨ: 408-230-8319

# ਸਿੱਖ ਗੁਰਦੁਆਰਾ ਸੈਨ ਹੋਜੇ, ਕੈਲੀਫੋਰਨੀਆ

**3636 Gurdwara Ave, San Jose, CA 95148 Gurdwara website: www.sanjosegurdwara.org**

**Donation to Gurdwara Sahib: You can now donate on-line as well using Credit/Debit card or Paypal.**

Visit: www.sanjosegurdwara.org and touch "Donate" tab and enter information. You can also enter a message like Ardas etc and listen it on Gurdwara website radio same day after Rehras Sahib Path at 6pm.